ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਜੇਠ-ਹਾੜ, ਨਾਨਕਸ਼ਾਹੀ ੫੪੦ ਜੂਨ 2008

ਜਿਲਦ ੫੨ ਅੰਕ ੩

*ਸੰਪਾਦਕ*
ਸਿਮਰਜੀਤ ਸਿੰਘ
*ਐਮ.ਏ., ਐਮ.ਐਸ.ਸੀ.*

*ਸਹਾਇਕ ਸੰਪਾਦਕ*
ਸੁਰਿੰਦਰ ਸਿੰਘ ਨਿਮਾਣਾ
*ਐਮ.ਏ.,ਬੀ.ਐੱਡ.*

## ਚੰਦਾ

| | |
|---|---|
| ਸਾਲਾਨਾ (ਦੇਸ਼) | ੨੦ ਰੁਪਏ |
| ਲਾਈਫ਼ (ਦੇਸ਼) | ੨੦੦ ਰੁਪਏ |
| ਸਾਲਾਨਾ ਵਿਦੇਸ਼ | ੫੦੦ ਰੁਪਏ |
| ਲਾਈਫ਼ ਵਿਦੇਸ਼ | ੫੦੦੦ ਰੁਪਏ |
| ਪ੍ਰਤੀ ਕਾਪੀ | ੨ ਰੁਪਏ |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net e-mail : gurmat_parkash@yahoo.co.in

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ 'ਤੇ ਦਫ਼ਤਰੀ ਸਮੇਂ ਦੌਰਾਨ 10 ਤੋਂ 4 ਵਜੇ ਤਕ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜੀ।**

Approved for School Libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੩ |
| ਸੰਪਾਦਕੀ | | ੪ |
| ਭੱਟ ਬਾਣੀਕਾਰ | -ਸਿਮਰਜੀਤ ਸਿੰਘ | ੭ |
| ਗੁਰੂ ਗ੍ਰੰਥ ਸਾਹਿਬ ਵਿਚ ਭੱਟ ਬਾਣੀ | -ਡਾ. ਦਲਵਿੰਦਰ ਸਿੰਘ | ੨੦ |
| ਭੱਟ ਬਾਣੀਕਾਰਾਂ ਦੀ ਬਾਣੀ ਦਾ ਬਹੁ-ਪੱਖੀ ਅਧਿਐਨ | -ਡਾ. ਗੁਰਵਿੰਦਰ ਕੌਰ | ੨੮ |
| ... ਭੱਟ ਸਾਹਿਬਾਨ ਦੀ ਬਾਣੀ ਦੀ ਪ੍ਰਸੰਗਿਕਤਾ | -ਡਾ. ਗੁਰਨਾਮ ਕੌਰ | ੪੯ |
| ਪੰਚਮ ਪਾਤਸ਼ਾਹ (ਕਵਿਤਾ) | -ਸ. ਹਰਸਾ ਸਿੰਘ 'ਚਾਤਰ' | ੫੪ |
| ਭੱਟ ਸਾਹਿਬਾਨ ਦੀ ਬਾਣੀ : ਸਵਈਏ | -ਸ. ਸੁਖਦੇਵ ਸਿੰਘ ਸ਼ਾਂਤ | ੫੫ |
| ਗੁਰੂ ਉਪਮਾ- ਭੱਟਾਂ ਦੇ ਸਵਈਏ | -ਸ. ਗੁਰਦੀਪ ਸਿੰਘ | ੬੮ |
| ਭੱਟ ਬਾਣੀ : ਸਿਧਾਂਤਕ ਤੇ ਸੰਸਥਾਗਤ ਪਰਿਪੇਖ | -ਡਾ. ਕੁਲਦੀਪ ਸਿੰਘ | ੭੮ |
| ਸਵੱਈਏ ਮਹਲੇ ਪਹਿਲੇ ਕੇ: ਵਿਸ਼ਾ-ਵਸਤੂ, ਰੂਪ-ਵਿਧਾਨ | -ਸੁਰਿੰਦਰ ਸਿੰਘ ਨਿਮਾਣਾ | ੯੦ |
| ਸ੍ਰੀ ਗੁਰੂ ਅੰਗਦ ਦੇਵ ਜੀ | -ਬੀਬੀ ਮਲਕਿੰਦਰ ਕੌਰ | ੯੩ |
| ਭੱਟ ਬਾਣੀਕਾਰਾਂ ਦੀ ਨਜ਼ਰ ਵਿਚ ਗੁਰੂ ਅਰਜਨ ਦੇਵ ਜੀ | -ਡਾ. ਜਸਵਿੰਦਰ ਕੌਰ | ੯੮ |
| ...ਅੱਖੀਂ ਡਿੱਠੇ ਸ੍ਰੀ ਗੁਰੂ ਅਰਜਨ ਦੇਵ ਜੀ | -ਡਾ. ਹਰਨਾਮ ਸਿੰਘ ਸ਼ਾਨ | ੧੦੨ |
| ਭੱਟ ਕੀਰਤ ਜੀ | -ਪ੍ਰੋ. ਬਲਵਿੰਦਰ ਸਿੰਘ ਜੌੜਾ ਸਿੰਘਾ | ੧੦੫ |
| ਗੁਰੂ-ਘਰੋਂ ਸਹਿਜ ਨੂੰ ਪ੍ਰਾਪਤ - ਭੱਟ ਭਿਖਾ ਜੀ | -ਸ. ਬਲਵਿੰਦਰ ਸਿੰਘ ਗੰਭੀਰ | ੧੧੨ |
| ਭੱਟ ਬਾਣੀਕਾਰਾਂ ਦੀ ਬਾਣੀ 'ਚ ਨਾਵਾਂ ਥਾਵਾਂ ਦਾ ਬਿਓਰਾ | -ਭਾਈ ਜੋਗਿੰਦਰ ਸਿੰਘ ਤਲਵਾੜਾ | ੧੧੪ |
| ਭਾਈ ਸੱਤੇ ਬਲਵੰਡ ਦੀ ਵਾਰ ਦਾ ਵਿਸ਼ਾ-ਵਸਤੂ | -ਸ. ਕੁਲਦੀਪ ਸਿੰਘ ਉਗਾਣੀ | ੧੩੯ |
| 'ਸੱਤੇ ਬਲਵੰਡ ਦੀ ਵਾਰ' ਦਾ ਇਤਿਹਾਸਕ ਪਰਿਪੇਖ | -ਡਾ. ਜਤਿੰਦਰਪਾਲ ਸਿੰਘ ਜੌਲੀ | ੧੪੫ |
| ਬ੍ਰਹਮ ਗਿਆਨੀ ਭਾਈ ਮਰਦਾਨਾ ਜੀ | -ਡਾ. ਜੀਤ ਸਿੰਘ ਸੀਤਲ | ੧੪੯ |
| ...ਮਹਾਨ ਕਿਰਦਾਰ ਦੀ ਕਦਰ-ਘਟਾਈ ਨਾ ਕਰੋ ! | -ਗਿ. ਪਰਸੋਤਮ ਸਿੰਘ ਪਾਰਸ | ੧੫੫ |
| ਬਾਬਾ ਸੁੰਦਰ ਜੀ : ਜੀਵਨ ਤੇ ਬਾਣੀ | -ਡਾ. ਸ਼ਮਸ਼ੇਰ ਸਿੰਘ | ੧੫੭ |
| ਰਾਮਕਲੀ ਸਦੁ (ਬਾਬਾ ਸੁੰਦਰ ਦਾਸ ਜੀ) | -ਬੀਬੀ ਰਵਿੰਦਰ ਕੌਰ | ੧੬੪ |
| ...ਤੀਸਰੀ ਦਹਿਸਦੀ ਦੀ ਵਿਸ਼ਵ-ਸਭਿਅਤਾ | -ਡਾ. ਜਸਬੀਰ ਸਿੰਘ | ੧੬੮ |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੭੭ |
| ਸ੍ਰੀ ਹਰਿਮੰਦਰ ਸਾਹਿਬ ਅਤੇ ਜੂਨ ੧੯੮੪ | -ਸ. ਵਰਿਆਮ ਸਿੰਘ | ੧੮੩ |
| ਮੇਰਾ ਗੁਰੂ ਗ੍ਰੰਥ ਮਹਾਨ (ਕਵਿਤਾ) | -ਸ. ਸੁਰਜੀਤ ਸਿੰਘ ਮਰਜਾਰਾ | ੧੮੭ |
| ਖ਼ਬਰਨਾਮਾ | | ੧੮੯ |
| ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ | | ੧੯੧ |


## ਹਾੜ ਮਹੀਨੇ ਦੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | | |
|---|---|---|
| * ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 2 ਹਾੜ | 16 ਜੂਨ |
| * ਜਨਮ ਭਗਤ ਕਬੀਰ ਜੀ | 4 ਹਾੜ | 18 ਜੂਨ |
| * ਸ਼ਹੀਦੀ ਬਾਬਾ ਬੰਦਾ ਸਿੰਘ ਜੀ ਬਹਾਦਰ | 11 ਹਾੜ | 25 ਜੂਨ |
| * ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | 15 ਹਾੜ | 29 ਜੂਨ |
| * ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | 18 ਹਾੜ | 2 ਜੁਲਾਈ |
| * ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 21 ਹਾੜ | 5 ਜੁਲਾਈ |
| * ਸ਼ਹੀਦੀ ਭਾਈ ਮਨੀ ਸਿੰਘ ਜੀ | 25 ਹਾੜ | 9 ਜੁਲਾਈ |

ਗੁਰਬਾਣੀ ਵਿਚਾਰ

# ਬਾਣੀ ਗੁਰੂ ਗੁਰੂ ਹੈ ਬਾਣੀ...

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥*
*ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ ॥*
*ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ ॥੬॥*
*ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ ਪ੍ਰਭ ਜਨ ਕੇ ਸਾਸ ਨਿਹਾਰੇ ॥*
*ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ ਜਨ ਪੀਛੈ ਜਗੁ ਨਿਸਤਾਰੇ ॥੭॥*
*ਆਪਨ ਆਪਿ ਆਪਿ ਪ੍ਰਭੁ ਠਾਕੁਰੁ ਪ੍ਰਭੁ ਆਪੇ ਸ੍ਰਿਸਟਿ ਸਵਾਰੇ ॥*
*ਜਨ ਨਾਨਕ ਆਪੇ ਆਪਿ ਸਭੁ ਵਰਤੈ ਕਰਿ ਕ੍ਰਿਪਾ ਆਪਿ ਨਿਸਤਾਰੇ ॥੮॥੪॥*
*(ਪੰਨਾ ੯੮੨)*

ਨਟ ਅਸਟਪਦੀਆ ਮਹਲਾ ੪ ਦੇ ਸਿਰਲੇਖ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਇਸ ਪਾਵਨ ਸ਼ਬਦ ਦੇ ਮਾਧਿਅਮ ਦੁਆਰਾ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਬਾਣੀ ਦੁਆਰਾ ਮਨੁੱਖ-ਮਾਤਰ ਦਾ ਆਤਮਿਕ ਕਲਿਆਣ ਹੋਣ 'ਤੇ ਪਰਮਾਤਮਾ ਨਾਲ ਸਾਖਿਆਤਕਾਰ ਹੋਣ ਦੀ ਹਕੀਕਤ ਦਰਸਾਉਂਦੇ ਹਨ। ਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਹੇ ਭਾਈ! ਬਾਣੀ ਆਤਮਕ ਚਾਨਣ ਬਖਸ਼ਣ ਵਾਲੀ ਹੋਣ ਕਰਕੇ ਗੁਰੂ ਰੂਪ ਹੈ ਅਤੇ ਗੁਰੂ ਬਾਣੀ ਦੁਆਰਾ ਆਤਮਿਕ ਕਲਿਆਣ ਕਰਨ ਕਰਕੇ ਬਾਣੀ ਰੂਪ ਹੈ ਭਾਵ ਦੋਨੋਂ ਸਮਰੂਪ ਹਨ, ਦੋਨਾਂ 'ਚ ਕੋਈ ਫਰਕ ਨਹੀਂ ਹੈ। ਗੁਰੂ ਦੀ ਬਾਣੀ ਵਿਚ ਆਤਮਿਕ ਜੀਵਨ ਬਖ਼ਸ਼ਣ ਵਾਲਾ ਪਰਮਾਤਮਾ ਦਾ ਨਾਮ-ਅੰਮ੍ਰਿਤ ਵਿਦਮਾਨ ਹੈ। ਗੁਰੂ ਬਾਣੀ ਉਚਾਰਦਾ ਹੈ ਅਤੇ ਸੇਵਕ ਅਰਥਾਤ ਸਿੱਖ ਉਸ ਨੂੰ ਸਿਰ-ਮੱਥੇ ਮੰਨਦਾ, ਧਾਰਦਾ ਭਾਵ ਅਮਲ ਵਿਚ ਲਿਆਉਂਦਾ ਹੈ। ਇਉਂ ਬਾਣੀ ਸਾਕਾਰ ਗੁਰੂ ਰੂਪ ਹੋ ਕੇ ਵਰਤਦੀ ਹੈ ਅਤੇ ਸਿੱਖ ਸੇਵਕ ਦਾ ਪਾਰ-ਉਤਾਰਾ/ਆਤਮਕ ਕਲਿਆਣ ਕਰਦੀ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਤਾਂ ਹਰ ਥਾਂ ਵਿਦਮਾਨ ਹੈ ਪਰ ਮਨ ਨੇ ਤਾਂ ਆਪਣਾ ਬੀਜਿਆ ਹੀ ਖਾਣਾ ਹੁੰਦਾ ਹੈ ਭਾਵ ਆਮ ਕਰਕੇ ਇਸ ਸੰਸਾਰ 'ਚ ਵਿਚਰਦਿਆਂ ਮਨੁੱਖ ਦਾ ਮਨ ਗੁਰੂ/ਬਾਣੀ ਦੀ ਓਟ ਨਾ ਲੈਣ ਕਰਕੇ ਹਰ ਥਾਂ ਵੱਸੇ ਪਰਮਾਤਮਾ ਨੂੰ ਦੇਖਦਾ ਮਹਿਸੂਸਦਾ ਨਹੀਂ ਉਵੇਂ ਜਿਵੇਂ ਧ੍ਰਿਗਸਬੁਧੀ ਨੇ ਭਲੇ ਚੰਦ੍ਰਹਾਂਸ ਦਾ ਬੁਰਾ ਚਾਹਿਆ ਤੇ ਆਪਣਾ ਹੀ ਨੁਕਸਾਨ ਕਰਵਾ ਲਿਆ। (ਚੰਦ੍ਰਹਾਂਸ ਇਕ ਰਾਜ ਕੁਮਾਰ ਸੀ ਜਿਸ ਨੂੰ ਮਰਵਾਉਣ ਦੇ ਯਤਨ 'ਚ ਧ੍ਰਿਸਟਬੁਧੀ ਨੇ ਆਪਣਾ ਹੀ ਪੁੱਤਰ ਮਰਵਾ ਲਿਆ ਸੀ, ਸਤਿਗੁਰੂ ਜੀ ਮਨੁੱਖ-ਮਾਤਰ ਨੂੰ ਉਸ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ/ਬਾਣੀ ਤੋਂ ਬੇਮੁਖ ਹੋਏ ਮਨੁੱਖੀ ਮਨ ਨੂੰ ਸਨਮੁਖ ਕਰਨ ਦਾ ਪਰਉਪਕਾਰ ਕਮਾਉਂਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਦਾ ਭਗਤ ਆਪਣੇ ਹਿਰਦੇ 'ਚ ਪਰਮਾਤਮਾ ਦਾ ਸਾਖਿਆਤਕਾਰ ਕਰਨ ਦੀ ਤਾਂਘ ਪਾਲਦਾ ਹੈ ਅਤੇ ਪਰਮਾਤਮਾ ਐਸੇ ਭਗਤ ਜਨ ਦੇ ਹਿਰਦੇ 'ਚ ਵੱਸ ਕੇ ਉਸ ਦੇ ਸੁਆਸਾਂ ਨੂੰ ਪਿਆਰ ਸਹਿਤ ਨਿਹਾਰਦਾ ਭਾਵ ਸਫ਼ਲੇ ਕਰਦਾ ਹੈ। ਉਹ ਮਾਲਕ ਪਰਮਾਤਮਾ ਹਰ ਥਾਂ ਆਪ ਹੀ ਆਪ ਹੈ। ਆਪਣੀ ਰਚੀ ਸ੍ਰਿਸ਼ਟੀ ਨੂੰ ਸੁਆਰਨ ਵਾਲਾ ਉਹ ਆਪ ਹੀ ਹੈ। ਮਨੁੱਖ-ਮਾਤਰ ਉਸ ਦੀ ਆਪਣੀ ਰਚਨਾ ਹੈ। ਉਹ ਹਰ ਥਾਂ ਆਪ ਹੀ ਵਰਤਦਾ ਹੈ ਅਤੇ ਆਪਣੀ ਮਿਹਰ ਦੁਆਰਾ ਆਪ ਹੀ ਮਨੁੱਖ ਮਾਤਰ ਦਾ ਕਲਿਆਣ ਕਰਦਾ ਹੈ ਉਸ ਨੂੰ ਆਤਮਕ ਮੰਜ਼ਲ 'ਤੇ ਲੈ ਜਾਂਦਾ ਹੈ। ■

ਸੰਪਾਦਕੀ

# ਆਓ! ਭੱਟ ਬਾਣੀ 'ਚ ਵਿਦਮਾਨ ਗੁਰੂ ਪ੍ਰਤੀ ਸ਼ਰਧਾ ਸਤਿਕਾਰ ਦੇ ਵਿਸਮਾਦੀ ਰੂਪ ਤੋਂ ਅਗਵਾਈ ਲਈਏ!

*ਧਰਮਾਂ ਦੇ ਇਤਿਹਾਸ ਵਿਚ ਸਿੱਖ ਧਰਮ ਦਾ ਉਦੈ ਇਕ ਖਾਸ ਸਿਫਤੀ ਪਰਿਵਰਤਨ ਦਾ ਸੂਚਕ ਹੈ। ਸਿੱਖ ਧਰਮ ਦੀ ਸਥਾਪਨਾ ਦੁਆਰਾ ਦੁਨੀਆਂ 'ਚ ਪਹਿਲੀ ਵਾਰ ਇਹ ਸੱਚਾਈ ਪ੍ਰਗਟ ਹੋਈ ਕਿ ਧਰਮ ਸਿਰਫ ਕੁਝ ਬਾਹਰੀ ਰੀਤਾਂ ਤੇ ਕਰਮਕਾਂਡਾਂ ਦਾ ਨਾਮ ਨਹੀਂ, ਧਰਮ ਤਾਂ ਇਨਸਾਨੀ ਜੀਵਨ ਦੇ ਮੂਲ ਮਨੋਰਥ ਰੂਹਾਨੀ ਅਨੰਦ ਨੂੰ ਮਹਿਸੂਸ ਕਰਨ ਅਤੇ ਸਮੁੱਚੀ ਕਾਇਨਾਤ 'ਚ ਵਿਦਮਾਨ ਉਸ ਪਰਮਾਤਮਾ ਦੀ ਪਰਮ ਪਵਿੱਤਰ ਜੋਤ ਨੂੰ ਵੇਖਣ ਤੇ ਪਛਾਣਨ ਦਾ ਨਾਮ ਹੈ, ਧਰਮ ਤਾਂ ਜੀਵਨ ਨੂੰ ਮਨੁੱਖਤਾ ਦੀ ਸੇਵਾ ਹਿਤ ਪੂਰੀ ਤਰ੍ਹਾਂ ਸਮਰਪਿਤ ਕਰ ਦੇਣਾ ਅਤੇ ਸੰਸਾਰ ਵਿਚ ਵਿਚਰਦਿਆਂ ਆਪਣੇ ਆਚਰਨ ਦੀ ਸੁੱਚਤਾ ਜਾਂ ਕਿਰਦਾਰ ਦੀ ਉੱਚਤਾ ਨੂੰ ਸੰਭਾਲਦਿਆਂ ਨੈਤਿਕ ਅਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਸਮਝਣ ਅਤੇ ਅਪਣਾਉਣ ਨਾਲ ਸਾਰੇ ਸੰਭਵ-ਸੰਭਾਵੀ ਮਨੁੱਖੀ ਗੁਣਾਂ ਦਾ ਸੰਚਾਰ ਕਰਨਾ ਹੈ। ਇਹ ਪਰਿਵਰਤਨ ਇਸ ਕਰਕੇ ਹੋ ਸਕਿਆ ਕਿ ਗੁਰੂ ਨਾਨਕ ਪਾਤਸ਼ਾਹ ਸ੍ਰਿਸ਼ਟੀ ਦੇ ਰਚਨਹਾਰ ਪਰਮਾਤਮਾ ਨਾਲ ਇਕਮਿਕ ਸਨ। ਇਸੇ ਸੱਚਾਈ ਨੂੰ ਭਾਈ ਗੁਰਦਾਸ ਜੀ 'ਇਕੁ ਬਾਬਾ ਅਕਾਲ ਰੂਪੁ' ਕਰਕੇ ਵਰਣਨ ਕਰਦੇ ਹਨ। ਗੁਰੂ ਨਾਨਕ ਸਾਹਿਬ ਦੇ ਰੂਹਾਨੀ ਅਤੇ ਸਮਾਜਿਕ ਮਿਸ਼ਨ ਨੂੰ ਪੂਰੀ ਤਰ੍ਹਾਂ ਸਫ਼ਲ ਕਰਨ ਹਿਤ ਅਕਾਲ ਪੁਰਖ ਪਰਮਾਤਮਾ ਦੇ ਹੁਕਮ ਤੇ ਵਿਉਂਤ ਅਨੁਸਾਰ ਇਸ ਧਰਤੀ 'ਤੇ ਗੁਰੂ ਨਾਨਕ ਪਾਤਸ਼ਾਹ ਸਹਿਤ ਦਸ ਗੁਰੂ ਸਾਹਿਬਾਨ ਪ੍ਰਗਟ ਹੋਏ ਜਿਨ੍ਹਾਂ ਦੀ ਦੈਵੀ ਜੋਤ ਹੁਣ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ। ਇਉਂ ਦਸ ਗੁਰੂ ਸਾਹਿਬਾਨ ਪੰਜ ਸਦੀਆਂ ਤੋਂ ਵੱਧ ਸਮੇਂ ਤੋਂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਅਤੇ ਅਗਿਆਨਤਾ ਦੇ ਹਨੇਰੇ ਵਿਚ ਭਟਕ ਰਹੀ ਲੋਕਾਈ ਨੂੰ ਗੁਰਮਤਿ ਗਾਡੀ ਰਾਹ ਦਰਸਾਉਂਦੇ ਆ ਰਹੇ ਹਨ, ਅੱਜ ਵੀ ਦਰਸਾ ਰਹੇ ਹਨ ਅਤੇ ਰਹਿੰਦੀ ਦੁਨੀਆਂ ਤਕ ਦਰਸਾਉਂਦੇ ਰਹਿਣਗੇ।*

*ਸਿੱਖ ਗੁਰੂ ਸਾਹਿਬਾਨ ਦੀ ਘਾਲਣਾ-ਕਮਾਈ ਅਨੰਤ ਤੇ ਅਥਾਹ ਹੈ। ਸਾਰੀ ਦੁਨੀਆਂ ਹੀ ਗੁਰੂ ਸਾਹਿਬਾਨ ਦੇ ਮਨੁੱਖਤਾ ਉੱਪਰ ਮਹਾਨ ਪਰਉਪਕਾਰਾਂ ਦੇ ਕਾਰਨ ਰਿਣੀ ਹੈ। ਸਾਡੇ ਦੇਸ਼ ਦੀ ਧਰਤੀ ਦਾ ਤਾਂ ਕਣ-ਕਣ ਗੁਰੂ ਸਾਹਿਬਾਨ ਦੇ ਮਹਾਨ ਪਰਉਪਕਾਰਾਂ ਕਰਕੇ ਕਰਜ਼ਾਈ ਹੈ। ਇਸ ਮੁਲਕ ਦੇ ਲੋਕ ਅੱਜ ਜੋ ਵੀ ਹਨ, ਜਾਂ ਉਨ੍ਹਾਂ ਕੋਲ ਜੋ ਵੀ ਚੰਗਾ ਤੇ ਮਾਣ ਕਰਨ ਯੋਗ ਹੈ ਉਹ ਗੁਰੂ ਸਾਹਿਬਾਨ ਦੀ ਹੀ ਬਦੌਲਤ ਹੈ। ਮਨੁੱਖੀ ਆਜ਼ਾਦੀ ਤੇ ਬਰਾਬਰੀ ਦਾ ਨਾਅਰਾ ਜ਼ਾਲਮ ਤੇ ਜਰਵਾਣੇ ਸ਼ਾਸਕਾਂ ਦੇ ਰਾਜ-ਕਾਲ ਵਿਚ ਲਾਉਣ ਦਾ ਜੇਰਾ ਕੇਵਲ ਤੇ ਕੇਵਲ ਸਿੱਖ ਗੁਰੂ ਸਾਹਿਬਾਨ ਦੇ ਹੀ ਹਿੱਸੇ*

ਆਇਆ। ਗੁਰੂ ਸਾਹਿਬਾਨ ਨੇ ਹੱਕ-ਸੱਚ ਦੀ ਸਥਾਪਤੀ ਅਤੇ ਦੂਜੇ ਧਰਮ ਦੀ ਰਖਿਆ ਖਾਤਰ ਜਾਨ ਵਾਰ ਦੇਣ ਦੀ ਪਿਰਤ ਪਾ ਕੇ ਸਿੱਖ ਧਰਮ 'ਚ ਜੋ ਸ਼ਹੀਦੀਆਂ ਦਾ ਬੇਮਿਸਾਲ ਇਤਿਹਾਸ ਰਚਿਆ ਉਸ ਨੂੰ ਪੜ੍ਹ-ਸੁਣ ਕੇ ਦੁਨੀਆਂ ਅਚੰਭਿਤ ਹੋ ਰਹੀ ਹੈ। ਕੁੱਲ ਸੰਸਾਰ ਗੁਰੂ ਸਾਹਿਬਾਨ ਦੇ ਮਨੁੱਖਤਾ ਪ੍ਰਤੀ ਬੇਮਿਸਾਲ ਯੋਗਦਾਨ ਦਾ ਸਹੀ ਮੁਲਾਂਕਣ ਕਰਨ ਦੇ ਮਾਰਗ 'ਤੇ ਚੱਲ ਪਿਆ ਹੈ। ਸਦੀਆਂ ਬੀਤ ਜਾਣ ਮਗਰੋਂ ਸਿੱਖ ਗੁਰੂ ਸਾਹਿਬਾਨ ਪ੍ਰਤੀ ਸੱਚੇ ਅਦਬ-ਸਤਿਕਾਰ ਦਾ ਇਹ ਇਕ ਸੁਭਾਵਿਕ ਰੂਪ ਹੈ ਪਰੰਤੂ ਇਹ ਸੁਭਾਵਿਕ ਹੁੰਦਾ ਹੋਇਆ ਵੀ ਗੁਰਮਤਿ ਦੀ ਵਾਸਤਵਿਕਤਾ ਸਮਝ-ਸਾਰ ਰੱਖਣ ਵਾਲੇ ਗੁਰਸਿੱਖਾਂ ਦੇ ਹਿਰਦਿਆਂ ਅੰਦਰ ਝਰਨਾਟਾਂ ਛੇੜਨ ਵਾਲਾ ਹੈ।

ਸਿੱਖ ਗੁਰੂ ਸਾਹਿਬਾਨ ਪ੍ਰਤੀ ਜੋ ਸ਼ਰਧਾ, ਜੋ ਸਤਿਕਾਰ ਗਿਆਰਾਂ ਭੱਟ ਸਾਹਿਬਾਨ ਨੇ ਆਪਣੀ ਪਾਵਨ ਨਿਰਮਲ ਬਾਣੀ ਦੁਆਰਾ ਪ੍ਰਗਟਾਇਆ ਹੈ ਉਹ ਵੀ ਸਮੂਹ ਪਾਠਕਾਂ-ਸ੍ਰੋਤਿਆਂ ਦੇ ਹਿਰਦਿਆਂ ਵਿਚ ਵਿਸਮਾਦ ਤੇ ਰੂਹਾਨੀ ਅਨੰਦ ਨੂੰ ਮਹਿਸੂਸ ਕਰਵਾਉਣ ਵਾਲਾ ਹੈ। ਗੁਰੂ ਦੀ, ਸਰਬ-ਸਾਧਾਰਨ ਮਨੁੱਖ ਨੂੰ ਕਿੰਨੀ ਲੋੜ ਹੈ, ਇਸ ਦਾ ਹੋਕਾ ਦਿੰਦਿਆਂ ਭੱਟਾਂ ਦੁਆਰਾ ਉਚਾਰਨ ਕੀਤੀ ਪਾਵਨ ਨਿਰਮਲ ਬਾਣੀ ਵਿਚ ਦੱਸਿਆ ਹੈ ਕਿ ਗੁਰੂ ਬਿਨਾਂ ਘੋਰ ਅਗਿਆਨ ਹਨੇਰਾ ਛਾਇਆ ਰਹਿੰਦਾ ਹੈ, ਗੁਰੂ ਬਿਨਾਂ ਜੀਵਨ-ਮਾਰਗ ਦੀ ਸਮਝ ਹੀ ਨਹੀਂ ਪੈਂਦੀ, ਗੁਰੂ ਬਿਨਾਂ ਸੁਰਤੀ ਨਹੀਂ ਟਿਕਦੀ ਤੇ ਮਨ ਖਿੰਡਿਆ ਰਹਿੰਦਾ ਹੈ। ਮਨੁੱਖ ਦਾ ਕਲਿਆਣ ਗੁਰੂ ਬਿਨਾਂ ਸੰਭਵ ਹੀ ਨਹੀਂ। ਇਸ ਸਬੰਧ ਵਿਚ ਭੱਟ ਸਾਹਿਬਾਨ ਗੁਰੂ ਪ੍ਰਤੀ ਸਮਰਪਣ ਦਾ ਲੋੜੀਂਦਾ ਰੂਪ ਦਰਸਾਉਂਦਿਆਂ ਸਾਨੂੰ ਸੇਧ ਬਖਸ਼ਿਸ਼ ਕਰਦੇ ਹਨ ਕਿ ਰੂਹਾਨੀ ਰਾਹ ਦੇ ਜਗਿਆਸੂ ਤੇ ਗੁਰਮਤਿ ਮਾਰਗ ਦੇ ਪਾਂਧੀ ਨੂੰ ਰੂਹਾਨੀ ਅਤੇ ਨੈਤਿਕ ਸਦਾਚਾਰਕ ਗੁਣ ਗ੍ਰਹਿਣ ਕਰਨ ਦਾ ਸਦੀਵੀ ਰੁਝਾਨ ਬਣਾਉਂਦਿਆਂ ਆਪਣੇ ਆਪ ਨੂੰ ਸਦਾ ਔਗੁਣਹਾਰ ਅਤੇ ਸਤਿਗੁਰੂ ਨੂੰ ਸਦ ਬਖਸ਼ਣਹਾਰ ਸਮਝਣ ਦਾ ਮਨੋਭਾਵ ਬਣਾਉਣਾ ਚਾਹੀਦਾ ਹੈ। ਭੱਟ ਕੀਰਤ ਜੀ ਦਾ 'ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ' ਵਾਲਾ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਚਰਨ ਸਰਨ ਵਿਚ ਰਹਿਣ ਦੀ ਯਾਚਨਾ ਤੇ ਜੋਦੜੀ ਕਰਦਾ ਸਵੱਯਾ ਇਸ ਪ੍ਰਸੰਗ ਵਿਚ ਉਲੇਖ ਤੇ ਵਿਚਾਰ ਯੋਗ ਹੈ। ਗੁਰੂ-ਸ਼ਰਨ ਵਿਚ ਆ ਕੇ ਭੱਟ ਸਾਹਿਬਾਨ ਨੂੰ ਜੋ ਆਤਮਿਕ ਸ਼ਾਂਤੀ ਮਿਲੀ ਉਹ ਉਸ ਦੀ ਭਾਲ ਵਿਚ ਚਿਰਾਂ ਤੋਂ ਸਨ। ਗੁਰੂ-ਸ਼ਰਨ ਵਿਚ ਆ ਕੇ ਭੱਟ ਸਾਹਿਬਾਨ ਨੇ ਰਾਜਿਆਂ-ਰਾਣਿਆਂ ਤੇ ਭੂਪਤੀਆਂ ਦੀ ਵਡਿਆਈ ਗਾਇਨ ਕਰਨ ਵਾਲਾ ਆਪਣਾ ਜੱਦੀ-ਪੁਸ਼ਤੀ ਕਸਬ ਅਕਾਲ ਪੁਰਖ ਵਾਹਿਗੁਰੂ ਤੇ ਉਸ ਨਾਲ ਮਿਲਾਉਣ ਵਾਲੇ ਗੁਰੂ ਸਾਹਿਬਾਨ ਦੀ ਸੱਚੀ ਕੀਰਤੀ ਦੇ ਨਿਰਮਲ ਤੇ ਵਿਸਮਾਦੀ ਗਾਇਨ 'ਚ ਢਾਲ ਲਿਆ। ਸੰਸਾਰਕ ਮਾਇਆਵੀ ਮਨੋਰਥ ਪਿੱਛੇ ਪੈ ਗਏ। ਨਿਸ਼ਕਾਮ ਤੇ ਸੱਚੀ-ਸੁੱਚੀ ਨਿਰਮਲ ਸ਼ਰਧਾ ਉਭਰ ਕੇ ਅੱਗੇ ਆਈ। ਭੱਟ ਸਾਹਿਬਾਨ ਗੁਰੂ ਕੀਰਤੀ ਗਾਇਨ ਕਰਦੇ-ਕਰਦੇ ਪੂਰਨ ਰੂਪ 'ਚ ਨਿਰਮਲ ਹੋ ਗਏ। ਉਨ੍ਹਾਂ ਦੀ ਨਿਰਮਲ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੋਣ ਦਾ ਉੱਚਾ ਮਾਣ-

ਸਨਮਾਨ ਹਾਸਲ ਹੋਇਆ।

ਗੁਰਸਿੱਖਾਂ ਨੂੰ ਇਸ ਗੱਲ 'ਤੇ ਉਚੇਚਾ ਅਤੇ ਭਰਪੂਰ ਮਾਣ ਹੈ ਕਿ ਉਹ ਆਪਣੇ ਸਤਿਗੁਰਾਂ ਦੀ ਪਾਵਨ ਨਿਰਮਲ ਬਾਣੀ ਦਾ ਬੇਮਿਸਾਲ ਅਦਬ-ਸਤਿਕਾਰ ਕਰਦੇ ਹਨ। ਦਰਅਸਲ ਪਾਵਨ ਬਾਣੀ ਦੇ ਸਤਿਕਾਰ ਵਾਸਤੇ ਸੇਧਾਂ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਨੂੰ ਸਮੇਂ-ਸਮੇਂ ਗੁਰੂ ਸਾਹਿਬਾਨ ਆਪਣੇ ਨਿਰਮਲ ਉਪਦੇਸ਼ਾਂ ਦੇ ਨਾਲ-ਨਾਲ ਨਿਜ-ਅਮਲੀ ਉਦਾਹਰਣਾਂ ਦੁਆਰਾ ਵੀ ਬਖਸ਼ਿਸ਼ ਕਰਦੇ ਰਹੇ। ਇਸ ਸਬੰਧ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਸੰਬੰਧਿਤ ਇਤਿਹਾਸਕ ਪ੍ਰਸੰਗ ਗੁਰ-ਇਤਿਹਾਸ ਤੋਂ ਵਾਕਫ਼ ਸੱਜਣਾਂ ਦੀ ਜਾਣਕਾਰੀ ਵਿਚ ਹਨ। ਦਸਮੇਸ਼ ਪਿਤਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀਆਂ ਪ੍ਰਕਰਮਾ ਕੀਤੀਆਂ ਅਤੇ ਇਸ ਅੱਗੇ ਮੱਥਾ ਟੇਕਿਆ ਅਤੇ ਸਮੂਹ ਸਿੱਖਾਂ ਨੂੰ ਜਾਗਤ ਜੋਤ ਦੇ ਲੜ ਲਾਇਆ।

ਅੱਜ ਕਈ ਸਮਕਾਲੀ ਅਖੌਤੀ ਆਧੁਨਿਕਤਾਵਾਦੀ ਜਾਂ ਅਗਾਂਹਵਧੂ ਹੋਣ ਦਾ ਭਰਮ ਪਾਲਣ ਵਾਲੇ, ਗੁਰ ਇਤਿਹਾਸ/ਸਿੱਖ ਇਤਿਹਾਸ ਤੋਂ ਅਣਜਾਣਤਾ ਦਰਸਾਉਂਦਿਆਂ ਸ਼ੋਸ਼ੇ ਛੱਡ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਵਰਗੇ ਪੂਜਾ ਦੇ ਬ੍ਰਾਹਮਣੀ ਢੰਗ ਸਿੱਖਾਂ ਵਿਚ ਕਦੋਂ ਤੇ ਕਿੱਥੋਂ ਆ ਗਏ? ਸਮੂਹ ਨਾਨਕ-ਨਾਮ-ਲੇਵਾ ਸਿੱਖ ਸੰਗਤਾਂ ਨੂੰ ਅਜਿਹੇ ਸ਼ੋਸ਼ੇਬਾਜ਼ਾਂ ਦੇ ਮੰਦਭਾਵੀ ਇਰਾਦਿਆਂ ਦਾ ਭਾਵੇਂ ਪਹਿਲਾਂ ਹੀ ਬਹੁਤ ਹੱਦ ਤਕ ਪਤਾ ਹੈ ਪਰ ਫਿਰ ਵੀ ਅਜਿਹੀ ਹਰਕਤ ਦਾ ਢੁਕਵਾਂ ਜਵਾਬ ਦੇਣਾ ਹੀ ਹਰ ਸੁਚੇਤ ਗੁਰਸਿੱਖ ਦਾ ਮੁੱਢਲਾ ਫਰਜ਼ ਹੈ। ਉਂਵ ਸ਼ੋਸ਼ੇਬਾਜ਼ਾਂ ਦੇ ਸ਼ੋਸ਼ੇ ਸ਼ਰਧਾ-ਸਤਿਕਾਰ 'ਚ ਭਿੱਜੀਆਂ ਸਿੱਖ ਸੰਗਤਾਂ ਦੇ ਵਿਸ਼ਵਾਸ ਨੂੰ ਡੁਲਾਉਣ ਵਿਚ ਕਦਾਚਿਤ ਵੀ ਕਾਮਯਾਬ ਨਹੀਂ ਹੋ ਸਕਣਗੇ। ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਸ਼ੋਸ਼ੇਬਾਜਾਂ 'ਚ ਕਈਆਂ ਦਾ ਬਾਹਰੀ ਰੂਪ ਸਿੱਖਾਂ ਜੇਹਾ ਹੈ ਅਰਥਾਤ ਉਨ੍ਹਾਂ ਸਿੱਖ ਹੋਣ ਦਾ ਭੇਖ ਧਾਰਨ ਕੀਤਾ ਹੋਇਆ ਹੈ ਜਦੋਂ ਕਿ ਸਿੱਖ ਦੀ ਤਾਂ ਮੂਲ ਪਰਿਭਾਸ਼ਾ ਹੀ ਇਹ ਹੈ ਕਿ ਸਿੱਖ ਹੁੰਦਾ ਹੀ ਗੁਰੂ ਦਾ ਹੈ, ਉਸ ਦਾ ਕੁਝ ਵੀ ਆਪਣਾ ਨਹੀਂ ਹੁੰਦਾ। ਸ਼ੋਸ਼ੇਬਾਜਾਂ ਦੇ ਸ਼ੋਸ਼ਿਆਂ ਤੋਂ ਬਚਣ ਤੇ ਸੁਚੇਤ ਰਹਿਣ ਦੀ ਵਧੇਰੇ ਜ਼ਰੂਰਤ ਖ਼ੁਦ ਨੂੰ ਅਗਾਂਹਵਧੂ ਜਾਂ ਆਧੁਨਿਕਤਾਵਾਦੀ ਅਖਵਾਉਣ ਵਾਲੇ ਵਿਦਵਾਨਾਂ ਨੂੰ ਜ਼ਰੂਰ ਹੈ ਕਿਉਂ ਜੋ ਉਨ੍ਹਾਂ ਵਿਚ ਗੁਰੂ ਪ੍ਰਤੀ ਸ਼ਰਧਾ-ਸਤਿਕਾਰ ਸ਼ਾਇਦ ਆਮ ਸਿੱਖ ਸੰਗਤਾਂ ਜਿੰਨਾ ਨਿੱਗਰ ਨਹੀਂ ਜਦੋਂ ਕਿ ਹੋਣਾ ਸਗੋਂ ਵਧੇਰੇ ਨਿੱਗਰ ਚਾਹੀਦਾ ਹੈ। ਐਸੇ ਅਖੌਤੀ ਵਿਦਵਾਨਾਂ ਨੂੰ ਸਨਿਮਰ ਸੁਝਾਅ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਗਿਆਰਾਂ ਭੱਟਾਂ ਦੀ ਪਾਵਨ ਬਾਣੀ ਦਾ ਇਕ ਨਿਮਾਣੇ ਸਿੱਖ ਵਜੋਂ ਪਾਠ ਕਰ ਕੇ, ਗੁਰੂ ਪ੍ਰਤੀ ਆਪਣੀ ਸੱਚੀ-ਸੁੱਚੀ ਸ਼ਰਧਾ-ਭਾਵਨਾ, ਆਪਣੇ ਹਾਰਦਿਕ ਸਤਿਕਾਰ ਨੂੰ ਕਾਇਮ-ਦਾਇਮ ਰੱਖਣ ਦਾ ਉੱਦਮ-ਉਪਰਾਲਾ ਕਰਨ। ਇਸ ਰੂਪ 'ਚ ਉਹ ਸ਼ੋਸ਼ੇਬਾਜ਼ਾਂ ਦੇ ਸ਼ੋਸ਼ਿਆਂ ਨੂੰ ਬੇਅਸਰ ਕਰਦਿਆਂ ਸਿੱਖ ਸੰਗਤਾਂ ਨੂੰ ਸੁਚੇਤ ਕਰਨ 'ਚ ਵੀ ਆਪਣਾ ਸਹੀ ਯੋਗਦਾਨ ਪਾ ਸਕਦੇ ਹਨ। ■

# ਭੱਟ ਬਾਣੀਕਾਰ

*-ਸਿਮਰਜੀਤ ਸਿੰਘ**

ਭੱਟ ਆਪਣੇ ਸਮੇਂ ਦੇ ਵਿਦਵਾਨ ਸਨ ਜੋ ਸੂਰਵੀਰ ਯੋਧਿਆਂ ਦੀਆਂ ਵਿਸ਼ੇਸ਼ ਗਾਥਾਵਾਂ ਲਿਖਦੇ ਅਤੇ ਮਹਾਰਾਜਿਆਂ ਦੀਆਂ ਉਪਮਾਵਾਂ ਵਿਚ ਕਵਿਤਾ ਲਿਖ ਕੇ ਸ਼ਾਹੀ ਦਰਬਾਰ ਵਿਚ ਗਾਇਨ ਕਰਿਆ ਕਰਦੇ ਸਨ। ਇਹ ਲੋਕ ਕੁਲ ਪ੍ਰੰਪਰਾ ਤੋਂ ਰਾਜਿਆਂ ਅਥਵਾ ਕੁਲੀਨ ਪੁਰਸ਼ਾਂ ਦੀ ਉਸਤਤਿ ਅਤੇ ਉਨ੍ਹਾਂ ਦੇ ਖਾਨਦਾਨ ਦੀਆਂ ਇਤਿਹਾਸਿਕ ਘਟਨਾਵਾਂ ਨੂੰ ਭੱਟਾਛਰੀ ਭਾਸ਼ਾ ਵਿਚ ਲਿਖ ਕੇ ਵਹੀਆਂ ਦੀ ਸੰਭਾਲ ਕਰਦੇ ਸਨ। 'ਭੱਟ' ਸ਼ਬਦ ਦੇ ਅਰਥ ਵੱਖ-ਵੱਖ ਕੋਸ਼ਾਂ ਵਿਚ ਵੱਖ-ਵੱਖ ਦਿੱਤੇ ਗਏ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ 'ਭੱਟ' ਦੇ ਅਰਥ "ਉਸਤਤਿ ਪੜ੍ਹਨ ਵਾਲਾ ਕਵਿ" ਰਾਜ ਦਰਵਾਰ ਵਿਚ ਯੋਧਿਆਂ ਅਤੇ ਰਾਜਿਆਂ ਦਾ ਯਸ਼ ਕਹਿਣ ਵਾਲਾ ਪੰਡਤ ਆਦਿ ਕੀਤੇ ਹਨ। ਪੰਡਿਤ ਤਾਰਾ ਸਿੰਘ ਨਰੋਤਮ ਜੀ ਦੇ 'ਗੁਰੂ ਗਿਰਾਰਥ ਕੋਸ਼' ਅਨੁਸਾਰ "ਭੱਟ ਪੰਡਿਤ ਸਵਾਮੀਪੁਨਾ ਉਸਤਤਿ ਕਰ ਕੇ ਅਜੀਵਕਾ ਕਮਾਉਣ ਵਾਲਾ ਬੰਦੀਜਨ" ਹੈ। ਗਿਆਨੀ ਹਜਾਰਾ ਸਿੰਘ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਲਿਖਦੇ ਹਨ ਕਿ ਇਹ ਸਤਿਕਾਰਤ ਖਿਤਾਬ ਪਹਿਲਾਂ ਸਾਹਿਬਜ਼ਾਦਿਆਂ ਤੇ ਫੇਰ ਬੜੇ-ਬੜੇ ਵਿਦਵਾਨਾਂ ਨੂੰ ਦਿੱਤਾ ਜਾਂਦਾ ਸੀ। ਫੇਰ ਉਨ੍ਹਾਂ ਮਹਾਂਕਵੀਆਂ ਦਾ ਨਾਮ ਹੋ ਗਿਆ ਜੋ ਕੀਰਤਨ ਉਚਾਰਦੇ ਸਨ। ਗਿਆਨੀ ਗੁਰਦਿੱਤ ਸਿੰਘ ਅਨੁਸਾਰ "ਪੰਜਾਬ ਦੇ ਭੱਟ ਸਾਸ਼ਤ ਬ੍ਰਹਮਣ ਜਾਤੀ ਦੇ ਹਨ। ਇਹ ਆਪਣੀ ਉਤਪਤੀ ਕੋਸ਼ਿਸ਼ ਰਿਸ਼ੀ ਤੋਂ ਹੋਈ ਮੰਨਦੇ ਹਨ। ਕਥਿਤ ਉੱਚੀਆਂ ਜਾਤਾਂ ਦੇ ਬ੍ਰਾਹਮਣਾਂ ਵੱਲੋਂ ਭੱਟਾਂ ਨੂੰ ਕਥਿਤ ਨੀਵੀਂ ਜਾਤੀ ਦੇ ਬ੍ਰਾਹਮਣ ਮੰਨਿਆ ਜਾਂਦਾ ਹੈ। ਕਿਸੇ ਵੇਲੇ ਇਹ ਲੋਕ ਸਰਸਵਤੀ ਨਦੀ ਦੇ ਕਿਨਾਰੇ ਵੱਸਦੇ ਸਨ, ਜੋ ਨਦੀ ਪਹਿਲਾਂ ਪਿਹੋਵਾ, ਜ਼ਿਲ੍ਹਾ ਕਰਨਾਲ ਦੇ ਲਾਗਿਓਂ ਵਗਦੀ ਸੀ। ਜਿਹੜੇ ਭੱਟ ਨਦੀ ਦੇ ਉਰਲੇ ਕਿਨਾਰੇ ਵੱਸਦੇ ਸਨ, ਉਹ ਸਾਰਸੁਤ ਤੇ ਜਿਹੜੇ ਪਰਲੇ ਕਿਨਾਰੇ ਵੱਸਦੇ ਸਨ, ਉਹ ਗੌੜ ਅਖਵਾਉਣ ਲੱਗ ਪਏ।" ਅੱਜ ਵੀ ਇਨ੍ਹਾਂ ਦੇ ਬਹੁਤ ਸਾਰੇ ਖਾਨਦਾਨ ਜੀਂਦ ਅਤੇ ਪਹੇਵੇ ਦੇ ਵਿਚਲੇ ਇਲਾਕੇ ਵਿਚ ਰਹਿੰਦੇ ਹਨ। ਕੁਝ ਖਾਨਦਾਨ ਇਥੋਂ ਉੱਠ ਕੇ ਜਮੁਨਾ ਪਾਰ ਉੱਤਰ ਪ੍ਰਦੇਸ਼ ਦੀ ਪੱਛਮੀ ਸੀਮਾ ਦੇ ਨੇੜੇ ਜਾ ਵੱਸੇ ਹਨ।

ਭੱਟ ਲੋਕ ਜ਼ਿਆਦਾਤਰ ਰਾਜਪੂਤ ਜਾਤੀਆਂ ਚੌਹਾਨ, ਪਵਾਰ, ਰਾਠੌਰ, ਤਮੂਰ, ਜਾਦੋ ਆਦਿ ਦੀ ਪ੍ਰੋਹਤੀ ਦਾ ਕੰਮ ਕਰਦੇ ਸਨ। ਪ੍ਰੋਹਤੀ ਦਾ ਕਾਰਜ ਨਿਭਾਉਣ ਕਾਰਨ ਅਖੋਤੀ ਬ੍ਰਾਹਮਣ ਇਨ੍ਹਾਂ ਨੂੰ ਆਪਣੇ ਨਾਲੋਂ ਨੀਵਾਂ ਸਮਝਣ ਲੱਗ ਪਏ ਸਨ। ਭੱਟ ਪਰਵਾਰ ਰਾਜਪੂਤ ਘਰਾਣਿਆਂ ਵਿਚ ਖੁਸ਼ੀ ਗਮੀ ਦੇ ਮੌਕੇ 'ਤੇ ਜਾ ਕੇ ਉਨ੍ਹਾਂ ਦੇ ਖਾਨਦਾਨ ਵਿਚ

*ਸੰਪਾਦਕ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਕੀਤੀ ਗਈ ਕੋਈ ਸੂਰਮਗਤੀ ਦੀ ਘਟਨਾ ਨੂੰ ਪੀੜ੍ਹੀ-ਦਰ-ਪੀੜ੍ਹੀ ਕਾਵਿ ਰੂਪ ਵਿਚ ਸੁਣਾ ਕੇ ਸੰਬੰਧਿਤ ਪਰਵਾਰ ਤੋਂ ਬਖਸ਼ਿਸ਼ਾਂ ਪ੍ਰਾਪਤ ਕਰਦੇ ਸਨ। ਇਹ ਲੋਕ ਹਰ ਖੁਸ਼ੀ ਗਮੀ ਦੀ ਘਟਨਾ ਨੂੰ ਸੰਨ ਸੰਮਤ ਅਨੁਸਾਰ ਆਪਣੀਆਂ ਵਹੀਆਂ ਵਿਚ ਦਰਜ ਕਰਦੇ ਅਤੇ ਪੀੜ੍ਹੀ-ਦਰ-ਪੀੜ੍ਹੀ ਸਾਂਭ ਕੇ ਰੱਖਦੇ ਸਨ। ਅੱਜ ਵੀ ਇਨ੍ਹਾਂ ਦੁਆਰਾ ਲਿਖੀਆਂ ਵਹੀਆਂ ਤੋਂ ਕਈ ਮਹੱਤਵਪੂਰਨ ਘਟਨਾਵਾਂ ਦਾ ਪਤਾ ਲੱਗ ਜਾਂਦਾ ਹੈ।

ਭੱਟ ਵਹੀਆਂ ਦੇ ਆਧਾਰ 'ਤੇ ਇਨ੍ਹਾਂ ਦੀ ਬੰਸਾਵਲੀ ਭਗੀਰਥ ਨਾਂ ਦੇ ਭੱਟ ਤੋਂ ਸ਼ੁਰੂ ਹੁੰਦੀ ਹੈ। ਇਸੇ ਭਗੀਰਥ ਦੀ ਨੌਵੀਂ ਪੀੜ੍ਹੀ ਵਿਚ ਰਈਆ ਨਾਂ ਦਾ ਇਕ ਭੱਟ ਹੋਇਆ ਜਿਸ ਦੇ ਛੇ ਸਪੁੱਤਰ— ਭਿਖਾ ਜੀ, ਸੇਖਾ ਜੀ, ਤੋਖਾ ਜੀ, ਗੋਖਾ ਜੀ, ਚੋਖਾ ਜੀ ਅਤੇ ਠੋਡਾ ਜੀ ਸਨ। ਇਨ੍ਹਾਂ ਵਿੱਚੋਂ ਭਿਖਾ ਜੀ ਦੇ ਤਿੰਨ ਸਪੁੱਤਰ- ਮਥਰਾ ਜੀ, ਜਾਲਪ ਜੀ ਤੇ ਕੀਰਤ ਜੀ ਸਨ। ਭੱਟ ਬਾਣੀਕਾਰਾਂ ਵਿੱਚੋਂ ਬਲ੍ਯ ਜੀ, ਹਰਿਬੰਸ ਜੀ, ਕਲਸਹਾਰ ਜੀ, ਅਤੇ ਗਯੰਦ (ਪਰਮਾਨੰਦ) ਜੀ ਭਿਖਾ ਜੀ ਦੇ ਭਤੀਜੇ ਸਨ। ਇਹ ਸਾਰੇ ਪਿੰਡ-ਪਿੰਡ ਘੁੰਮ ਕੇ ਆਤਮ ਅਨੰਦ ਦੀ ਖੋਜ ਕਰਦੇ ਸਨ। ਅਨੇਕ ਸਥਾਨਾਂ 'ਤੇ ਜਾ ਕੇ ਵੀ ਇਨ੍ਹਾਂ ਦੀ ਜਗਿਆਸਾ ਸ਼ਾਂਤ ਨਹੀਂ ਹੋਈ ਪਰੰਤੂ ਜਦੋਂ ਇਹ ਖੋਜਦੇ-ਖੋਜਦੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਪਹੁੰਚ ਕੇ ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਪ੍ਰਤੱਖ ਫਲਦੇ-ਫੁਲਦੇ ਦੇਖਿਆ ਤਾਂ ਇਨ੍ਹਾਂ ਦੇ ਸਾਰੇ ਸ਼ੰਕੇ ਦੂਰ ਹੋ ਗਏ ਅਤੇ ਇਨ੍ਹਾਂ ਨੇ ਆਤਮ ਅਨੰਦ ਦੀ ਪ੍ਰਾਪਤੀ ਕੀਤੀ। ਭੱਟ ਭਿਖਾ ਜੀ ਇਸ ਅਨੁਭਵ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ:

*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥*
*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥*
*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥ (ਪੰਨਾ ੧੩੯੫-੯੬)*

ਜਦੋਂ ਭੱਟ ਸਾਹਿਬਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਪਹੁੰਚ ਗਏ ਤਾਂ ਇਥੇ ਆ ਕੇ ਉਨ੍ਹਾਂ ਦੀ ਸਾਰੀ ਅਧਿਆਤਮਿਕ ਜਗਿਆਸਾ ਖਤਮ ਹੋ ਗਈ। ਇਹ ਸਭ ਕੁਝ ਤਾਂ ਹੀ ਹੋ ਸਕਿਆ ਜਦੋਂ ਉਨ੍ਹਾਂ 'ਤੇ ਅਕਾਲ ਪੁਰਖ ਦੀ ਕਿਰਪਾ ਹੋਈ:

*ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥*
*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥*
*ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥*
*ਜਪੵਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥*
*(ਪੰਨਾ ੧੪੦੯)*

ਇਕ ਅਨੁਮਾਨ ਅਨੁਸਾਰ ਇਹ ਭੱਟ ਸਾਹਿਬਾਨ ਸੰਨ ੧੫੮੧ ਈ. ਵਿਚ ਭੱਟ ਕਲਸਹਾਰ ਜੀ ਦੀ ਅਗਵਾਈ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਗੋਇੰਦਵਾਲ ਸਾਹਿਬ ਵਿਖੇ ਆਏ ਸਨ। ਇਸ ਸਮੇਂ 'ਤੇ ਦੂਰੋਂ-ਦੂਰੋਂ ਸੰਗਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਪਹੁੰਚੀਆਂ ਹੋਈਆਂ ਸਨ। ਭੱਟ

ਸਾਹਿਬਾਨ ਨੇ ਇਸ ਸਮੇਂ 'ਤੇ ਪਹੁੰਚ ਕੇ ਸਵੱਈਏ ਦਾ ਉਚਾਰਨ ਕੀਤਾ ਜਿਸ ਦੀ ਪੁਸ਼ਟੀ ਭੱਟ ਸਾਹਿਬਾਨ ਦੀ ਬਾਣੀ ਵਿੱਚੋਂ ਹੀ ਹੋ ਜਾਂਦੀ ਹੈ।ਆਪਣੀ ਕੁਲ-ਪ੍ਰੰਪਰਾ ਅਨੁਸਾਰ ਇਹ ਭੱਟ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਵਾਰ ਅਤੇ ਪ੍ਰਮੁੱਖ ਸਿੱਖਾਂ ਦੀਆਂ ਮੁੱਖ ਘਟਨਾਵਾਂ ਅਤੇ ਲੋੜੀਂਦੀ ਜਾਣਕਾਰੀ ਆਪਣੀਆਂ ਭੱਟ-ਵਹੀਆਂ ਵਿਚ ਦਰਜ ਕਰਦੇ ਰਹੇ ਹਨ। ਇਸ ਜਾਣਕਾਰੀ ਸਬੰਧੀ ਕੁਝ ਘਟਨਾਵਾਂ ਦੇ ਭੱਟ ਸਾਹਿਬਾਨ ਖੁਦ ਸਾਖੀ ਹੁੰਦੇ ਸਨ ਅਤੇ ਕੁਝ ਘਟਨਾਵਾਂ ਬਾਰੇ ਜਾਣਕਾਰੀ ਸੁਣੀ-ਸੁਣਾਈ ਹੁੰਦੀ ਸੀ। ਇਸ ਲਈ ਇਨ੍ਹਾਂ ਵਹੀਆਂ ਵਿਚ ਪ੍ਰਾਪਤ ਸਾਰੀ ਦੀ ਸਾਰੀ ਜਾਣਕਾਰੀ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ ਹੈ। ਪਰ ਜੋ ਜਾਣਕਾਰੀ ਭੱਟ ਸਾਹਿਬਾਨ ਨੇ ਖੁਦ ਦੇਖ ਕੇ ਲਿਖੀ ਹੈ ਉਹ ਇਤਿਹਾਸ ਦਾ ਇਕ ਬਹੁਤ ਪ੍ਰਮੁੱਖ ਪ੍ਰਮਾਣਿਤ ਸ੍ਰੋਤ ਹੈ। ਇਨ੍ਹਾਂ ਵਹੀਆਂ ਨੂੰ ਲੱਭਣ ਦਾ ਕਠਿਨ ਕੰਮ ਭਾਈ ਗਰਜਾ ਸਿੰਘ ਨੇ ਕੀਤਾ ਸੀ ਜਿਸ ਦੇ ਗੁਰਮੁਖੀ ਵਿਚ ਉਤਾਰੇ ਵੀ ਕੀਤੇ ਗਏ ਸਨ। ਜਦੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪਾਦਨਾ ਕਰਵਾ  ਕੇ ਭਾਈ ਗੁਰਦਾਸ ਜੀ ਤੋਂ ਬਾਣੀ ਲਿਖਵਾਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਿਆਰਾਂ ਭੱਟ ਬਾਣੀਕਾਰਾਂ ਦੇ ੧੨੩ ਸਵੱਈਏ ਦਰਜ ਕੀਤੇ ਜੋ ਦਮਦਮੀ ਬੀੜ ਦੇ ਪਾਵਨ ਸਰੂਪ ਵਿਚ ਪੰਨਾ ੧੩੮੯ ਤੋਂ ੧੪੦੯ ਤੱਕ ਦਰਜ ਮਿਲਦੇ ਹਨ। ਗੁਰੂ ਸਾਹਿਬ ਜੀ ਨੇ ਭੱਟ ਸਾਹਿਬਾਨ ਦੀ ਬਾਣੀ ਦਰਜ ਕਰਕੇ ਇਨ੍ਹਾਂ ਨੂੰ ਸਦਾ-ਸਦਾ ਲਈ ਅਮਰ ਕਰ ਦਿੱਤਾ।

**ਭੱਟ ਕਲਸਹਾਰ ਜੀ :** ਭੱਟ ਕਲਸਹਾਰ ਜੀ ਦੇ ਪਿਤਾ ਜੀ ਦਾ ਨਾਂ ਭੱਟ ਚੋਖਾ ਜੀ ਸੀ ਜੋ ਭੱਟ ਭਿਖਾ ਜੀ ਦੇ ਛੋਟੇ ਭਰਾ ਸਨ। ਭੱਟ ਗਯੰਦ ਜੀ ਆਪ ਜੀ ਦੇ ਭਰਾ ਸਨ। ਕਈ ਸਵੱਈਆਂ ਵਿਚ ਆਪ ਜੀ ਦਾ ਨਾਂ ਕਲ੍ਹਸਹਾਰ ਦੀ ਥਾਂ 'ਤੇ ਉਪਨਾਮ ਟਲ ਜਾਂ ਕਲ੍ਹ ਵੀ ਵਰਤਿਆ ਗਿਆ ਹੈ। ਭੱਟ ਬਾਣੀਕਾਰਾਂ ਵਿੱਚੋਂ ਭੱਟ ਕਲਸਹਾਰ ਜੀ ਨੇ ਸਭ ਤੋਂ ਵੱਧ ਬਾਣੀ ਉਚਾਰਨ ਕੀਤੀ ਹੈ।ਭੱਟ ਕਲਸਹਾਰ ਜੀ ਨੇ ਪੰਜ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਸਵੱਈਏ ਉਚਾਰਨ ਕੀਤੇ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਵਿਚ ੧੦ ਸਵੱਈਆਂ ਦਾ ਉਚਾਰਨ ਕੀਤਾ ਹੈ ਜਿਨ੍ਹਾਂ ਵਿੱਚੋਂ ੫ ਸਵੱਈਏ ਚਾਰ-ਚਾਰ ਤੁਕਾਂ ਵਾਲੇ ਅਤੇ ਪੰਜ ਛੇ-ਛੇ ਤੁਕਾਂ ਵਾਲੇ ਹਨ।ਭੱਟ ਕਲਸਹਾਰ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦੇ ਹੋਏ ਬਿਆਨ ਕਰਦੇ ਹਨ:

*ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥* *(ਪੰਨਾ ੧੩੯੦)*

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤਿ ਵਿਚ ਵੀ ਭੱਟ ਕਲਸਹਾਰ ਜੀ ਨੇ ੧੦

ਸਵੱਈਆਂ ਦਾ ਉਚਾਰਨ ਕੀਤਾ ਹੈ। ਇਨ੍ਹਾਂ ਵਿੱਚੋਂ ਚਾਰ ਸਵੱਈਏ ਚਾਰ-ਚਾਰ ਤੁਕਾਂ ਵਾਲੇ ਅਤੇ ਪੰਜ ਸਵੱਈਏ ਛੇ-ਛੇ ਤੁਕਾਂ ਵਾਲੇ ਅਤੇ ਇਕ ਸਵੱਈਆਂ ਸੱਤ ਤੁਕਾਂ ਵਾਲਾ ਹੈ।ਭੱਟ ਕਲਸਹਾਰ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਉਸਤਤਿ ਕਰਦੇ ਹੋਏ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਮਹਾਨ ਗੁਰੂ ਦੀ ਚਰਨ-ਛੋਹ ਪ੍ਰਾਪਤ ਕਰਨ ਨਾਲ ਜਨਮ-ਮਰਨ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ :

*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥* *(ਪੰਨਾ ੧੩੯੨)*

ਭੱਟ ਕਲਸਹਾਰ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ੯ ਸਵੱਈਏ ਉਚਾਰਨ ਕੀਤੇ ਹਨ। ਇਨ੍ਹਾਂ ਸਵੱਈਆਂ ਵਿਚ ਭੱਟ ਕਲਸਹਾਰ ਜੀ ਕਹਿੰਦੇ ਹਨ ਕਿ ਉਸ ਸਦਾ ਥਿਰ ਅਕਾਲ ਪੁਰਖ ਨੂੰ ਸਿਮਰੋ ਜਿਸ ਦਾ ਇਕ ਨਾਮ ਸੰਸਾਰ ਵਿਚ ਅਟੱਲ ਹੈ, ਜਿਸ ਨਾਮ ਨੇ ਭਗਤਾਂ ਨੂੰ ਸੰਸਾਰ-ਸਾਗਰ ਤੋਂ ਪਾਰ ਲੰਘਾਇਆ ਹੈ। ਉਸੇ ਨਾਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਆਨੰਦ ਲੈ ਰਹੇ ਹਨ। ਉਸੇ ਨਾਮ ਦੁਆਰਾ ਲਹਿਣਾ ਜੀ ਟਿਕ ਗਏ ਜਿਸ ਕਰਕੇ ਸਾਰੀਆਂ ਰੂਹਾਨੀ ਸ਼ਕਤੀਆਂ ਉਨ੍ਹਾਂ ਨੂੰ ਪ੍ਰਾਪਤ ਹੋ ਗਈਆਂ, ਉਸੇ ਨਾਮ ਦੀ ਬਰਕਤ ਨਾਲ ਉੱਚੀ ਬੁੱਧੀ ਦੇ ਮਾਲਕ ਸ੍ਰੀ ਗੁਰੂ ਅਮਰਦਾਸ ਜੀ ਇਸ ਦੁਨੀਆਂ ਵਿਚ ਸ਼ੋਭਾ ਪਾ ਰਹੇ ਹਨ :

*ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ॥*
*ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈ ਜੈ ਕਾਰੁ ਜਪੰਥਿ ਨਰਾ॥*
*ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ॥*
*ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥*
*(ਪੰਨਾ ੧੩੯੨-੯੩)*

ਭੱਟ ਕਲਸਹਾਰ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ੧੩ ਸਵੱਈਆਂ ਦਾ ਉਚਾਰਨ ਕੀਤਾ ਹੈ। ਭੱਟ ਕਲਸਹਾਰ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਕਰਦੇ ਹੋਏ ਲਿਖਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਮੈਂ ਸਦਾ ਹੀ ਨਿਰਮਲ ਗੁਣ ਗਾਉਂਦਾ ਹਾਂ ਜਿਸ ਨਾਲ ਮੈਨੂੰ ਆਤਮਿਕ ਜੀਵਨ ਦੇਣ ਵਾਲਾ ਨਾਮ ਅਨੁਭਵ ਪ੍ਰਾਪਤ ਹੋਇਆ ਹੈ। ਭੱਟ ਕਲਸਹਾਰ ਜੀ ਬਿਆਨ ਕਰਦੇ ਹਨ ਕਿ ਠਾਕੁਰ ਹਰਿਦਾਸ ਜੀ ਦੇ ਸਪੁੱਤਰ ਸ੍ਰੀ ਗੁਰੂ ਰਾਮਦਾਸ ਜੀ ਹਿਰਦੇ ਰੂਪੀ ਖਾਲੀ ਸਰੋਵਰਾਂ ਨੂੰ ਨਾਮ ਜਲ ਨਾਲ ਭਰਨ ਵਾਲੇ ਹਨ ਸ੍ਰੀ ਗੁਰੂ ਰਾਮਦਾਸ ਜੀ ਅਕਾਲ ਪੁਰਖ ਦੇ ਨਾਮ ਦੇ ਰਸੀਆ, ਗੋਬਿੰਦ ਦੇ ਗੁਣਾਂ ਦੇ ਗਾਹਕ, ਅਕਾਲ ਪੁਰਖ ਨਾਲ ਪਿਆਰ ਕਰਨ ਵਾਲੇ ਅਤੇ ਸਮਦ੍ਰਿਸ਼ਟਾ ਦੇ ਸਰੋਵਰ ਹਨ:

*ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ॥*
*ਕਵਿ ਕਲੵ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥* *(ਪੰਨਾ ੧੩੯੬)*

ਭੱਟ ਕਲਸਹਾਰ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਉਸਤਤਿ ਵਿਚ ੧੨

ਸਵੱਈਆਂ ਦਾ ਉਚਾਰਨ ਕੀਤਾ ਹੈ।ਆਪਣੇ ਸਵੱਈਆਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧੀਰਜ ਨੂੰ ਧਰਮ ਬਣਾਇਆ ਹੈ, ਗੁਰੂ ਜੀ ਗੁਰਮਤਿ ਦੀ ਬੜੀ ਡੂੰਘੀ ਜਾਣਕਾਰੀ ਰੱਖਦੇ ਹਨ, ਗੁਰੂ ਜੀ ਪਰਾਏ ਦੁੱਖ ਨੂੰ ਦੂਰ ਕਰਨ ਵਾਲੇ ਹਨ ਅਤੇ ਉਦਾਰਚਿਤ ਹਨ। ਹਰੀ ਦਾ ਨਾਮ ਅਤੇ ਨੌਂ ਨਿਧੀਆਂ ਗੁਰੂ ਜੀ ਦੇ ਭੰਡਾਰੇ ਵਿੱਚੋਂ ਕਦੀ ਵੀ ਖਤਮ ਨਹੀਂ ਹੁੰਦੀਆਂ:

*ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ॥*
*ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ॥*
*ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ॥*
*ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ॥*
*ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਨਿਅਉ॥*
*ਗੁਰ ਅਰਜੁਨ ਕਲੁਚਰੈ ਤੈ ਰਾਜ ਜੋਗ ਰਸੁ ਜਾਨਿਅਉ॥ (ਪੰਨਾ ੧੪੦੭-੦੮)*

**ਭੱਟ ਜਾਲਪ ਜੀ:** ਭੱਟ ਜਾਲਪ ਜੀ ਨੂੰ ਭੱਟ ਜਲ੍ਹ ਜੀ ਵੀ ਕਿਹਾ ਜਾਂਦਾ ਹੈ। ਆਪ ਭੱਟ ਭਿਖਾ ਜੀ ਦੇ ਸਪੁੱਤਰ ਸਨ। ਭੱਟ ਮਥੁਰਾ ਜੀ ਅਤੇ ਭੱਟ ਕੀਰਤ ਜੀ ਆਪ ਜੀ ਦੇ ਭਰਾ ਸਨ। ਆਪ ਜੀ ਦੀ ਬਾਣੀ ਅਨੁਸਾਰ ਆਪ ਜੀ ਦੇ ਮਨ ਵਿਚ ਗੁਰੂ-ਘਰ ਅਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਬੜਾ ਸਤਿਕਾਰ ਸੀ ਜਿਸ ਦੀ ਸੀਮਾ ਉਲੀਕਣੀ ਮੁਸ਼ਕਿਲ ਹੈ। ਆਪ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਵਿਚ ੫ ਸਵੱਈਏ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਭੱਟ ਜਾਲਪ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰ ਕੇ, ਪ੍ਰਭੂ ਦਾ ਸਿਮਰਨ ਕਰ ਕੇ ਜੀਵਨ-ਮੁਕਤ ਹੋਏ ਅਤੇ ਜੀਵਨ-ਮੁਕਤ ਹੋਣ ਦਾ ਰਾਹ ਵੀ ਦੱਸਦੇ ਹਨ। ਗੁਰੂ ਸਾਹਿਬ ਜੀ ਨੇ ਸਰੀਰ ਦੇ ਸਾਰੇ ਅੰਗਾਂ ਨੂੰ ਗੁਰੂ ਮੱਤ ਨਾਲ ਜੋੜਨ ਦਾ ਹੀ ਉਪਦੇਸ਼ ਕੀਤਾ ਹੈ। ਭੱਟ ਜਾਲਪ ਜੀ ਲਿਖਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਨੇ ਅਕਾਲ ਪੁਰਖ ਦੀ ਪ੍ਰਸੰਨਤਾ ਪ੍ਰਾਪਤ ਕਰ ਲਈ ਹੈ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੇ ਦੁੱਖ ਨਹੀ ਸਤਾਉਂਦੇ ਅਤੇ ਉਹ ਹਮੇਸ਼ਾ ਪ੍ਰਸੰਨ ਰਹਿੰਦੇ ਹਨ:

*ਸਫਲ ਹੋਤ ਇਹ ਦੁਰਲਭ ਦੇਹੀ॥*
*ਜਾ ਕਉ ਸਤਿਗੁਰੁ ਮਇਆ ਕਰੇਹੀ॥*
*ਅਗਿਆਨ ਭਰਮੁ ਬਿਨਸੈ ਦੁਖ ਡੇਰਾ॥*
*ਜਾ ਕੈ ਹ੍ਰਿਦੈ ਬਸਹਿ ਗੁਰ ਪੈਰਾ॥ (ਪੰਨਾ ੧੨੯੮-੯੯)*

ਭੱਟ ਜਾਲਪ ਜੀ ਆਪਣੀ ਬਾਣੀ ਵਿਚ ਭਗਤ ਜੈਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਕਬੀਰ ਜੀ, ਭਗਤ ਪ੍ਰਹਿਲਾਦ ਜੀ ਆਦਿ ਬਾਰੇ ਪ੍ਰਭੂ ਦੀ ਭਗਤੀ ਕਰਨ ਦਾ ਜ਼ਿਕਰ ਕਰਦੇ ਹੋਏ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਕਰਦੇ ਹੋਏ ਦਸਦੇ ਹਨ ਕਿ ਇਨ੍ਹਾਂ ਭਗਤਾਂ ਨੇ ਅਕਾਲ ਪੁਰਖ ਦੀ ਕਿਰਪਾ ਨਾਲ ਗੁਰਮਤਿ ਦਾ ਧਾਰਨ ਕਰਕੇ ਪ੍ਰੇਮਾ ਭਗਤੀ ਨਾਲ ਬਿਬੇਕ ਬੁੱਧੀ ਦੀ ਪ੍ਰਾਪਤੀ ਕੀਤੀ ਹੈ। ਭਗਤ ਕਬੀਰ ਜੀ ਨੇ ਅਕਾਲ

ਪੁਰਖ ਦੀ ਅਰਾਧਨਾ ਕਰ ਕੇ ਉਸ ਨੂੰ ਪਾ ਲਿਆ ਹੈ:

*ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ॥*
*ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥*
*ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ॥*
*ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥*

*(ਪੰਨਾ ੧੪੦੫)*

**ਭੱਟ ਕੀਰਤ ਜੀ :** ਭੱਟ ਕੀਰਤ ਜੀ ਭੱਟ ਭਿਖਾ ਜੀ ਸਪੁੱਤਰ ਸਨ। ਆਪ ਜੀ ਨੇ ਬਹੁਤ ਹੀ ਦਿਲਖਿੱਚਵੇਂ ਅੰਦਾਜ਼ ਵਿਚ ਸ਼ਰਧਾਮਈ ਬਾਣੀ ਉਚਾਰਨ ਕੀਤੀ ਹੈ। ਆਪ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਉਸਤਤਿ ਵਿਚ ੪ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ੪ ਕੁੱਲ ੮ ਸਵੱਈਏ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਭੱਟ ਕੀਰਤ ਜੀ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਦੀ ਜੋਤਿ ਪਰਮਜੋਤਿ ਦਾ ਰੂਪ ਹੈ ਜਿਸ ਨੇ ਸ਼ਬਦ ਦੀਪਕ ਰਾਹੀਂ ਜੀਵਨ ਨੂੰ ਨੂਰੋ ਨੂਰ ਕਰ ਦਿੱਤਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਵਿਅਕਤਿਤਵ ਦੀ ਉਪਮਾ ਕਰਦੇ ਹੋਏ ਭੱਟ ਕੀਰਤ ਜੀ ਕਹਿੰਦੇ ਹਨ ਕਿ ਗੁਰੂ ਜੋਤਿ ਦਾ ਚੰਦਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸੁਗੰਧੀ ਵੰਡਦਾ ਆ ਰਿਹਾ ਹੈ। ਅਸੀਂ ਇਸ ਸਾਗਰ ਦੀ ਸੋਝੀ ਗੁਰੂ ਸੰਗਤ ਵਿਚ ਜਾ ਕੇ ਪਾ ਸਕਦੇ ਹਾਂ। ਆਪ ਜੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਅੰਮ੍ਰਿਤਸਰ ਦੀ ਜੰਗ ਵਿਚ ਸ਼ਾਮਲ ਹੋ ਕੇ ਜ਼ਾਲਮਾਂ ਦਾ ਸਫਾਇਆ ਕਰਦੇ ਹੋਏ ਮੁਰਤਜਾਂ ਖਾਂ ਨਾਲ ਲੜਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ।

ਭੱਟ ਕੀਰਤ ਜੀ ਦਾ ਪੜਪੋਤਾ ਭੱਟ ਨਰਬਦ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਉਨ੍ਹਾਂ ਨਾਲ ਨੰਦੇੜ ਗਿਆ ਸੀ। ਸੰਨ ੧੭੦੮ ਈ. ਵਿਚ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਚ-ਖੰਡ ਗਮਨ ਤੋਂ ਪਹਿਲਾਂ ਸ੍ਰੀ ਗਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਸੌਂਪੀ ਤਾਂ ਉਸ ਸਮੇਂ ਦਾ ਜ਼ਿਕਰ ਭੱਟ ਨਰਬਦ ਸਿੰਘ ਜੀ ਨੇ ਆਪਣੀ ਭੱਟ ਵਹੀ ਵਿਚ ਕੀਤਾ ਹੈ।

ਜਦੋਂ ਸੰਨ ੧੭੧੦ ਈ. ਵਿਚ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਸਿੱਖਾਂ ਦੇ ਕਤਲੇਆਮ ਲਈ 'ਨਾਨਕ ਪ੍ਰਸਤਾਂ ਰਾ ਹਰ ਜਾ ਬਯਾਬੰਦ ਬਕਤਲ ਰਸਾਨਦ' ਦਾ ਹੁਕਮ ਜਾਰੀ ਕੀਤਾ ਤਾਂ ਵੱਖ-ਵੱਖ ਪਿੰਡਾਂ ਵਿੱਚੋਂ ੪੦ ਸਿੰਘਾਂ ਨੂੰ ਫੜ ਕੇ ਲਾਹੌਰ ਨੇੜੇ ਆਲੋਵਾਲ ਵਿਖੇ ਜਿਉਂਦਿਆਂ ਹੀ ਧਰਤੀ ਵਿਚ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਵਿਚੋਂ ੩ ਸਿੰਘ ਭਾਈ ਕੇਸੋ ਸਿੰਘ ਜੀ, ਭਾਈ ਹਰੀ ਸਿੰਘ ਜੀ, ਭਾਈ ਦੇਸਾ ਸਿੰਘ ਜੀ ਭੱਟ ਕੀਰਤ ਜੀ ਦੇ ਪੋਤਰੇ ਸਨ। ਭੱਟ ਨਰਬਦ ਸਿੰਘ ਦੀ ਚੌਥੀ ਪੀੜੀ ਦੇ ਭਾਈ ਸਰੂਪ ਸਿੰਘ ਤੇ ਭਾਈ ਸੇਵਾ ਸਿੰਘ ਨੇ ਸਿੱਖ ਇਤਿਹਾਸ ਦੇ ਵੱਡਮੁਲੇ ਗ੍ਰੰਥ ਗੁਰੂ ਕੀ ਸਾਖੀਆਂ ਤੇ ਸ਼ਹੀਦ ਬਿਲਾਸ ਦੀ ਰਚਨਾ ਕੀਤੀ ਤੇ ਸਰੂਪ ਸਿੰਘ ਦੀ ਤੀਜੀ ਪੀੜ੍ਹੀ ਵਿੱਚੋਂ ਹੋਏ ਭਾਈ ਛੱਜੂ ਸਿੰਘ ਨੇ ਇਨ੍ਹਾਂ ਗ੍ਰੰਥਾਂ ਨੂੰ ਭੱਟਾਖਰੀ ਤੋਂ ਗੁਰਮੁਖੀ ਅੱਖਰਾਂ

ਵਿਚ ਕੀਤਾ ਅਤੇ ਇਨ੍ਹਾਂ ਨੂੰ ਹੀ ਗਿਆਨੀ ਗਰਜਾ ਸਿੰਘ ਜੀ ਨੇ ਸੰਪਾਦਿਤ ਕੀਤਾ ਸੀ।

**ਭੱਟ ਭਿਖਾ ਜੀ:** ਭੱਟ ਭਿਖਾ ਜੀ ਭੱਟ ਰਈਆ ਜੀ ਦੇ ਸਪੁੱਤਰ ਸਨ। ਆਪ ਜੀ ਦਾ ਜਨਮ ਸੁਲਤਾਨਪੁਰ ਵਿਖੇ ਹੋਇਆ ਸੀ। ਪੰਥ ਪ੍ਰਸਿੱਧ ਭੱਟ ਕੀਰਤ ਜੀ, ਭੱਟ ਮਥਰਾ ਜੀ ਅਤੇ ਭੱਟ ਜਾਲਪ ਜੀ ਆਪ ਜੀ ਦੇ ਸਪੁੱਤਰ ਸਨ। ਭੱਟ ਭਿਖਾ ਜੀ ਨੇ ੨ ਸਵੱਈਏ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੧੩੯੫-੯੬ 'ਤੇ ਦਰਜ ਹਨ। ਆਪ ਜੀ ਦੀ ਬਾਣੀ ਵਿਚ ਅਕਾਲ ਪੁਰਖ ਦੇ ਸਿਮਰਨ ਵਿਚ ਰਹਿਣ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਭੱਟ ਭਿਖਾ ਜੀ ਗੁਰੂ ਸਾਹਿਬ ਬਾਰੇ ਬਿਆਨ ਕਰਦੇ ਦੱਸਦੇ ਹਨ ਕਿ ਗੁਰੂ ਜੀ ਗਿਆਨ ਦਾ ਮੁਜੱਸਮਾ ਹਨ ਜੋ ਜੀਵਨ-ਤੱਤ ਦੀ ਸੋਝੀ ਦੇਣ ਵਾਲੇ, ਵਿਕਾਰਾਂ ਨੂੰ ਖਤਮ ਕਰ ਕੇ ਮਨ ਨੂੰ ਵੱਸ ਵਿਚ ਕਰਨ ਵਾਲੇ ਹਨ। ਅਜਿਹੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਕਲਯੁਗ ਵਿਚ ਕਰਤਾਪੁਰਖ ਦਾ ਸਰੂਪ ਹਨ। ਭੱਟ ਭਿਖਾ ਜੀ ਕਹਿੰਦੇ ਹਨ ਕਿ ਉਨ੍ਹਾਂ ਨੇ ਫਿਰ ਫਿਰ ਕੇ ਬਹੁਤ ਸਾਰੇ ਸਾਧ ਸੰਤ ਦੇਖੇ ਹਨ ਪਰ ਉਹ ਸਾਧ ਸੰਤ ਅਖਵਾਉਣ ਵਾਲੇ ਰਹਿਤ ਵਿਚ ਨਹੀਂ ਰਹਿੰਦੇ। ਸਾਰੇ ਹਰੀ ਦਾ ਨਾਮ ਛੱਡ ਕੇ ਮਾਇਆ ਦੇ ਮਗਰ ਲੱਗੇ ਹੋਏ ਹਨ। ਇਸ ਕਰਕੇ ਉਨ੍ਹਾਂ ਤੋਂ ਕੁਝ ਨਹੀਂ ਲੱਭਾ। ਕੇਵਲ ਸ੍ਰੀ ਗੁਰੂ ਅਮਰਦਾਸ ਜੀ ਨੂੰ ਹੀ ਮਿਲ ਕੇ ਸਾਨੂੰ ਜੀਵਨ-ਤੱਤ ਦੀ ਸੋਝੀ ਹੋਈ ਹੈ:

*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥*
*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥*
*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥*
*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥*
*ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥*
*ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥*

*(ਪੰਨਾ ੧੩੯੫-੯੬)*

**ਭੱਟ ਸਲ੍ਹ ਜੀ**: ਭੱਟ ਸਲ੍ਹ ਜੀ ਭੱਟ ਸੇਖਾ ਜੀ ਦੇ ਸਪੁੱਤਰ ਸੀ ਅਤੇ ਭੱਟ ਸੇਖਾ ਜੀ ਭੱਟ ਭਿਖਾ ਜੀ ਦੇ ਭਰਾ ਸਨ। ਭੱਟ ਸਲ੍ਹ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਇਕ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਦੋ ਕੁੱਲ ਤਿੰਨ ਸਵੱਈਏ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਰਜ ਕੀਤੇ ਹਨ।

ਸ੍ਰੀ ਗੁਰੂ ਅਮਰਦਾਸ ਜੀ ਦੇ ਬਾਰੇ ਵਿਚ ਭੱਟ ਸਲ੍ਹ ਜੀ ਦੱਸਦੇ ਹਨ ਕਿ ਜਿਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਦੈਂਤਾਂ ਦੀ ਜੰਗ ਆਪਣੀਆਂ ਅੱਖਾਂ ਨਾਲ ਵੇਖੀ ਹੋਵੇ ਤੇ ਫਿਰ ਗੁਰੂ-ਉਪਦੇਸ਼ਾਂ ਦੁਆਰਾ ਮਨ ਵਿਚ ਅਟੱਲ ਹਰਿ-ਨਾਮ ਨੂੰ ਵਸਾ ਕੇ ਵਿਸ਼ੇ-ਵਿਕਾਰਾਂ ਨਾਲ ਯੁੱਧ ਕੀਤਾ, ਆਪਣੇ ਪਵਿੱਤਰ ਹੱਥਾਂ ਨਾਲ ਈਮਾਨ ਦੀ ਕਮਾਨ ਫੜੀ ਹੋਈ ਹੈ। ਪ੍ਰਭੂ-ਸਿਮਰਨ ਦੇ ਤਿੱਖੇ ਤੀਰ ਚਲਾ

ਕੇ ਮਨ ਨੂੰ ਜਿੱਤਿਆ ਹੈ ਅਤੇ ਪੰਜਾ ਦੂਤਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਟੋਟੇ-ਟੋਟੇ ਕਰ ਦਿੱਤੇ:

*ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ॥*
*ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ॥*
*ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ॥*
*ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥* *(ਪੰਨਾ ੧੩੯੬)*

ਅਗੇ ਭੱਟ ਸਲ੍ਹ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਕਰਦੇ ਹੋਏ ਲਿਖਦੇ ਹਨ ਕਿ ਹੇ ਭੱਲਿਆਂ ਦੀ ਕੁਲ ਦੇ ਸਿਰਮੌਰ ਸ੍ਰੀ ਤੇਜਭਾਨ ਜੀ ਦੇ ਸੁਯੋਗ ਸਪੁੱਤਰ ਸ੍ਰੀ ਗੁਰੂ ਅਮਰਦਾਸ ਜੀ! ਆਪ ਜੀ ਨੇ ਨਿਰੰਤਰ ਸੱਚ ਨਾਮ ਦਾ ਜਾਪ ਕਰ ਕੇ ਵਿਕਾਰੀ ਦਲ ਨਾਲ ਯੁੱਧ ਵਿਚ ਜਿੱਤ ਪ੍ਰਾਪਤ ਕੀਤੀ ਤੇ ਨਾਨਕ ਜੋਤਿ ਦੇ ਵਰਦਾਨ ਸਦਕਾ ਜਗਤ-ਗੁਰੂ ਬਣੇ।

*ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ॥*
*ਗੁਰ ਅਮਰਦਾਸ ਸਚੁ ਸਲ੍ਹ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ॥(ਪੰਨਾ ੧੩੯੬)*

ਭੱਟ ਸਲ੍ਹ ਜੀ ਸ੍ਰੀ ਗੁਰ ਰਾਮਦਾਸ ਜੀ ਬਾਰੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਜੀ ਪੰਜਾਂ ਦੂਤਾਂ ਦਾ ਨਾਸ ਕਰ ਕੇ ਗੁਰੂ-ਪਦਵੀ ਦੇ ਹੱਕਦਾਰ ਬਣੇ ਹਨ। ਗੁਰੂ ਜੀ ਆਪਣੇ ਤੇਜ ਪ੍ਰਤਾਪ ਨਾਲ ਕ੍ਰੋਧ ਨੂੰ ਟੋਟੇ-ਟੋਟੇ ਕਰ ਕੇ ਅਤੇ ਲੋਭ ਨੂੰ ਅਪਮਾਨਿਤ ਕਰ ਕੇ ਮਗਰੋਂ ਲਾਹ ਦਿੱਤਾ ਹੈ।

*ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਹਉ॥*
*ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਹਉ॥* *(ਪੰਨਾ ੧੪੦੬)*

ਭੱਟ ਸਲ੍ਹ ਜੀ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਦੀ ਸ਼ਰਨ ਵਿਚ ਆ ਕੇ ਹਰ ਪ੍ਰਾਣੀ ਪਾਪਾਂ ਅਤੇ ਜਮਾਂ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਸਾਰੇ ਸਿੱਖ ਹੁਕਮ ਵਿਚ, ਅਨੰਦ ਵਿਚ ਰਹਿੰਦੇ ਹੋਏ ਭਵਸਾਗਰ ਤੋਂ ਪਾਰ ਹੋ ਜਾਂਦੇ ਹਨ:

*ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ॥*
*ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ॥* *(ਪੰਨਾ ੧੪੦੬)*

ਭੱਟ ਸਲ੍ਹ ਜੀ ਉਸਤਤਿ ਕਰਦੇ ਕਹਿੰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਸੀਸ 'ਤੇ ਗੁਰਤਾ ਦਾ ਸੱਚਾ ਛਤਰ ਝੁਲ ਰਿਹਾ ਹੈ ਜੋ ਸਦਾ ਸਥਿਰ ਹੈ। ਆਪ ਜੀ ਦਾ ਰਾਜ ਅਟਲ ਅਤੇ ਦਲ ਕਰਕੇ ਅਭੱਗ ਹੈ:

*ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ॥*
*ਗੁਰ ਰਾਮਦਾਸ ਸਚੁ ਸਲ੍ਹ ਭਣਿ ਤੂ ਅਟਲੁ ਰਾਜਿ ਅਭਗੁ ਦਲਿ॥ (ਪੰਨਾ ੧੪੦੬)*

ਭੱਟ ਸਲ੍ਹ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਚੋਹਾਂ ਜੁਗਾਂ ਦੇ ਜੀਵਾਂ ਦਾ ਪਾਰ-ਉਤਾਰਾ ਕਰਨ ਵਾਲੇ ਹਨ:

*ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥*

*ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥ (ਪੰਨਾ ੧੪੦੬)*

ਸ੍ਰੀ ਗੁਰੂ ਰਾਮਦਾਸ ਜੀ ਨੇ ਤਿੰਨਾਂ ਲੋਕਾਂ ਵਿਚ ਆਪਣੀ ਕਲਾ ਵਰਤਾਈ ਹੋਈ ਹੈ। ਆਪ ਲੋਕਾਈ ਨੂੰ ਸੰਸਾਰ-ਸਾਗਰ ਤੋਂ ਪਾਰ-ਉਤਾਰੇ ਵਾਲਾ ਰਾਹ ਵਿਖਾ ਰਹੇ ਹਨ। ਆਪ ਨਾਮ-ਸਿਮਰਨ ਦਾ ਸੰਦੇਸ਼ ਦੇ ਕੇ ਬੁਢਾਪੇ ਤੇ ਜਮਕਾਲ ਦੇ ਡਰ ਤੋਂ ਬਚਾਉਣ ਵਾਲੇ ਹਨ:

*ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ॥*
*ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ॥ (ਪੰਨਾ ੧੪੦੬)*

ਭੱਟ ਸਲ੍ਯ ਜੀ ਕਹਿੰਦੇ ਹਨ ਕਿ ਸ੍ਰੀ ਗੁਰ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਆਤਮਿਕ ਤੌਰ 'ਤੇ ਪੱਕਾ ਕਰ ਕੇ ਸਦਾ ਲਈ ਥਿਰ ਰਹਿਣ ਵਾਲੇ ਸੱਚੇ-ਸੁੱਚੇ ਗੁਰਤਾ ਤਖਤ ਦੀ ਪਦਵੀ 'ਤੇ ਸਥਾਪਿਤ ਕੀਤਾ ਹੈ ਤੇ ਕਿਹਾ ਹੈ ਕਿ ਆਪ ਹੀ ਜੀਵਾਂ ਨੂੰ ਭਵ-ਸਾਗਰ ਤੋਂ ਤਾਰਨ ਲਈ ਭਾਵ ਪਾਰ ਲਿਜਾਣ ਵਾਲੇ ਜਹਾਜ਼ ਰੂਪ ਹਨ। ਜੋ ਜੀਵ ਗੁਰੂ ਜੀ ਦੀ ਸ਼ਰਨ ਵਿਚ ਆਉਂਦਾ ਹੈ ਉਨ੍ਹਾਂ ਦੇ ਪਾਪਾਂ ਅਤੇ ਜਮਰਾਜ ਦਾ ਡਰ ਦੂਰ ਹੋ ਜਾਂਦਾ ਹੈ:

*ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ॥*
*ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ॥ (ਪੰਨਾ ੧੪੦੬)*

**ਭੱਟ ਭਲ੍ਯ ਜੀ**: ਭੱਟ ਭਲ੍ਯ ਜੀ ਭੱਟ ਸਲ੍ਯ ਜੀ ਦੇ ਭਰਾ ਅਤੇ ਭੱਟ ਭਿਖਾ ਜੀ ਦੇ ਭਤੀਜੇ ਸਨ। ਆਪ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਸਵੱਈਆ ਉਚਾਰਨ ਕੀਤਾ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੈ:

*ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥*
*ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹੁ ਜੁੋ ਗਾਵੈ॥*
*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥ (ਪੰਨਾ ੧੩੯੬)*

ਭੱਟ ਭਲ੍ਯ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਬੱਦਲਾਂ ਦੀਆਂ ਕਣੀਆਂ, ਧਰਤੀ ਦੀ ਬਨਸਪਤੀ, ਬਸੰਤ ਦੇ ਫੁੱਲਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸੂਰਜ ਤੇ ਚੰਦਰਮਾਂ ਦੀਆਂ ਕਿਰਨਾਂ, ਸਮੁੰਦਰਾਂ ਦੀ ਡੂੰਘਾਈ, ਗੰਗਾ ਨਦੀ ਦੀਆਂ ਲਹਿਰਾਂ ਦਾ ਕੋਈ ਅੰਤ ਨਹੀਂ ਪਾ ਸਕਦਾ। ਉਸ ਅਕਾਲ ਪੁਰਖ ਦੁਆਰਾ ਬਖਸ਼ੇ ਗਿਆਨ ਨਾਲ ਤਾਂ ਭਾਵੇਂ ਕੋਈ ਮਨੁੱਖ ਇਨ੍ਹਾਂ ਉਪਰੋਕਤ ਵਰਨਣ ਚੀਜ਼ਾਂ ਬਾਰੇ ਦਸ ਸਕਦਾ ਹੋਵੇ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣ ਵਰਣਨ ਕਰਨਾ ਸਾਡੀ ਸਮਰਥਾ ਤੋਂ ਬਾਹਰ ਹਨ।

**ਭੱਟ ਨਲ੍ਯ ਜੀ:** ਭੱਟ ਨਲ ਜੀ ਦਾ ਉਪਨਾਮ ਦਾਸ ਵੀ ਹੈ ਕਿਉਂਕਿ ਇਨ੍ਹਾਂ ਦੀ ਧਾਰਨਾ ਸੀ ਕਿ ਚਰਨ-ਛੋਹ ਪ੍ਰਾਪਤ ਕਰਨ ਨਾਲ ਜਗਿਆਸੂ ਦਾ ਉਧਾਰ ਹੋ ਜਾਂਦਾ ਹੈ। ਆਪ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ੧੬ ਸਵੱਈਏ ਉਚਾਰਨ ਕੀਤੇ ਹਨ,

ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੧੩੯੮ ਤੋਂ ੧੪੦੧ ਤਕ ਦਰਜ ਹਨ। ਆਪ ਨੇ ਆਪਣੀ ਬਾਣੀ ਵਿਚ ਗੋਇੰਦਵਾਲ ਸਾਹਿਬ ਨੂੰ ਬੈਕੁੰਠ ਦਾ ਦਰਜਾ ਦੇ ਕੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ। ਭੱਟ ਨਲ੍ਹ ਜੀ ਦੱਸਦੇ ਹਨ ਕਿ ਜਦੋਂ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਪੂਰਨ ਤੌਰ 'ਤੇ ਸ੍ਰੀ ਗੁਰੂ ਰਾਮਦਾਸ ਜੀ ਤੋਂ ਪ੍ਰਸੰਨ ਹੋ ਗਏ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਅਗਮੀ ਗੁਰਤਾ ਦੇ ਤਖਤ ਦੀ ਬਖਸ਼ਿਸ਼ ਕਰ ਦਿੱਤੀ:

*ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ*
*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥* *(ਪੰਨਾ ੧੩੯੯)*

ਭੱਟ ਨਲ੍ਹ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਿਲ ਕੇ ਸ੍ਰੀ ਗੁਰੂ ਰਾਮਦਾਸ ਜੀ ਪਰਸਣ ਯੋਗ ਹੋ ਗਏ ਹਨ ਭਾਵ ਸਤਿਕਾਰਯੋਗ ਗੁਰੂ ਬਣ ਗਏ, ਅਕਾਲ ਪੁਰਖ ਨੇ ਉਨ੍ਹਾਂ ਦੇ ਸਿਰ 'ਤੇ ਹੱਥ ਰੱਖ ਕੇ ਉਨ੍ਹਾਂ ਨੂੰ ਗੁਰਗੱਦੀ ਦੀ ਬਖਸ਼ਿਸ਼ ਕੀਤੀ ਹੈ:

*ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਯਉ॥*
*(ਪੰਨਾ ੧੪੦੦)*

ਭੱਟ ਨਲ੍ਹ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਕਰਦੇ ਹੋਏ ਬਿਆਨ ਕਰਦੇ ਹਨ ਕਿ ਮੇਰੇ ਅੰਦਰ ਪ੍ਰਭੂ ਦੇ ਨਾਮ ਦਾ ਅੰਮ੍ਰਿਤ ਛਕਣ ਦੀ ਤੀਬਰ ਇੱਛਾ ਸੀ ਜੋ ਗੁਰੂ ਜੀ ਦੇ ਦਰਸ਼ਨ ਕਰਨ 'ਤੇ ਪੂਰੀ ਹੋ ਗਈ ਹੈ। ਮਨ ਸ਼ਾਂਤ ਹੋ ਗਿਆ ਹੈ ਅਤੇ ਸਾਰੀਆਂ ਦੁਬਿਧਾਂ ਖਤਮ ਹੋ ਗਈਆਂ ਹਨ:

*ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥*
*ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ॥*
*ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ॥*
*ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ॥*
*ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥*
*(ਪੰਨਾ ੧੪੦੦)*

**ਭੱਟ ਗਯੰਦ ਜੀ**: ਭੱਟ ਭਿਖਾ ਜੀ ਦੇ ਛੋਟੇ ਭਰਾ ਭੱਟ ਚੋਖਾ ਜੀ ਦੇ ਸਪੁੱਤਰ ਸਨ ਭੱਟ ਗਯੰਦ ਜੀ। ਭੱਟ ਬਲ੍ਹ ਜੀ, ਭੱਟ ਹਰਿਬੰਸ ਜੀ ਅਤੇ ਭੱਟ ਕਲਸਹਾਰ ਜੀ ਆਪ ਜੀ ਦੇ ਭਰਾ ਸਨ। ਇਨ੍ਹਾਂ ਦਾ ਅਸਲ ਨਾਮ ਭੱਟ ਪਰਮਾਨੰਦ ਜੀ ਸੀ। ਭੱਟ ਗਯੰਦ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਵਿਚ ੧੩ ਸਵੱਈਏ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਸਵੱਈਆਂ ਵਿਚ ਸਿੱਖਾਂ ਦੀ ਆਪਣੇ ਗੁਰੂ ਪ੍ਰਤੀ ਆਸਥਾ ਨੂੰ ਰੂਪਮਾਨ ਕੀਤਾ ਗਿਆ ਹੈ।

ਭੱਟ ਗਯੰਦ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਗੁਰੂ ਰਾਮਦਾਸ ਜੀ ਕਿਰਪਾ ਦੇ ਖਜਾਨੇ ਹਨ। ਗੁਰੂ ਰਾਮਦਾਸ ਜੀ ਸਭ 'ਤੇ ਕਿਰਪਾ ਕਰਨ ਵਾਲੇ ਹਨ, ਇਨ੍ਹਾਂ ਦੀ ਦੁਨੀਆਂ ਦੇ ਸਭ ਜੀਵਾਂ 'ਤੇ ਮਿਹਰ ਹੈ:

*ਸਿਰੀ ਗੁਰੂ ਸਾਹਿਬੁ ਸਭ ਊਪਰਿ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ॥*

*ਸ੍ਰੀ ਪ੍ਰਹਲਾਦ ਭਗਤ ਉਧਰੀਅੰ॥ ਹਸ੍ਤ ਕਮਲ ਮਾਥੇ ਪਰ ਧਰੀਅੰ॥ (ਪੰਨਾ ੧੪੦੧)*

ਭੱਟ ਗਯੰਦ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਇਸ ਸੰਸਾਰ-ਸਾਗਰ ਨੂੰ ਤਾਰਨ ਵਾਲੇ ਜਹਾਜ਼ ਵੀ ਗੁਰੂ ਆਪ ਹੀ ਹਨ ਅਤੇ ਮਲਾਹ ਵੀ ਆਪ ਹੀ ਹਨ। ਗੁਰੂ ਦੀ ਕਿਰਪਾ ਨਾਲ ਹੀ ਪ੍ਰਭੂ ਅਤੇ ਮੁਕਤੀ ਪ੍ਰਾਪਤ ਹੁੰਦੀ ਹੈ।

*ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥*
*ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ॥ (ਪੰਨਾ ੧੪੦੧)*

ਭੱਟ ਗਯੰਦ ਜੀ ਸ੍ਰੀ ਗੁਰੂ ਰਾਮਦਾਸ ਜੀ ਵਿੱਚੋਂ ਪ੍ਰਤੱਖ ਪਰਮਾਤਮਾ ਦੇ ਦਰਸ਼ਨ ਕਰਦੇ ਹੋਏ ਕਹਿੰਦੇ ਹਨ ਕਿ ਜੋ ਪਰਮਾਤਮਾ ਦੁਨੀਆਂ ਦੇ ਸਾਰੇ ਜੀਵਾਂ ਦਾ ਮਾਲਕ ਹੈ, ਸਭ ਦਾ ਪਾਲਣਹਾਰ ਹੈ, ਉਹ ਹੁਣ ਪ੍ਰਤੱਖ ਤੌਰ 'ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਸਰੀਰ ਵਿਚ ਪ੍ਰਗਟ ਹੈ, ਗੁਰੂ ਰਾਮਦਾਸ ਜੀ ਜੋ ਸਾਰੇ ਸੰਸਾਰ ਨੂੰ ਤਾਰ ਰਹੇ ਹਨ ਦੀ ਆਤਮਿਕ ਅਵਸਥਾ ਕਥਨ ਤੋਂ ਬਾਹਰ ਹੈ:

*ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥*
*ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥...*
*ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥*
*ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥*
*(ਪੰਨਾ ੧੪੦੧-੦੨)*

ਭੱਟ ਗਯੰਦ ਜੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਨਿਰੰਕਾਰ ਰੂਪ ਵਿਚ ਦੇਖਦੇ ਹੋਏ ਬਿਆਨ ਕਰਦੇ ਹਨ ਕਿ ਹੇ ਗੁਰੂ ਤੂੰ ਧੰਨ ਹੈਂ ਜੋ ਆਪਣੇ ਸੇਵਕਾਂ ਦੇ ਹਿਰਦੇ ਵਿਚ ਹਰ ਸਮੇਂ ਰਹਿੰਦਾ ਹੈ। ਤੁਸੀਂ ਹੀ ਚੌਰਾਸੀ ਲੱਖ ਕਿਸਮ ਦੇ ਜੀਵ ਪੈਦਾ ਕਰ ਕੇ ਉਨ੍ਹਾਂ ਦਾ ਪਾਲਣ-ਪੋਸ਼ਨ ਕਰਨ ਵਾਲੇ ਹੋ:

*ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥*
*ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ॥*
*ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ॥*
*ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥*
*(ਪੰਨਾ ੧੪੦੩)*

**ਭੱਟ ਮਥਰਾ ਜੀ:** ਭੱਟ ਮਥਰਾ ਜੀ ਭੱਟ ਭਿਖਾ ਜੀ ਦੇ ਸਪੁੱਤਰ ਸਨ ਅਤੇ ਭੱਟ ਕੀਰਤ ਜੀ ਅਤੇ ਭੱਟ ਜਾਲਪ ਜੀ ਆਪ ਜੀ ਦੇ ਭਰਾ ਸਨ। ਆਪ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ੭ ਸਵੱਈਏ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਵਿਚ ੭ ਸਵੱਈਏ ਕੁਲ ੧੪ ਸਵੱਈਏ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਸਵੱਈਆਂ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਧਰਮ ਧੁਜਾ ਅਤੇ ਮਾਨ ਸਰੋਵਰ ਕਿਹਾ ਹੈ ਜਿਸ ਦੇ ਕੰਢੇ ਗੁਰਮੁਖ ਹੰਸ ਕਲੋਲਾਂ ਕਰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਜਹਾਜ਼ ਹਨ, ਜਿਸ ਵਿਚ ਬੈਠ ਕੇ ਜਗਿਆਸੂ ਦਾ ਪਾਰ-

ਉਤਾਰਾ ਹੋ ਜਾਂਦਾ ਹੈ। ਪ੍ਰਮੇਸ਼ਰ ਵਾਹਿਗੁਰੂ ਹੀ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਪ੍ਰਕਾਸ਼ਮਾਨ ਹੈ। ਭੱਟ ਮਥਰਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਪਾਰਬ੍ਰਹਮ ਵਿਚ ਕੋਈ ਭੇਦ ਪ੍ਰਵਾਨ ਨਹੀ ਕਰਦੇ ਅਤੇ ਉਨ੍ਹਾਂ ਨੂੰ 'ਪਰਤਖ ਹਰਿ' ਦੇ ਰੂਪ ਵਿਚ ਸਵੀਕਾਰਦੇ ਹਨ:

*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਹ ਹਰਿ॥ (ਪੰਨਾ ੧੪੦੯)*

ਭੱਟ ਮਥਰਾ ਜੀ ਕਹਿੰਦੇ ਹਨ ਕਿ ਗੁਰੂ ਜੀ ਦਿਨ ਰਾਤ ਨਾਮ ਵਿਚ ਭਿੱਜੇ ਰਹਿੰਦੇ ਹਨ। ਉਨ੍ਹਾਂ ਤੋਂ ਹੀ ਸਾਨੂੰ ਆਪਣੇ ਜੀਵਨ ਲਈ ਕੁਝ ਮੰਗਣਾ ਚਾਹੀਦਾ ਹੈ। ਦੁਨੀਆਂ ਦਾ ਕੋਈ ਵੀ ਪ੍ਰਸਿੱਧ ਪੁਰਸ਼ ਗੁਰੂ ਜੀ ਦਾ ਭੇਦ ਨਹੀਂ ਪਾ ਸਕਿਆ। ਭੱਟ ਮਥੁਰਾ ਜੀ ਸਾਨੂੰ ਦੱਸਦੇ ਹਨ ਕਿ ਇਸ ਦੁਨੀਆਂ ਦੇ ਘੋਰ ਹਨੇਰੇ ਵਿੱਚੋਂ ਸਾਨੂੰ ਗੁਰੂ ਜੀ ਤੋਂ ਬਿਨਾਂ ਹੋਰ ਕੋਈ ਨਹੀਂ ਬਚਾ ਸਕਦਾ। ਜੋ ਪ੍ਰਾਣੀ ਨਾਮ ਜਪਦਾ ਹੈ ਉਹ ਦੁਬਾਰਾ ਜਨਮ-ਮਰਨ ਦੇ ਚਕਰ ਵਿਚ ਨਹੀਂ ਪੈਂਦਾ। ਭੱਟ ਮਥੁਰਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਕਰਦੇ ਹੋਏ ਫਰਮਾਉਂਦੇ ਹਨ ਕਿ ਗੁਰੂ ਅਰਜਨ ਸਾਹਿਬ ਜੀ ਜੋਤਿ ਰੂਪ ਵਿਚ ਖੰਡਾਂ-ਬ੍ਰਹਿਮੰਡਾਂ ਵਿਚ ਵਿਚਰ ਰਹੇ ਹਨ ਅਤੇ ਗੁਰੂ ਸਾਹਿਬ ਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਹੈ।

ਭੱਟ ਮਥਰਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਰੂਹੀਲਾ ਦੇ ਸਥਾਨ 'ਤੇ ਜੰਗ ਵਿਚ ਚੰਦੂ ਦੇ ਪੁੱਤਰ ਕਰਮ ਚੰਦ ਤੇ ਭਗਵਾਨ ਦਾਸ ਘੇਰੜ ਦੀ ਜਾਲਮ ਫੋਜ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਅਨੁਸਾਰ ਭੱਟ ਭਿਖਾ ਜੀ ਦਾ ਸਪੁੱਤਰ ਭੱਟ ਮਥਰਾ ਜੀ ਸੈਨਾਪਤੀ ਬੈਰਮ ਖਾਂ ਨਾਲ ਬੜੀ ਬਹਾਦਰੀ ਨਾਲ ਲੜਿਆ।

**ਭਟ ਬਲ੍ਯ ਜੀ :** ਭੱਟ ਬਲ੍ਯ ਜੀ ਭੱਟ ਭਿਖਾ ਜੀ ਦੇ ਭਰਾ ਸਨ ਅਤੇ ਭੱਟ ਸੇਖਾ ਜੀ ਦੇ ਸਪੁੱਤਰ ਸਨ। ਭੱਟ ਬਲ੍ਯ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ  ਦੀ ਉਸਤਤਿ ਵਿਚ ੫ ਸਵੱਈਏ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹ ਸਤਿਗੁਰੂ ਦਾ ਗੋਰਵ ਦੱਸਦੇ ਹੋਏ ਕਹਿੰਦੇ ਹਨ ਕਿ ਜੋ ਮਨੁੱਖ ਸਤਿਗੁਰੂ ਨੂੰ ਨਾਮ ਨਾਲ ਸਿਮਰਦੇ ਹਨ, ਉਨ੍ਹਾਂ ਦਾ ਕਾਮ, ਕ੍ਰੋਧ ਮਿੱਟ ਜਾਂਦਾ ਹੈ ਅਤੇ ਦੁੱਖ ਦਰਿਦ੍ਰ ਦੂਰ ਹੋ ਜਾਂਦਾ ਹੈ। ਗੁਰੂ ਪਰਮਪਦ ਪ੍ਰਾਪਤ ਪੁਰਸ਼ ਹਨ, ਜਿਨ੍ਹਾਂ ਦੇ ਦਰਸ਼ਨ ਨਾਲ ਅਗਿਆਨ ਦੀ ਤਪਸ਼ ਮਿਟ ਜਾਂਦੀ ਹੈ ਅਤੇ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ:

*ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ॥*
*ਬਾਚਾ ਕਰਿ ਸਿਮਰੰਤ ਤੁਝੈ ਤਿਨ੍ ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ॥*
*ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ॥*
*ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥*
*(ਪੰਨਾ ੧੪੦੫)*

**ਭੱਟ ਹਰਬੰਸ ਜੀ:** ਭੱਟ ਹਰਿਬੰਸ ਜੀ ਭੱਟ ਭਿਖਾ ਜੀ ਦੇ ਭਰਾ ਅਤੇ ਭੱਟ ਗੋਖਾ ਜੀ ਦੇ ਸਪੁੱਤਰ ਸਨ। ਭੱਟ ਹਰਿਬੰਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਕਰਦਿਆਂ ਕੁੱਲ ੨ ਸਵੱਈਏ ਉਚਾਰਨ ਕੀਤੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੧੪੦੯ 'ਤੇ ਦਰਜ ਹਨ। ਇਨ੍ਹਾਂ ਨੇ ਆਪਣੀ ਵਿਲੱਖਣ ਸ਼ੈਲੀ ਵਿਚ ਗੁਰੂ ਸਾਹਿਬਾਨ ਦੀ ਮਹੱਤਤਾ ਦਾ ਵਰਣਨ ਕੀਤਾ ਹੈ। ਇਹ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਗੁਰੂ ਜੋਤਿ ਬੁਝਣ ਵਾਲੀ ਨਹੀਂ ਹੈ, ਇਹ ਗੰਗਾ ਦੇ ਪ੍ਰਵਾਹ ਵਾਂਗ ਸਦਾ ਗਤੀਸ਼ੀਲ ਰਹਿੰਦੀ ਹੈ। ਇਸ ਵਿਚ ਕੀਤਾ ਇਸ਼ਨਾਨ ਮਨ ਨੂੰ ਪਵਿੱਤਰ ਕਰਦਾ ਹੈ। ਗੁਰੂ ਜੀ ਦੇ ਸਿਰ 'ਤੇ ਰੱਬੀ ਚੌਰ ਝੁੱਲ ਰਿਹਾ ਹੈ। ਇਹ ਛਤਰ ਗੁਰੂ ਜੀ ਨੂੰ ਪ੍ਰਮੇਸ਼ਰ ਨੇ ਬਖਸ਼ਿਸ਼ ਕੀਤਾ ਹੈ। ਭੱਟ ਹਰਿਬੰਸ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਪ੍ਰਮੇਸ਼ਰ ਦੇ ਹੁਕਮ ਨਾਲ ਸੱਚਖੰਡ ਜਾ ਬਿਰਾਜੇ ਹਨ ਅਤੇ ਸੱਚ ਖੰਡ ਪਿਆਨਾ ਕਰਨ ਸਮੇਂ ਆਪ ਜੀ ਧਰਤੀ ਦਾ ਛਤਰ, ਗੁਰਿਆਈ ਦਾ ਸਿੰਘਾਸਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਖਸ਼ ਕੇ ਆਪਣੀ ਜੋਤਿ ਉਨ੍ਹਾਂ ਵਿਚ ਥਾਪ ਗਏ ਹਨ:

*ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ॥*
*ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ॥* *(ਪੰਨਾ ੧੪੦੯)*

ਭੱਟ ਹਰਿਬੰਸ ਜੀ ਦਸਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਅਤੇ ਅੱਗੋਂ ਉਹ ਸ਼੍ਰੀ ਗੁਰੂ ਅਮਰਦਾਸ ਜੀ ਵਿਚ ਅਤੇ ਸ੍ਰੀ ਗੁਰੂ ਰਾਮਦਾਸ ਜੀ ਅਕਾਲ ਪੁਰਖ ਵਿਚ ਅਭੇਦ ਹੋ ਗਏ ਹਨ ਜਿਸ ਕਾਰਨ ਇਨ੍ਹਾਂ ਦੀ ਸੋਭਾ ਸੰਸਾਰ ਦੇ ਹਰ ਕੋਨੇ ਵਿਚ ਹੋ ਰਹੀ ਹੈ :

*ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ॥*
*ਹਰਿਬੰਸ ਜਗਤਿ ਜਸੁ ਸੰਚਰੵਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ॥ (ਪੰਨਾ ੧੪੦੯)*

ਭੱਟ ਹਰਿਬੰਸ ਜੀ ਆਪਣੀ ਬਾਣੀ ਵਿਚ ਸਪਸ਼ਟ ਕਰਦੇ ਹਨ ਕਿ ਜਦੋਂ ਸ੍ਰੀ ਗੁਰੂ ਰਾਮਦਾਸ ਜੀ ਜੋਤੀ-ਜੋਤਿ ਸਮਾਏ ਤਾਂ ਅਕਾਲ ਪੁਰਖ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਖਤ 'ਤੇ ਸੁਸ਼ੋਭਿਤ ਕੀਤਾ। ਪਾਪੀ ਉਥੋਂ ਭੱਜ ਗਏ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਧਰਤੀ ਦਾ ਛਤਰ ਅਤੇ ਉੱਚਾ ਸਿੰਘਾਸਣ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਦੇ ਦਿੱਤਾ:

*ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥*
*ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥*
*ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ॥*
*ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ॥*
*ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ॥*
*ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥ (ਪੰਨਾ ੧੪੦੯)*

■

# ਗੁਰੂ ਗ੍ਰੰਥ ਸਾਹਿਬ ਵਿਚ ਭੱਟ ਬਾਣੀ

*-ਡਾ. ਦਲਵਿੰਦਰ ਸਿੰਘ**

ਭੱਟ ਵਿਦਵਾਨਾਂ ਦੀ ਉਸ ਜਾਤੀ ਦਾ ਨਾਂ ਹੈ ਜਿਸ ਦਾ ਕੰਮ ਰਾਜਿਆਂ ਮਹਾਰਾਜਿਆਂ ਅਤੇ ਮਹਾਂਪੁਰਖਾਂ ਦਾ ਜਸ ਗਾਇਨ ਕਰਨਾ ਤੇ ਉਨ੍ਹਾਂ ਦੇ ਇਤਿਹਾਸਕ ਕਾਰਨਾਮਿਆਂ ਨੂੰ ਸੰਭਾਲਣਾ ਰਿਹਾ ਹੈ। ਇਨ੍ਹਾਂ ਦਾ ਕਾਰਜ-ਖੇਤਰ ਮੁੱਖ ਤੌਰ 'ਤੇ ਉੱਤਰੀ ਭਾਰਤ ਹੈ ਭਾਵੇਂ ਕਿ ਗੁਜਰਾਤ ਮਹਾਂਰਾਸ਼ਟਰ ਤਕ ਇਨ੍ਹਾਂ ਦੇ ਖੇਤਰ ਦੇ ਪ੍ਰਮਾਣ ਵੀ ਮਿਲਦੇ ਹਨ। ਪੰਜਾਬ ਦੇ ਭੱਟ ਆਪਣੇ ਆਪ ਨੂੰ ਕੌਸ਼ਿਸ਼ ਰਿਖੀ ਦੀ ਸੰਤਾਨ ਮੰਨਦੇ ਹਨ ਤੇ ਅਲੋਪ ਹੋ ਚੁਕੀ ਸਰਸਵਤੀ ਦੇ ਕੰਢੇ ਹੋਣ ਕਰਕੇ ਸਾਰਸੁਤ ਬ੍ਰਾਹਮਣ ਅਖਵਾਉਂਦੇ ਹਨ।

ਮੁੱਖ ਤੌਰ 'ਤੇ ਤਿੰਨ ਜ਼ਿਲ੍ਹਿਆਂ ਵਿਚ ਭੱਟਾਂ ਦਾ ਵਾਸਾ ਹੈ ਸੰਗਰੂਰ, ਕਰਨਾਲ ਤੇ ਹਿਸਾਰ ਵਿਚ। ਪੁਰਾਣੀ ਰਿਆਸਤ ਜੀਂਦ ਦੇ ਕਰਸਿੰਧੂ (ਹੁਣ ਜ਼ਿਲ੍ਹਾ ਕਰਨਾਲ) ਤੇ ਤਲਉਂਢੇ ਨਗਰ ਵਿਚ ਭੱਟਾਂ ਦੇ ਕਈ ਘਰ ਹਨ। ਜ਼ਿਲ੍ਹਾ ਕਰਨਾਲ ਦੇ ਪਿੰਡ ਸਰਸਾ, ਅਟੋਲਾ, ਭਾਦਸੋਂ ਆਦਿ ਵਿਚ ਵੀ ਕੁਝ ਪਰਵਾਰ ਹਨ। ਜ਼ਿਲ੍ਹਾ ਹਿਸਾਰ ਦੇ ਬਰਵਾਲਾ ਪਿੰਡ ਬਨਭੌਰ ਵਿਚ ਲੱਗਭਗ ੨੫-੩੦ ਘਰ ਹਨ। ਲਾਡਵੇ ਵਾਲੇ ਅਜੀਤ ਸਿੰਘ ਨੇ ਭੱਟਾਂ ਨੂੰ ਇਕ ਪਿੰਡ ਲੁਹਾਰੜਾ (ਰਿਹਾੜਲਾ) ਦਾਨ ਕੀਤਾ ਹੋਇਆ ਸੀ। ਜਿੱਥੇ-ਜਿੱਥੇ ਇਨ੍ਹਾਂ ਭੱਟਾਂ ਦੀ ਸਰਪ੍ਰਸਤੀ ਰਹੀ ਤੇ ਰੁਜ਼ਗਾਰ ਚੱਲਦਾ ਰਿਹਾ, ਉਥੇ-ਉਥੇ ਇਹ ਵੱਸਦੇ ਗਏ। ਕਈ ਵਾਰ ਇਹ ਨਵੇਂ ਇਲਾਕਿਆਂ ਵਿਚ ਜਾ ਕੇ ਆਪਣੇ ਜੌਹਰ ਵਿਖਾਉਂਦੇ ਤੇ ਥਾਂ ਜਾ ਬਣਾਉਂਦੇ। ਇਸ ਤਰ੍ਹਾਂ ਉਸ ਹਲਕੇ ਦੇ ਮੁੱਖ ਘਰਾਣਿਆਂ ਦੀਆਂ ਬੰਸਾਵਲੀਆਂ ਯਾਦ ਕਰ ਕੇ ਹੌਲੀ-ਹੌਲੀ ਆਪਣਾ ਕੰਮ ਤੋਰ ਲੈਂਦੇ। ਇਸ ਕਰਕੇ ਇਨ੍ਹਾਂ ਵਹੀਆਂ ਦੇ ਨਾਮ ਇਲਾਕਿਆਂ, ਖਾਨਦਾਨਾਂ ਜਾਂ ਪਿੰਡਾਂ ਦੇ ਨਾਂ 'ਤੇ ਹਨ ਜਿਵੇਂ ਕਿ ਭੱਟ ਵਹੀ ਮੁਲਤਾਨੀ, ਸਿੰਧੀ, ਭੱਟ ਵਹੀ ਤਲਉਂਢਾ, ਭੱਟ ਵਹੀ ਕਰਸਿੰਧੂ, ਭੱਟ ਵਹੀ ਭਾਦਸੋਂ ਜਾਂ ਭੱਟ ਵਹੀ ਪੂਰਬੀ ਦੱਖਣੀ, ਭੱਟ ਵਹੀ ਜਾਦੋਬੰਸੀਆਂ ਦੀ।

ਇਨ੍ਹਾਂ ਨੇ ਆਪਣੇ ਖਾਨਦਾਨ ਬਾਰੇ ਜੋ ਵੇਰਵਾ ਦਿੱਤਾ ਹੈ ਉਹ ਇਸ ਪ੍ਰਕਾਰ ਹੈ। ਪਹਿਲਾਂ ਸੱਤ ਰਿਸ਼ੀ ਹੋਏ— ਗੌਤਮ, ਅਤ੍ਰੀ, ਭਾਰਦਵਾਜ, ਜਮਦਗਨ, ਕਸ਼ਪ, ਵਿਸ਼ਵਾਮਿਤ੍ਰ ਤੇ ਵਿਸ਼ਿਸ਼ਟ। ਇਨ੍ਹਾਂ ਰਿਸ਼ੀਆਂ ਦੀ ਸੰਤਾਨ ਭੱਟਾਂ ਸਮੇਤ ਸਮੂਹ ਉੱਤਰੀ ਭਾਰਤ ਵਾਸੀ ਹਨ। ਬ੍ਰਾਹਮਣਾਂ ਦੀਆਂ ਦੋ ਮੋਟੀਆਂ ਸ਼ਾਖਾਵਾਂ ਹਨ। ਸਰਸੁਤ ਤੇ ਗੌੜ। ਭੱਟਾਂ ਦਾ ਸੰਬੰਧ ਇਨ੍ਹਾਂ ਦੋਵਾਂ ਸ਼ਾਖਾਵਾਂ ਨਾਲ ਹੈ ਤੇ ਕੰਮ ਜਜਮਾਨੀ ਪਰੋਹਿਤੀ ਹੈ। ਲਾਗ-ਦੱਛਣਾ ਲੈਣ ਗਏ ਆਪਣੇ ਨਾਲ ਪੋਥੀਆਂ ਲੈ ਕੇ ਜਾਂਦੇ ਤੇ ਜਜਮਾਨਾਂ ਦੇ ਪਤੇ

** ੧੯੨੫, ਬਸੰਤ ਐਵਿਨਿਊ, ਲੁਧਿਆਣਾ। ਮੋ: ੯੮੧੫੩-੬੬੭੨੬*

ਤੇ ਬੰਸਾਵਲੀਆਂ ਨਾਲੋ-ਨਾਲ ਦਰਜ ਕਰੀ ਜਾਂਦੇ। ਜਦੋਂ ਕੋਈ ਸਮਾਗਮ ਹੁੰਦਾ ਤਾਂ ਇਹ ਪਿਛਲੇ ਕੁਰਸੀਨਾਮੇ ਤੇ ਕਾਰਨਾਮੇ ਪੜ੍ਹ ਕੇ ਵਡਾਰੂਆਂ ਦੀ ਖਾਸ-ਖਾਸ ਵੀਰਤਾ ਤੇ ਦਾਨ ਦੀਆਂ ਉਭਰਵੀਆਂ ਗੱਲਾਂ ਦੱਸ ਕੇ ਨਵੀਂ ਪੀੜ੍ਹੀ ਦੇ ਮਨ ਵਿਚ ਹੁਲਾਰ ਪੈਦਾ ਕਰ ਦਿੰਦੇ ਤੇ ਦਾਨ ਬਖਸ਼ਿਸ਼ ਪ੍ਰਾਪਤ ਕਰਦੇ। ਭੱਟਾਂ ਦੇ ਜਜਮਾਨ ਵਧੇਰੇ ਰਾਜਪੂਤ ਘਰਾਣੇ ਦੇ ਸਨ ਜੋ ਚੰਗੇ ਰੱਜੇ-ਪੁੱਜੇ ਹੁੰਦੇ ਤੇ ਬੀਰਤਾ ਦੇ ਕਾਰਨਾਮੇ ਕਰ ਕੇ ਆਪਣੀ ਗੌਰਵਮਈ ਪਰੰਪਰਾ ਨੂੰ ਕਾਇਮ ਰੱਖਦੇ ਸਨ। ਰਾਜਪੂਤਾਂ ਦੀਆਂ ਪੰਜ ਮੂਹੀਆਂ ਹਨ, ਚੌਹਾਨ, ਪੰਵਾਰ, ਰਾਠੌਰ, ਤੋਮਰ ਤੇ ਜਾਦੋ। ਭੱਟ ਵਧੇਰੇ ਇਨ੍ਹਾਂ ਦੇ ਹੀ ਪਰੋਹਤ ਸਨ ਤੇ ਇਨ੍ਹਾਂ ਦਾ ਹੀ ਜੱਸ ਗਾਉਂਦੇ ਸੁਣੀਂਦੇ ਹਨ।

ਭੱਟ ਵਹੀਆਂ ਵਿਚ ਭੱਟਾਂ ਦੇ ਖਾਨਦਾਨ ਦਾ ਪੂਰਾ ਵੇਰਵਾ ਦਰਜ ਮਿਲਦਾ ਹੈ। ਇਨ੍ਹਾਂ ਭੱਟਾਂ ਦਾ ਸੰਬੰਧ ਭੱਟ ਵਹੀ ਮੁਲਤਾਨੀ ਸਿੰਧੀ ਹੈ, ਜਿਸ ਨੂੰ ਰਈਆ, ਭਿਖਾ ਤੇ ਫਿਰ ਕੀਰਤ ਭੱਟ ਲਿਖਦੇ ਰਹੇ। ਭੱਟਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਨੇ ਇਨ੍ਹਾਂ ਨੂੰ ਪਰਮਪਦ ਤਾਂ ਦਿੱਤਾ ਹੈ ਸਗੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੇਲੇ ਤੋਂ ਮੁਗ਼ਲ ਸਿੱਖ ਯੁੱਧ ਵਿਚ ਸ਼ਹਾਦਤਾਂ ਪਾ ਕੇ ਵੀ ਇਨ੍ਹਾਂ ਨੇ ਅਮਰਪਦ ਪਾਇਆ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:

*ਭਿਖ ਟੋਡਾ ਭਟ ਦੁਇ ਧਾਰੋ ਸੂਰੁ ਮਹਲੁ ਤਿਸ ਧਾਰਾ।*
*ਸੁਤਲਾਨ ਭਗਤਿ ਭੰਡਾਰਾ*

*(ਵਾਰ ੨੧)*

ਭਾਈ ਭਿਖਾ ਤੇ ਬਾਕੀ ਭੱਟਾਂ ਦੀ ਬੰਸਾਵਲੀ ਭੱਟ ਵਹੀਆਂ ਵਿੱਚੋਂ ਇਉਂ ਮਿਲਦੀ ਹੈ:- (ਭਗੀਰਥ ਬੰਸ, ਕੋਸ਼ਿਸ਼ ਗੋਤ੍ਰ, ਗੌੜ ਬ੍ਰਾਹਮਣ)

ਗੁਰੂ-ਘਰ ਦੇ ਅਨਿੰਨ ਸ਼ਰਧਾਲੂ ਭੱਟ ਭਿਖਾ ਜੀ ਤੇ ਭੱਟ ਟੋਡਾ ਜੀ ਗੁਰੂ-ਘਰ ਪ੍ਰਤੀ ਸ਼ਰਧਾਵਾਨ ਸਨ। ਸ਼ਰਧਾ ਜਾਗੀ ਤਾਂ ਸਾਰੀ ਸੰਤਾਨ ਵੀ ਗੁਰੂ-ਘਰ ਆਉਣ ਲੱਗੀ ਤੇ ਇਨ੍ਹਾਂ ਨੇ ਗੁਰ-ਮਹਿਮਾ ਕਰ ਕੇ ਆਪਣੀਆਂ ਰਚਨਾਵਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਰਈਆ ਭੱਟ ਦੇ ਖਾਨਦਾਨ ਵਿੱਚੋਂ ਇਨ੍ਹਾਂ ਭੱਟਾਂ ਦੀ ਬਾਣੀ ਸਵੱਈਏ ਸਿਰਲੇਖ ਹੇਠ ਸੰਗ੍ਰਹਿ ਕੀਤੀ ਗਈ ਹੈ ਭਾਵੇਂ ਇਹ ਸਾਰੇ ਸਵੱਈਏ ਨਹੀਂ ਚੌਪਈ ਅਤੇ ਛਪੈ ਛੰਦ ਆਦਿ ਸਮਿਲਿਤ ਹਨ।

ਭੱਟਾਂ ਦੀ ਰਚਨਾ ਵਿਚ ਗੁਰੂ ਉਪਮਾ ਮਹਿਮਾ ਤੇ ਉਸਤਿਤ ਤੋਂ ਬਿਨਾਂ ਈਸ਼ਵਰ ਦੀ ਮਹਿਮਾ ਵੀ ਸ਼ਾਮਲ ਹੈ। ਇਸ ਸਾਰੀ ਬਾਣੀ ਦੀ ਮਹੱਤਤਾ ਤਿੰਨ ਪੱਖਾਂ ਤੋਂ ਹੈ; ਇਕ ਤਾਂ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਕਿ ਉਸ ਵੇਲੇ ਦੀ ਪੜ੍ਹੀ-ਲਿਖੀ ਸ਼੍ਰੇਣੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਤਾਂ ਨੂੰ ਕਿਸ ਰੂਪ ਵਿਚ ਵੇਖਿਆ; ਦੂਜੇ ਸ਼ੈਲੀ ਪੱਖ ਤੋਂ ਕਿ ਕਿਸ ਤਰ੍ਹਾਂ ਇਨ੍ਹਾਂ ਭੱਟਾਂ ਨੇ ਆਪਣੀ ਇਕ ਵਿਸ਼ੇਸ਼ ਸ਼ੈਲੀ ਸਥਾਪਿਤ ਕੀਤੀ ਜੋ ਪੂਰੇ

ਭਾਰਤ ਵਿਚ ਤਕਰੀਬਨ ਸਮਾਨ ਸੀ। ਇਨ੍ਹਾਂ ਦੀ ਗੁਜਰਾਤੀ, ਰਾਜਸਥਾਨੀ ਜਾਂ ਪੰਜਾਬੀ ਵਿਚ ਰਚੀ ਰਚਨਾ ਤੋਂ ਜਾਚਿਆਂ ਪਤਾ ਲੱਗਦਾ ਹੈ ਕਿ ਮਾਮੂਲੀ ਸਥਾਨਕ ਅੰਤਰਾਂ ਨੂੰ ਛੱਡ ਕੇ ਬਹੁਤੀ ਭਿੰਨਤਾ ਨਹੀਂ ਸੀ। ਤੀਜੇ ਪੱਖ ਤੋਂ ਇਸ ਦਾ ਮਹੱਤਵ ਇਸ ਅੰਦਰ ਭਰੀ ਇਤਿਹਾਸਕ ਵਾਕਫ਼ੀ ਕਰਕੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੀ ਭੱਟਾਂ ਦੀ ਰਚਨਾ ਤੇ ਵਹੀਆਂ ਵਿਚ ਅਨੇਕਾਂ ਸਮਕਾਲੀ ਘਟਨਾਵਾਂ ਦਾ ਵੇਰਵਾ ਭਰਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭੱਟ ਬਾਣੀਕਾਰ :** ਭੱਟ ਕੱਲ੍ਹ ਜੀ: ਭੱਟਾਂ ਵਿੱਚੋਂ ਸਭ ਤੋਂ ਵਿਦਵਾਨ ਬਾਣੀਕਾਰ ਭਿਖਾ ਜੀ ਦਾ ਪੁੱਤਰ ਭੱਟ ਕਲ੍ਹ ਸੀ ਜਿਸ ਦੇ ਰਚੇ ਉਸਤਤ ਛੰਦ ਵੀ ਸਭ ਤੋਂ ਵੱਧ ਅਰਥਾਤ ੧੨੩ ਵਿੱਚੋਂ ੩੨ ਛੰਦ ਜਿਨ੍ਹਾਂ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ੧੦ ਛੰਦ, ਸ੍ਰੀ ਗੁਰੂ ਅਮਰਦਾਸ ਜੀ ਬਾਰੇ ੯ ਤੇ ਸ੍ਰੀ ਗੁਰੂ ਰਾਮਦਾਸ ਜੀ ਬਾਰੇ ੧੩ ਛੰਦ ਹਨ। ਭੱਟ ਕਲ੍ਹ ਜੀ ਮੁਗ਼ਲ ਕਾਲ ਦਾ ਬੜਾ ਪ੍ਰਸਿੱਧ ਕਵੀ ਸੀ। ਗੁਰੂ-ਮਹਿਮਾ ਤੋਂ ਬਿਨਾਂ ਉਸ ਨੇ ਦਿੱਲੀ ਰਾਜ ਬੰਸਾਵਲੀ ਨਾਂ ਦੀ ਪੁਸਤਕ ਵੀ ਲਿਖੀ ਜਿਸ ਦੇ ੧੧੯ ਛੰਦ ਹਨ।

ਉਨ੍ਹਾਂ ਦੀ ਬਾਣੀ ਵਿਚ ਉੱਚ ਕੋਟੀ ਦਾ ਕਾਵਿ-ਰਸ, ਗੁਰਮਤਿ ਦੇ ਰਹੱਸ ਦੀ ਵਿਆਖਿਆ, ਪੁਰਾਤਨ ਇਤਿਹਾਸ ਸੋਝੀ, ਵਿੱਦਿਆ ਸੰਪਨਤਾ ਤੇ ਭਾਖਾਈ ਨਿਪੁੰਨਤਾ ਹੈ। ਇਕ-ਇਕ ਤੁਕ ਗੁਰਮਤਿ ਗਿਆਨ ਕਰਮ ਰਹੱਸ ਦਾ ਸਾਗਰ ਸੰਭਾਲੀ ਬੈਠੀ ਹੈ:

*ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ॥*
*ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ॥*
*ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ॥*
*ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥੨॥*
*ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ॥*
*ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ॥*
*ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ॥*
*ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥*

*(ਪੰਨਾ ੧੩੯੫)*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਪਮਾ ਵਿਚ ਗਾਏ ਇਨ੍ਹਾਂ ਸਵੱਈਆਂ ਵਿਚ ਉਹ ਗੁਰੂ ਜੀ ਨੂੰ ਹਰੀ ਦਾ ਰੂਪ ਜਾਣ ਕੇ ਸਿਫ਼ਤ ਕਰਦੇ ਹਨ:

*ਇਕ ਮਨਿ ਪੁਰਖੁ ਨਿਰੰਜਨੁ ਧਿਆਵਉ॥*
*ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ॥*
*ਗੁਨ ਗਾਵਤ ਮਨਿ ਹੋਇ ਬਿਗਾਸਾ॥*

*ਸਤਿਗੁਰ ਪੂਰਿ ਜਨਹ ਕੀ ਆਸਾ॥* *(ਪੰਨਾ ੧੩੯੬)*

ਉਪਰੋਕਤ ਸਵੱਈਏ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਿਮਾ ਦੇ ਹਨ, ਪਰੰਤੂ ਇਨ੍ਹਾਂ ਰਾਹੀਂ ਈਸ਼ਵਰ-ਪ੍ਰਾਪਤੀ ਮਾਰਗ ਵੀ ਦਰਸਾਇਆ ਗਿਆ ਹੈ।

**ਭੱਟ ਭਿਖਾ ਜੀ:** ਭੱਟ ਭਿਖਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਵੇਲੇ ਤੋਂ ਗੁਰੂ ਜੀ ਦੇ ਸ਼ਰਧਾਲੂ ਸਨ। ਰਈਆ ਭੱਟ ਜੀ ਦੇ ਖਾਨਦਾਨ ਵਿੱਚੋਂ ਸਭ ਤੋਂ ਵਡੇਰੇ ਸਨ ਜੋ ਗੁਰੂ-ਘਰ ਦੇ ਅਨਿੰਨ ਸੇਵਕ ਹੋਣ ਦੇ ਨਾਲ-ਨਾਲ ਕਵੀ ਵੀ ਸਨ ਅਤੇ ਜਿਨ੍ਹਾਂ ਦੇ ਦੋ ਸਵੱਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਭੱਟ ਭਿਖਾ ਜੀ ਦੇ ਦੋਨੋਂ ਸਵੱਈਏ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਸੰਸਾ ਵਿਚ ਹਨ, ਜਿਨ੍ਹਾਂ ਵਿਚ ਗੁਰੂ ਗਿਆਨ ਧਿਆਨ ਰਾਹੀਂ ਪ੍ਰਭੂ-ਪ੍ਰਾਪਤੀ ਦੀ ਚਰਚਾ ਵੀ ਹੈ:

*ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥*
*ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥*
*ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥*
*ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥* *(ਪੰਨਾ ੧੩੯੫)*

**ਭੱਟ ਟੱਲ ਜੀ:** ਭੱਟ ਟੱਲ ਜੀ, ਭੱਟ ਭਿਖਾ ਜੀ ਦੇ ਭਾਈ ਭੱਟ ਸੇਖਾ ਜੀ ਦੇ ਪੁੱਤਰ ਸਨ। ਜਿਨ੍ਹਾਂ ਨੂੰ ਗੁਰੂ-ਘਰ ਦੀ ਚੇਟਕ ਭਾਈ ਭਿਖਾ ਜੀ ਰਾਹੀਂ ਹੀ ਲੱਗੀ। ਭੱਟ ਟੱਲ ਜੀ ਦਾ ਇਹ ਸਵੱਈਆਂ ਬੜਾ ਪ੍ਰਸਿੱਧ ਹੈ:

*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥* *(ਪੰਨਾ ੧੩੯੨)*

ਸੇਵਾ ਤੇ ਸਹਜ ਤਪ ਦੀ ਵਿਆਖਿਆ ਭੱਟ ਟੱਲ ਜੀ ਨੇ ਬੜੀ ਬਾਰੀਕੀ ਨਾਲ ਕੀਤੀ ਹੈ:

**ਭੱਟ ਜਾਲਪ ਜੀ:** ਭੱਟ ਜਾਲਪ ਜੀ ਭੱਟ ਭਿਖਾ ਜੀ ਦੇ ਪੁੱਤਰ ਸਨ ਜੋ ਆਪਣੇ ਵੱਡੇ ਭਰਾ ਭੱਟ ਕੱਲ੍ਹ ਜੀ ਨਾਲ ਹੀ ਗੁਰੂ-ਘਰ ਦੀ ਸੇਵਾ ਵਿਚ ਮਗਨ ਹੋ ਗਏ ਸਨ। ਭੱਟ ਜਾਲਪ ਜੀ ਦੇ ਸਵੱਈਏ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਹਨ। ਇਨ੍ਹਾਂ ਦੀ ਬਾਣੀ ਦੀ ਸ਼ਬਦਾਵਲੀ ਥੋੜ੍ਹੀ ਕਠਿਨ ਹੈ:

*- ਸੁਖ ਲਹਹਿ ਤਿ ਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ॥*
*ਸਕਯਥ ਤਿ ਨਰ ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ॥*
*- ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ॥*
*ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ॥*
*ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁ ਮਤਿ ਜਲ੍ਹ ਜਾਣੀ ਜੁਗਤਿ॥*
*ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ॥* *(ਪੰਨਾ ੧੩੯੪)*

**ਭੱਟ ਕੀਰਤਿ ਜੀ :** ਭੱਟ ਕੀਰਤਿ ਜੀ, ਭੱਟ ਭਿਖਾ ਜੀ ਦੇ ਸਪੁੱਤਰ ਸਨ। ਇਨ੍ਹਾਂ ਦੇ ੮ ਛੰਦ; ੪ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ਤੇ ੪ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਹਨ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਦੀ ਜੋਤ ਪਰਮਜੋਤਿ ਦਾ ਰੂਪ ਹੈ ਜਿਨ੍ਹਾਂ ਨੇ ਸ਼ਬਦ ਦੀਪਕ ਰਾਹੀਂ ਜੀਵਨ ਨੂੰ ਨੂਰੋ-ਨੂਰ ਕਰ ਦਿੱਤਾ ਹੈ ਤੇ ਇਹ ਦਰਿਆ ਮਨ ਨੂੰ ਨਿਰਮਲ ਤੇ ਸੀਤਲ ਕਰਦਾ ਹੈ। ਆਪ ਸ੍ਰੀ ਗੁਰੂ ਅਮਰਦਾਸ ਜੀ ਦੇ ਵਿਅਕਤਿੱਤਵ ਦੀ ਉਪਮਾ ਕਰਦਿਆਂ ਕਹਿੰਦੇ ਹਨ ਕਿ ਇਹ ਗੁਰੂ ਜੋਤਿ ਦਾ ਚੰਦਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸੁਗੰਧ ਵੰਡਦਾ ਆਇਆ ਹੈ। ਅਸੀਂ ਇਸ ਮਾਰਗ ਦੀ ਸੋਝੀ ਗੁਰੂ-ਸੰਗਤ ਤੋਂ ਪ੍ਰਾਪਤ ਕੀਤੀ ਹੈ ਅਤੇ ਸਾਡਾ ਨਿਸ਼ਚਾ ਹੈ ਕਿ ਇਸ ਨਾਲ ਮੌਤ ਦਾ ਭੈ ਨਸ਼ਟ ਹੋ ਜਾਵੇਗਾ। ਸਾਰੇ ਸਵੱਈਆਂ ਵਿਚ ਗੁਰੂ ਰਾਹੀਂ ਸ਼ਬਦ, ਗਿਆਨ, ਧਿਆਨ, ਸੰਤੁਸ਼ਟੀ, ਸੇਵਾ, ਸਾਧਨਾ ਤੇ ਈਸ਼ਵਰ-ਪ੍ਰਾਪਤੀ ਨੂੰ ਹੀ ਮੁੱਖ ਰੱਖਿਆ ਗਿਆ ਹੈ:

*ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ॥*
*ਤਾ ਤੇ ਗਉਹਰੁ ਗ੍ਯ੍ਯਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧ੍ਯ੍ਯਾਰ ਕੋ ਨਾਸੁ॥*
*ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ॥*
*ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ॥*
*(ਪੰਨਾ ੧੪੦੫)*

ਭੱਟ ਕੀਰਤਿ ਜੀ ੧੭ ਵੈਸਾਖ ੧੬੯੧ ਨੂੰ ਫੌਜਦਾਰ ਮੁਖਲਸ ਖਾਂ ਦੀ ਫੌਜ ਵਿਰੁੱਧ ਛੇਵੇਂ ਗੁਰੂ ਜੀ ਦੇ ਸਿੱਖਾਂ ਬੱਲੂ ਆਦਿ ਸਮੇਤ ਲੜ ਕੇ ਗੁਰੂ ਕੇ ਚੱਕ ਸ਼ਹੀਦ ਹੋਏ।

**ਭੱਟ ਸਲ ਜੀ:** ਭੱਟ ਸਲ ਜੀ ਭੱਟ ਭਿਖਾ ਜੀ ਦੇ ਭਰਾ ਭੱਟ ਸੇਖਾ ਜੀ ਦੇ ਸਪੁੱਤਰ ਸਨ। ਇਨ੍ਹਾਂ ਨੇ ਇਕ ਸਵੱਈਆਂ ਸ੍ਰੀ ਗੁਰੂ ਅਮਰਦਾਸ ਜੀ ਸਬੰਧੀ ਤੇ ਦੋ ਸਵੱਈਏ ਸ੍ਰੀ ਗੁਰੂ ਰਾਮਦਾਸ ਜੀ ਸਬੰਧੀ ਰਚੇ ਹਨ। ਉਹ ਲਿਖਦੇ ਹਨ ਕਿ ਤੀਜੇ ਗੁਰੂ ਸਾਹਿਬ ਦੀ ਬੀਰ ਸ਼ਖ਼ਸੀਅਤ ਸ਼ਬਦ ਦੇ ਹਥਿਆਰ ਨਾਲ ਬਦੀ ਦੇ ਦਲ ਨੂੰ ਤਹਿਸ-ਨਹਿਸ ਕਰ ਦੇਣ ਵਾਲੀ ਹੈ। ਚੌਥੇ ਗੁਰੂ ਸਾਹਿਬ ਸਬੰਧੀ ਭੱਟ ਸਲ ਜੀ ਕਹਿੰਦੇ ਹਨ ਕਿ ਆਪ ਨੇ ਬੁਰਾਈਆਂ ਨੂੰ ਪਛਾੜ ਕੇ ਰਾਜ ਯੋਗ ਦਾ ਤਾਜ ਸਿਰ 'ਤੇ ਸਜਾਇਆ ਹੋਇਆ ਹੈ ਅਤੇ ਇਹ ਪਰਮ ਜੋਤਿ ਆਦਿ ਜੁਗਾਦਿ ਤੋਂ ਪੂਜਾ ਦਾ ਕੇਂਦਰ ਬਣਦੀ ਆ ਰਹੀ ਹੈ:

*ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ॥*
*ਗੁਰ ਰਾਮਦਾਸ ਸਚੁ ਸਲ੍ਯ੍ਯ ਭਣਿ ਤੂ ਅਟਲੁ ਰਾਜਿ ਅਭਗੁ ਦਲਿ॥*
*(ਪੰਨਾ ੧੪੦੬)*

**ਭੱਟ ਭਲ ਜੀ:** ਭੱਟ ਭਲ ਜੀ ਭੱਟ ਸਲ ਜੀ ਦੇ ਭਾਈ ਤੇ ਭੱਟ ਭਿਖਾ ਜੀ ਦੇ ਭਾਈ ਭੱਟ ਸੇਖੇ ਜੀ ਦੇ ਸਪੁੱਤਰ ਸਨ। ਉਨ੍ਹਾਂ ਦਾ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ

ਵਿਚ ਇੱਕੋ ਇੱਕ ਸਵੱਈਆ ਹੈ, ਜਿਸ ਵਿਚ ਆਖਿਆ ਗਿਆ ਹੈ ਕਿ ਜਿਵੇਂ ਮੇਘ ਦੀਆਂ ਬੂੰਦਾਂ ਬਨਸਪਤੀ ਦੇ ਪੱਤੇ, ਬਸੰਤ ਦੇ ਫੁੱਲ, ਸੂਰਜ ਚੰਦ ਦੀਆਂ ਕਿਰਨਾਂ, ਸਮੁੰਦਰ ਦੀ ਡੂੰਘਾਣ ਤੇ ਗੰਗਾ ਦੀਆਂ ਤਰੰਗਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਅਕਥਨੀਯ ਹੈ। ਕੁਦਰਤ ਚਿਤਰਨ ਨਾਲ ਮਹਿਮਾ ਵਰਣਨ ਦਾ ਇਹ ਅਨੂਠਾ ਤਰੀਕਾ ਹੈ:

*ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥*
*ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ॥*
*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥* *(ਪੰਨਾ ੧੩੯੬)*

**ਭੱਟ ਨਲ ਜੀ :** ਭੱਟ ਨਲ ਜੀ ਭੱਟ ਭਿਖਾ ਜੀ ਦੇ ਭਰਾ ਭੱਟ ਤੋਖਾ ਜੀ ਦੇ ਸਪੁੱਤਰ ਸਨ। ਉਨ੍ਹਾਂ ਦੇ ੧੬ ਛੰਦ ਸ੍ਰੀ ਗੁਰੂ ਰਾਮਦਾਸ ਜੀ ਦੇ ਬਾਰੇ ਹਨ। ਇਹ ਵੀ ਭਲ੍ਯ ਕਵੀ ਵਾਂਗ 'ਨਲ ਕਵਿ ਪਾਰਸ ਪਰਸ ਕਰ ਕੰਚਨਾ ਹੁਇ' ਕਹਿ ਕੇ ਆਪਣੇ ਆਪ ਨਾਲ ਕਵੀ ਪਦ ਜੋੜਦੇ ਹਨ। ਇਨ੍ਹਾਂ ਨੇ ਦਾਸ ਪਦ ਵੀ ਵਰਤਿਆ ਹੈ, ਜਿਸ ਕਰਕੇ ਕਈ ਭੱਟ ਇਨ੍ਹਾਂ ਦੇ ਸਵੱਈਆਂ ਵਿਚਲੇ ਕਈ ਛੰਦ ਦਾਸ ਭੱਟ ਨਾਲ ਸੰਬੰਧਿਤ ਦੱਸਦੇ ਹਨ ਪਰ ਜੇ ਸਬਦਾਂ ਦੇ ਅਰਥਾਂ ਦੀ ਲੜੀ ਨੂੰ ਸਮਝਿਆ ਜਾਵੇ ਤਾਂ ਇਹ ਵੱਖ ਪ੍ਰਤੀਤ ਨਹੀਂ ਹੁੰਦੇ। ਸ਼ਾਇਦ 'ਦਾਸ' ਸ਼ਬਦ ਭੱਟ ਨਲ ਜੀ ਨੇ ਆਪਣੀ ਨਿਰਮਾਣਤਾ ਦੇ ਸੂਚਕ ਵਜੋਂ ਵਰਤਿਆ ਹੋਵੇ। ਗੁਰੂ-ਭਗਤੀ ਤੇ ਗੁਰੂ-ਪ੍ਰਾਪਤੀ ਇਨ੍ਹਾਂ ਦੀ ਬਾਣੀ ਦਾ ਮੁੱਖ ਵਿਸ਼ਾ ਹੈ। ਇਨ੍ਹਾਂ ਅਨੁਸਾਰ ਜਿਨ੍ਹਾਂ ਨੇ ਗੁਰੂ ਵੇਖਿਆ ਜਾਂ ਕੀਤਾ ਨਹੀਂ ਉਨ੍ਹਾਂ ਦਾ ਸੰਸਾਰ ਵਿਚ ਆਉਣਾ ਨਿਸਫਲ ਹੈ। ਗੁਰੂ ਜੀ ਨੂੰ ਪਾਵੋ ਤੇ ਧਿਆਵੋ ਤਾਂ ਕਿ ਉਹ ਭਵਜਲ ਪਾਰ ਕਰਨ ਵਿਚ ਸਾਡੇ ਸਹਾਈ ਹੋਣ।

*ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥*
*ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥*
*ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥*
*ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥*
*ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਯ ਕਹਿ॥*
*ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥*

*(ਪੰਨਾ ੧੩੯੯)*

**ਭੱਟ ਗਯੰਦ ਜੀ:** ਭੱਟ ਗਯੰਦ ਜੀ ਭੱਟ ਭਿਖਾ ਜੀ ਦੇ ਭਾਈ ਭੱਟ ਚੋਖਾ ਜੀ ਦੇ ਸਪੁੱਤਰ ਸਨ। ਇਨ੍ਹਾਂ ਦੇ ੧੮ ਛੰਦ ਸ੍ਰੀ ਗੁਰੂ ਰਾਮਦਾਸ ਜੀ ਸਬੰਧੀ ਹੀ ਹਨ। ਉਦਾਹਰਣ :

*- ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ॥*

*ਸਿਰੀ ਗੁਰੂ ਸਾਹਿਬੁ ਸਭ ਊਪਰਿ ਮਨ ਬਚ ਕ੍ਰੰਮ ਸੇਵੀਐ ਸਚਾ॥ (ਪੰਨਾ ੧੪੦੨)*

*– ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ*

*ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ॥*

*ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ*

*ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ॥ (ਪੰਨਾ ੧੪੦੩)*

**ਭੱਟ ਬਲ ਜੀ:** ਭੱਟ ਬਲ ਜੀ ਭੱਟ ਭਿਖਾ ਜੀ ਦੇ ਭਾਈ ਅਤੇ ਭੱਟ ਤੋਖਾ ਜੀ ਦੇ ਸਪੁੱਤਰ ਸਨ। ਇਨ੍ਹਾਂ ਦੇ ੫ ਛੰਦ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਿਮਾ ਵਿਚ ਰਚੇ ਹੋਏ ਹਨ ਜਿਨ੍ਹਾਂ ਵਿਚ ਆਪ ਸਤਿਗੁਰੂ ਦਾ ਗੌਰਵ ਦੱਸਦਿਆਂ ਕਹਿੰਦੇ ਹਨ ਕਿ ਆਪ ਪਰਮਪਦ ਪ੍ਰਾਪਤ ਪੁਰਸ਼ ਹਨ ਤੇ ਆਪ ਦੇ ਦਰਸ਼ਨ ਨਾਲ ਅਗਿਆਨ ਤੇ ਮਨ ਦੀ ਤਪਸ਼ ਮਿਟਦੀ ਅਤੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

*ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ॥*

*ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ॥*

*(ਪੰਨਾ ੧੪੦੫)*

**ਭੱਟ ਮਥਰਾ ਜੀ:** ਭੱਟ ਮਥਰਾ ਜੀ ਭੱਟ ਭਿਖਾ ਜੀ ਦੇ ਪੁੱਤਰ ਸਨ। ਇਨ੍ਹਾਂ ਦੇ ੭ ਸਵੱਈਏ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਹਨ ਤੇ ੭ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਿਮਾ ਵਿਚ। ਸ੍ਰੀ ਗੁਰੂ ਰਾਮਦਾਸ ਜੀ ਬਾਰੇ ਲਿਖਦਿਆਂ ਉਹ ਕਹਿੰਦੇ ਹਨ 'ਗੁਰੂ ਰਾਮਦਾਸ ਧਰਮ ਧੁਜਾ ਹੈ, ਮਾਨ ਸਰੋਵਰ ਹੈ, ਜਿਸ ਦੇ ਕੰਢੇ ਗੁਰਮੁਖ ਹੰਸ ਕਲੋਲਾਂ ਕਰਦੇ ਹਨ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਜਹਾਜ਼ ਹਨ, ਇਸ ਜਹਾਜ਼ ਵਿਚ ਬੈਠ ਕੇ ਜਗਿਆਸੂ ਦਾ ਪਾਰ ਉਤਾਰਾ ਹੋ ਜਾਂਦਾ ਹੈ।'

'ਪ੍ਰਗਟਿ ਜੋਤਿ ਜਗਮਗੀ ਤੈਸੁ ਭੂਅ ਮੰਡਲਿ ਛਾਣਉ' ਤੋਂ ਆਪ ਦੇ ਵਿਆਪਕ ਪ੍ਰਭਾਵ ਦਾ ਵੀ ਪਤਾ ਲੱਗਦਾ ਹੈ, ਜਿਸ ਦੀ ਪੁਸ਼ਟੀ 'ਦਬਿਸਤਾਨ ਮਜ਼ਾਹਬ' ਤੋਂ ਵੀ ਹੋ ਜਾਂਦੀ ਹੈ ਕਿ ਪੰਚਮ ਗੁਰੂ ਜੀ ਦੇ ਸਮੇਂ ਹਿੰਦ ਦੇ ਹਰ ਮੁੱਖ ਸ਼ਹਿਰ ਵਿਚ ਸਿੱਖ ਮੌਜੂਦ ਸਨ। ਭੱਟ ਮਥਰਾ ਜੀ ਦੀ ਰਚਨਾ ਦਾ ਨਮੂਨਾ ਹੇਠ ਹੈ:

*ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ॥*

*ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ॥*

*ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ॥*

*ਭੰਜਨ ਗੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ॥*

*ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ॥*

*ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ॥ (ਪੰਨਾ ੧੪੦੪)*

**ਭੱਟ ਹਰਿਬੰਸ ਜੀ:** ਭੱਟ ਹਰਿਬੰਸ ਜੀ ਭੱਟ ਭਿਖਾ ਜੀ ਦੇ ਭਰਾ ਭੱਟ ਗੋਖਾ ਜੀ ਦੇ

ਪੁੱਤਰ ਸਨ। ਇਨ੍ਹਾਂ ਦੇ ਦੋ ਸਵੱਈਏ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਵਿਚ ਮਿਲਦੇ ਹਨ ਜਿਨ੍ਹਾਂ ਵਿਚ ਭੱਟ ਹਰਿਬੰਸ ਜੀ ਦੱਸਦੇ ਹਨ ਕਿ ਗੁਰੂ-ਜੋਤਿ ਕਦੇ ਵੀ ਖ਼ਤਮ ਹੋਣ ਵਾਲੀ ਨਹੀਂ ਸਗੋਂ ਗੰਗਾ-ਪ੍ਰਵਾਹ ਵਾਂਗ ਸਦਾ ਅਮਰ ਰਹਿਣ ਵਾਲੀ ਹੈ ਤੇ ਇਸ ਦਾ ਇਸ਼ਨਾਨ ਮਨ ਦੀ ਮੈਲ ਦੂਰ ਕਰਦਾ ਹੈ:

*ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ॥*
*ਹਰਿਬੰਸ ਜਗਤਿ ਜਸੁ ਸੰਚਰ੍ਯਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ॥ (ਪੰਨਾ ੧੪੦੯)*

**ਭੱਟ ਕਲਸਹਾਰ ਜੀ:** ਭੱਟ ਕਲਸਹਾਰ ਜੀ ਭੱਟ ਭਿਖਾ ਜੀ ਦੇ ਭਾਈ ਭੱਟ ਚੋਖਾ ਜੀ ਦੇ ਸਪੁੱਤਰ ਸਨ। ਇਨ੍ਹਾਂ ਦੇ ਲਿਖੇ ੧੨ ਸਵੱਈਏ ਮਿਲਦੇ ਹਨ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪ੍ਰਸ਼ੰਸਾ ਵਿਚ ਹਨ। ਗੁਰੂ ਜੀ ਦੀ ਪ੍ਰਸ਼ੰਸਾ ਕਰਦਿਆਂ ਭੱਟ ਕਲਸਹਾਰ ਜੀ ਲਿਖਦੇ ਹਨ: ਗੁਰੂ ਅਰਜਨ ਦੇਵ ਪ੍ਰਮਾਣਿਕ ਪੁਰਖ ਹਨ, ਕੁੰਤੀ ਦੇ ਪੁੱਤਰ (ਅਰਜਨ) ਵਾਂਗ ਜੰਗ ਤੋਂ ਚਲੇ ਜਾਣ ਵਾਲੇ ਨਹੀਂ। ਨੇਜਾ ਉਨ੍ਹਾਂ ਹੱਥ ਕਿਹੜਾ ਹੈ? ਨਾਮ ਦਾ ਪ੍ਰਕਾਸ਼ ਜਿਸ ਨੇਜ਼ੇ ਨੂੰ ਗੁਰੂ ਦੇ ਸ਼ਬਦ ਨਾਲ ਸਜਾਇਆ ਹੈ, ਬਣਾਇਆ ਹੈ। ਸੰਸਾਰ ਸਮੁੰਦਰ ਹੈ, ਨਾਮ ਉਸ ਉੱਤੇ ਪੁਲ ਹੈ ਜਾਂ ਇਉਂ ਕਹੋ ਕਿ ਹਰੀ ਜਹਾਜ਼ ਹੈ। ਗੁਰੂ ਪਿਆਰ ਵਿਚ ਲੱਗ ਕੇ ਨਾਮ ਮਿਲਦਾ ਹੈ ਤੇ ਸੰਸਾਰ ਤੁਰਦਾ ਹੈ:

*ਹਰਿ ਨਾਮਿ ਲਾਗਿ ਜਗ ਉਧਰ੍ਯਉ ਸਤਿਗੁਰੁ ਰਿਦੈ ਬਸਾਇਅਉ॥*
*ਗੁਰ ਅਰਜੁਨ ਕਲ੍ਯੁਚਰੈ ਤੈ ਜਨਕਹ ਕਲਸੁ ਦੀਪਾਇਅਉ॥ (ਪੰਨਾ ੧੪੦੮)*

ਭੱਟ ਸਾਹਿਬਾਨ ਦਾ ਗੁਰੂ-ਘਰ ਨਾਲ ਸੰਬੰਧ ਸ੍ਰੀ ਗੁਰੂ ਅਮਰਦਾਸ ਜੀ ਤੋਂ ਸ਼ੁਰੂ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਵੱਈਏ ਇਨ੍ਹਾਂ ਭੱਟਾਂ ਨੇ ਆਪ ਹੀ ਲਿਆ ਕੇ ਦਿੱਤੇ ਲੱਗਦੇ ਹਨ, ਜੋ ਉਨ੍ਹਾਂ ਨੇ ਗੁਰੂ-ਘਰ ਦੀ ਮਹਿਮਾ ਵਿਚ ਗੁਰੂ-ਦਰਬਾਰ ਵਿਚ ਗਾਏ ਹੋਣਗੇ।ਉਨ੍ਹਾਂ ਦੀ ਵਡਿਆਈ ਪਰਮ ਗੁਰੂ ਜੋਤਿ ਦੀ ਹੈ ਜੋ ਜੁਗਾਂ-ਜੁਗਾਂ ਤੋਂ ਵਰਤਦੀ ਆਈ ਹੈ।

ਭੱਟ ਸਾਹਿਬਾਨ ਦੀ ਬਾਣੀ ਜਿੱਥੇ ਗੁਰੂ-ਸਿਧਾਂਤ ਦੀ ਨਿੱਜੀ ਅਨੁਭਵ ਦੇ ਆਧਾਰ 'ਤੇ ਵਿਆਖਿਆ ਕਰਦੀ ਹੈ, ਇਕ ਨਵਾਂ ਰੰਗ ਪੇਸ਼ ਕਰਦੀ ਹੈ, ਉਥੇ ਸਿੱਖ-ਲਹਿਰ ਦੇ ਕਈ ਜ਼ਰੂਰੀ ਪਹਿਲੂਆਂ ਨੂੰ ਰੌਸ਼ਨ ਕਰਦੀ ਸਮਕਾਲੀ ਇਤਿਹਾਸਕ ਉਗਾਹੀ ਭੀ ਕਰਦੀ ਹੈ। ਗੁਰਬਾਣੀ ਤੋਂ ਇਲਾਵਾ ਭੱਟ ਮਥੁਰਾ ਜੀ ਤੇ ਭੱਟ ਕੀਰਤ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਜ਼ਾਲਮਾਂ ਵਿਰੁੱਧ ਲੜੇ ਯੁੱਧਾਂ ਵਿਚ ਸ਼ਹੀਦੀਆਂ ਪਾਈਆਂ। ਭੱਟ ਮਥਰਾ ਜੀ ਨੇ ਜਿਸ ਤਰ੍ਹਾਂ ਬੈਰਮ ਖਾਂ ਪਠਾਨ ਨੂੰ ਮਾਰਿਆ, ਉਸ ਦਾ ਵੇਰਵਾ ਪ੍ਰਿੰ. ਸਤਿਬੀਰ ਸਿੰਘ ਹੋਰਾਂ ਦੀ ਪੁਸਤਕ ਗੁਰਭਾਰੀ ਦੇ ਪੰਨਾ ੯੪ 'ਤੇ ਮਿਲਦਾ ਹੈ।

■

# ਭੱਟ ਬਾਣੀਕਾਰਾਂ ਦੀ ਬਾਣੀ ਦਾ ਬਹੁ-ਪੱਖੀ ਅਧਿਐਨ

*-ਡਾ. ਗੁਰਵਿੰਦਰ ਕੌਰ**

ਭੱਟ ਸਾਹਿਬਾਨ ਦੀ ਬਾਣੀ ਸਿੱਖ ਧਰਮ ਵਿਚ ਅਹਿਮ ਸਥਾਨ ਰੱਖਦੀ ਹੈ। ਇਸ ਦੀ ਪ੍ਰਮੁੱਖ ਉਦਾਹਰਣ ਤਾਂ ਅਸੀਂ ਰੋਜ਼ਾਨਾ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ (ਸ੍ਰੀ ਅੰਮ੍ਰਿਤਸਰ) ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਮੌਕੇ ਅੱਖੀਂ ਵੇਖ ਸਕਦੇ ਹਾਂ ਤੇ ਕੰਨੀਂ ਸੁਣ ਸਕਦੇ ਹਾਂ ਜਦੋਂ ਅਕਾਲ ਪੁਰਖ ਅਤੇ (ਜੋਤਿ-ਸਰੂਪ) ਗੁਰੂ ਸਾਹਿਬਾਨ ਦੀ ਸਿਫਤਿ ਸਲਾਹ ਕਰਨ ਲਈ ਗੁਰਮੁਖ ਪਿਆਰਿਆਂ ਵੱਲੋਂ ਭੱਟ ਸਾਹਿਬਾਨ ਦੀ ਬਾਣੀ ਵਿੱਚੋਂ, ਕੁਝ ਸਵੱਈਆਂ ਦਾ ਉੱਚੇ ਸੁਰ ਵਿਚ ਉਚਾਰਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਹੁਕਮਨਾਮਾ ਲੈਣ ਤੋਂ ਪਹਿਲਾਂ ਵੀ ਭੱਟ ਸਾਹਿਬਾਨ ਦੀ ਬਾਣੀ ਵਿੱਚੋਂ ਹੇਠ ਲਿਖਿਆ ਸਵੱਈਆਂ ਆਮ ਤੌਰ 'ਤੇ ਸੰਗਤਾਂ ਵੱਲੋਂ ਉਚਾਰਨ ਕੀਤਾ ਜਾਂਦਾ ਹੈ:

*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥* *(ਪੰਨਾ ੧੩੯੨)*

## ਭੱਟ ਬਾਣੀਕਾਰ

'ਇਨਸਾਈਕਲੋਪੀਡੀਆ ਆਫ ਸਿਖਿਜ਼ਮ' ਵਿਚ ਭੱਟਾਂ ਨੂੰ ਉਸਤਤ ਪਾਠ ਕਰਨ ਵਾਲੇ, ਬਹਾਦਰਾਂ ਤੇ ਰਾਜਿਆਂ ਦੀ ਮਹਿਮਾ ਗਾਉਣ ਵਾਲੇ ਵਿਦਵਾਨ ਬ੍ਰਾਹਮਣਾਂ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ। ਸਿੱਖ-ਰਵਾਇਤਾਂ ਮੁਤਾਬਿਕ ਭੱਟ ਉਹ ਕਵੀ ਸਨ, ਜਿਨ੍ਹਾਂ ਨੇ ਆਪਣੇ ਨਿੱਜੀ ਤਜਰਬੇ ਅਤੇ ਅਨੁਭਵ ਰਾਹੀਂ ਗੁਰੂ ਸਾਹਿਬਾਨ ਦੇ ਦੈਵੀ ਸਰੂਪ ਤੇ ਪਰਮ-ਜੋਤਿ ਦੀ ਮਹਿਮਾ ਗਾਇਣ ਕੀਤੀ ਹੈ।[੧]

ਡਾ. ਕੁਲਦੀਪ ਸਿੰਘ ਧੀਰ ਲਿਖਦੇ ਹਨ,"ਇਤਿਹਾਸ ਤੇ ਪਰੰਪਰਾ ਤੋਂ ਪ੍ਰਾਪਤ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਭੱਟਾਂ ਵਿੱਚੋਂ ਉਮਰ ਵਿਚ ਵਡੇਰੇ ਭੱਟ ਭਿਖਾ ਜੀ ਹਨ। ਨੌਂ ਭੱਟ ਸਾਹਿਬਾਨ ਭੱਟ ਭਿਖਾ ਜੀ ਦੇ ਭਰਾ ਭਤੀਜੇ ਸਨ ਸ਼ਾਇਦ ਦਸਵੇਂ ਦਾ ਵੀ ਕੋਈ ਅਜਿਹਾ ਨਾਤਾ ਹੋਵੇ, ਜਿਸ ਬਾਰੇ ਇਤਿਹਾਸ ਚੁੱਪ ਹੈ। ...ਭੱਟ ਵਹੀਆਂ ਦੀ ਖੋਜ ਤੋਂ ਭੱਟ ਸਾਹਿਬਾਨ ਦੇ ਜੀਵਨ-ਕਾਲ ਬਾਰੇ ਵੇਰਵੇ ਪ੍ਰਾਪਤ ਹੋ ਸਕਦੇ ਹਨ ਪਰੰਤੂ ਇਸ ਪਾਸੇ ਅਜੇ ਕਿਸੇ ਵਿਦਵਾਨ ਨੇ ਧਿਆਨ ਨਹੀਂ ਦਿੱਤਾ। ਇੰਨਾ ਜ਼ਰੂਰ ਹੈ ਕਿ ਭੱਟ ਸਾਹਿਬਾਨ ਦਾ ਗੁਰੂ-ਘਰ ਨਾਲ ਸੰਬੰਧ ਇਕ ਵਾਰ ਜੁੜਿਆ ਤਾਂ ਅਜਿਹਾ ਕਿ ਉਹ ਤੇ ਉਨ੍ਹਾਂ ਦੀ ਔਲਾਦ ਸਦਾ ਲਈ ਗੁਰੂ-ਘਰ ਨਾਲ ਹੀ ਜੁੜ ਗਈ। ਭੱਟ ਕੀਰਤ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਰਹੇ ਅਤੇ ਸੰਤ-ਸਿਪਾਹੀ ਬਣ ਕੇ ਯੁੱਧਾਂ ਵਿਚ ਵੀ

** ਪਤਨੀ ਸ. ਗੁਰਦੇਵ ਸਿੰਘ, ਪਿੰਡ ਤੇ ਡਾਕਖਾਨਾ ਸੂਲਰ, ਜਿਲ੍ਹਾ ਪਟਿਆਲਾ।*

ਹਿੱਸਾ ਲੈਂਦੇ ਰਹੇ। ਉਹ ਗੁਰੂ ਸਾਹਿਬ ਦੀ ਅਗਵਾਈ ਵਿਚ ਮੁਗਲਾਂ ਨਾਲ ਹੋਈ ਇਕ ਲੜਾਈ ਵਿਚ ਹੀ ਸ਼ਹੀਦ ਹੋਏ। ਇਹ ਇਨ੍ਹਾਂ ਭੱਟਾਂ ਦੀ ਸਿਧਾਂਤਕ ਪ੍ਰਤਿਬੱਧਤਾ ਦੀ ਪਹਿਲੀ ਗਵਾਹੀ ਸੀ, ਜੋ ਉਨ੍ਹਾਂ ਗੁਰੂ ਲਈ ਸਿਰ ਦੇ ਕੇ ਲਿਖੀ। ਕੀਰਤ ਜੀ ਦਾ ਪੋਤਰਾ ਭੱਟ ਨਰਬਦ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਧੁਰ ਨਾਂਦੇੜ ਤਕ ਸਾਥ ਦਿੰਦਾ ਰਿਹਾ। ੧੭੦੮ ਈ: ਵਿਚ ਜਦੋਂ ਗੁਰੂ ਸਾਹਿਬ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪੀ ਤਾਂ ਉਸ ਦਾ ਜ਼ਿਕਰ ਭੱਟ ਨਰਬਦ ਸਿੰਘ ਨੇ ਆਪਣੀ ਭੱਟ ਵਹੀ ਵਿਚ ਬਾਕਾਇਦਾ ਅੰਕਿਤ ਕੀਤਾ ਹੈ।"[੨] ਇਸ ਤੋਂ ਭੱਟਾਂ ਦੀ ਗੁਰੂ-ਘਰ ਨਾਲ ਪ੍ਰਤਿਬੱਧਤਾ ਦੀ ਵੀ ਗਵਾਹੀ ਮਿਲਦੀ ਹੈ।

ਇੱਥੇ ਇਹ ਸਪੱਸ਼ਟ ਕਰਨਾ ਜਰੂਰੀ ਜਾਪਦਾ ਹੈ ਕਿ ਜਿਨ੍ਹਾਂ ਭੱਟਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਉਹ ਖਾਨਦਾਨਾਂ ਦੇ ਵੇਰਵੇ ਵਹੀਆਂ ਵਿਚ ਲਿਖਣ ਵਾਲੇ ਆਮ ਦਰਬਾਰੀ ਭੱਟ ਨਹੀਂ ਸਨ ਸਗੋਂ ਰੱਬ ਦੇ ਢੂੰਢਾਊ ਤੇ ਅਨੁਭਵੀ ਵਿਦਵਾਨ ਸਨ।

ਭੱਟ ਬਾਣੀਕਾਰ ਅਨੁਭਵੀ ਪੁਰਖ, ਆਤਮਿਕ ਤੌਰ 'ਤੇ ਸੁਚੇਤ ਸਨ ਜੋ ਅੰਮ੍ਰਿਤ ਨਾਮ ਦੀ ਤਲਾਸ਼ ਵਿਚ ਗੁਰੂ-ਚਰਨਾਂ ਵਿਚ ਪਹੁੰਚੇ ਸਨ। ਭੱਟਾਂ ਨੇ ਆਪ ਮੰਨਿਆ ਹੈ ਕਿ ਉਨ੍ਹਾਂ ਨੇ ਗੁਰੂ ਸੰਗਤ 'ਤੇ ਅਧਾਰਿਤ ਇਕ ਉੱਤਮ ਪੰਥ ਦੀ ਸੋਭਾ ਸੁਣੀ, ਉਨ੍ਹਾਂ ਦੇ ਸੁੱਤੇ ਭਾਗ ਜਾਗ ਪਏ ਤੇ ਪਿਛਲੇ ਕਰਮਾਂ ਦਾ ਅੰਕੁਰ ਫੁੱਟ ਪਿਆ, ਗੁਰੂ ਜੀ ਦੇ ਦਰਸ਼ਨ ਕੀਤਿਆਂ ਮਨ ਸ਼ਾਂਤ ਹੋ ਗਿਆ ਤੇ ਅਕਹਿ ਆਨੰਦ ਦੀ ਪ੍ਰਾਪਤੀ ਹੋ ਗਈ, ਗੁਰੂ ਸਾਹਿਬਾਨ ਦੀ ਅਮਲੀ ਜੀਵਨ-ਜੁਗਤਿ ਵਿੱਚੋਂ ਰੱਬੀ ਜੋਤਿ ਦੇ ਦੀਦਾਰ ਹੋਏ, ਇਸ ਲਈ ਸ਼ਰਧਾ ਤੇ ਪ੍ਰੇਮ ਨਾਲ ਗੁਰੂ ਸਾਹਿਬਾਨ ਦੀ ਸਿਫਤਿ ਸਲਾਹ ਵਿਚ ਸਵੱਈਏ ਉਚਾਰੇ। ਇਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਤਿਕਾਰਯੋਗ ਸਥਾਨ ਪ੍ਰਾਪਤ ਹੈ।

**ਭੱਟ ਬਾਣੀਕਾਰਾਂ ਦਾ ਗੁਰੂ ਦਰਬਾਰ ਵਿਚ ਆਉਣਾ:** ਭੱਟ ਭਿਖਾ ਜੀ ਨੇ ਆਪਣੇ ਗੁਰੂ-ਦਰਬਾਰ ਵਿਚ ਆਉਣ ਦਾ ਕਾਰਨ ਸੱਚੇ ਸੰਤ (ਗੁਰੂ) ਦੀ ਭਾਲ ਦੱਸਿਆ ਹੈ ਜਿਸ ਲਈ ਅਨੇਕਾਂ ਸਾਧਾਂ, ਸੰਨਿਆਸੀਆਂ, ਤਪੱਸਵੀਆਂ ਤੇ ਪੰਡਤਾਂ ਨੂੰ ਵੀ ਮਿਲੇ ਪਰ ਉਹਨਾਂ ਦੀ ਰਹਿਤ ਨੇ ਪ੍ਰਭਾਵਿਤ ਨਹੀਂ ਕੀਤਾ ਕਿਉਂਕਿ ਸਾਰੇ ਹੀ ਦੂਜਿਆਂ ਨੂੰ ਉਪਦੇਸ਼ ਕਰਨ ਵਾਲੇ ਤੇ ਮਾਇਆ ਵਿਚ ਗ਼ਲਤਾਨ ਸਨ। ਥਾਂ-ਥਾਂ ਭਟਕਦੇ ਰਹੇ ਪਰ ਇਨ੍ਹਾਂ ਨੂੰ ਕਿਸੇ ਥਾਂ ਤੋਂ ਵੀ ਨਿਸ਼ਾ ਨਾ ਹੋਈ। ਅਖੀਰ ਗੁਰੂ-ਘਰ ਬਾਰੇ ਪਤਾ ਲੱਗਣ 'ਤੇ ਗੁਰੂ ਦੇ ਦਰਬਾਰ ਵਿਚ ਆਏ ਤੇ ਇੱਥੋਂ ਦੇ ਹੋ ਕੇ ਰਹਿ ਗਏ। ਇਸ ਦਾ ਉਲੇਖ ਭਿਖਾ ਜੀ ਨੇ ਹੇਠ ਲਿਖੇ ਸਵੱਈਏ ਵਿਚ ਕੀਤਾ ਹੈ:

*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥*
*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥*
*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥*
*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥*

*ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥*
*ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥*
*(ਪੰਨਾ ੧੩੯੫-੯੬)*

**ਭੱਟ ਬਾਣੀਕਾਰਾਂ ਦਾ ਗੁਰੂ-ਦਰਬਾਰ ਵਿਚ ਆਉਣ ਦਾ ਸਮਾਂ ਤੇ ਸਥਾਨ:** ਭੱਟ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਜਿੰਨੀ ਵੀ ਜਾਣਕਾਰੀ ਮਿਲਦੀ ਹੈ ਉਹ ਪ੍ਰੋ. ਸਾਹਿਬ ਸਿੰਘ ਜੀ ਦੁਆਰਾ 'ਭੱਟਾਂ ਦੀ ਭਾਈਚਾਰਕ ਜਾਣ-ਪਛਾਣ' ਵਿੱਚੋਂ ਮਿਲਦੀ ਹੈ। ਉਹ ਲਿਖਦੇ ਹਨ, "ਗੁਰੂ ਰਾਮਦਾਸ ਜੀ ਨੇ ਦੇਹਾਂਤ-ਸਮਾਂ ਨੇੜੇ ਜਾਣ ਕੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜੁਨ ਸਾਹਿਬ ਜੀ ਨੂੰ ਸਉਂਪੀ, ਅਤੇ ਆਪ ਸ੍ਰੀ ਰਾਮਦਾਸਪੁਰੇ ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਇੱਥੇ ਹੀ ਆਪ ਅਗਸਤ ੧੫੮੧ ਈਸਵੀ ਵਿਚ ਜੋਤੀ ਜੋਤਿ ਸਮਾਏ। ਦਸਤਾਰ-ਬੰਦੀ ਰਸਮ ਵੇਲੇ ਦੂਰੋਂ ਦੂਰੋਂ ਸਿੱਖ-ਸੰਗਤਾਂ ਗੁਰੂ ਅਰਜੁਨ ਸਾਹਿਬ ਜੀ ਦੇ ਦੀਦਾਰ ਨੂੰ ਆਈਆਂ। ਉਹਨੀਂ ਹੀ ਦਿਨੀਂ ਭੱਟ ਭੀ ਸੰਗਤਾਂ ਦੇ ਨਾਲ ਗੋਇੰਦਵਾਲ ਆਏ। ਦੀਦਾਰ ਦੀ ਬਰਕਤਿ ਨਾਲ ਚਿੱਤ ਗੁਰੂ ਦੀ ਸਿਫ਼ਤਿ ਕਰਨ ਦੇ ਉਮਾਹ ਵਿਚ ਆਇਆ, ਅਤੇ ਗੁਰੂ-ਉਪਮਾ ਵਿਚ ਉਹਨਾਂ ਇਹ 'ਸਵਈਏ' ਉਚਾਰੇ, ਜਿਨ੍ਹਾਂ ਨੂੰ ਸਮੇਂ ਸਿਰ ਗੁਰੂ ਅਰਜੁਨ ਸਾਹਿਬ ਜੀ ਨੇ 'ਸ੍ਰੀ ਮੁਖਬਾਕੵ' ਸਵੱਈਆਂ ਸਮੇਤ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਇਹ ਸਾਖੀ ਭੱਟਾਂ ਦੀ ਬਾਣੀ ਵਿੱਚੋਂ ਹੀ ਮਿਲ ਜਾਂਦੀ ਹੈ। ਭੱਟ 'ਨਲੵ' ਗੋਇੰਦਵਾਲ ਦੀ ਉਸਤਤਿ ਕਰਦਾ ਹੈ ਅਤੇ ਭੱਟ 'ਹਰਿਬੰਸ' ਗੁਰੂ ਰਾਮਦਾਸ ਜੀ ਦੇ 'ਦੇਵਪੁਰੀ' ਵਿਚ ਜਾਣ ਅਤੇ ਗੁਰੂ ਅਰਜੁਨ ਸਾਹਿਬ ਜੀ ਦੇ ਸਿਰ 'ਤੇ ਗੁਰਿਆਈ ਦਾ ਛਤ੍ਰ ਝੁੱਲਣ ਦਾ ਜ਼ਿਕਰ ਕਰਦਾ ਹੈ।"[3]

ਭੱਟ ਕਲਸਹਾਰ ਜੀ, ਜਿਨ੍ਹਾਂ ਨੂੰ ਭੱਟਾਂ ਦੇ ਜਥੇਦਾਰ ਦੱਸਿਆ ਜਾਂਦਾ ਹੈ, ਪੰਜਵੇਂ ਪਾਤਸ਼ਾਹ ਦੇ ਸਨਮੁੱਖ ਹੋ ਕੇ ਕਹਿੰਦੇ ਹਨ ਕਿ ਕਲੵ ਆਦਿਕ ਕਵੀਆਂ ਨੇ (ਆਪ ਦਾ) ਸੁੰਦਰ ਜੱਸ ਉਚਾਰਿਆ ਹੈ। ...ਗੁਰੂ ਨਾਨਕ (ਦੇਵ ਜੀ) ਨੇ ਗੁਰੂ ਅੰਗਦ ਦੇਵ ਜੀ ਨੂੰ ਵਰ ਬਖ਼ਸ਼ਿਆ; ਗੁਰੂ ਅੰਗਦ (ਦੇਵ ਜੀ) ਨੇ (ਸਭ ਪਦਾਰਥਾਂ ਦਾ) ਖ਼ਜ਼ਾਨਾ (ਗੁਰੂ) ਅਮਰਦਾਸ (ਜੀ) ਨੂੰ ਦਿੱਤਾ । ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜੁਨ (ਸਾਹਿਬ ਜੀ) ਨੂੰ ਵਰ ਦਿੱਤਾ; ਅਤੇ ਉਨ੍ਹਾਂ (ਦੇ ਚਰਨਾਂ) ਨੂੰ ਛੁਹਣਾ ਪਾਰਸ ਦੀ ਛੋਹ ਵਰਗਾ ਹੋ ਗਿਆ ਹੈ:

*ਖੇਲੁ ਗੂੜ੍ਉ ਕੀਅਉ ਹਰਿ ਰਾਇ ਸੰਤੋਖਿ*
*ਸਮਾਚਰੵਿਓ ਬਿਮਲ ਬੁਧਿ ਸਤਿਗੁਰਿ ਸਮਾਣਉ॥*
*ਆਜੋਨੀ ਸੰਭਵਿਅਉ ਸੁਜਸੁ ਕਲੵ ਕਵੀਅਣਿ ਬਖਾਣਿਅਉ॥*
*ਗੁਰਿ ਨਾਨਕਿ ਅੰਗਦੁ ਵਰੵਉ ਗੁਰਿ ਅੰਗਦਿ ਅਮਰ ਨਿਧਾਨੁ॥*
*ਗੁਰਿ ਰਾਮਦਾਸ ਅਰਜੁਨੁ ਵਰੵਉ ਪਾਰਸੁ ਪਰਸੁ ਪ੍ਰਮਾਣੁ॥* *(ਪੰਨਾ ੧੪੦੭)*

ਇਸ ਸਵੱਈਏ ਵਿਚ ਭੱਟ ਬਾਣੀਕਾਰ ਨੇ ਪੰਜਾਂ ਗੁਰੂਆਂ ਦੀ ਵਡਿਆਈ ਕੀਤੀ ਹੈ। ਇਸ ਤਰ੍ਹਾਂ ਪ੍ਰੋ. ਸਾਹਿਬ ਸਿੰਘ ਨੇ ਭੱਟ-ਬਾਣੀ ਦੀਆਂ ਅੰਦਰਲੀਆਂ ਗਵਾਹੀਆਂ ਦੇ ਅਧਾਰ 'ਤੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਭੱਟ ਗੁਰੂ ਰਾਮਦਾਸ ਜੀ

ਦੇ ਜੋਤੀ-ਜੋਤਿ ਸਮਾਉਣ ਤੋਂ ਥੋੜ੍ਹੇ ਦਿਨ ਬਾਅਦ ਪੰਜਵੇਂ ਪਾਤਸ਼ਾਹ ਦੇ ਦਰਬਾਰ ਵਿਚ ਗੋਇੰਦਵਾਲ ਵਿਖੇ ਇਕੱਠੇ ਹੀ ਆਏ ਸਨ। ਬੇਸ਼ੱਕ ਕਈ ਵਿਦਵਾਨਾਂ ਨੇ ਇਸ ਵਿਸ਼ੇ 'ਤੇ ਆਪਣੀ ਅਸਹਿਮਤੀ ਪ੍ਰਗਟਾਈ ਹੈ[੪] ਪਰ ਇਸ ਤੱਥ ਨੂੰ ਸਾਰੇ ਪ੍ਰਵਾਨ ਕਰਦੇ ਹਨ ਕਿ ਗਿਆਨ ਅਤੇ ਆਤਮਿਕ ਸ਼ਾਂਤੀ ਦੀ ਭਾਲ ਵਿਚ ਭਟਕਦੇ ਹੋਏ ਜਗਿਆਸੂਆਂ (ਭੱਟ ਬਾਣੀਕਾਰਾਂ) ਨੂੰ ਜੋ ਆਤਮਿਕ ਆਨੰਦ ਗੁਰੂ ਨਾਨਕ-ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰ ਕੇ ਮਿਲਿਆ ਉਸ ਨੂੰ ਬਾਣੀ ਦੁਆਰਾ ਬਿਆਨਿਆ ਹੈ। ਨਾਮ-ਅੰਮ੍ਰਿਤ ਪੀਣ ਦੀ ਤਾਂਘ ਉਨ੍ਹਾਂ ਦੇ ਦਿਲਾਂ ਵਿਚ ਬਹੁਤ ਚਿਰਾਂ ਤੋਂ ਸੀ ਪਰ ਕਿਤਿਓਂ ਵੀ ਇੱਛਾ ਪੂਰੀ ਨਹੀਂ ਹੋਈ। ਗੁਰੂ ਦੇ ਦੀਦਾਰ ਕਰ ਕੇ ਇਹ ਤਾਂਘ ਪੂਰੀ ਹੋ ਗਈ ਹੈ, ਮਨ ਦੀ ਭਟਕਣਾ ਮੁੱਕ ਗਈ ਹੈ ਤੇ ਵਰ੍ਹਿਆਂ ਦਾ ਦੁੱਖ ਦੂਰ ਹੋ ਗਿਆ ਹੈ। ਭੱਟ ਨਲ੍ਯ ਜੀ ਦਾ ਪੂਰਾ ਸਵੱਈਆਂ ਇਸ ਤਰ੍ਹਾਂ ਹੈ:

*ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥*
*ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ॥*
*ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ॥*
*ਗੋਬਿੰਦ ਵਾਲੁ ਗੋਬਿੰਦ ਪੁਰੀ ਸਮ, ਜਲ੍ਯਨ ਤੀਰਿ ਬਿਪਾਸ ਬਨਾਯਉ॥*
*ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥*

*(ਪੰਨਾ ੧੪੦੦)*

ਭੱਟ ਕਲਸਹਾਰ ਜੀ ਨੇ ਕਿਹਾ ਹੈ ਕਿ ਗੁਰੂ ਦੇ ਪ੍ਰਸੰਨ ਹੋਣ ਨਾਲ 'ਜਗਤ ਉਧਾਰਣੁ ਨਾਮੁ' ਪ੍ਰਾਪਤ ਹੋ ਗਿਆ ਹੈ ਅਤੇ ਉਨ੍ਹਾਂ ਦੇ ਸਾਰੇ ਕਾਰਜ ਰਾਸ ਹੋ ਗਏ ਹਨ ਇਸ ਲਈ ਕਿਸੇ ਹੋਰ ਦੀ ਪਰਵਾਹ ਨਹੀਂ ਹੈ:

*ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ॥*
*ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ॥* *(ਪੰਨਾ ੧੪੦੮)*

**ਭੱਟ ਬਾਣੀਕਾਰਾਂ ਦੀ ਗਿਣਤੀ ਤੇ ਨਾਂ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਨ੍ਹਾਂ ਭੱਟ ਸਾਹਿਬਾਨ ਦੀ ਬਾਣੀ ਦਰਜ ਹੈ ਉਨ੍ਹਾਂ ਦੀ ਗਿਣਤੀ ਸੰਬੰਧੀ ਵੀ ਵਿਦਵਾਨਾਂ ਵਿਚ ਮੱਤ-ਭੇਦ ਰਿਹਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੇ ਗਏ ਅੰਕ-ਪ੍ਰਬੰਧ ਅਨੁਸਾਰ ਭੱਟ ਸਾਹਿਬਾਨ ਦੀ ਬਾਣੀ ਦੀ ਤਰਤੀਬ ਨੂੰ ਪੜਤਾਲਿਆਂ ਇਹ ਗਿਣਤੀ ਗਿਆਰਾਂ ਬਣਦੀ ਹੈ। ਇਨ੍ਹਾਂ ਭੱਟ ਬਾਣੀਕਾਰਾਂ ਦੇ ਨਾਂ ਹਨ- ਭੱਟ ਕਲਸਹਾਰ ਜੀ (ਦੂਜੇ ਨਾਂ ਕਲ੍ਯ ਅਤੇ ਟਲ੍ਯ ਹਨ), ਭੱਟ ਜਾਲਪ ਜੀ (ਦੂਜਾ ਨਾਂ ਜਲ੍ਯ ਹੈ), ਭੱਟ ਕੀਰਤ ਜੀ, ਭੱਟ ਭਿਖਾ ਜੀ, ਭੱਟ ਸਲ੍ਯ ਜੀ, ਭੱਟ ਭਲ੍ਯ ਜੀ, ਭੱਟ ਨਲ੍ਯ ਜੀ, ਭੱਟ ਗਯੰਦ ਜੀ, ਭੱਟ ਮਥੁਰਾ ਜੀ, ਭੱਟ ਬਲ੍ਯ ਜੀ ਤੇ ਭੱਟ ਹਰਿਬੰਸ ਜੀ।

## ਭੱਟ ਸਾਹਿਬਾਨ ਦੀ ਬਾਣੀ (ਭੱਟਾਂ ਦੇ ਸਵੱਈਏ) ਦਾ ਅਧਿਐਨ

**ਭੱਟ ਸਾਹਿਬਾਨ ਬਾਣੀ ਦਾ ਬਿਉਰਾ:** ਭੱਟ ਸਾਹਿਬਾਨ ਦੇ ੧੨੩ ਸਵੱਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਨਾ ੧੩੮੯ ਤੋਂ ੧੪੦੯ ਤਕ (ਰਾਗ-ਮੁਕਤ ਬਾਣੀ

ਵਿਚ)'ਸ੍ਰੀ ਮੁੱਖਬਾਕੁ ਮਹਲਾ ੫' ਦੇ ਸਵੱਈਆਂ ਤੋਂ ਬਾਅਦ ਵਿਚ ਪੰਜ ਸਿਰਲੇਖਾਂ ਅਧੀਨ ਦਰਜ ਹਨ। ਭੱਟਾਂ ਦੁਆਰਾ ਰਚਿਤ ੧੨੩ ਸਵੱਈਆਂ ਦੀ ਤਰਤੀਬ ਤੇ ਸੰਖਿਆ ਦਾ ਚਾਰਟ ਹੇਠਾਂ ਦਿੱਤਾ ਗਿਆ ਹੈ:

| ਕ੍ਰਮ ਸੰਖਿਆ | ਭੱਟ ਸਾਹਿਬ ਦਾ ਨਾਂ ਤੇ ਸਵੱਈਆਂ ਦੀ ਸੰਖਿਆ | ੧. ਸਵਈਏ ਮਹਲੇ ਪਹਿਲੇ ਕੇ | ੨. ਸਵਈਏ ਮਹਲੇ ਦੂਜੇ ਕੇ | ੩. ਸਵੱਈਏ ਮਹਲੇ ਤੀਜੇ ਕੇ | ੪. ਸਵੱਈਏ ਮਹਲੇ ਚਉਥੇ ਕੇ | ੫. ਸਵਈਏ ਮਹਲੇ ਪੰਜਵੇਂ ਕੇ |
|---|---|---|---|---|---|---|
| ੧ | ਕਲਸਹਾਰ ਜੀ -੫੪ | ੧੦ | ੧੦ | ੯ | ੧੩ | ੧੨ |
| ੨ | ਜਾਲਪ ਜੀ - ੫ | - | - | ੫ | - | - |
| ੩ | ਕੀਰਤ ਜੀ - ੮ | - | - | ੪ | ੪ | - |
| ੪ | ਭਿਖਾ ਜੀ - ੨ | - | - | ੨ | - | - |
| ੫ | ਸਲ੍ਯ ਜੀ - ੩ | - | - | ੧ | ੨ | - |
| ੬ | ਭਲ੍ਯ ਜੀ - ੧ | - | - | ੧ | - | - |
| ੭ | ਨਲ੍ਯ ਜੀ - ੧੬ | - | - | - | ੧੬ | - |
| ੮ | ਗਯੰਦ ਜੀ - ੧੩ | - | - | - | ੧੩ | - |
| ੯ | ਮਥੁਰਾ ਜੀ - ੧੪ | - | - | - | ੭ | ੭ |
| ੧੦ | ਬਲ੍ਯ ਜੀ - ੫ | - | - | - | ੫ | - |
| ੧੧ | ਹਰਿਬੰਸ ਜੀ - ੨ | - | - | - | - | ੨ |
| | ਕੁੱਲ ਜੋੜ - ੧੨੩ | ੧੦ | ੧੦ | ੨੨ | ੬੦ | ੨੧ |

ਉਪਰੋਕਤ ਚਾਰਟ ਅਨੁਸਾਰ ਭੱਟ ਸਾਹਿਬਾਨ ਦੇ ਸਵੱਈਆਂ ਸੰਬੰਧੀ ਹੇਠ ਲਿਖੇ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ:

੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੱਟ ਸਾਹਿਬਾਨ ਦੇ ਸਵੱਈਆਂ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ।

੨. ਹਰ ਇਕ ਭਾਗ ਦੇ ਅਰੰਭ ਵਿਚ ਭੱਟ ਕਲਸਹਾਰ ਜੀ ਦੇ ਸਵੱਈਏ ਦਰਜ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤਿ ਵਿਚ ਕੇਵਲ ਭੱਟ ਕਲਸਹਾਰ ਜੀ ਨੇ ਬਾਣੀ ਰਚੀ ਹੈ। ਭੱਟ ਕਲਸਹਾਰ ਜੀ ਨੇ ਪੰਜਾਂ ਗੁਰੂ-ਮਹਿਲਾਂ ਦੀ ਉਸਤਤਿ ਵਿਚ ਬਾਣੀ ਰਚੀ ਹੈ ਜੋ ਸਾਰੇ ਭੱਟ ਬਾਣੀਕਾਰਾਂ ਤੋਂ ਵੱਧ ਹੈ।

੩.'ਸਵੱਈਏ ਮਹਲੇ ਚਉਥੇ ਕੇ' ਸਿਰਲੇਖ ਹੇਠਾਂ ਸਭ ਤੋਂ ਵੱਧ ਸਵੱਈਏ ਦਰਜ ਹਨ।

੪. ਭੱਟ ਭਲ੍ਯ ਜੀ ਦਾ ਕੇਵਲ ਇਕ, ਭੱਟ ਭਿਖਾ ਜੀ ਤੇ ਭੱਟ ਹਰਿਬੰਸ ਜੀ ਦੇ ਕੇਵਲ ਦੋ-ਦੋ, ਭੱਟ ਸਲ੍ਯ ਜੀ ਦੇ ਤਿੰਨ, ਭੱਟ ਜਾਲਪ ਜੀ ਤੇ ਭੱਟ ਬਲ੍ਯ ਜੀ ਦੇ ਪੰਜ-ਪੰਜ, ਭੱਟ ਕੀਰਤ ਜੀ ਦੇ ਅੱਠ, ਭੱਟ ਗਯੰਦ ਜੀ ਦੇ ਤੇਰਾਂ, ਭੱਟ ਮਥੁਰਾ ਜੀ ਦੇ ਚੌਦਾਂ ਤੇ ਭੱਟ ਨਲ੍ਯ ਜੀ ਦੇ ਸੋਲਾਂ ਸਵੱਈਏ ਦਰਜ ਹਨ।

ਭੱਟ ਸਾਹਿਬਾਨ ਦੀ ਬਾਣੀ ਦਾ ਵਿਸ਼ਾ:'ਭੱਟਾਂ ਦੇ ਸਵੱਈਆਂ' ਵਿਚ ਭੱਟ ਬਾਣੀਕਾਰਾਂ ਦੀ ਬਾਣੀ ਦਾ ਪ੍ਰਮੁੱਖ ਵਿਸ਼ਾ ਸਿੱਖ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ

ਗੁਰੂ ਅਰਜਨ ਦੇਵ ਜੀ ਤਕ) ਦੀ ਸਿਫਤਿ-ਸਲਾਹ ਕਰਨਾ ਹੈ ਪਰ ਗੁਰੂ ਵਿਅਕਤੀਆਂ ਵਿਚ ਬਿਰਾਜਮਾਨ ਹਰਿ-ਜੋਤਿ ਦੀ ਮਹਿਮਾ ਕਰਦਿਆਂ ਭੱਟ ਸਾਹਿਬਾਨ ਦੀ ਬਾਣੀ ਵਿਚ ਅਨੇਕਾਂ ਗੁਰਮਤਿ ਸਿਧਾਂਤ ਵੀ ਉਜਾਗਰ ਹੋਏ ਹਨ। ਉਨ੍ਹਾਂ ਵਿੱਚੋਂ ਅਸੀਂ ਅਕਾਲ ਪੁਰਖ, ਨਾਮ, ਗੁਰੂ, ਮਾਇਆ ਤੇ ਵਿਕਾਰ, ਗੁਰੂ ਨਾਨਕ-ਜੋਤਿ ਦੀ ਨਿਰੰਤਰਤਾ, ਸਤਿਸੰਗਤ ਤੇ ਗੁਰੂ ਦੀ ਬਖਸ਼ਿਸ਼ ਆਦਿ ਮੁੱਖ ਸਿਧਾਂਤਾਂ ਨੂੰ ਸੰਖੇਪ ਵਿਚ ਵਿਚਾਰਦੇ ਹਾਂ:

ਅਕਾਲ ਪੁਰਖ: ਭੱਟ ਬਾਣੀਕਾਰਾਂ ਨੇ ਅਕਾਲ ਪੁਰਖ ਦੇ ਸਰੂਪ ਨੂੰ ਉਜਾਗਰ ਕੀਤਾ ਹੈ ਜੋ 'ਇਕੁ','ਆਦਿ ਪੁਰਖ', 'ਕਰਤਾਰ', 'ਸਭ ਆਪੇ', 'ਸਰਬ ਰਹਿਓ ਭਰਪੂਰਿ', 'ਅਬਿਨਾਸੀ', 'ਅਬਿਗਤ', 'ਆਪੇ ਆਪਿ ਉਤਪਤਿ', 'ਨਿਰੰਜਨ', 'ਅਵਿਅਕਤ', 'ਅਦ੍ਰਿਸਟ', 'ਅਚਲੁ', 'ਸਦਾ ਬਿਖਿਆਤਾ', ਸਮਰਥ , ਕਰਣ-ਕਾਰਣ ਆਦਿ ਨਾਲ ਉਜਾਗਰ ਹੋਇਆ ਹੈ। ਅਕਾਲ ਪੁਰਖ ਸਰਬਸ਼ਕਤੀਮਾਨ, ਸਰਬ-ਕਲਾ-ਸੰਪੰਨ ਤੇ ਸਭ ਦੇ ਪ੍ਰਾਣਾਂ ਦਾ ਆਧਾਰ ਹੈ। ਜਗਤ-ਪਿਤਾ ਨੇ ਅਨੇਕਾਂ ਪ੍ਰਕਾਰ ਦਾ ਜਗਤ ਰਚਿਆ ਹੈ ਅਤੇ ਆਪ ਇਸ ਵਿਚ ਸੁਭਾਇਮਾਨ ਹੋ ਰਿਹਾ ਹੈ। ਅਕਾਲ ਪੁਰਖ ਨੇ ਜਗਤ ਦੇ ਭਲੇ ਲਈ ਆਪਣੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟ ਕੀਤੀ ਹੈ। ਇਹ ਪਰਮਾਤਮ-ਜੋਤਿ ਸ਼ਬਦ-ਗੁਰੂ (ਦੀਪਕ) ਦੇ ਰੂਪ ਵਿਚ ਹਰ ਥਾਂ 'ਤੇ ਭਰਪੂਰ ਹੈ। ਭੱਟ ਕਲਸਹਾਰ ਜੀ ਦੇ ਸ਼ਬਦਾਂ ਵਿਚ:

*ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥* *(ਪੰਨਾ ੧੩੯੫)*

ਭੱਟ ਸਾਹਿਬਾਨ ਦੀ ਬਾਣੀ ਦਾ ਡੂੰਘਾਈ ਨਾਲ ਅਧਿਐਨ ਕੀਤਿਆਂ ਇਹ ਸਮਝ ਲੱਗ ਜਾਂਦੀ ਹੈ ਕਿ ਭੱਟ ਬਾਣੀਕਾਰਾਂ ਨੇ ਵੀ ਮਨੁੱਖ ਨੂੰ ਨਿਰੰਤਰ ਤੇ ਇਕਾਗਰਚਿੱਤ ਹੋ ਕੇ ਇਕ ਅਕਾਲ ਪੁਰਖ ਵਿਚ ਦ੍ਰਿੜ੍ਹ ਨਿਸਚਾ ਲਿਆਉਣ ਅਤੇ ਨਿਰੰਤਰ ਤੇ ਇਕਾਗਰਚਿੱਤ ਹੋ ਕੇ ਨਾਮ-ਸਿਮਰਨ ਕਰਨ ਦੀ ਪ੍ਰੇਰਨਾ ਦਿੱਤੀ ਹੈ।

**ਨਾਮ:** ਭੱਟ ਬਾਣੀਕਾਰਾਂ ਨੇ ਨਾਮ ਦੀ ਮਹਾਨਤਾ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਦੀ ਪਦਵੀ ਅਕਾਲ ਪੁਰਖ ਦੇ ਨਾਮ-ਸਿਮਰਨ ਦੁਆਰਾ ਪ੍ਰਾਪਤ ਕੀਤੀ ਅਤੇ ਨਾਮ ਦੇ ਮਾਧਿਅਮ ਰਾਹੀਂ ਫਿਰ ਬਾਕੀ ਸੰਸਾਰ ਨੂੰ ਤਾਰਿਆ। ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਹਰਿ-ਨਾਮ ਨੂੰ ਹਿਰਦੇ ਵਿਚ ਦ੍ਰਿੜ੍ਹ ਕਰ ਕੇ ਗੁਰੂ-ਪਦਵੀਆਂ ਪ੍ਰਾਪਤ ਕੀਤੀਆਂ ਤੇ ਸੰਸਾਰ ਵਿਚ ਆਪਣੀ ਸ਼ੋਭਾ ਵਧਾਈ। ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬੁਨਿਆਦੀ ਸਿਧਾਂਤ ਹੈ। ਗੁਰਬਾਣੀ ਵਿਚ ਇਸ ਨੂੰ ਸਰਬ-ਵਿਆਪਕ ਸ਼ਕਤੀ ਮੰਨਿਆ ਗਿਆ ਹੈ ਜੋ ਸਭ ਥਾਵਾਂ 'ਤੇ ਭਰਪੂਰ ਹੈ। ਭੱਟ ਬਾਣੀਕਾਰਾਂ ਨੇ ਪੌਰਾਣਿਕ ਤੇ ਇਤਿਹਾਸਿਕ ਹਵਾਲੇ ਦੇ ਕੇ ਨਾਮ ਦੀ ਮਹਿਮਾ ਨੂੰ ਦ੍ਰਿੜ੍ਹ ਕਰਵਾਇਆ ਹੈ ਕਿ ਸੱਚੇ ਨਾਮ ਨੇ ਉਨ੍ਹਾਂ ਨੂੰ ਅਧਿਆਤਮਿਕ ਉਚਾਈਆਂ ਤੇ ਪਹੁੰਚਾਇਆ ਤੇ ਸਾਰਿਆਂ ਦਾ ਉਧਾਰ ਹੋਇਆ।

ਭੱਟ ਸਾਹਿਬਾਨ ਦੀ ਬਾਣੀ ਵਿਚ ਨਾਮ ਦੀ ਮਹੱਤਤਾ ਨੂੰ ਦਰਸਾਉਣ ਵਾਲੇ

ਅਨੇਕਾਂ ਵਾਕੰਸ਼ ਮਿਲਦੇ ਹਨ ਜਿਵੇਂ 'ਨਾਮਿ ਖੰਡ ਬ੍ਰਹਮੰਡ ਧਾਰੇ', 'ਨਾਮੁ ਸਿਰੋਮਣਿ ਸਰਬ ਮੈ', 'ਨਾਮੁ ਆਧਾਰ', 'ਨਾਮ ਅਵਖਧੁ', 'ਨਾਮੁ ਨਾਵਣੁ', 'ਨਾਮੁ ਰਸ ਖਾਣੁ ਅਰ ਭੋਜਨ', 'ਨਾਮ ਰਸੁ ਸਦਾ ਚਾਯ', 'ਅੰਮ੍ਰਿਤ ਨਾਮੁ' ਆਦਿ। ਉਦਾਹਰਣ ਦੇ ਤੌਰ 'ਤੇ ਭੱਟ ਕਲਸਹਾਰ ਜੀ ਨੇ ਹੇਠ ਲਿਖੇ ਸਵੱਈਏ ਵਿਚ ਅਕਾਲ ਪੁਰਖ ਦੇ ਨਾਮ ਦੀ ਮਹਤੱਤਾ ਦਰਸਾਈ ਹੈ ਕਿ ਪਰਮਾਤਮਾ ਦੇ ਨਾਮ ਨੂੰ ਸਿਮਰਿਆਂ ਭਗਤ ਜਨ ਭਵਜਲ ਤੋਂ ਪਾਰ ਉੱਤਰ ਗਏ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਉਸੇ ਨਾਮ ਵਿਚ ਆਨੰਦ ਲੈ ਰਹੇ ਹਨ, ਸ੍ਰੀ ਲਹਿਣਾ ਜੀ ਨਾਮ ਨਾਲ ਟਿਕ ਗਏ ਤੇ ਸਾਰੀਆਂ ਸਿਧੀਆਂ ਉਨ੍ਹਾਂ ਨੂੰ ਪ੍ਰਾਪਤ ਹੋਈਆਂ, ਨਾਮ ਦੀ ਬਰਕਤ ਨਾਲ ਹੀ ਉੱਚੀ ਬੁੱਧੀ ਵਾਲੇ ਗੁਰੂ ਅਮਰਦਾਸ ਜੀ ਦੀ ਸ਼ੋਭਾ ਲੋਕਾਂ ਵਿਚ ਪਸਰ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹੀ ਨਾਮ ਸੰਸਾਰ ਦੇ ਲੋਕਾਂ ਨੂੰ ਵਰਤਾਇਆ ਤੇ ਉਨ੍ਹਾਂ ਦੀ ਬਿਰਤੀ ਉਲਟਾ ਦਿੱਤੀ ਤੇ ਨਾਮ ਦੁਆਰਾ ਕਰੋੜਾਂ ਦੁੱਖ ਕੱਟੇ ਗਏ:

*- ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ॥*
*ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ॥*
*ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ॥*
*ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਯਾ॥ (ਪੰਨਾ ੧੩੯੨)*
*- ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ॥*
*(ਪੰਨਾ ੧੩੯੩)*
*- ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ ਅੰਮ੍ਰਿਤ ਨਾਮੁ ਪੀਅਉ॥*
*(ਪੰਨਾ ੧੪੦੯)*

**ਗੁਰੂ:** ਭੱਟ ਸਾਹਿਬਾਨ ਦੀ ਬਾਣੀ ਵਿਚ ਪਰਮਾਤਮਾ ਦੀ ਪ੍ਰਾਪਤੀ ਲਈ ਨਾਮ-ਸਿਮਰਨ ਨੂੰ ਲਾਜ਼ਮੀ ਸਾਧਨ ਮੰਨਿਆ ਹੈ ਪਰ ਇਹ ਵੀ ਦੱਸਿਆ ਹੈ ਕਿ ਨਾਮ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਸੰਭਵ ਹੈ। ਭੱਟ ਬਾਣੀਕਾਰਾਂ ਨੇ ਗੁਰੂ ਦੀ ਲੋੜ, ਗੁਰੂ ਦੇ ਲੱਛਣ, ਗੁਰੂ ਦੀ ਕਿਰਪਾ, ਗੁਰੂ ਪ੍ਰਾਪਤੀ ਦੇ ਸਾਧਨ, ਆਦਿ ਅਨੇਕਾਂ ਪਹਿਲੂਆਂ 'ਤੇ ਚਾਨਣਾ ਪਾਇਆ ਹੈ। ਸਿੱਖ ਧਰਮ ਵਿਚ ਅਧਿਆਤਮਿਕ ਪ੍ਰਾਪਤੀ ਲਈ ਗੁਰੂ ਦਾ ਸਥਾਨ ਵਿਸ਼ੇਸ਼ ਹੈ। ਮਨੁੱਖ ਦੇ ਆਤਮਿਕ ਵਿਕਾਸ ਲਈ ਗੁਰੂ ਇਕ ਜ਼ਰੂਰੀ ਕੜੀ ਹੈ ਕਿਉਂਕਿ ਗੁਰੂ ਹੀ ਆਪਣੇ ਦੈਵੀ ਅਨੁਭਵ ਦੁਆਰਾ ਪ੍ਰਾਪਤ ਗਿਆਨ ਆਪਣੇ ਸਿੱਖਾਂ ਨੂੰ ਪ੍ਰਦਾਨ ਕਰਦਾ ਹੈ ਤੇ ਉਨ੍ਹਾਂ ਦੀ ਸੁੱਤੀ ਹੋਈ ਆਤਮਾ ਨੂੰ ਜਗਾ ਕੇ ਪ੍ਰੇਮ ਤੇ ਭਗਤੀ-ਭਾਵਨਾ ਦਾ ਜਜ਼ਬਾ ਪੈਦਾ ਕਰਦਾ ਹੈ। ਐਨਾ ਹੀ ਨਹੀਂ ਗੁਰੂ ਦੀ ਕਿਰਪਾ ਨਾਲ 'ਪਰਮਾਰਥੁ' ਭਾਵ ਉੱਚੀ ਪਦਵੀ ਮਿਲ ਜਾਂਦੀ ਹੈ। ਸੱਚੇ ਗੁਰੂ ਤੋਂ ਬਿਨਾਂ ਮਨੁੱਖੀ ਮਨ ਦਾ ਭਰਮ ਦੂਰ ਨਹੀਂ ਹੁੰਦਾ ਤੇ ਅਗਿਆਨਤਾ ਦਾ ਪੜਦਾ ਬਣਿਆ ਰਹਿੰਦਾ ਹੈ ਇਸ ਲਈ ਮੁਕਤੀ ਸੰਭਵ ਨਹੀਂ। ਭੱਟ ਨਲ੍ਯ ਜੀ ਨੇ ਗੁਰੂ ਦੀ ਗੈਰ-ਮੌਜੂਦਗੀ ਵਿਚ ਜੀਵ ਦੀ ਅਵਸਥਾ ਦਾ ਬਿਆਨ ਕੀਤਾ ਹੈ:

*ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥*
*ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥* (ਪੰਨਾ ੧੩੯੯)

ਭੱਟ ਬਾਣੀਕਾਰਾਂ ਨੇ 'ਸਿਰੀ ਗੁਰੂ ਸਾਹਿਬੁ ਸਭ ਊਪਰਿ' ਆਖ ਕੇ ਗੁਰੂ ਨੂੰ ਸਾਰਿਆਂ ਤੋਂ ਉੱਚਾ ਦਰਜਾ ਦਿੱਤਾ ਹੈ। ਬਾਰ ਬਾਰ 'ਵਾਹਿ ਗੁਰੂ ਵਾਹਿ ਗੁਰੂ ਵਾਹਿ ਗੁਰੂ ਵਾਹਿ ਜੀਉ'(੧੪੦੨) ਦੀ ਧੁਨੀ ਅਲਾਪ ਕੇ ਪਰਮਾਤਮਾ ਤੇ ਗੁਰੂ ਦੀ ਅਸਚਰਜਤਾ ਨੂੰ ਦਰਸਾਇਆ ਹੈ। 'ਵਾਹਿ ਗੁਰੂ' ਦਾ ਸ਼ਾਬਦਿਕ ਅਰਥ ਹੈ- ਗੁਰੂ ਤੂੰ ਅਚਰਜ ਹੈਂ! ਧੰਨ ਹੈਂ!

ਭੱਟ ਸਾਹਿਬਾਨ ਦੀ ਬਾਣੀ ਵਿੱਚੋਂ ਸ਼ਬਦ-ਗੁਰੂ ਦੇ ਗੁਰਮਤਿ ਸਿਧਾਂਤ ਦੀ ਵੀ ਪੁਸ਼ਟੀ ਹੁੰਦੀ ਹੈ ਕਿ ਪਰਮਾਤਮਾ ਨੇ ਗੁਰੂ ਨੂੰ ਸ਼ਬਦ-ਗੁਰੂ ਦੇ ਰੂਪ ਵਿਚ ਆਪਣਾ ਪ੍ਰਤੀਨਿਧ ਥਾਪਿਆ ਹੈ।

- *ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ॥* (ਪੰਨਾ ੧੩੯੮)
- *ਗੁਰ ਸਬਦਿ ਸਮਾਚਰਿਓ ਨਾਮੁ ਟੇਕ ਸੰਗਾਦਿ ਬੋਹੈ॥* (ਉਹੀ)
- *ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ*
  *ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ॥* (ਪੰਨਾ ੧੪੦੦)

ਭੱਟ ਭਿਖਾ ਜੀ ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਦੱਸਦੇ ਹਨ ਕਿ ਗੁਰੂ ਦਾ ਧਿਆਨ ਜੋਤ ਨੂੰ ਜੋਤ ਨਾਲ ਮਿਲਾਉਣ ਦੀ ਸਮਰੱਥਾ ਰੱਖਦਾ ਹੈ:

*ਗੁਰ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥* (ਪੰਨਾ ੧੩੯੫)

ਗੁਰੂ ਦੀ ਕਿਰਪਾ ਨਾਲ ਜੀਵ ਵੀ ਪਰਮ-ਪਦ ਦੀ ਪ੍ਰਾਪਤੀ ਕਰ ਸਕਦਾ ਹੈ।

**ਮਾਇਆ ਤੇ ਪੰਜ ਵਿਕਾਰ:** ਭੱਟ ਸਾਹਿਬਾਨ ਨੇ ਗੁਰੂ ਦੀ ਮਹਿਮਾ ਦੇ ਨਾਲ ਮਾਇਆ ਦਾ ਵੀ ਜ਼ਿਕਰ ਕੀਤਾ ਹੈ ਜਿਸ ਦੇ ਪ੍ਰਭਾਵ ਅਧੀਨ ਮਨੁੱਖੀ ਮਨ ਪੰਜ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਆਪਣੇ ਵਾਸਤਵਿਕ ਸਰੂਪ ਨੂੰ ਪਛਾਨਣ ਤੋਂ ਅਸਮਰੱਥ ਰਹਿੰਦਾ ਹੈ। 'ਮਾਇਆ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ" ਕਥਨ ਅਨੁਸਾਰ ਮਾਇਆ ਬੰਧਨ ਦਾ ਕਾਰਨ ਬਣਦੀ ਹੈ ਕਿਉਂਕਿ ਇਸ ਕਾਰਨ ਜੀਵ ਸੰਸਾਰਕ ਰਿਸ਼ਤਿਆਂ ਵਿਚ ਬੱਝ ਕੇ ਸੰਸਾਰ-ਸਾਗਰ ਨੂੰ ਪਾਰ ਨਹੀਂ ਕਰ ਸਕਦਾ। ਭੱਟ ਸਾਹਿਬਾਨ ਅਨੁਸਾਰ ਕੇਵਲ ਗੁਰੂ ਹੀ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੈ ਜਿਸ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰਾਂ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ:

*ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜਉ॥* (ਪੰਨਾ ੧੪੦੬)

ਭੱਟ ਸਾਹਿਬਾਨ ਦੀ ਬਾਣੀ ਵਿਚ ਜੀਵਾਂ ਨੂੰ ਕਾਮ, ਕ੍ਰੋਧ ਆਦਿ ਵਿਕਾਰਾਂ 'ਤੇ ਕਾਬੂ ਪਾਉਣ ਦੀ ਵਿਧੀ ਵੀ ਦੱਸੀ ਹੈ:

*ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ॥* (ਪੰਨਾ ੧੪੦੫)

ਗੁਰੂ ਨਾਨਕ-ਜੋਤਿ ਦੀ ਨਿਰੰਤਰਤਾ: ਭੱਟ ਸਾਹਿਬਾਨ ਨੇ ਅੰਤਰ-ਆਤਮੇ ਗੁਰੂ

ਸਾਹਿਬਾਨ ਵਿਚ ਵਿਚਰ ਰਹੇ ਦੈਵੀ-ਤੱਤ (ਹਰਿ-ਜੋਤਿ) ਦੀ ਹੋਂਦ ਨੂੰ ਮਹਿਸੂਸ ਕਰ ਲਿਆ ਸੀ ਇਸ ਲਈ ਉਹ ਗੁਰੂ ਸਾਹਿਬਾਨ ਦੀ ਮਹਾਨਤਾ ਨੂੰ ਸਪਸ਼ਟ ਸ਼ਬਦਾਂ ਵਿਚ ਐਲਾਨਦੇ ਹਨ। ਭੱਟ ਬਾਣੀਕਾਰਾਂ ਨੇ ਗੁਰੂ ਨਾਨਕ-ਜੋਤਿ ਦੀ ਨਿਰੰਤਰਤਾ ਦਾ ਵਿਚਾਰ, ਜੋ ਕਿ ਸਿੱਖ ਧਰਮ-ਦਰਸ਼ਨ ਦਾ ਕੇਂਦਰੀ ਸਿਧਾਂਤ ਹੈ, ਆਪਣੀ ਬਾਣੀ ਵਿਚ ਉਜਾਗਰ ਕੀਤਾ ਹੈ। ਨਿਰਸੰਦੇਹ, ਭੱਟ ਸਾਹਿਬਾਨ ਦੀ ਬਾਣੀ ਦਾ ਵਿਸ਼ਾ ਗੁਰੂ ਸਾਹਿਬਾਨ ਦੀ ਸਿਫਤਿ-ਸਲਾਹ ਹੈ ਪਰ ਸਵੱਈਆਂ ਦਾ ਡੂੰਘਾ ਅਧਿਐਨ ਕੀਤਿਆਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਵਡਿਆਈ ਅਕਾਲ ਪੁਰਖ- ਗੁਰ-ਪਰਮੇਸ਼ਰ ਲਈ ਹੈ ਜੋ ਜੋਤਿ-ਰੂਪ ਹੋ ਕੇ ਸਾਖਿਆਤ ਸੰਗਤਾਂ ਵਿਚ ਵਿਚਰ ਰਹੀ ਹੈ, ਇਹ ਮਹਿਮਾ ਅਕਾਲ ਪੁਰਖ ਤੋਂ ਆਈ ਗੁਰੂ ਨਾਨਕ-ਜੋਤਿ ਦੀ ਹੈ ਜੋ ਅੱਜ ਵੀ 'ਪ੍ਰਗਟ ਗੁਰਾਂ ਕੀ ਦੇਹਿ'- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਜ਼ਾਹਰਾ-ਜ਼ਹੂਰ ਹੋ ਕੇ ਵਿਸ਼ਵ ਦੀ ਅਗਵਾਈ ਕਰ ਰਹੀ ਹੈ। ਭੱਟ ਬਾਣੀਕਾਰਾਂ ਨੂੰ ਅੰਤਰ-ਦ੍ਰਿਸ਼ਟੀ ਨਾਲ ਅਨੁਭਵ ਹੋਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਜਗਮਗਾ ਰਹੀ ਹੈ। ਇਸ ਲਈ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਕਰਦਿਆਂ ਇਹ ਵਿਚਾਰ ਦਿੱਤਾ ਹੈ ਕਿ 'ਪ੍ਰਕਾਸ਼-ਰੂਪ ਹਰੀ ਆਪ ਗੁਰੂ ਨਾਨਕ ਅਖਵਾਏ। ਉਸ (ਗੁਰੂ ਨਾਨਕ ਦੇਵ ਜੀ) ਤੋਂ (ਗੁਰੂ ਅੰਗਦ ਦੇਵ ਜੀ ਪ੍ਰਗਟ ਹੋਏ), (ਗੁਰੂ ਨਾਨਕ ਦੇਵ ਜੀ ਦੀ) ਜੋਤਿ (ਗੁਰੂ ਅੰਗਦ ਜੀ ਦੀ) ਜੋਤਿ ਨਾਲ ਮਿਲ ਗਈ। ਭੱਟ ਮਥੁਰਾ ਜੀ ਆਖਦੇ ਹਨ—'ਗੁਰੂ ਰਾਮਦਾਸ (ਜੀ) ਦਾ ਦਰਸਨ ਕਰ ਕੇ (ਗੁਰੂ ਅਰਜਨ ਦੇਵ ਜੀ ਦੇ) ਬਚਨ ਆਤਮਕ ਜੀਵਨ ਦੇਣ ਵਾਲੇ ਹੋ ਗਏ ਹਨ। ਪੰਜਵੇਂ ਸਰੂਪ ਅਕਾਲ ਪੁਰਖ ਰੂਪ ਗੁਰੂ ਅਰਜਨ ਦੇਵ ਜੀ ਨੂੰ ਅੱਖਾਂ ਨਾਲ ਵੇਖੋ। '(ਵੇਖੋ ਅਰਥ- ਪ੍ਰੋ. ਸਾਹਿਬ ਸਿੰਘ) ਮਥੁਰਾ ਭੱਟ ਜੀ ਦਾ ਕਥਨ ਹੈ:

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥*
*ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥*
*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥*
*ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥* *(ਪੰਨਾ ੧੪੦੮)*

ਇਸੇ ਸੰਦਰਭ ਵਿਚ ਡਾ. ਗੁਰਨਾਮ ਕੌਰ ਨੇ ਭੱਟਾਂ ਦੇ ਸਵੱਈਆਂ ਦਾ ਧਰਮ-ਵਿਗਿਆਨਕ ਅਧਿਐਨ ਕਰਦਿਆਂ ਲਿਖਿਆ ਹੈ: "ਇਕ ਜੋਤਿ ਅਤੇ ਜੁਗਤਿ ਦੇ ਸਿਧਾਂਤ ਨੂੰ ਸਪਸ਼ਟ ਕਰਦਿਆਂ ਹੋਇਆਂ ਸਵੱਈਆਂ ਵਿਚ ਦੱਸਿਆ ਗਿਆ ਹੈ ਕਿ ਕਲਜੁਗ ਵਿਚ ਪ੍ਰਮਾਣੀਕ ਭਾਵ ਸਮਰੱਥ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨਿਆ ਗਿਆ ਅਤੇ ਗੁਰੂ ਨਾਨਕ ਜੋਤਿ ਹੀ ਅੱਗੋਂ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਅਖਵਾਈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਇਸ ਦੈਵੀ ਜੋਤਿ ਦਾ ਸੰਚਾਰ ਸ੍ਰੀ ਗੁਰੂ

ਅੰਗਦ ਦੇਵ ਜੀ ਵਿਚ ਕਿਸ ਤਰ੍ਹਾਂ ਹੋਇਆ, ਇਸ ਦਾ ਜ਼ਿਕਰ ਕੀਤਾ ਹੈ ਕਿ ਕਰਤਾ ਪੁਰਖ, ਸਰਬ-ਵਿਆਪਕ ਪਰਮਾਤਮਾ, ਸਿਰਜਣਹਾਰ ਅਤੇ ਸ੍ਰਿਸ਼ਟੀ ਦਾ ਮੂਲ ਕਾਰਨ ਹੈ। ਇੱਥੇ ਇਸ ਗੱਲ ਵੱਲ ਇਸ਼ਾਰਾ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਕਰਤਾ ਪੁਰਖ ਦੀ ਦੈਵੀ ਜੋਤਿ, ਜੋ ਹਰ ਜੀਵ ਵਿਚ ਵਿਆਪਕ ਹੈ, ਉਸ ਨੂੰ ਆਪਣੇ ਅੰਦਰ ਜਗਾਇਆ ਅਤੇ ਦੈਵੀ ਜੋਤਿ ਦੀ ਧੰਨਤਾ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਉਜਾਗਰ ਹੋ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਮਿਹਰ ਭਰਿਆ ਹੱਥ ਭਾਈ ਲਹਿਣਾ ਜੀ ਦੇ ਮੱਥੇ ਉੱਤੇ ਸਹਿਜ ਰੂਪ ਵਿਚ ਰੱਖਿਆ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਵਿਚ ਨਾਮ ਰੂਪੀ ਅੰਮ੍ਰਿਤ ਦੀ ਛਹਿਬਰ ਲੱਗ ਗਈ।..."[੭] :

*- ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥ (ਪੰਨਾ ੧੩੯੦)*

*- ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥ (ਪੰਨਾ ੧੩੯੧)*

*- ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ॥ (ਪੰਨਾ ੧੩੯੨)*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਧਰਮ ਦਾ ਰਸਤਾ ਚਲਾਇਆ ਤੇ ਰੱਬੀ ਨਾਮ ਦੀ ਦਾਤ ਸ੍ਰੀ ਗੁਰੂ ਅਮਰਦਾਸ ਜੀ ਨੂੰ ਬਖਸ਼ੀ ਜਿਸ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ ਵਿਚ ਪ੍ਰਵੇਸ਼ ਕਰ ਗਈ। ਅੱਗੋਂ ਆਪ ਜੀ ਨੇ ਭਾਈ ਜੇਠਾ ਜੀ ਨੂੰ ਨਾਮ ਦਾ ਅਮੋਲਕ ਖਜ਼ਾਨਾ ਬਖਸ਼ਿਆ ਤੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੂੰ ਉੱਚੀ ਪਦਵੀ 'ਤੇ ਸੁਭਾਇਮਾਨ ਕਰ ਦਿੱਤਾ। ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਜਗਤ ਨੂੰ ਤਾਰਨ ਦੇ ਆਸ਼ੇ ਨਾਲ ਗੁਰੂ ਵਾਲੀ ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਰੱਖ ਦਿੱਤੀ। ਭੱਟ ਮਥਰਾ ਜੀ ਦੇ ਸ਼ਬਦਾਂ ਵਿਚ:

*ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥(ਪੰਨਾ ੧੪੦੯)*

ਭੱਟ ਕਲਸਹਾਰ ਜੀ ਨੇ'ਮਹਲੇ ਪਹਿਲੇ ਕੇ' ਸਵੱਈਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਗਾਉਣ ਤੇ ਧਿਆਨ ਧਰਨ ਵਾਲਿਆਂ ਦੀ ਲੰਬੀ ਸੂਚੀ ਦਿੱਤੀ ਹੈ ਜਿਨ੍ਹਾਂ ਵਿਚ ਗੰਭੀਰ, ਧੀਰ, ਮਤਿ ਸਾਗਰ, ਜੋਗੀ ਜੰਗਮ, ਇੰਦ੍ਰਾਦਿ, ਪ੍ਰਹਿਲਾਦਿਕ, ਜਨਕਾਦਿ, ਸਨਕਾਦਿ, ਸਾਧ, ਸਿਧਾਦਿਕ, ਮੁਨਿ ਜਨ, ਧੋਮੁ ਅਟਲ, ਆਦਿ ਦਾ ਸੰਕੇਤ ਹੈ। ਗੁਰੂ ਜੀ ਦੇ ਗੁਣ ਗਾਉਣ ਵਾਲਿਆਂ ਵਿਚ 'ਕਪਿਲਾਦਿ ਆਦਿ ਜੋਗੇਸੁਰ','ਅਪਰੰਪਰ ਅਵਤਾਰ', 'ਜਮਦਗਨਿ ਪਰਸਰਾਮੇਸੁਰ','ਉਧੌ ਅਕ੍ਰੂਰੁ', 'ਬਿਦਰ', ਸੁਖਦੇਉ, 'ਪਰੀਖ੍ਯਤੁ', 'ਗੋਤਮ ਰਿਖਿ', 'ਪਾਯਾਲਿ', 'ਨਾਗਾਦਿ ਭੁਯੰਗਮ', 'ਮਹਾਦੇਉ', 'ਜਤਿ', 'ਮੁਨਿ', 'ਪਰਸਰਾਮ', 'ਛੇ ਦਰਸ਼ਨ', 'ਚਾਰ ਵਰਣ', 'ਛੇ ਭੇਖ', 'ਬ੍ਰਹਮਾ', 'ਸ਼ੇਸ਼ਨਾਗ', 'ਜੱਖ', 'ਕਿੰਨਰ', ਆਦਿ ਸ਼ਾਮਲ ਹਨ। ਇਤਨਾ ਹੀ ਨਹੀਂ, 'ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ', 'ਬ੍ਰਹਮਾ ਗੁਣ ਉਚਰੈ ਜਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ', 'ਗੁਣ ਗਾਵਹਿ ਨਵ ਨਾਥ', 'ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ', 'ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ', 'ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ', 'ਦੂਰਬਾ ਪਰੂਰਉ ਅੰਗਰੈ', ਆਦਿ

ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਗਾਉਂਦੇ ਹਨ। ਭਾਰਤ ਵਿਚ ਚੱਲੀ ਭਗਤੀ ਲਹਿਰ ਨਾਲ ਸੰਬੰਧਿਤ ਭਗਤ ਵੀ ਗੁਣ ਗਾ ਕੇ ਆਤਮਕ ਆਨੰਦ ਮਾਣਦੇ ਹਨ:

*ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥*
*ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥*
*ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ॥* *(ਪੰਨਾ ੧੩੯੦)*

ਜਗਤ-ਗੁਰੂ ਜੀ ਦਾ ਜੱਸ ਕਰਨ ਵਾਲੇ ਉਪਰੋਕਤ ਸਾਰੇ ਭਗਤ ਜਨ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਏ ਹਨ। ਇਨ੍ਹਾਂ ਤੁਕਾਂ ਦੀ ਰੋਸ਼ਨੀ ਵਿਚ ਵਿਦਵਾਨਾਂ ਨੇ ਇਸ ਸਿਧਾਂਤ ਦੀ ਪੁਸ਼ਟੀ ਕੀਤੀ ਹੈ ਕਿ ਜਿਹੜੀ ਜੋਤਿ ਗੁਰੂ ਨਾਨਕ ਅੰਦਰ ਪ੍ਰਕਾਸ਼ਮਾਨ ਹੋਈ, ਉਹ ਅਕਾਲ ਪੁਰਖ ਦੀ ਜੋਤਿ ਹੈ ਅਤੇ ਇਹ ਸਦਾ ਸਨਾਤਨ ਤੇ ਥਿਰ ਰਹੀ ਹੈ।

**ਸਤਸੰਗਤਿ ਤੇ ਗੁਰੂ ਦੀ ਬਖਸ਼ਿਸ਼:** ਭੱਟ ਬਾਣੀਕਾਰਾਂ ਨੇ ਗੁਰੂ-ਚਰਨਾਂ ਨਾਲ ਜੁੜਨ ਲਈ ਸਤਿਸੰਗਤਿ ਦਾ ਵਿਸ਼ੇਸ਼ ਮਹੱਤਵ ਦੱਸਿਆ ਹੈ। ਗੁਰਮਤਿ ਦੇ ਨਾਮ ਮਾਰਗ ਵਿਚ ਸਤਿਸੰਗਤ ਨੂੰ ਨਿਰਾ ਸ੍ਰੇਸ਼ਟ ਹੀ ਨਹੀਂ ਮੰਨਿਆ ਗਿਆ ਸਗੋਂ ਸਹੀ ਧਰਮ ਦੀ ਪਛਾਣ ਕਰਨ ਅਤੇ ਧਰਮ ਨੂੰ ਦ੍ਰਿੜ੍ਹ ਕਰਨ ਲਈ ਲਾਜ਼ਮੀ ਸਾਧਨ ਵਜੋਂ ਮਾਨਤਾ ਦਿੱਤੀ ਗਈ ਹੈ। ਭੱਟ ਮਥੁਰਾ ਜੀ ਦੱਸਦੇ ਹਨ ਕਿ ਸਤਸੰਗਤਿ ਵਿਚ ਜਾਣ ਵਾਲੇ ਜਗਿਆਸੂਆਂ ਦਾ ਮਨ ਗੁਰੂ-ਚਰਨਾਂ ਵਿਚ ਜੁੜ ਜਾਂਦਾ ਹੈ ਤੇ ਉਹ ਸਦਾ ਇਕਰਸ ਸਤਿਸੰਗ ਵਿਚ ਜੁੜ ਕੇ ਹਰੀ ਜੱਸ ਗਾਉਂਦੇ ਹਨ:

*ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ॥* *(ਪੰਨਾ ੧੪੦੪)*

ਭੱਟ ਬਾਣੀਕਾਰਾਂ ਅਨੁਸਾਰ ਸਰਬ-ਉੱਚ ਅਵਸਥਾ ਦੀ ਪ੍ਰਾਪਤੀ ਦਾ ਸਾਧਨ ਹਰਿ-ਨਾਮ ਹੈ ਜੋ ਵੱਡੇ ਭਾਗਾਂ ਨਾਲ, ਪੂਰੇ ਗੁਰੂ ਦੀ ਸ਼ਰਨ ਵਿਚ ਪੈ ਕੇ, ਸਤਿਸੰਗਤਿ ਵਿਚ ਰਹਿ ਕੇ ਨਿਸ਼ਕਾਮ ਸੇਵਾ ਕਰਦਿਆਂ ਗੁਰੂ ਦੀ ਬਖਸ਼ਿਸ਼ ਦੁਆਰਾ ਮਿਲਦਾ ਹੈ। ਹੇਠ ਲਿਖੀਆਂ ਤੁਕਾਂ ਇਸ ਤੱਥ ਦੀ ਪ੍ਰੋੜਤਾ ਕਰਦੀਆਂ ਹਨ:

*-ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ॥*
*(ਪੰਨਾ ੧੪੦੪)*

*- ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ*
*ਨਿੰਮਰੀ ਭੂਤ ਸਦੀਵ ਪਰਮ ਪਿਆਰਿ॥* *(ਪੰਨਾ ੧੩੯੧)*

ਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਭੱਟ ਕੀਰਤ ਜੀ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਅਰਦਾਸ ਕਰਦੇ ਹਨ:

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥*
*(ਪੰਨਾ ੧੪੦੬)*

ਭੱਟ ਨਲ੍ਯ ਜੀ ਵੀ ਸਤਿਗੁਰੂ ਦੇ ਚਰਨਾਂ ਵਿਚ ਗੁਰੂ-ਕਿਰਪਾ ਲਈ ਅਰਜ਼ੋਈ ਕਰਦੇ ਹਨ ਕਿ ਕਲਜੁਗ ਦੇ ਸਮੇਂ ਵਿਚ ਸੇਵਕ ਦੀ ਪੈਜ ਉਸੇ ਤਰ੍ਹਾਂ ਰੱਖੋ, ਜਿਵੇਂ ਪਰਮਾਤਮਾ ਨੇ (ਆਪ ਨੇ) ਪ੍ਰਹਿਲਾਦ ਭਗਤ ਦੀ ਰੱਖਿਆ ਕੀਤੀ, ਦ੍ਰੋਪਤੀ ਦੀ ਇੱਜ਼ਤ ਬਚਾਈ, ਸੁਦਾਮੇ ਨੂੰ ਬਿਪਤਾ ਤੋਂ ਬਚਾਇਆ ਅਤੇ ਗਨਿਕਾ ਦੇ ਕਾਰਜ ਸਵਾਰੇ ਸਨ:

*ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥*
*ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥*
*ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥*
*ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ॥*

*(ਪੰਨਾ ੧੪੦੦)*

ਉਪਰੋਕਤ ਵਿਚਾਰ ਦੇ ਆਧਾਰ 'ਤੇ ਇਹ ਸਪਸ਼ਟ ਹੋਇਆ ਕਿ ਭੱਟ ਸਾਹਿਬਾਨ ਨੂੰ ਪਾਰਬ੍ਰਹਮ ਤੇ ਗੁਰੂ ਵਿਚ ਕੋਈ ਭੇਦ ਨਜ਼ਰ ਨਹੀਂ ਆਇਆ। ਸੱਚ ਤਾਂ ਇਹ ਹੈ ਕਿ ਹਰੀ ਅਤੇ ਗੁਰੂ ਨਾਨਕ ਸਾਹਿਬ ਇਕ ਰੂਪ ਹਨ, ਦਸਾਂ ਗੁਰੂ ਸਾਹਿਬਾਨਾਂ ਵਿਚ ਇੱਕ ਹੀ ਰੱਬੀ ਜੋਤਿ ਦਾ ਪ੍ਰਕਾਸ਼ ਹੁੰਦਾ ਰਿਹਾ। ਗੁਰੂ ਸਾਹਿਬਾਨ ਦੇ ਪੰਜ ਭੂਤਕ ਸਰੀਰ ਗੁਰੂ ਨਹੀਂ ਸਨ ਸਗੋਂ ਗੁਰੂ ਤਾਂ ਅਦ੍ਰਿਸ਼ਟ ਗੁਰੂ-ਜੋਤਿ ਸੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਪ੍ਰਵੇਸ਼ ਕਰ ਗਈ। ਇਹ ਦੈਵੀ ਗੁਰੂ-ਜੋਤਿ ਸਾਰੇ ਗੁਰੂ ਸਾਹਿਬਾਨ ਵਿਚ ਵਿਚਰਦੀ ਰਹੀ। ਦਸਮੇਸ਼ ਪਿਤਾ ਜੀ ਨੇ ੧੭੦੮ ਈ. ਨੂੰ ਜੋਤੀ ਜੋਤਿ ਸਮਾਉਣ ਸਮੇਂ ਆਦਿ ਗ੍ਰੰਥ ਸਾਹਿਬ ਜੀ/ਦਮਦਮੀ ਬੀੜ ਦੇ ਹਜ਼ੂਰ ਮੱਥਾ ਟੇਕਦੇ ਹੋਏ ਆਪਣੇ ਪਿੱਛੋਂ ਸਾਖਿਆਤ ਸਰੂਪ ਗੁਰੂ ਮੰਨਣ ਦਾ ਆਦੇਸ਼ ਦਿੱਤਾ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਗੁਰਿਆਈ ਦਿੱਤੀ ਹੈ। ਨਿਰਸੰਦੇਹ, ਇਹ ਦੈਵੀ-ਜੋਤਿ, ਦਸਾਂ ਪਾਤਸ਼ਾਹੀਆਂ ਵਿਚ ਵਿਚਰਦੀ ਰਹੀ ਨਾਨਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਗਟ ਹੋ ਰਹੀ ਹੈ, ਕੇਵਲ ਸਿਦਕ ਤੇ ਭਰੋਸੇ ਦੀ ਲੋੜ ਹੈ।

**ਗੁਰੂ ਸ਼ਖ਼ਸੀਅਤਾਂ:** ਗੁਰੂ ਸ਼ਖ਼ਸੀਅਤਾਂ (ਜੋ ਆਤਮਿਕ ਸਿਖਰ 'ਤੇ ਪਹੁੰਚ ਕੇ ਪਰਮਾਤਮਾ ਦਾ ਰੂਪ ਹੋ ਚੁੱਕੀਆਂ ਹਨ) ਦੇ ਗੁਣਾਂ ਨੂੰ ਬਿਆਨ ਕਰਨਾ ਅਲਪੱਗ ਜੀਵਾਂ ਲਈ ਅਸੰਭਵ ਹੈ ਪਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਭੱਟ ਸਾਹਿਬਾਨ ਦੀ ਬਾਣੀ ਦੇ ਆਧਾਰ 'ਤੇ ਗੁਰੂ ਸਾਹਿਬਾਨ (ਪਹਿਲੇ ਪੰਜ) ਦੀਆਂ ਮਹਾਨ ਸ਼ਖ਼ਸੀਅਤਾਂ ਦੀ ਝਲਕ-ਮਾਤ੍ਰ ਲੈਣ ਦਾ ਯਤਨ ਕਰਦੇ ਹਾਂ:

ਸ੍ਰੀ ਗੁਰੂ ਨਾਨਕ ਦੇਵ ਜੀ:'ਸਵੱਈਏ ਮਹਲੇ ਪਹਿਲੇ ਕੇ' ਸਿਰਲੇਖ ਅਧੀਨ ਬਾਣੀ ਵਿਚ ਭੱਟ ਕਲਸਹਾਰ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਦਾ ਰੂਪ ਮੰਨ ਕੇ ਉਨ੍ਹਾਂ ਦੀ ਉਸਤਤਿ ਕੀਤੀ ਹੈ। ਭੱਟ ਜੀ ਨੇ ਗੁਰੂ ਜੀ ਦੀ ਉਸਤਤਿ ਕਰਨ ਤੋਂ ਪਹਿਲਾਂ ਅਧਿਆਤਮਿਕ ਕਾਵਿ-ਪਰੰਪਰਾ ਅਨੁਸਾਰ ਰਚਨਾ ਦਾ ਅਰੰਭ '੧ਓ ਸਤਿਗੁਰ ਪ੍ਰਸਾਦਿ 'ਮੰਗਲਾਚਰਣ ਕਰਨ ਉਪਰੰਤ ਕਰਦਿਆਂ ਕਿਹਾ ਹੈ ਕਿ 'ਅਕਾਲ ਪੁਰਖ ਨੂੰ ਇਕਾਗਰ ਮਨ ਨਾਲ ਸਿਮਰ ਕੇ, ਜੋ ਬਖ਼ਸ਼ਿਸ਼ਾਂ ਕਰਨ ਵਾਲਾ ਹੈ, ਸੰਤਾਂ ਦਾ

ਆਸਰਾ ਹੈ ਅਤੇ ਸਦਾ ਹਾਜ਼ਰ-ਨਾਜ਼ਰ ਹੈ, ਮੈਂ ਉਸ ਦੇ ਚਰਨ ਆਪਣੇ ਹਿਰਦੇ ਵਿਚ ਟਿਕਾਉਂਦਾ ਹਾਂ, ਅਤੇ (ਇਨ੍ਹਾਂ ਦੀ ਬਰਕਤਿ ਨਾਲ) ਪਰਮ ਗੁਰੂ- ਸਤਿਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਉਂਦਾ ਹਾਂ:

*ਇਕ ਮਨਿ ਪੁਰਖੁ ਧਿਆਇ ਬਰਦਾਤਾ॥ ਸੰਤ ਸਹਾਰੁ ਸਦਾ ਬਿਖਿਆਤਾ॥*
*ਤਾਸੁ ਚਰਨ ਲੇ ਰਿਦੈ ਬਸਾਵਉ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ॥*
*(ਪੰਨਾ ੧੩੮੯)*

ਭੱਟ ਸਾਹਿਬਾਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵਿਆਪਕ ਸ਼ਕਤੀ ਦੇ ਰੂਪ ਵਿਚ ਵੇਖਿਆ ਹੈ ਜਿਨ੍ਹਾਂ ਦੀ ਵਡਿਆਈ ਚਾਰੇ ਜੁੱਗਾਂ (ਸਤਜੁਗ, ਤ੍ਰੇਤਾ, ਦੁਆਪੁਰ ਤੇ ਕਲਿਜੁਗ) ਵਿਚ ਹੋ ਰਹੀ ਹੈ। ਆਪ 'ਪ੍ਰਮਾਣੁ ਨਾਨਕ' ਹਨ ਜੋ 'ਨਾਨਕ-ਜੋਤਿ' ਦੇ ਰੂਪ ਵਿਚ ਕਲਜੁਗੀ ਜੀਵਾਂ ਦਾ ਉਧਾਰ ਕਰਨ ਲਈ ਸੰਸਾਰ ਵਿਚ ਪ੍ਰਗਟ ਹੋਏ ਹਨ ਅਤੇ ਇਹੀ ਜੋਤਿ ਬਾਕੀ ਗੁਰੂ ਸਾਹਿਬਾਨ ਵਿਚ ਵੀ ਸੁਭਾਇਮਾਨ ਹੈ। ਭੱਟ ਕਲਸਹਾਰ ਜੀ ਦੇ ਸ਼ਬਦਾਂ ਵਿਚ:

*- ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥ (ਪੰਨਾ ੧੩੯੦)*
*- ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ॥*
*ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ॥ (ਉਹੀ)*

ਭੱਟ ਸਾਹਿਬਾਨ ਦੀ ਬਾਣੀ ਵਿਚ ਇਸ ਵਿਚਾਰ ਨੂੰ ਦ੍ਰਿੜਤਾ ਨਾਲ ਕਿਹਾ ਗਿਆ ਹੈ ਕਿ ਪਾਰਬ੍ਰਹਮ ਤੇ ਗੁਰੂ ਵਿਚ ਕੋਈ ਭੇਦ ਨਹੀਂ ਅਰਥਾਤ ਹਰੀ ਅਤੇ ਗੁਰੂ ਨਾਨਕ ਸਾਹਿਬ ਇੱਕ ਰੂਪ ਹਨ। ਇਕ ਵਿਦਵਾਨ ਇਸ ਨੂੰ ਸੁੰਦਰ ਸ਼ਬਦਾਂ ਵਿਚ ਬਿਆਨਦੇ ਹਨ: "ਮਹਿਤਾ ਕਾਲੂ ਜੀ ਦੇ ਘਰ ਇਕ ਬਾਲ ਜਨਮਿਆ ਜਿਸ ਦਾ ਨਾਮ ਮਾਪਿਆਂ ਨੇ ਨਾਨਕ ਰੱਖਿਆ ਪਰ ਵਾਹਿਗੁਰੂ ਦੀ ਜੋਤਿ, ਜੋ ਵਾਸਤਵਿਕ ਰੂਪ ਵਿਚ ਲੋਕਾਂ 'ਤੇ ਜ਼ਾਹਿਰ ਨਹੀਂ ਸੀ, ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਪ੍ਰਗਟ ਹੋ ਗਈ। ਇਹ ਜੋਤਿ ਪ੍ਰਕਾਸ਼ਮਾਨ ਤਾਂ ਹਮੇਸ਼ਾਂ ਰਹਿੰਦੀ ਹੈ ਪਰ ਇਸ ਦਾ ਅਨੁਭਵ ਲੋਕਾਂ ਨੂੰ ਮਿਲ ਕੇ ਹੋਇਆ। ਜੋਤਿ ਨੇ ਜਨਮ ਨਹੀਂ ਲਿਆ ਕਿਉਂਕਿ ਉਹ ਤਾਂ ਜਨਮ ਮਰਨ ਵਿਚ ਆਉਂਦੀ ਹੀ ਨਹੀਂ, ਇਹ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟ ਹੋਈ। ਇਸ ਤਰ੍ਹਾਂ 'ਗੁਰੂ ਨਾਨਕ ਨਾ ਨਕ ਹਰਿ ਸੋਇ' ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਇਹ ਜੋਤਿ ਭਾਈ ਲਹਿਣਾ ਜੀ ਵਿਚ ਧਰ ਕੇ ਉਸ ਨੂੰ ਗੁਰੂ ਅੰਗਦ ਕਰ ਦਿੱਤਾ।"[੬]

ਭੱਟ ਬਾਣੀਕਾਰਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਰਮ ਗੁਰੂ, ਸੁਖਾਂ ਦੇ ਸਾਗਰ, ਬਾਣੀ ਦੇ ਸੋਮੇ, ਪਾਪ ਦੂਰ ਕਰਨ ਵਾਲੇ, ਰਾਜੁ ਜੋਗੀ, ਸਰਬ ਕਲਾ ਭਰਪੂਰ ਆਦਿ ਅਨੇਕਾਂ ਦੈਵੀ ਗੁਣਾਂ ਵਾਲੇ ਬਿਆਨਿਆ ਹੈ:

*– ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ॥*

*(ਪੰਨਾ ੧੩੮੯)*

*– ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥*

*(ਉਹੀ)*

ਭੱਟ ਸਾਹਿਬਾਨ ਦੀਆਂ ਨਜ਼ਰਾਂ ਵਿਚ, ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਬਖਸ਼ਿਸ਼ਾਂ ਦੇ ਭੰਡਾਰ ਹਨ ਜਿਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਆਪਣੇ ਅੰਗ ਨਾਲ ਲਗਾ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਦੂਜੇ ਗੁਰੂ ਹੋਣ ਦਾ ਮਾਣ ਬਖਸ਼ਿਆ। ਇਹ ਆਤਮਿਕ ਵਿਰਸਾ ਸੀ ਜਿਸ ਨੂੰ ਪ੍ਰਾਪਤ ਕਰ ਕੇ ਇਕ ਸੇਵਕ ਨੇ ਗੁਰੂ ਨਾਨਕ ਸਾਹਿਬ ਵਾਲਾ ਦਰਜਾ 'ਗੁਰਗਮਿ ਪ੍ਰਮਾਣੁ' ਹਾਸਲ ਕਰ ਲਿਆ।

**ਸ੍ਰੀ ਗੁਰੂ ਅੰਗਦ ਦੇਵ ਜੀ:** 'ਸਵੱਈਏ ਮਹਲੇ ਦੂਜੇ ਕੇ' ਵਿਚ ਭੱਟ ਕਲਸਹਾਰ ਜੀ ਨੇ ਸਰਬ-ਵਿਆਪਕ, ਕਾਰਣ-ਕਰਣ ਸਮਰੱਥ ਕਰਤਾਰ ਦੀ ਵਡਿਆਈ ਕਰਨ ਉਪਰੰਤ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਕੀਤੀ ਹੈ ਜਿਨ੍ਹਾਂ ਨੇ ਭਾਈ ਲਹਿਣਾ ਜੀ ਦੇ ਮਸਤਕਿ ਉੱਤੇ ਆਪਣਾ ਮਿਹਰ ਭਰਿਆ ਹੱਥ ਰੱਖਿਆ ਹੈ। ਫਿਰ 'ਤ ਧਰਿਓ ਮਸਤਕਿ ਹਥੁ ਸਹਜਿ' ਆਖ ਕੇ ਦ੍ਰਿੜ੍ਹ ਕਰਵਾਇਆ ਹੈ ਕਿ ਇਸ ਗੁਰੂ-ਬਖਸ਼ਿਸ਼ ਨੇ ਭਾਈ ਲਹਿਣਾ ਜੀ ਨੂੰ ਨਦਰੀ ਨਦਰਿ ਨਿਹਾਲ ਕਰ ਦਿੱਤਾ ਜਿਸ ਦੀ ਬਰਕਤ ਨਾਲ ਆਪ ਦੇ ਹਿਰਦੇ ਵਿਚ ਨਾਮ-ਅੰਮ੍ਰਿਤ ਛਹਿਬਰ ਲਾ ਕੇ ਵੱਸ ਪਿਆ ਹੈ। ਇਸੇ ਲਈ ਭੱਟ ਬਾਣੀਕਾਰਾਂ ਨੇ ਪ੍ਰਵਾਨ ਕੀਤਾ ਹੈ ਕਿ ਜਿਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦਰਸ਼ਨ ਕੀਤਾ ਹੈ ਉਨ੍ਹਾਂ ਨੇ ਮਾਨੋ ਅਕਾਲ ਪੁਰਖ ਨੂੰ ਪਰਸ ਲਿਆ ਹੈ। ਆਪ ਜੀ ਦੇ ਦਰਸ਼ਨ ਕੀਤਿਆਂ ਸਦਾ ਥਿਰ ਹਰਿ ਨਾਮ ਪ੍ਰਾਪਤ ਹੋ ਜਾਂਦਾ ਹੈ ਜਿਸ ਦੁਆਰਾ ਜਨਮ-ਮਰਨ ਕੱਟਿਆ ਜਾਂਦਾ ਹੈ ਤੇ ਜੀਵਨ ਸਫਲ ਹੋ ਜਾਂਦਾ ਹੈ। ਬਾਕੀ ਸਵੱਈਆਂ ਵਿਚ ਭੱਟ ਬਾਣੀਕਾਰਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਿਮਾ ਕਰਦਿਆਂ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਹਰੀ-ਰੂਪ ਜਗਤ ਦੇ ਗੁਰੂ ਨੂੰ ਪਰਸ ਕੇ ਭਾਈ ਲਹਿਣਾ ਜੀ ਦੀ ਸ਼ੋਭਾ ਸਾਰੇ ਸੰਸਾਰ ਵਿਚ ਫੈਲ ਰਹੀ ਹੈ:

*ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ*
*ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥* *(ਪੰਨਾ ੧੩੯੧)*

ਭੱਟ ਬਾਣੀਕਾਰ ਨੇ ਗੁਰੂ ਜੀ ਦੇ ਕੁਝ ਵਿਸ਼ੇਸ਼ ਗੁਣਾਂ ਦਾ ਜ਼ਿਕਰ ਕਰਦਿਆਂ ਆਪ ਜੀ ਨੂੰ 'ਜਨਕ ਰਾਜਾ ਅਉਤਾਰ' ਭਾਵ ਨਿਰਲੇਪ ਤੇ ਰਾਜ ਜੋਗੀ, 'ਸਰਣ ਜਾਚਿਕ ਪ੍ਰਤਿਪਾਲਣ' ਭਾਵ ਸ਼ਰਨ ਆਇਆਂ ਦੀ ਪਾਲਣਾ ਕਰਨ ਵਾਲੇ, 'ਉਦਾਰਉ ਚਿਤ ਦਾਰਿਦ ਹਰਨ' ਉਦਾਰਚਿੱਤ ਅਤੇ ਗਰੀਬੀ ਦੂਰ ਕਰਨ ਵਾਲੇ, 'ਗੁਰ ਨਵ ਨਿਧਿ

ਦਰਿਆਉ', 'ਦੁਖ ਸੰਸਾਰਹ ਖੋਵੈ॥' ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ 'ਨਿੰਮਰੀ ਭੂਤ ਸਦੀਵ ਪਰਮ ਪਿਆਰਿ' ਮਾਨਵ ਪਿਆਰ ਨਾਲ ਭਰਪੂਰ 'ਸਪੂਰ ਜਿਉ ਨਿਵੈ' ਅਰਥਾਤ ਫਲਦਾਰ ਰੁੱਖ ਜਿਵੇਂ ਨਿਉਂਦਾ ਹੈ ਉਸੇ ਤਰ੍ਹਾਂ ਨਿਮਰਤਾ ਭਾਵ ਵਾਲੇ ਹਨ। 'ਸਬਦ ਸੂਰ ਬਲਵੰਤ' ਭਾਵ ਸ਼ਬਦ ਦੇ ਸੂਰਮੇ ਤੇ ਬਲੀ, ਕਿਹਾ ਹੈ ਜਿਨ੍ਹਾਂ ਦੇ ਬਚਨਾਂ ਵਿਚ ਅੰਮ੍ਰਿਤ ਨੂੰ ਢਾਲਣ ਦੀ ਕਲਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਸਾਰਿਆਂ ਨੂੰ ਇਕ ਦ੍ਰਿਸ਼ਟੀ (ਸਮ-ਦ੍ਰਿਸ਼ਟੀ) ਨਾਲ ਵੇਖਦੇ ਹਨ। ਆਪ ਦੇ ਦ੍ਰਿਸ਼ਟੀ ਕਰਦਿਆਂ ਹੀ ਅਗਿਆਨ ਰੂਪੀ ਹਨੇਰਾ ਦੂਰ ਹੁੰਦਾ ਹੈ ਤੇ ਪਾਪ ਨਸ਼ਟ ਹੋ ਜਾਂਦੇ ਹਨ:

*ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥ (ਪੰਨਾ ੧੩੯੧)*

**ਸ੍ਰੀ ਗੁਰੂ ਅਮਰਦਾਸ ਜੀ:** 'ਸਵੱਈਏ ਮਹਲੇ ਤੀਜੇ ਕੇ' ਸਿਰਲੇਖ ਅਧੀਨ ਸਵੱਈਆਂ ਦਾ ਅਰੰਭ ਵੀ ਭੱਟ ਕਲਸਹਾਰ ਜੀ ਨੇ ਸਦਾ-ਥਿਰ ਅਕਾਲ ਪੁਰਖ ਨੂੰ ਸਿਮਰ ਕੇ ਕੀਤਾ ਹੈ ਜਿਸ ਦਾ'ਇਕੁ ਨਾਮੁ ਅਛਲੁ ਸੰਸਾਰੇ' ਹੈ। ਇਹ ਹਰਿ ਨਾਮ ਜੋ ਭਗਤਾਂ ਨੂੰ ਸੰਸਾਰ ਤੋਂ ਤਾਰਦਾ ਹੈ, ਸ੍ਰੀ ਗੁਰੂ ਅਮਰਦਾਸ ਜੀ ਦੇ ਹਿਰਦੇ ਵਿਚ ਪ੍ਰਗਟ ਹੋ ਗਿਆ ਹੈ:

*ਸੋਈ ਨਾਮੁ ਅਛਲੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥*
*(ਪੰਨਾ ੧੩੯੩)*

ਭੱਟ ਬਾਣੀਕਾਰ ਨੇ ਇਸ ਵਿਚਾਰ ਨੂੰ ਚਾਰ ਵਾਰ ਦੁਹਰਾਇਆ ਹੈ ਤੇ ਦੱਸਿਆ ਹੈ ਕਿ ਆਪ ਕੇਵਲ ਇੱਕ ਅਕਾਲ ਪੁਰਖ ਨੂੰ ਨਿਰੰਤਰ ਧਿਆਉਂਦੇ ਹੋਏ ਸਦਾ ਉਸ ਵਿਚ ਲੀਨ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕੁਲ ਵਿਚ ਪੈਦਾ ਹੋ ਕੇ (ਜੋਤਿ ਰੂਪ ਵਿਚ) ਉੱਚੀ ਪਦਵੀ ਹਾਸਲ ਕੀਤੀ ਹੈ। ਗੁਰੂ ਜੀ ਨੇ ਅਕਾਲ ਪੁਰਖ ਦੇ ਹੁਕਮ ਦੀ ਪਛਾਣ ਕਰ ਕੇ ਗਿਆਨ ਪ੍ਰਾਪਤ ਕੀਤਾ ਹੈ ਤੇ ਸਦਾ ਰਜ਼ਾ ਵਿਚ ਵਿਚਰਦੇ ਹਨ:

*ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥ (ਪੰਨਾ ੧੩੯੫)*

ਆਪ ਜੀ ਨੇ ਸ਼ਬਦ-ਗੁਰੂ ਰੂਪੀ ਨੇਜ਼ੇ ਨਾਲ ਪੰਜ ਦੂਤਾਂ ਦਾ ਨਾਸ ਕਰ ਦਿੱਤਾ ਹੈ:

- *ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ॥ (ਪੰਨਾ ੧੩੯੬)*
- *ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥ (ਉਹੀ)*

ਗੁਰੂ ਜੀ ਦਾ ਮਨ ਉੱਡਦੀ ਹਵਾ ਵਾਂਗ ਤੇਜ਼ ਨਹੀਂ ਦੌੜਦਾ। ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ: "ਗੁਰੂ ਅਮਰਦਾਸ ਜੀ ਬਾਬਤ ਕਿਹਾ ਹੈ ਕਿ ਤੁਹਾਡਾ ਮਨ ਵੀ ਵੱਸ ਵਿਚ ਹੈ ਅਤੇ ਪਵਨ ਵੀ ਤੁਹਾਡੇ ਅਧਿਕਾਰ ਵਿਚ ਹੈ। ਪਵਨ ਤੋਂ ਤਾਤਪਰਜ ਪ੍ਰਾਣ ਹੈ। ਮੁਰਾਦ ਇਹ ਹੈ ਕਿ ਗੁਰੂ ਅਮਰਦਾਸ ਜੀ ਨੇ ਆਪਣੇ ਦਮ-ਦਮ ਨੂੰ ਸੰਭਾਲਿਆ ਹੋਇਆ ਹੈ ਅਤੇ ਉਹ ਇਕਾਗਰ ਚਿੱਤ ਹਨ।"[੭]

ਭੱਟ ਬਾਣੀਕਾਰਾਂ ਨੂੰ ਤੀਸਰੇ ਪਾਤਸ਼ਾਹ'ਕਲਿ ਮਹਿ ਰੂਪੁ ਕਰਤਾ ਪੁਰਖੁ', 'ਆਪਿ ਨਰਾਇਣੁ' ਤੇ 'ਨਿਰੰਕਾਰਿ' ਲੱਗੇ ਹਨ। ਅਜਿਹੇ ਸਤਿਗੁਰੂ ਦੇ ਗੁਣਾਂ ਦਾ

ਬਿਆਨ ਕਰਨਾ ਔਖਾ ਹੈ:

*– ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥* *(ਪੰਨਾ ੧੩੯੫)*
*– ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ॥* *(ਉਹੀ)*

**ਸ੍ਰੀ ਗੁਰੂ ਰਾਮਦਾਸ ਜੀ:** 'ਸਵੱਈਏ ਮਹਲੇ ਚਉਥੇ ਕੇ' ਸਵੱਈਆਂ ਦੇ ਅਰੰਭ ਵਿਚ ਭੱਟ ਕਲਸਹਾਰ ਜੀ ਨੇ ਅਕਾਲ ਪੁਰਖ ਦਾ ਮੰਗਲਾਚਰਨ ਕਰਨ ਉਪਰੰਤ ਪਹਿਲੇ ਸਵੱਈਏ ਵਿਚ ਹੀ ਆਖਿਆ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕਰ ਕੇ 'ਪਰਮ ਪਦ' ਪਾਇਆ ਹੈ ਅਤੇ ਅਬਿਨਾਸ਼ੀ ਤੇ ਅਦ੍ਰਿਸ਼ਟ ਹਰੀ ਨੂੰ ਸਿਮਰਿਆ ਹੈ। ਉਹ ਸ੍ਰੀ ਗੁਰੂ ਰਾਮਦਾਸ ਜੀ ਦੇ ਨਿਰਮਲ ਗੁਣ ਗਾਉਂਦਾ ਹੈ ਜਿਨ੍ਹਾਂ ਨੂੰ ਆਤਮਿਕ ਜੀਵਨ ਦੇਣ ਵਾਲਾ ਨਾਮ ਅਨੁਭਵ ਹੋਇਆ ਹੈ:

*–ਜੰਪਉ ਗੁਣ ਬਿਮਲ ਸੁਜਨ ਜਨ ਕੇਰੇ ਅਮਿਅ ਨਾਮੁ ਜਾ ਕਉ ਫੁਰਿਆ॥*
*(ਪੰਨਾ ੧੩੯੬)*

ਗਯੰਦ ਭੱਟ ਜੀ ਚੌਥੇ ਪਾਤਸ਼ਾਹ ਦੇ ਵਿਰਾਟ ਸਰੂਪ ਦਾ ਵਰਣਨ ਕਰਦਿਆਂ ਹੋਇਆਂ ਕ੍ਰਿਸ਼ਨ, ਰਾਮ, ਵਿਸ਼ਨੂੰ, ਨਰ ਸਿੰਘ, ਬਾਵਨ ਰੂਪ ਅਵਤਾਰ, ਸਾਰੀ ਸ੍ਰਿਸ਼ਟੀ ਦਾ ਰਚਣਹਾਰ, ਸਰਬ-ਵਿਆਪਕ ਪਰਮਾਤਮਾ, ਨਿਰੰਕਾਰ ਰੂਪ ਵਿਚ ਵੇਖਦੇ ਹਨ। ਇਸ ਅਲੌਕਿਕ ਨਜ਼ਾਰੇ ਨੂੰ 'ਵਾਹੁ ਵਾਹੁ ਕਾ ਬਡਾ ਤਮਾਸਾ' ਦੱਸ ਕੇ 'ਵਾਹਿ ਗੁਰੂ ਵਾਹਿ ਗੁਰੂ ਵਾਹਿ ਗੁਰੂ ਵਾਹਿ ਜੀਓ' ਦੀ ਧੁਨੀ ਅਲਾਪਦੇ ਹਨ। ਭੱਟ ਮਥੁਰਾ ਜੀ ਨੇ ਗੁਰੂ ਜੀ ਨੂੰ 'ਧ੍ਰੰਮੁ ਧੁਜਾ', 'ਧ੍ਰੰਮ ਪੰਥੁ', 'ਨਿਰਮਲ ਨਾਮੁ ਸੁਧਾ ਪਰਪੂਰਨ' ਅਰਥਾਤ ਧਰਮ ਦਾ ਝੰਡਾ ਲਹਿਰਾਉਣ ਵਾਲੇ, ਧਰਮ ਦਾ ਪੰਥ ਚਲਾਉਣ ਵਾਲੇ ਅਤੇ ਪਰਮਾਤਮਾ ਦੇ ਨਾਮ ਦਾ ਭਰਿਆ ਸਰੋਵਰ ਆਖ ਕੇ ਵਡਿਆਈ ਕੀਤੀ ਹੈ। ਭੱਟਾਂ ਦੀਆਂ ਨਜ਼ਰਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ 'ਹਰਿ ਨਾਮ ਰਸਿਕ', ਸਮ-ਦ੍ਰਿਸ਼ਟ, ਗੂੜ੍ਹ ਮਤਿ ਵਾਲੇ, ਸੰਜਮੀ, ਸੰਤੋਖੀ ਤੇ ਸੀਲ ਸੁਭਾਅ ਦੇ ਮਾਲਕ ਹਨ। ਭੱਟ ਮਥੁਰਾ ਜੀ ਅਨੁਸਾਰ ਗੁਰੂ ਜੀ ਦਾਨੀ ਤੇ ਮਹਾਂ ਬਲੀ ਹਨ:

*ਦਾਨਿ ਬਡੌ ਅਤਿਵੰਤੁ ਮਹਾਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ॥*
*ਤਾਹਿ ਕਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ ਧਰਿਓ ਗੁਰਿ ਹਥੁ॥*
*(ਪੰਨਾ ੧੪੦੫)*

ਭੱਟ ਕਲਸਹਾਰ ਜੀ ਚੌਥੇ ਪਾਤਸ਼ਾਹ ਨੂੰ ਰਾਜੇ ਜਨਕ ਵਾਲੀ ਆਤਮਿਕ ਅਡੋਲਤਾ ਦੇ ਅਧਿਕਾਰੀ ਮੰਨਦੇ ਹਨ:

*ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ॥* *(ਪੰਨਾ ੧੩੯੮)*

ਭੱਟ ਨਲ੍ਯ ਜੀ ਵੀ ਵਡਿਆਈ ਕਰਦਿਆਂ ਦੱਸਦੇ ਹਨ ਕਿ ਸਮਰੱਥ ਗੁਰੂ (ਸ੍ਰੀ ਗੁਰੂ ਅਮਰਦਾਸ ਜੀ) ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਸਿਰ ਉੱਤੇ ਮਿਹਰ ਭਰਿਆ ਹੱਥ ਰੱਖਿਆ ਹੈ ਤੇ ਆਪ ਨੂੰ ਹਰੀ ਦਾ ਨਾਮ ਬਖ਼ਸ਼ਿਆ ਹੈ (ਜਿਸ ਦੇ ਸੁਣਨ ਨਾਲ ਜਮ-

ਰਾਜ ਨੇੜੇ ਨਹੀਂ ਆਉਂਦਾ), ਆਪ ਜੀ ਦਾ ਧਿਆਨ ਇਕਰਸ ਨਾਮ ਵਿਚ ਲੱਗਾ ਰਹਿੰਦਾ ਹੈ। ਆਪ ਜੀ ਨੇ ਪਾਰਸ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੂੰ ਪਰਸਿਆ ਜਿਸ ਦਾ ਫਲ ਇਹ ਹੋਇਆ ਕਿ ਅਟੱਲ ਪਦਵੀ ਪ੍ਰਾਪਤ ਹੋ ਗਈ ਹੈ:

*ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰੵਉ॥*
*ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰੵਉ॥*
*ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰੵਉ॥*
*ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰੵਉ॥*
*(ਪੰਨਾ ੧੪੦੦)*

ਤੀਸਰੇ ਪਾਤਸ਼ਾਹ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ 'ਰਾਜੁ ਜੋਗੁ ਤਖਤੁ' ਦੇ ਕੇ ਨਿਵਾਜਿਆ ਹੈ। ਪਰਮ ਪਦਵੀ 'ਤੇ ਬਿਰਾਜਮਾਨ ਸਤਿਗੁਰੂ ਨੂੰ ਬਲ੍ਯ ਭੱਟ ਜੀ 'ਮਿਲਿ ਸੰਗਤਿ ਧੰਨਿ ਧੰਨਿ ਕਰਹੁ' ਤੇ ਭੱਟ ਨਲ੍ਯ ਜੀ ਸ਼ਰਧਾ ਨਾਲ 'ਗੁਰੂ ਗੁਰੁ, ਗੁਰੂ ਗੁਰੁ, ਗੁਰੂ ਜਪੁ, ਮੰਨ ਰੇ' ਸ਼ਬਦਾਂ ਦੁਆਰਾ ਧਿਆਉਣ ਲਈ ਪ੍ਰੇਰਨਾ ਦਿੰਦੇ ਹਨ।

**ਸ੍ਰੀ ਗੁਰੂ ਅਰਜਨ ਦੇਵ ਜੀ:** 'ਸਵੱਈਏ ਮਹਲੇ ਪੰਜਵੇਂ ਕੇ' ਸਿਰਲੇਖ ਅਧੀਨ ਸਵੱਈਆਂ ਦੇ ਅਰੰਭ ਵਿਚ ਭੱਟ ਕਲਸਹਾਰ ਜੀ 'ਅਚਲੁ ਅਬਿਨਾਸ਼ੀ' ਅਕਾਲ ਪੁਰਖ ਨੂੰ ਧਿਆਉਣ ਤੋਂ ਬਾਅਦ ਕਹਿੰਦੇ ਹਨ ਕਿ 'ਸਤਿਗੁਰ ਚਰਣ ਕਵਲ' ਹਿਰਦੇ ਵਿਚ ਟਿਕਾ ਕੇ 'ਗੁਰ ਅਰਜੁਨ ਗੁਣ ਸਹਿਜ ਬਿਚਾਰੰ' ਅਰਥਾਤ ਪ੍ਰੇਮ ਤੇ ਸਹਿਜ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣ ਵਿਚਾਰਦਾ ਹਾਂ ਜਿਨ੍ਹਾਂ ਨੇ 'ਜਨਮਤ ਗੁਰਮਤਿ ਬ੍ਰਹਮ' (੧੪੦੭) ਪਛਾਣਿਆ ਹੈ।

ਹਰਿਬੰਸ ਭੱਟ ਜੀ ਦੇ ਸ਼ਬਦਾਂ ਵਿਚ ਗੁਰੂ ਜੀ ਦੇ ਸੀਸ ਉੱਤੇ ਪਰਮੇਸ਼ਰ ਨੇ ਆਪ 'ਛਤਰ' ਝੁਲਾਇਆ ਹੈ:

- *ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ॥* *(ਪੰਨਾ ੧੪੦੯)*
- *ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥* *(ਉਹੀ)*
- *ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥* *(ਉਹੀ)*

ਭੱਟ ਸਾਹਿਬਾਨ ਨੇ ਗੁਰੂ ਸਾਹਿਬ ਨੂੰ ਬੋਹਿਥਾ' ਤੇ 'ਜਹਾਜੁ' ਨਾਲ ਉਪਮਾ ਦਿੱਤੀ ਹੈ, ਜੋ ਜਗਤ-ਰੂਪੀ ਸਾਗਰ ਵਿੱਚੋਂ ਲੋਕਾਈ ਨੂੰ ਤਾਰਨ ਦਾ ਕਾਰਜ ਕਰਦਾ ਹੈ:

- *ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ॥* *(ਪੰਨਾ ੧੪੦੮)*
- *ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ॥* *(ਉਹੀ)*

ਭੱਟ ਸਾਹਿਬਾਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਸਾਖਿਆਤ ਅਕਾਲ ਪੁਰਖ- 'ਪੁਰਖੁ ਪ੍ਰਮਾਣੁ' ਭਾਵ ਪ੍ਰਮਾਣੀਕ ਪੁਰਖ ਹਨ। ਭੱਟ ਜੀ ਨੇ ਅਨੁਭਵ ਕੀਤਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਨਮ ਤੋਂ ਹੀ ਗੁਰੂ ਦੀ ਮਤਿ ਦੁਆਰਾ ਬ੍ਰਹਮ ਨੂੰ ਪਛਾਣਿਆ ਹੈ ਭਾਵ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਹੋਈ ਹੈ। ਗੁਰ ਵਿਅਕਤੀ ਦੇ ਰੂਪ ਵਿਚ ਉਹ ਭਵ ਭੰਜਨ, ਬਿਮਲ ਬੁਧਿ ਦੇ ਮਾਲਕ, ਧ੍ਰੰਮ ਧੀਰ ਭਾਵ ਸਹਿਜ ਅਵਸਥਾ ਵਿਚ

ਵਿਚਰਨ ਵਾਲੇ, ਅਜਰ ਅਵਸਥਾ ਜਰਨ ਵਾਲੇ, ਦੀਨ ਦਿਆਲ, ਉਦਾਰਚਿੱਤ, ਮਹਾਂਦਾਨੀ, ਗਿਆਨ ਰੂਪ, ਪਰ ਪੀਰ ਤੇ ਦੁੱਖ ਦਰਦ ਨਿਵਾਰਨ ਵਾਲੇ, ਸਤਿ-ਸੰਤੋਖ, ਧੀਰਜ ਆਦਿ ਅਨੇਕਾਂ ਗੁਣਾਂ ਨਾਲ ਭਰਪੂਰ ਸ਼ਖ਼ਸੀਅਤ ਹਨ। ਪ੍ਰਿੰਸੀਪਲ ਸਤਿਬੀਰ ਸਿੰਘ ਦੇ ਸ਼ਬਦਾਂ ਵਿਚ, "ਭੱਟ ਬਾਣੀਕਾਰਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਗੰਗਾ ਵਾਂਗ ਪਵਿੱਤਰ, ਸਮੁੰਦਰ ਵਾਂਗ ਸ਼ਾਂਤ, ਚੰਦਨ ਵਾਂਗ ਠੰਡਾ ਅਤੇ ਬ੍ਰਿਛ ਵਾਂਗ ਸਹਿਜ ਅਵਸਥਾ ਵਿਚ ਵਿਚਰਦੇ ਵੇਖਿਆ। ਉਨ੍ਹਾਂ ਨੇ ਗੁਰੂ ਜੀ ਨੂੰ ਸਹਿਜ ਹੀ ਸਹਿਜ (ਸਹਿਜ ਚੰਦੋਆ ਤਾਣਿਓ), ਠੰਢ ਹੀ ਠੰਢ (ਸੀਤਲ ਸੁਖਦਾਤਾ), ਨਿਰਮਲ ਹੀ ਨਿਰਮਲ (ਗੰਗਾ ਜਲ), ਧਰਮ ਦਾ ਯੱਗ (ਧਰਮ ਧਰਿ), ਗੁਰਮਤਿ ਦਾ ਗਿਆਨ ਦਾਤਾ, ਗੰਭੀਰ, ਸਭ ਕੁਝ ਛੱਡ ਖੁਸ਼ੀ ਮਨਾਉਣ ਵਾਲਾ (ਮਹਾਂਦਾਨੀ), ਸਦਾ ਖੇੜੇ ਤੇ ਚਾਅ ਵਿਚ ਰਹਿਣ ਵਾਲਾ (ਮਨਿ ਚਾਉ ਨ ਹੁਟੈ) ਕਦੇ ਵੀ ਪਿੱਛੇ ਨਾ ਰਹਿਣ ਵਾਲਾ, ਇਸ ਸੰਸਾਰ ਦੇ ਮਹਾਂ ਯੁੱਧ ਵਿਚ ਦੂਜਾ ਅਰਜਨ ਤੇ ਰਾਜ ਵਿਚ ਜੋਗ ਕਮਾਉਣ ਵਾਲਾ ਰਾਜਾ ਜਨਕ ਕਹਿ ਸਤਿਕਾਰਿਆ।"[੯] ਭੱਟ ਮਥੁਰਾ ਜੀ ਨੇ ਪੰਜਵੇਂ ਗੁਰੂ ਜੀ ਨੂੰ 'ਪ੍ਰਤੱਖ ਹਰੀ' ਦਾ ਰੂਪ ਜਾਣਿਆ ਹੈ:

*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ॥* *(ਪੰਨਾ ੧੪੦੯)*

ਭੱਟ ਬਾਣੀਕਾਰਾਂ ਨੂੰ ਇਹ ਵੀ ਭਰੋਸਾ ਹੈ ਕਿ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿਮਰਿਆ ਭਾਵ ਗੁਰੂ ਜੀ ਦਾ ਉਪਦੇਸ਼ ਗ੍ਰਹਿਣ ਕੀਤਾ ਹੈ ਉਨ੍ਹਾਂ ਦਾ ਜਨਮ-ਮਰਨ ਦਾ ਚੱਕਰ ਖਤਮ ਹੋ ਗਿਆ ਹੈ:

*ਜਪੵਉ ਜਿਨੑ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥*

*(ਪੰਨਾ ੧੪੦੯)*

**ਸਾਹਿਤਕ ਪੱਖ:** ਸਾਹਿਤਕ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭੱਟ ਸਾਹਿਬਾਨ ਦੀ ਬਾਣੀ ਵਿਸ਼ਾ ਵਸਤੂ, ਕਾਵਿ-ਕਲਾ, ਲਿੱਪੀ, ਭਾਸ਼ਾ ਤੇ ਸ਼ੈਲੀ, ਸ਼ਬਦਾਵਲੀ, ਅਲੰਕਾਰ ਯੋਜਨਾ, ਛੰਦ ਆਦਿ ਪੱਖਾਂ ਤੋਂ ਵਿਲੱਖਣ ਰਚਨਾ ਹੈ।

ਭੱਟ ਸਾਹਿਬਾਨ ਦੀ ਬਾਣੀ ਦਾ ਵਿਸ਼ਾ-ਵਸਤੂ ਅਧਿਆਤਮਿਕਤਾ ਨਾਲ ਓਤ-ਪੋਤ ਹੈ। ਇਹ ਕਾਵਿ-ਕਲਾ ਦੇ ਪੱਖ ਤੋਂ ਉਸਤਤਿ-ਕਾਵਿ ਦਾ ਸੁੰਦਰ ਨਮੂਨਾ ਹੈ ਜੋ ਗੁਰਮੁਖੀ ਲਿੱਪੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੈ। ਭੱਟਾਂ ਦੇ ਸਵੱਈਆਂ ਦਾ ਭਾਸ਼ਾ ਪੱਖ ਤੋਂ ਅਧਿਐਨ ਕੀਤਿਆਂ ਪਤਾ ਲੱਗਦਾ ਹੈ ਕਿ ਭੱਟ ਬਾਣੀਕਾਰਾਂ ਕੋਲ ਸ਼ਬਦਾਵਲੀ ਦਾ ਭਰਪੂਰ ਖਜ਼ਾਨਾ ਸੀ ਜਿਸ ਕਾਰਨ ਉਨ੍ਹਾਂ ਨੇ ਅਨੇਕਾਂ ਨਵੇਂ ਤੇ ਵਿਲੱਖਣ ਅੱਖਰ-ਜੋੜ ਤੇ ਸ਼ਬਦ-ਜੋੜ ਘੜੇ ਹਨ। ਭੱਟ ਬਾਣੀਕਾਰ ਮੱਧ-ਕਾਲੀਨ ਭਾਰਤੀ ਅਧਿਆਤਮਿਕ ਪਰੰਪਰਾ ਦੇ ਪ੍ਰਤੀਨਿਧ ਮੰਨੇ ਜਾਂਦੇ ਹਨ ਜਿਨ੍ਹਾਂ ਤੇ ਕਈ ਭਾਸ਼ਾਵਾਂ (ਉਸ ਸਮੇਂ ਦੀ ਪੰਜਾਬੀ, ਬ੍ਰਿਜ ਭਾਸ਼ਾ, ਸੰਸਕ੍ਰਿਤ, ਹਿੰਦੀ, ਪ੍ਰਾਕ੍ਰਿਤ ਆਦਿ) ਦਾ ਪ੍ਰਭਾਵ ਜਾਪਦਾ ਹੈ। ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਹਰਕੀਰਤ ਸਿੰਘ ਦੇ ਸ਼ਬਦਾਂ ਵਿਚ, "ਭੱਟਾਂ ਦੀ ਭਾਸ਼ਾ ਦੀ ਆਪਣੀ ਹੀ ਨਿਵੇਕਲੀ ਨੁਹਾਰ ਹੈ। ਉਨ੍ਹਾਂ ਦੀ ਭਾਸ਼ਾ ਦੇ ਕੁਝ ਅੰਸ਼ ਅਜਿਹੇ ਹਨ, ਜਿਨ੍ਹਾਂ ਨੂੰ ਕਿਸੇ ਵੀ ਭਾਸ਼ਾ ਜਾਂ ਉਪਭਾਸ਼ਾ ਨਾਲ

ਸੰਬੰਧਿਤ ਨਹੀਂ ਕੀਤਾ ਜਾ ਸਕਦਾ- ਇਹ ਭੱਟਾਂ ਦੇ ਆਪਣੇ ਬੋਲੇ ਹਨ।[੯] ਬੇਸ਼ੱਕ ਭੱਟਾਂ ਦੀ ਭਾਸ਼ਾ ਮਿਸ਼੍ਰਿਤ ਮੰਨੀ ਗਈ ਹੈ ਤੇ ਇਸ ਨੂੰ ਭੱਟ-ਭਾਸ਼ਾ ਦਾ ਨਾਂ ਦਿੱਤਾ ਗਿਆ ਹੈ ਪਰ ਕਈ ਸਵੱਈਆਂ ਵਿਚ ਠੇਠ ਪੰਜਾਬੀ ਦਾ ਰੰਗ ਵੀ ਰੂਪਮਾਨ ਹੋਇਆ ਹੈ। ਇਸ ਲਈ ਇਹ ਪੰਜਾਬੀ ਸਾਹਿਤ ਦੀ ਅਨੂਠੀ ਰਚਨਾ ਹੈ।

**ਛੰਦ :** ਭੱਟ ਬਾਣੀਕਾਰਾਂ ਦੁਆਰਾ ਆਪਣੀ ਰਚਨਾ ਵਿਚ ਸਵੈਯਾ ਛੰਦ ਕਾਵਿ-ਰੂਪ ਅਪਣਾਇਆ ਮੰਨਿਆ ਜਾਂਦਾ ਹੈ ਤੇ ਭੱਟ ਸਾਹਿਬਾਨ ਦੀ ਬਾਣੀ ਨੂੰ 'ਭੱਟਾਂ ਦੇ ਸਵਈਏ' ਨਾਂ ਨਾਲ ਜਾਣਿਆ ਜਾਂਦਾ ਹੈ। ਪਰ ਡਾ. ਜੋਸ਼ੀ ਦਾ ਵਿਚਾਰ ਹੈ ਕਿ ਸਵੈਯਾ ਛੰਦ ਲੈਅ ਅਤੇ ਰਵਾਨੀ ਦੇ ਪੱਖ ਤੋਂ ਵਿਸ਼ੇਸ਼ ਗੁਣਾਂ ਦਾ ਧਾਰਨੀ ਮੰਨਿਆ ਜਾਂਦਾ ਹੈ ਪਰ ਸਿਰਲੇਖ ਸਵੈਯੇ ਹੋਣ ਦੇ ਬਾਵਜੂਦ ਵੀ ਇਨ੍ਹਾਂ ਉੱਪਰ ਚਰਣਾਂ ਤੋਂ ਲੈ ਕੇ ਵਰਣਾਂ ਤਕ ਸਵੈਯੇ ਦੇ ਲੱਛਣ ਲਾਗੂ ਕਰਨਾ ਸਰਲ ਕੰਮ ਨਹੀਂ। ਭੱਟ ਬਾਣੀਕਾਰਾਂ ਨੇ ਛੰਦ ਦੇ ਸ਼ਾਸਤਰੀ ਸਰੂਪ ਦੇ ਬੰਧਨਾਂ ਨੂੰ ਤੋੜ ਕੇ ਭਾਵਾਂ ਦੇ ਪ੍ਰਗਟਾਵੇ ਨੂੰ ਪਹਿਲ ਦਿੱਤੀ ਹੈ। ਇਸ ਮਨੋਰਥ ਵਿਚ ਉਨ੍ਹਾਂ ਦੀ ਸਫਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ ਬਣ ਕੇ ਅਮਰਤਾ ਪ੍ਰਾਪਤ ਕਰ ਸਕੀ।[੧੦] ਭੱਟਾਂ ਦੇ ਸਵੱਈਆਂ ਵਿਚ ਛੰਦਾਂ ਦੇ ਕੁਝ ਸਿਰਲੇਖ ਦਿੱਤੇ ਹਨ ਜਿਵੇਂ ਸੋਰਠੇ, ਝੋਲਨਾ, ਰੱਡ ਛੰਦ ਆਦਿ।

ਭੱਟ ਸਾਹਿਬਾਨ ਦੀ ਬਾਣੀ ਵਿਚ ਉਪਮਾ, ਰੂਪਕ, ਅਨੁਪ੍ਰਾਂਸ ਆਦਿ ਅਲੰਕਾਰਾਂ ਦੀ ਵਰਤੋਂ ਬਾਖੂਬੀ ਹੋਈ ਹੈ। ਉਦਾਹਰਣ ਦੇ ਤੌਰ 'ਤੇ ਹੇਠ ਲਿਖੇ ਸਵੱਈਏ ਵਿਚ ਅਲੰਕਾਰਾਂ ਦੀ ਵਰਤੋਂ ਵੇਖਣ ਯੋਗ ਹੈ:

*ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥*
*ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲੵ ਉਨਹ ਜੁੋ ਗਾਵੈ॥*
*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥* *(ਪੰਨਾ ੧੩੯੬)*

ਭਾਸ਼ਾ ਵਿਗਿਆਨੀਆਂ ਦੇ ਵਿਸ਼ਲੇਸ਼ਣ ਅਨੁਸਾਰ 'ਭਲੇ' ਸ਼ਬਦ ਵਿਚ ਸਲੇਸ਼ ਅਲੰਕਾਰ ਹੈ। ਸਲੇਸ਼ ਅਲੰਕਾਰ ਇਕ ਸ਼ਬਦ ਦੇ ਇੱਕ ਤੋਂ ਵੱਧ ਅਰਥ ਹੋਣ 'ਤੇ ਮੰਨਿਆ ਜਾਂਦਾ ਹੈ। ਇੱਥੇ ਇਸ ਦੇ ਅਰਥ 'ਭੱਲਿਆਂ ਦੀ ਕੁਲ ਵਿਚ ਪ੍ਰਗਟ ਹੋਏ' ਅਤੇ 'ਭਲੇ ਗੁਣਾਂ ਦੇ ਸਵਾਮੀ' ਦੋਵੇਂ ਹੋ ਸਕਦੇ ਹਨ। ਉਪਮਾ ਅਲੰਕਾਰ ਵਿਚ ਕਿਸੇ ਵਸਤੂ ਦੀ ਕਿਸੇ ਸਮਾਨ ਗੁਣ ਵਾਲੀ ਹੋਰ ਵਸਤੂ ਨਾਲ ਤੁਲਨਾ ਕੀਤੀ ਜਾਂਦੀ ਹੈ। ਇਸ ਸਵੈਯੇ ਵਿਚ ਭੱਟ ਬਾਣੀਕਾਰ, ਗੁਰੂ ਅਮਰਦਾਸ ਜੀ ਦੇ ਗੁਣਾਂ ਦੇ ਸਮਾਨ ਹੋਰ ਕੁਝ ਲੱਭਣ ਵਿਚ ਅਸਮਰੱਥ ਹੈ। ਜਦੋਂ ਉਹ ਕੁਝ ਵੀ ਲੱਭਣ ਵਿਚ ਅਸਫਲ ਹੁੰਦਾ ਹੈ ਤਾਂ ਉਸ ਪਾਸ ਇਸ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਹੈ ਕਿ ਹੇ ਸਤਿਗੁਰੂ! ਤੇਰੇ ਜਿਹਾ ਤੂੰ ਆਪ ਹੀ ਹੈਂ। ਕਿਹਾ ਵੀ ਹੈ- ਡਿਠੇ ਸਭੇ ਥਾਂਵ ਨਹੀਂ ਤੁਧੁ ਜੇਹਿਆ।[੧੧]

ਭੱਟ ਸਾਹਿਬਾਨ ਦੀ ਬਾਣੀ ਨੂੰ ਇਕਾਗਰਚਿੱਤ ਹੋ ਕੇ ਪੜ੍ਹਨ ਅਤੇ ਸੁਣਨ ਵਾਲੇ

ਦੇ ਮਨ 'ਤੇ ਇਸ ਵਿਚ ਪਰੋਏ ਸ਼ਬਦਾਂ ਦੁਆਰਾ ਰਵਾਨੀ ਤੇ ਲੈਅ ਦਾ ਸੰਗੀਤਾਤਮਕ ਪ੍ਰਭਾਵ ਸੁਭਾਵਿਕ ਹੀ ਪੈਂਦਾ ਹੈ। ਉਦਾਹਰਣ ਲਈ ਵੇਖੋ:

- *ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥*
  *ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ*
  *ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥*
  *ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ*
  *ਸਬਦ ਝਨਤਕਾਰ ਖੇਲੁ ਪਾਹਿ ਜੀਉ॥* *(ਪੰਨਾ ੧੪੦੨)*
- *ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ॥* *(ਪੰਨਾ ੧੪੦੦)*

**ਇਤਿਹਾਸਿਕ ਪੱਖ:** ਪ੍ਰੋ. ਸ਼ੇਰ ਸਿੰਘ ਦਾ ਵਿਚਾਰ ਹੈ ਕਿ "ਸੱਤਾ ਬਲਵੰਡ, ਬਾਬਾ ਸੁੰਦਰ ਤੇ ਭੱਟ ਸਾਹਿਬਾਨ ਤੋਂ ਬਿਨਾਂ ਸਾਨੂੰ ਕਿਸੇ ਬਾਣੀ ਵਿਚੋਂ 'ਨਾਨਕ' ਤੋਂ ਬਿਨਾਂ ਹੋਰ ਕਿਸੇ ਗੁਰੂ ਦੇ ਨਾਉਂ ਦਾ ਹੀ ਨਹੀਂ ਪਤਾ ਲੱਗਦਾ। ਕੇਵਲ 'ਮਹਲਾ' ਵੱਲ ਇਸ਼ਾਰਾ ਹੈ।[੧੨] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤੇ ਵੀ ਗੁਰੂ ਸਾਹਿਬਾਨ ਨੇ ਆਪਣੇ ਨਿੱਜੀ ਜੀਵਨ ਸੰਬੰਧੀ ਕੋਈ ਸੰਕੇਤ ਨਹੀਂ ਦਿੱਤਾ। ਬੇਸ਼ੱਕ ਭੱਟ ਸਾਹਿਬਾਨ ਦੀ ਬਾਣੀ ਦਾ ਉਦੇਸ਼ ਵੀ ਗੁਰ-ਇਤਿਹਾਸ ਲਿਖਣਾ ਨਹੀਂ ਹੈ ਪਰ ਭੱਟ ਬਾਣੀਕਾਰਾਂ ਦੁਆਰਾ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਦਿੱਤੀ ਜਾਣਕਾਰੀ ਪ੍ਰਮਾਣਿਕ ਮੰਨੀ ਜਾਂਦੀ ਹੈ।ਹੇਠ ਲਿਖੀਆਂ ਉਦਾਹਰਣਾਂ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਵਿਚਾਰਨਯੋਗ ਹਨ:

ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਫੇਰੂ ਜੀ ਦੇ ਸਪੁੱਤਰ ਹਨ:

- *...ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥* *(ਪੰਨਾ ੧੩੯੧)*
- *ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥* *(ਪੰਨਾ ੧੩੯੧-੯੨)*

ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਤੇਜ ਭਾਨ ਜੀ ਦੀ ਪ੍ਰਸਿੱਧ ਭੱਲਿਆਂ ਦੀ ਕੁਲ ਵਿਚ ਪ੍ਰਗਟ ਹੋਏ:

- *ਭਲਉ ਪ੍ਰਸਿਧੁ ਤੇਜੋ ਤਨੌ ਕਲ੍ਯ੍ਯ ਜੋੜਿ ਕਰ ਧ੍ਯ੍ਯਾਇਅਓ॥* *(ਪੰਨਾ ੧੩੯੩)*
- *ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ॥* *(ਪੰਨਾ ੧੩੯੬)*

ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਬੈਕੁੰਠ ਵਰਗਾ ਗੋਇੰਦਵਾਲ ਨਗਰ ਬਿਆਸ ਦਰਿਆ ਦੇ ਕੰਢੇ ਉੱਤੇ ਬਣਾਉਣ ਦਾ ਸੰਕੇਤ ਭੱਟ ਨਲ੍ਯ੍ਯ ਜੀ ਨੇ ਦਿੱਤਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਸ੍ਰੀ ਹਰਦਾਸ ਜੀ ਦੇ ਸਪੁੱਤਰ ਤੇ ਸੋਢੀ ਕੁਲ ਵਿੱਚੋਂ ਹਨ:

- *ਕਵਿ ਕਲ੍ਯ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥* *(ਪੰਨਾ ੧੩੯੬)*
- *ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥* *(ਪੰਨਾ ੧੪੦੬)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਜਨਮ ਲਿਆ ਹੈ:

*- ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ॥ ਸਗਲ ਮਨੋਰਥ ਪੂਰੀ ਆਸਾ॥*

*(ਪੰਨਾ ੧੪੦੭)*

*- ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ॥੧॥ (ਪੰਨਾ ੧੪੦੭)*

ਭੱਟ ਸਾਹਿਬਾਨ ਦੀ ਬਾਣੀ ਦੇ ਅਖੀਰਲੇ ਸਵੱਈਏ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਤੇ ਜੋਤੀ ਜੋਤਿ ਸਮਾਉਣ ਦੀ ਘਟਨਾ ਬਾਰੇ ਅੰਕਿਤ ਇਹ ਤੱਥ ਬਹੁਤ ਮਹਤੱਵ ਪੂਰਨ ਹਨ:

*ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ॥*
*ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ॥*
*ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ॥*
*ਹਰਿਬੰਸ ਜਗਤਿ ਜਸੁ ਸੰਚਰ੍ਯਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ॥੧॥*
*ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥*
*ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥...*
*ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥੨॥*

*(ਪੰਨਾ ੧੪੦੯)*

## *ਹਵਾਲੇ ਅਤੇ ਟਿਪਣੀਆਂ:*

*੧. Bhatts were bards or panegyrists who recited poetry lauding the grandeur of a ruler or the gallantry of a warrior. Bhatt was also used as epithet for a learned Brahman. In the Sikh tradition Bhatts are poets with the personal experience and vision of the spirituality of the Gurus whom they celebrate in their verse. Encyclopaedia of Sikhism, Vol.1, p.351*

*੨. ਨਾ.ਪ੍ਰ. ਪਤ੍ਰਿਕਾ, ਸਫਾ ੩੩.*

*੩. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦਸਵੀਂ ਪੋਥੀ, ਸਫਾ ੪੨੫.*

*੪. ਨਾ.ਪ੍ਰ. ਪਤ੍ਰਿਕਾ, ਸਫਾ ੭੦-੭੧*

*੫. ਉਹੀ, ਸਫਾ ੨੧*

*੬. ਗੁਰ ਅਰਜੁਨ ਪਰਤਖੁ ਹਰਿ, ਗੁਰੂ ਨਾਨਕ ਮਿਸ਼ਨ, ੪੩ ਵਾਂ ਟ੍ਰੈਕਟ, ਸਫਾ ੯.*

*੭. ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਸਫਾ ੩੯*

*੮. 'ਗੁਰੂ ਅਰਜੁਨ ਪਰਤਖੁ ਹਰਿ', ਸੱਚਖੰਡ ਪੱਤਰ, ਅਗਸਤ ੧੯੮੨, ਸਫਾ ੩੧.*

*੯. ਗੁਰਬਾਣੀ ਦੀ ਭਾਸ਼ਾ ਅਤੇ ਵਿਆਕਰਨ (ਪੰਜਾਬੀ ਯੂਨੀ.ਪਟਿਆਲਾ), ਸਫੇ ੩੫੦-੫੧.*

*੧੦. ਨਾ.ਪ੍ਰ. ਪਤ੍ਰਿਕਾ, ਸਫਾ ੧੨-੧੩*

*੧੧. ਉਹੀ, ਸਫਾ ੧੫*

*੧੨. ਗੁਰਮਤਿ ਦਰਸ਼ਨ, ਸਫਾ ੩੭*

# ਗੁਰਬਾਣੀ ਦੇ ਸੰਦਰਭ ਵਿਚ ਭੱਟ ਸਾਹਿਬਾਨ ਦੀ ਬਾਣੀ ਦੀ ਪ੍ਰਸੰਗਿਕਤਾ

*-ਡਾ. ਗੁਰਨਾਮ ਕੌਰ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ-ਸੰਰਚਨਾ ਵਿਚ ਭੱਟ ਸਾਹਿਬਾਨ ਦੀ ਬਾਣੀ ਦਾ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਪ੍ਰਸੰਗ ਭੱਟ ਸਾਹਿਬਾਨ ਦੀ ਬਾਣੀ ਰਾਹੀਂ ਹੀ ਸਰਲ ਅਤੇ ਸਪੱਸ਼ਟ ਯੋਗਦਾਨ ਪਾਉਣਾ ਸ਼ੁਰੂ ਕਰਦੇ ਹਨ। ਰਾਜਸਥਾਨ ਅਤੇ ਉੱਤਰੀ ਭਾਰਤ ਦੇ ਦੂਜੇ ਖੇਤਰੀ ਸਾਹਿਤ ਵਿਚ ਭੱਟਾਂ ਦੀ ਲੰਬੀ ਪਰੰਪਰਾ ਮਿਲਦੀ ਹੈ। ਰਾਸੋ ਸਾਹਿਤ ਅਤੇ ਉਸ ਵੇਲੇ ਦਾ ਦਰਬਾਰੀ ਸਾਹਿਤ ਇਸ ਤੱਥ ਦੇ ਪ੍ਰਮਾਣ ਹਨ।

ਗੁਰਬਾਣੀ ਦੇ ਸੰਦਰਭ ਵਿਚ ਭੱਟ ਬਾਣੀਕਾਰਾਂ ਦੀ ਪਰੰਪਰਾ ਇਉਂ ਲੱਗਦੀ ਹੈ, ਜਿਵੇਂ ਉੱਤਰੀ ਭਾਰਤ ਦੇ ਕਿਸੇ ਖਿੱਤੇ ਦੀ ਪਰੰਪਰਾ ਹੋਵੇ। ਭੱਟ ਬਾਣੀਕਾਰਾਂ ਦੇ ਪਿਛੋਕੜ ਬਾਰੇ ਕੋਈ ਬਹੁਤੀ ਇਤਿਹਾਸਕ ਸਮੱਗਰੀ ਉਪਲਬਧ ਨਹੀਂ ਹੁੰਦੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ ਸਾਹਿਬਾਨ ਦੀ ਬਾਣੀ ਤੋਂ ਇਸ ਪਰੰਪਰਾ ਦੀ ਨਿਵੇਕਲੀ ਸੁਰ ਦਾ ਪਤਾ ਜ਼ਰੂਰ ਲੱਗਦਾ ਹੈ। ਡਾ. ਗੰਡਾ ਸਿੰਘ ਨੇ ਇਸ ਸੰਦਰਭ ਵਿਚ ਭੱਟ- ਵਹੀਆਂ[੧] ਦੀ ਛਾਣ-ਬੀਣ ਤਾਂ ਜ਼ਰੂਰ ਕੀਤੀ ਪਰ ਉਹ ਕਿਸੇ ਪੱਕੇ ਸਿੱਟੇ 'ਤੇ ਨਾ ਪੁੱਜ ਸਕੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧੧ ਭੱਟ ਬਾਣੀਕਾਰਾਂ ਦੀ ਬਾਣੀ ਸੰਕਲਿਤ ਹੈ। ਇਹ ਹਨ— ਕਲਸਹਾਰ, ਜਾਲਪ, ਕੀਰਤ, ਭਿਖਾ, ਸਲ, ਭਲ, ਨਲ, ਗਯੰਦ, ਬਲ, ਮਥੁਰਾ, ਹਰਿਬੰਸ।

ਇਹ ਸਾਰੇ ਭੱਟ ਕਲਸਹਾਰ ਦੀ ਅਗਵਾਈ ਹੇਠ ਇਕੱਠੇ ਹੀ ਗੋਇੰਦਵਾਲ ਸਾਹਿਬ ਆਏ, ਭੱਟ ਸਾਹਿਬਾਨ ਦੀ ਬਾਣੀ ਵਿਚ ਕਿਤੇ ਵੀ ਕਰਤਾਰਪੁਰ ਜਾਂ ਖਡੂਰ ਸਾਹਿਬ ਦਾ ਜ਼ਿਕਰ ਨਹੀਂ ਮਿਲਦਾ, ਜਦ ਕਿ ਗੋਇੰਦਵਾਲ ਸਾਹਿਬ ਦਾ ਜ਼ਿਕਰ ਬੜੇ ਸਪੱਸ਼ਟ ਸ਼ਬਦਾਂ ਵਿਚ ਹੋਇਆ ਹੈ:

*ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ॥*
*ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥*

*(ਪੰਨਾ ੧੪੦੦)*

ਭੱਟ ਬਾਣੀਕਾਰਾਂ ਦਾ ਮੁੱਖ ਕਿੱਤਾ ਭਾਵੇਂ ਆਸ਼੍ਰਯ-ਦਾਤਾ ਦਾ ਜੱਸ ਗਾਇਨ ਕਰਕੇ ਰੋਜ਼ੀ-ਰੋਟੀ ਕਮਾਉਣਾ ਸੀ ਪਰ ਗੁਰੂ-ਘਰ ਨਾਲ ਸੰਬੰਧਿਤ ਭੱਟ ਸਾਹਿਬਾਨ ਦਾ ਮੁੱਖ ਉਦੇਸ਼ ਇਹ ਨਹੀਂ ਜਾਪਦਾ। ਉਹ ਗੁਰੂ-ਸ਼ਰਨ ਵਿਚ ਰੋਜ਼ੀ-ਰੋਟੀ ਨੂੰ ਸਾਧਨ ਮੰਨ ਕੇ

ਨਹੀਂ ਆਏ ਬਲਕਿ ਜਗਿਆਸੂ ਬਣ ਕੇ ਗੁਰੂ-ਕਿਰਪਾ ਪ੍ਰਾਪਤ ਕਰਨ ਲਈ ਉਨ੍ਹਾਂ ਆਸ਼੍ਰਯ-ਦਾਤਾ ਦਾ ਇਹ ਦਰ ਲੱਭਾ। ਸਵੱਈਏ ਮਹਲੇ ਤੀਜੇ ਕੇ ਵਿਚ ਭੱਟ ਭਿਖਾ ਜੀ ਆਪਣੀ ਇਸ ਅਵਸਥਾ ਦਾ ਵਰਣਨ ਕਰਦੇ ਹਨ:

*ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥*
*ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ॥*
*ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ॥*
*ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ॥*
*ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ॥*
*ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ॥*

*(ਪੰਨਾ ੧੩੯੫)*

ਵੇਖਣ ਵਾਲੀ ਗੱਲ ਇਹ ਹੈ ਕਿ ਭੱਟ-ਜ਼ਾਤੀ ਨੇ ਆਪਣੀ ਨਿਮਨ ਪ੍ਰਵਿਰਤੀ ਤਿਆਗ ਕੇ ਉੱਚ ਅਧਿਆਤਮਕ ਪ੍ਰਾਪਤੀਆਂ ਲਈ ਨਵਾਂ ਜੀਵਨ-ਮੋੜ ਕੱਟਿਆ। ਇਸ ਨਾਲ ਉਨ੍ਹਾਂ ਨੂੰ ਸਮਾਜ ਵਿਚ ਸਿਰ ਉੱਚਾ ਕਰ ਕੇ ਜੀਣ ਦਾ ਅਵਸਰ ਮਿਲਿਆ ਅਤੇ ਨਾਲ ਹੀ ਗੁਰੂ-ਸੇਵਕਾਂ ਵਿਚ ਆਦਰ ਦਾ ਦਰਜਾ ਪ੍ਰਾਪਤ ਹੋਇਆ। ਇਤਿਹਾਸਕ ਤੌਰ 'ਤੇ ਪੰਜਾਬ ਵਿਚ ਭੱਟ-ਜ਼ਾਤੀ ਵਿਚ ਆਇਆ ਇਹ ਨਵਾਂ ਪਰਿਵਰਤਨ ਉਨ੍ਹਾਂ ਦੇ ਜ਼ਾਤੀਗਤ ਸੰਸਕਾਰਾਂ ਨੂੰ ਵੀ ਬਦਲ ਦੇਂਦਾ ਹੈ। ਇਸ ਤਰ੍ਹਾਂ ਭੱਟਾਂ ਵਿਚ ਆਇਆ ਗੁਣਾਤਮਕ ਪਰਿਵਰਤਨ ਉਨ੍ਹਾਂ ਦੀ ਉਸਤਤਿ-ਬਾਣੀ ਵਿਚ ਵੀ ਪ੍ਰਗਟ ਹੁੰਦਾ ਹੈ। ਭੱਟ ਗੁਰੂ-ਘਰ ਦੇ ਅਨਿੰਨ ਸੇਵਕ ਬਣ ਕੇ ਰਹੇ। ਉਨ੍ਹਾਂ ਨੇ ਸਿੱਖ ਸੰਗਤਾਂ ਵਿਚ ਆਪਣੇ ਪ੍ਰਤੀ ਉਚੇਚੀ ਦਿਲਚਸਪੀ ਵੀ ਪੈਦਾ ਕੀਤੀ ਕਿ ਸਿੱਖ ਸੰਗਤਾਂ ਨੂੰ ਗੁਰੂ-ਉਸਤਤਿ ਸੰਬੋਧਨ ਲਈ ਕੁਝ ਅਜਿਹੇ ਸ਼ਬਦ ਦਿੱਤੇ, ਜੋ ਗੁਰੂ-ਸਾਹਿਬਾਨ ਦੀ ਸ਼ਖ਼ਸੀਅਤ ਨੂੰ ਸਿੱਖ ਸੰਗਤਾਂ ਦੇ ਰੂ-ਬ-ਰੂ ਉਸੇ ਤਰ੍ਹਾਂ ਪ੍ਰਸਤੁਤ ਕਰਨ ਵਿਚ ਸਮਰੱਥ ਸਨ, ਜਿਸ ਤਰ੍ਹਾਂ ਦਾ ਸੁਹਜ-ਮੁਹਾਂਦਰਾ ਗੁਰੂ ਕਿਰਪਾ ਨਾਲ ਸੰਗਤ ਦੇ ਮਨ ਉੱਪਰ ਪਿਆ ਹੋਇਆ ਸੀ:

*ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥*
*ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥*
*ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥*
*ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ ਬੰਮ੍ਯ੍ਯੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ॥*
*ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥*

*(ਪੰਨਾ ੧੪੦੨)*

ਗੁਰੂ ਦੇ ਆਦਰਸ਼ਾਂ ਨੂੰ ਭੱਟ ਮੁਖਾਰਬਿੰਦ ਤੋਂ ਸੁਣ ਕੇ ਸੰਗਤ ਵਿਚ ਗੁਰੂ ਸਾਹਿਬਾਨ ਪ੍ਰਤੀ ਕੇਵਲ ਸ਼ਰਧਾ ਹੀ ਨਹੀਂ ਜਾਗਦੀ ਸੀ ਬਲਕਿ ਉਨ੍ਹਾਂ ਦੇ ਵਿਵਹਾਰਕ ਕਾਰਜ ਸਿੱਖ ਸੰਗਤ ਨੂੰ ਲਾਮਬੰਦ ਕਰਨ ਵਿਚ ਵੀ ਸਹਾਇਕ ਹੁੰਦੇ ਸਨ। ਇਸ ਤਰ੍ਹਾਂ ਜਾਪਦਾ ਹੈ ਕਿ ਸਿੱਖਾਂ ਦੀ ਜਥੇਬੰਦਕ ਹੋਂਦ ਦੀ ਪਿੱਠਭੂਮੀ ਇਹ ਭੱਟ ਸਾਹਿਬਾਨ ਸਹਿਜ ਰੂਪ ਵਿਚ

ਹੀ ਤਿਆਰ ਕਰ ਰਹੇ ਸਨ।

ਗੁਰੂ-ਆਸ਼ੇ ਨੂੰ ਸਾਰਥਕ ਰੂਪ ਪ੍ਰਦਾਨ ਕਰਨ ਲਈ ਕੁਝ ਗੁਰੂ-ਸੇਵਕ ਅਰੰਭ ਤੋਂ ਹੀ ਗੁਰ-ਸੰਗਤ ਮਾਣਨ ਦਾ ਮਾਣ ਪ੍ਰਾਪਤ ਕਰਦੇ ਰਹੇ। ਭੱਟ ਸਾਹਿਬਾਨ ਦੀ ਬਾਣੀ ਦੀ ਇਸ ਪੂਰਵ ਭੂਮਿਕਾ ਵਿਚ ਭਾਈ ਮਰਦਾਨਾ ਜੀ ਤੇ ਭਾਈ ਗੁਰਦਾਸ ਜੀ ਨੂੰ ਕਿਸੇ ਵੀ ਰੂਪ ਵਿਚ ਭੁੱਲਿਆ ਨਹੀਂ ਜਾ ਸਕਦਾ। ਵਿਸ਼ੇ-ਵਸਤੂ ਪੱਖੋਂ ਭੱਟ ਸਾਹਿਬਾਨ ਦੀ ਬਾਣੀ ਦਾ ਤੁਲਨਾਤਮਕ ਸੰਦਰਭ ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਦੇ ਰਚਨਾਤਮਕ ਸੰਦਰਭ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਭੱਟ ਸਾਹਿਬਾਨ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿਚ ਕਈਆਂ ਦ੍ਰਿਸ਼ਟੀਆਂ ਤੋਂ ਪ੍ਰਾਸੰਗਿਕ ਹੈ। ਗੁਰਮਤਿ ਦਾ ਆਸ਼ਾ ਇਸ ਬਾਣੀ ਦਾ ਕੇਂਦਰੀ ਥੀਮ ਹੈ। ਕਈ ਵਾਰ ਸਰਗੁਣ ਬ੍ਰਹਮ ਦੀ ਉਪਾਸਨਾ ਕਰਦੇ ਜਾਪਦੇ ਹਨ ਪਰ ਜਦ ਵੀ ਵਿਚਾਰਕ ਪੱਖੋਂ ਉਹ ਕਾਵਿ-ਸਿਖਰ ਨੂੰ ਛੋਂਹਦੇ ਹਨ ਤਾਂ ਅਦਿੱਖ ਅਕਾਲ ਪੁਰਖ ਸਾਖ਼ਿਆਤ ਹੋ ਜਾਂਦਾ ਹੈ।

ਭੱਟ ਸਾਹਿਬਾਨ ਗੁਰੂ ਦੀ ਸ਼ਖ਼ਸੀਅਤ ਨੂੰ ਗੁਰਬਾਣੀ ਦੇ ਕੇਂਦਰ ਤੋਂ ਉਭਾਰਦੇ ਹਨ। ਗੁਰਬਾਣੀ ਦਾ ਕੇਂਦਰ ਅਕਾਲ ਪੁਰਖ ਦੀ ਅਰਾਧਨਾ ਦਾ ਧੁਰਾ ਹੈ:

*ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥*
*ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ॥*
*ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ॥*
*ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ॥*
*ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ॥*
*ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ॥ (ਪੰਨਾ ੧੩੯੪)*

ਇਹ ਵੀ ਜਾਪਦਾ ਹੈ ਕਿ ਭੱਟ ਬਾਣੀਕਾਰ ਗੁਰਬਾਣੀ ਦੀ ਪਰੰਪਰਾ, ਮਹੱਤਵ ਅਤੇ ਅਧਿਆਤਮਕ ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਜਾਣੂ ਹਨ। ਭੱਟ ਸਾਹਿਬਾਨ ਦੀ ਬਾਣੀ ਗੁਰਬਾਣੀ ਦਾ ਅਟੁੱਟ ਹਿੱਸਾ ਜਾਪਦੀ ਹੈ। ਭੱਟ ਸਾਹਿਬਾਨ ਦੀ ਬਾਣੀ ਨੂੰ ਅਸੀਂ ਗੁਰਬਾਣੀ ਦੀ ਮੂਲ ਸੰਵੇਦਨਾ ਤੋਂ ਵੱਖ ਕਰ ਕੇ ਨਹੀਂ ਵੇਖ ਸਕਦੇ। ਗੁਰਬਾਣੀ ਦੀਆਂ ਸੰਚਾਰ-ਜੁਗਤਾਂ ਭੱਟ ਸਾਹਿਬਾਨ ਦੀ ਬਾਣੀ ਰਾਹੀਂ ਹੋਰ ਵਧੇਰੇ ਅਰਥ ਭਰਪੂਰ ਅਤੇ ਸੰਵੇਦਨਸ਼ੀਲ ਬਣਦੀਆਂ ਹਨ। ਸਾਡੀ ਜਾਚੇ, ਭੱਟ ਸਾਹਿਬਾਨ ਦੀ ਬਾਣੀ ਵਿਅਕਤਿਤ੍ਵ ਅਤੇ ਕਰਤਿਤ੍ਵ ਨੂੰ ਸਾਂਝੇ ਰੂਪ ਵਿਚ ਪ੍ਰਸਤੁਤ ਕਰਨ ਵਾਲੀ ਸੰਚਾਰ-ਜੁਗਤ ਹੈ।

ਭੱਟ ਸਾਹਿਬਾਨ ਦੀ ਬਾਣੀ ਦੇ ਮੁੱਢਲੇ ਸੰਦਰਭ ਕਿਤੇ-ਕਿਤੇ ਹਿੰਦੂ ਮਿਥਿਹਾਸ ਦੇ ਸੰਦਰਭਾਂ ਨੂੰ ਵੀ ਰੂਪਮਾਨ ਕਰਦੇ ਹਨ। ਗੁਰੂ ਸਾਹਿਬਾਨ ਦੀ ਉਸਤਤਿ ਵਿਚ ਉਚਾਰੇ ਸ਼ਬਦ ਅਜਿਹੀ ਬਿੰਬਾਵਲੀ ਹਨ, ਜਿਨ੍ਹਾਂ ਦਾ ਮੁੱਖ ਵਿਸ਼ਾ ਅਕਾਲ ਪੁਰਖ ਦੀ ਉਸਤਤਿ ਅਤੇ ਉਸ ਉਸਤਤਿ ਰਾਹੀਂ ਪ੍ਰਾਪਤ ਕੀਤੀ ਨਦਰ ਮਨੁੱਖੀ ਆਤਮਾ ਦੇ ਉਦਾਤੀਕਰਨ ਨਾਲ ਜੁੜੀ ਹੋਈ ਹੈ, ਜਿਸ ਨਾਲ ਗੁਰੂ ਦਾ ਆਦਰਸ਼ ਰੂਪ ਵੀ

ਇਕਮਿਕ ਹੋਇਆ ਜਾਪਦਾ ਹੈ।

ਭੱਟ ਸਾਹਿਬਾਨ ਦੀ ਬਾਣੀ ਦੇ ਆਦਰਸ਼, ਗੁਰਬਾਣੀ ਦੇ ਹੀ ਆਦਰਸ਼ ਹਨ। ਗੁਰਬਾਣੀ ਦੇ ਆਦਰਸ਼ਾਂ ਵਿਚ ਸਰਬੱਤ ਦਾ ਭਲਾ, ਲੋਕ-ਮੰਗਲ ਦੀ ਭਾਵਨਾ, ਸੇਵਾ, ਤਿਆਗ ਤੇ ਸੱਚ ਪ੍ਰਤੀ ਦ੍ਰਿੜ੍ਹਤਾ ਅਤੇ ਮਨੁੱਖੀ ਭਾਈਚਾਰੇ ਪ੍ਰਤੀ ਹਾਂ-ਮੁਖੀ ਚੋਣ ਹੈ। ਭੱਟ ਸਾਹਿਬਾਨ ਦੀ ਬਾਣੀ ਵਿਚ ਵੀ ਅਜਿਹੇ-ਮੁੱਲਾਂ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ। ਇਸ ਦੇ ਨਾਲ ਹੀ ਭੱਟ ਸਾਹਿਬਾਨ ਦੀ ਬਾਣੀ ਵਿਚ ਗੁਰਮਤਿ ਦੇ ਸਿਧਾਂਤਾਂ ਅਤੇ ਗੁਰਮਤਿ-ਦਰਸ਼ਨ ਦੀ ਵਿਆਖਿਆ ਮਿਲਦੀ ਹੈ:

*ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥*
*ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ॥*
*ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ॥*
*ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ॥*
*ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ॥*
*(ਪੰਨਾ ੧੪੦੩-੦੪)*

ਭੱਟ ਸਾਹਿਬਾਨ ਦੀ ਪਾਵਨ ਬਾਣੀ ਦੀ ਪ੍ਰਸੰਗਿਕਤਾ ਗੁਰਬਾਣੀ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਸਾਹਿਬਾਨ ਦੀ ਬਾਣੀ ਨਾਲ ਵੀ ਸਾਰਥਕ ਢੰਗ ਨਾਲ ਜੁੜਦੀ ਹੈ। ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਨਾਮਦੇਵ ਜੀ, ਭਗਤ ਪੀਪਾ ਜੀ ਅਤੇ ਭਗਤ ਸੇਣ ਜੀ ਦੀ ਬਾਣੀ ਵਿਚ ਨਿਰਗੁਣ ਬ੍ਰਹਮ ਲਈ ਵਰਤੇ ਬਿੰਬ ਜਿਸ ਤਰ੍ਹਾਂ ਸਰਗੁਣ ਦੀ ਭੂਮਿਕਾ ਨੂੰ ਨਕਾਰਦੇ ਹਨ, ਉਸੇ ਤਰ੍ਹਾਂ ਭੱਟ ਸਾਹਿਬਾਨ ਦੀ ਬਾਣੀ ਵਿਚ ਵੀ ਸਰਗੁਨ ਦੀ ਭੂਮਿਕਾ ਨੂੰ ਅਰਥ ਭਰਪੂਰ ਨਹੀਂ ਬਣਾਇਆ ਗਿਆ। ਭੱਟ ਸਾਹਿਬਾਨ ਦੀ ਬਾਣੀ ਦਾ ਇਹ ਗੁਣਾਤਮਕ ਪੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੂਲਧਾਰਾ ਦੇ ਅਨੁਕੂਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ੨੨ ਵਾਰਾਂ ਵਿੱਚੋਂ 'ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ' ਦਾ ਸੁਰ ਵੱਖਰਾ ਹੈ। ਇਹ ਵਾਰ ਸਿੱਖ ਦਰਸ਼ਨ ਦੇ ਮੁੱਢਲੇ ਪੜਾਵਾਂ ਨੂੰ ਵੀ ਪ੍ਰਸਤੁਤ ਕਰਦੀ ਹੈ। ਸਿੱਖ ਫ਼ਲਸਫ਼ੇ ਦੀ ਸਥੂਲ ਰੂਪ-ਰੇਖਾ ਨੂੰ ਸਤੇ-ਬਲਵੰਡੇ ਦੀ ਵਾਰ ਤੋਂ ਸਮਝਿਆ ਜਾ ਸਕਦਾ ਹੈ। ਸਿੱਖ ਫਲਸਫੇ ਦਾ ਬਾਹਰੀ ਰੂਪ ਕਿਨ੍ਹਾਂ ਸ਼ਕਤੀਆਂ ਨਾਲ ਜੁੜ ਕੇ ਉੱਭਰ ਰਿਹਾ ਸੀ, ਉਸ ਦੀ ਸੋਝੀ ਇਹ ਵਾਰ ਚੰਗੀ ਤਰ੍ਹਾਂ ਕਰਵਾਉਂਦੀ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਨਵੀਨ ਸਿੱਖ-ਸੱਭਿਆਚਾਰ ਵੀ ਇਸ ਵਾਰ ਵਿਚ ਆਪਣੀ ਵਿਚਾਰਕ ਭੂਮੀ ਤਿਆਰ ਕਰਦਾ ਦਿਖਾਈ ਦੇਂਦਾ ਹੈ। ਸਿੱਖ-ਸੱਭਿਆਚਾਰ ਦੀਆਂ ਆਰੰਭਕ ਇਕਾਈਆਂ ਕਿਸ ਤਰ੍ਹਾਂ ਵਿਕਾਸ ਦੀ ਗਤੀ ਨਾਲ ਆਪਣਾ ਕਦਮ ਮਿਲਾ ਰਹੀਆਂ ਸਨ। ਇਸ ਵਾਰ ਦੇ ਸੱਭਿਆਚਾਰਕ ਅਧਿਐਨ ਤੋਂ ਕਈ ਮਹੱਤਵਪੂਰਨ ਤੱਥ ਪ੍ਰਤੱਖ ਹੋ ਜਾਂਦੇ ਹਨ। ਸਿੱਖ-ਸੱਭਿਆਚਾਰ ਦੀ ਇਹ ਵਾਰ ਪਹਿਲੀ ਸੰਵਾਦ-ਸੰਵੇਦਨਾ ਹੈ, ਜਿਸ ਦਾ ਇਤਿਹਾਸਕ ਮਹੱਤਵ ੧੭ਵੀਂ ਅਤੇ ੧੮ਵੀਂ ਸਦੀ ਦੇ ਸਿੱਖ-ਸੱਭਿਆਚਾਰ

ਵਿਚ ਹੋਰ ਵਧੇਰੇ ਸਪੱਸ਼ਟ ਹੁੰਦਾ ਹੈ।

ਭੱਟ ਸਾਹਿਬਾਨ ਦੀ ਬਾਣੀ ਦਾ ਇਤਿਹਾਸਕ ਸੰਦਰਭ ਵੀ ਸਾਡਾ ਧਿਆਨ ਖਿੱਚਦਾ ਹੈ। ਗੁਰੂ-ਘਰ ਨਾਲ ਜੁੜੇ ਕੁਝ ਪ੍ਰਮੁੱਖ ਪ੍ਰਸੰਗ ਪ੍ਰਤੱਖ-ਅਪ੍ਰਤੱਖ ਰੂਪ ਵਿਚ ਹਿੱਸਾ ਬਣੇ। ਗੁਰੂ-ਘਰ ਦੇ ਇਤਿਹਾਸ ਤੋਂ ਵੀ ਭੱਟ ਸਾਹਿਬਾਨ ਦੀ ਬਾਣੀ ਸਾਨੂੰ ਪਰਿਚਿਤ ਕਰਵਾਉਂਦੀ ਹੈ।

ਸੰਗੀਤਕ ਦ੍ਰਿਸ਼ਟੀ ਤੋਂ ਭੱਟ ਸਾਹਿਬਾਨ ਦੀ ਬਾਣੀ ਕਿਸੇ ਨਿਸ਼ਚਿਤ ਰਾਗ ਵਿਚ ਨਹੀਂ ਲਿਖੀ ਹੋਈ ਪਰ ਇਸ ਦੇ ਆਂਤਰਿਕ ਅਨੁਸ਼ਾਸਨ ਕਰ ਕੇ ਇਸ ਨੂੰ ਉਚਾਰਿਆ ਤੇ ਗਾਇਆ ਜਾ ਸਕਦਾ ਹੈ। ਭੱਟ ਬਾਣੀਕਾਰਾਂ ਵਿਚ ਖ਼ੁਦ ਵੀ ਗੁਰਬਾਣੀ ਦਾ ਪ੍ਰਚਾਰ ਕਰਨ ਹਿੱਤ ਇਸ ਬਾਣੀ ਦਾ ਸੁੰਦਰ ਢੰਗ ਨਾਲ ਗਾਇਨ ਕਰਨ ਦੀ ਪਰੰਪਰਾ ਰਹੀ ਹੈ।

ਭੱਟ ਸਾਹਿਬਾਨ ਦੀ ਬਾਣੀ ਦਾ ਪ੍ਰਮੁੱਖ ਛੰਦ ਸਵੱਈਆਂ ਹੈ। ਇਸੇ ਲਈ ਇਸ ਬਾਣੀ ਦਾ ਸਿਰਲੇਖ ਹੀ ਸਵੱਈਏ ਮਹਲੇ ਪਹਿਲੇ ਕੇ, ਦੂਜੇ ਕੇ ਇਤਿਆਦਿ ਹੈ। ਇਥੇ 'ਸਵੱਈਏ' ਉਸਤਤਿ ਦਾ ਹੀ ਪਰਿਆਇਵਾਚੀ ਸ਼ਬਦ ਬਣ ਗਿਆ ਹੈ। ਸਵੱਈਏ ਤੋਂ ਬਿਨਾਂ ਭੱਟਾਂ ਨੇ ਕਈ ਹੋਰ ਛੰਦਾਂ ਦੀ ਵੀ ਵਰਤੋਂ ਕੀਤੀ ਹੈ, ਜਿਹਾ ਕਿ ਝੋਲਨਾ, ਰੱਡ, ਸੋਰਠਾ ਆਦਿ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਕ-ਸੰਰਚਨਾ ਵਿਚ ਭੱਟ ਸਾਹਿਬਾਨ ਦੀ ਬਾਣੀ ਬ੍ਰਿਜ ਭਾਸ਼ਾ ਦੀ ਪਰੰਪਰਾ ਲੈ ਕੇ ਪ੍ਰਸਤੁਤ ਹੋਈ। ਇਸ ਦ੍ਰਿਸ਼ਟੀ ਤੋਂ ਪੰਜਾਬ ਵਿਚ ਲਿਖੇ ਗਏ ਬ੍ਰਿਜ ਭਾਸ਼ਾ ਦੇ ਸਾਹਿਤ ਦੇ ਕੁਝ ਅੰਤਰਾਲਾਂ ਨੂੰ ਘੋਖਿਆ ਜਾ ਸਕਦਾ ਹੈ। ਹਿੰਦੂ-ਮਿਥਿਹਾਸ ਦੇ ਬਹੁਤ ਸਾਰੇ ਸੰਦਰਭ ਬ੍ਰਿਜ ਭਾਸ਼ਾ ਦੀ ਵਿਸ਼ੇਸ਼ ਸ਼ਬਦਾਵਲੀ ਰਾਹੀਂ ਭੱਟ ਸਾਹਿਬਾਨ ਦੀ ਬਾਣੀ ਰਾਹੀਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੂਪਮਾਨ ਹੋਏ ਹਨ। ਅਜਿਹੀ ਪਰੰਪਰਾ ਦਾ ਸੱਭਿਆਚਾਰ ਪਿਛੋਕੜ ਤੇ ਅਧਿਐਨ ਪੰਜਾਬੀ ਦੇ ਮੱਧਕਾਲੀ ਸਾਹਿਤ ਦੇ ਵੱਖਰੇ ਪ੍ਰਸੰਗਾਂ ਨੂੰ ਪ੍ਰਸਤੁਤ ਕਰਨ ਵਿਚ ਸਹਾਇਕ ਹੋ ਸਕਦਾ ਹੈ। ਇਸੇ ਸੰਦਰਭ ਵਿਚ ਭੱਟ ਸਾਹਿਬਾਨ ਦੀ ਬਾਣੀ ਦਾ ਰਚਨਾਤਮਕ ਸੰਸਾਰ ਹਿੰਦੂ ਧਰਮ ਦਰਸ਼ਨ ਨੂੰ ਗੁਰਮਤਿ ਦਰਸ਼ਨ ਦੇ ਸੰਦਰਭ ਵਿਚ ਨਵੇਂ ਤੱਥਾਂ ਵਿਚ ਪੇਸ਼ ਕਰਨ ਦੇ ਵੀ ਸਮਰੱਥ ਹੋਇਆ ਲੱਗਦਾ ਹੈ। ਇਹ ਸੰਚਾਰ-ਜੁਗਤ ਦੋ ਫ਼ਲਸਫ਼ਿਆਂ ਦੇ ਆਦਾਨ-ਪ੍ਰਦਾਨ ਕਰਨ ਵਿਚ ਵੀ ਸਹਾਈ ਹੋਈ ਲੱਗਦੀ ਹੈ।

ਭੱਟ ਬਾਣੀਕਾਰ ਕਥਨੀ ਤੇ ਕਰਨੀ ਦੇ ਵੀ ਪੂਰੇ ਸਨ। ਗੁਰੂ-ਆਦਰਸ਼ਾਂ ਮੁਤਾਬਕ ਉਨ੍ਹਾਂ ਨੇ ਆਪਣਾ ਜੀਵਨ ਢਾਲਿਆ ਤੇ ਮੌਕਾ ਆਉਣ 'ਤੇ ਜੁਝਾਰੂ ਸੂਰਮੇ ਵਾਂਗ ਆਪਣਾ ਬਲੀਦਾਨ ਵੀ ਦਿੱਤਾ। ਭੱਟ ਕੀਰਤ ਜੀ ਮਹਾਨ ਯੋਧੇ ਸਨ ਅਤੇ ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਖਲਿਸ ਖਾਂ ਨਾਲ ਹੋਏ ਯੁੱਧ ਵਿਚ ਸ਼ਹੀਦ ਹੋਏ।

ਭੱਟ ਸਾਹਿਬਾਨ ਦੀ ਬਾਣੀ ਦਾ ਪ੍ਰਮੁੱਖ ਸੁਰ ਭਾਵੇਂ ਗੁਰੂ-ਮਹਿਮਾ ਹੈ, ਫਿਰ ਵੀ ਇਸ ਵਿਚ ਅਤਕਥਨੀ ਵਾਲਾ ਪੂਰਨ ਵਰਣਨ ਨਹੀਂ ਹੋਇਆ ਕਿਉਂਕਿ ਗੁਰੂ ਸਾਹਿਬਾਨ ਦਾ ਜੀਵਨ ਅਤੇ ਆਦਰਸ਼ ਇਸ ਬਾਣੀ ਦੀ ਮਰਿਯਾਦਾਪੂਰਨ ਸੰਵੇਦਨਾ ਦਾ ਹਿੱਸਾ ਰਹੇ

ਹਨ। ਭੱਟ ਸਾਹਿਬਾਨ ਦੀ ਬਾਣੀ ਪਰਵਰਤੀ ਸਾਹਿਤਕਾਰਾਂ ਲਈ ਪ੍ਰੇਰਨਾ-ਸ੍ਰੋਤ ਰਹੀ ਹੈ। ਗੁਰੂ-ਜੀਵਨ ਤੇ ਗੁਰੂ-ਮਹਿਮਾ ਸੰਬੰਧੀ ਰਚੇ ਗ੍ਰੰਥ ਜਿਵੇਂ ਭਾਈ ਸੰਤੋਖ ਸਿੰਘ ਕ੍ਰਿਤ 'ਗੁਰ ਪ੍ਰਤਾਪ ਸੂਰਜ', ਸਰੂਪ ਦਾਸ ਭੱਲਾ ਰਚਿਤ 'ਮਹਿਮਾ ਪ੍ਰਕਾਸ਼' ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ 'ਤੇ ਭੱਟ ਸਾਹਿਬਾਨ ਦੀ ਬਾਣੀ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ:

*ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥*
*ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥*
*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪੵਉ॥ ਹਰਿ ਕਾ ਨਾਮੁ ਅਖੈ ਨਿਧਿ ਅਪੵਉ॥*
*(ਪੰਨਾ ੧੪੦੧)*

■

# ਪੰਚਮ ਪਾਤਸ਼ਾਹ

*-ਸ. ਹਰਸਾ ਸਿੰਘ 'ਚਾਤਰ' (ਗੁਰਪੁਰਵਾਸੀ)*

ਪੰਜਵੀਂ ਪੀੜ੍ਹੀ ਨਾਨਕੋਂ, ਭਾਨੀ ਦੇ ਪੁੱਤ ਨੂੰ ਗੁਰਿਆਈ,
ਬੈਠਾ ਸੋਢੀ ਪਾਤਸ਼ਾਹ, ਅੰਮ੍ਰਿਤਸਰ ਵਿਚ ਜੋਤ ਜਗਾਈ।
ਚਾਰੇ ਬੂਹੇ ਚਹੁੰ ਜੁੱਗੀਂ, ਚਹੁੰ ਵਰਨਾਂ ਦੀ ਸਾਂਝ ਬਣਾਈ,
ਸਿਰ 'ਤੇ ਚੁੱਕੀ ਟੋਕਰੀ, ਹਰਿਮੰਦਰ ਦੀ ਕਾਰ ਕਮਾਈ।
ਅੰਮ੍ਰਿਤ ਹਰਿ ਕੀ ਪਉੜੀਉਂ, ਪੀ-ਪੀ ਹੋਵੇ ਹਰੀ ਲੋਕਾਈ,
ਹਰਿਮੰਦਰ ਨੂੰ ਸਾਜਿਆ, ਭਰਮ ਭੁਲੇਖਾ ਬਾਣ ਚੁਕਾਈ।
ਦੁੱਖ ਭੰਜਨ ਦੁੱਖਭੰਜਨੀ, ਕਾਵਾਂ ਨੇ ਕਾਇਆ ਪਲਟਾਈ,
ਸੁਖ ਦੀ ਦਾਤੀ ਸੁਖਮਨੀ, ਧੁਰੋਂ ਉਤਾਰੀ ਜੱਗ ਵਿਚ ਆਈ।
ਬੱਧੀ ਬੀੜ ਗ੍ਰੰਥ ਸਾਹਿਬ, ਡੁੱਬਦੀ ਦੁਨੀਆਂ ਪਾਰ ਲੰਘਾਈ,
ਹੋਇਆ ਜਦੋਂ ਮੁਕਾਬਲਾ, ਜਬਰ ਸਬਰ ਦੀ ਛਿੜੀ ਲੜਾਈ।
ਜਿੱਤੀਆਂ ਜੰਗਾਂ ਸਤਿਗੁਰਾਂ, ਹਰ ਗਿਆ ਜਹਾਂਗੀਰ ਕਸਾਈ।
ਤਖ਼ਤ ਤਵੀ ਨੂੰ ਸਮਝਿਆ, ਸਿਰ 'ਤੇ ਕੜਛਾ ਚੌਰ ਝੁਲਾਈ,
ਬਿਰਾਜ ਕੇ ਤੱਤੀ ਤਵੀ 'ਤੇ, ਦੁਨੀਆਂ 'ਤੇ ਸ਼ਾਂਤੀ ਵਰਤਾਈ।
ਮੀਆਂ ਮੀਰ ਪੁਕਾਰਦਾ, ਮੌਲਾ ਇਹ ਕੀ ਬਣਤ ਬਣਾਈ?'
ਭਾਣੇ ਅੰਦਰ ਟਾਕਰਾ, ਬੈਠਾ ਸਤਿਗੁਰੂ ਆਸਣ ਲਾਈ,
ਸਿਜਦਾ ਕੀਤਾ ਪੀਰ ਨੇ, ਵਾਰ ਉਚਾਰ ਫਰਿਸ਼ਤੇ ਗਾਈ।
ਗੁਰ ਅਰਜਨ ਪਰਤਖੁ ਹਰਿ, ਪੁੱਗਦੀ ਨਾ 'ਚਾਤਰ' ਚਤਰਾਈ,
ਵੱਡੇ ਦੀ ਵੱਡੀ ਵਡਿਆਈ।

■

# ਭੱਟ ਸਾਹਿਬਾਨ ਦੀ ਬਾਣੀ : ਸਵਈਏ

*-ਸ. ਸੁਖਦੇਵ ਸਿੰਘ ਸ਼ਾਂਤ**

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਮਹਾਨ ਕੋਸ਼' ਵਿਚ ਸੰਸਕ੍ਰਿਤ ਮੂਲ ਦੇ ਸ਼ਬਦ 'ਭੱਟ' ਦੇ ਅਰਥ 'ਉਸਤਤਿ ਪੜ੍ਹਨ ਵਾਲਾ ਕਵਿ', 'ਰਾਜ ਦਰਬਾਰ ਵਿਚ ਰਾਜਾ ਅਤੇ ਯੋਧਿਆਂ ਦਾ ਯਸ਼ ਕਹਿਣ ਵਾਲਾ' ਅਤੇ 'ਵੇਦ ਗਯਾਤਾ ਪੰਡਿਤ' ਕੀਤੇ ਹਨ। 'ਮਹਾਨ ਕੋਸ਼' ਵਿਚ 'ਭੱਟਾਚਾਰਯ' ਸ਼ਬਦ ਦੇ ਅਰਥ 'ਵੇਦ ਤਤ੍ਵ ਜਾਣਨ ਵਾਲਾ ਮਹਾਨ ਪੰਡਿਤ' ਲਿਖੇ ਗਏ ਹਨ ਅਤੇ ਕੁਮਾਰਿਲ ਭੱਟ ਦਾ ਜ਼ਿਕਰ 'ਮੀਮਾਂਸਾ ਸ਼ਾਸਤ੍ਰ ਦਾ ਆਚਾਰਯ' ਵਜੋਂ ਦਰਜ ਹੈ। ਇਨ੍ਹਾਂ ਸਾਰੇ ਅਰਥਾਂ ਤੋਂ 'ਭੱਟ' ਸ਼ਬਦ ਦੀ ਮਹਾਨਤਾ, ਵਿਦਵਤਾ ਅਤੇ ਗਾਇਨ-ਕਲਾ ਦੀ ਸਮਰੱਥਾ ਦਾ ਪ੍ਰਗਟਾਵਾ ਹੁੰਦਾ ਹੈ। 'ਗੁਰਪ੍ਰਤਾਪ ਸੂਰਜ' ਦੇ ਕਰਤਾ ਭਾਈ ਸੰਤੋਖ ਸਿੰਘ ਜੀ ਨੇ ਭੱਟ ਸਾਹਿਬਾਨ ਨੂੰ 'ਵੇਦਾਂ ਦੇ ਅਵਤਾਰ' ਦਾ ਦਰਜਾ ਦੇ ਕੇ ਵਡਿਆਇਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗਿਆਰਾਂ ਭੱਟ ਸਾਹਿਬਾਨ ਦੇ ਰਚਿਤ ੧੨੩ ਸਵੱਈਆਂ ਦਾ ਪਾਠ ਕਰਦਿਆਂ ਭਾਈ ਕਾਨ੍ਹ ਸਿੰਘ ਜੀ ਅਤੇ ਭਾਈ ਸੰਤੋਖ ਸਿੰਘ ਜੀ ਵੱਲੋਂ ਦੱਸੇ ਗਏ ਅਰਥ ਚਿੱਟੇ ਦਿਨ ਵਾਂਗ ਸਾਡੀਆਂ ਅੱਖਾਂ ਸਾਹਮਣੇ ਸਾਕਾਰ ਹੋ ਜਾਂਦੇ ਹਨ।

ਭੱਟ ਸਾਹਿਬਾਨ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਹਿੱਸਾ ਹੈ ਅਤੇ ਇਸ ਬਾਣੀ ਅੱਗੇ ਅਸੀਂ ਸਭ ਸਿਰ ਝੁਕਾਉਂਦੇ ਹਾਂ। ਜਦੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਜਾਂ ਹੁਕਮ ਲਿਆ ਜਾਂਦਾ ਹੈ ਤਾਂ ਭੱਟ ਸਾਹਿਬਾਨ ਦੀ ਪਵਿੱਤਰ ਬਾਣੀ ਦਾ ਗਾਇਨ ਪਹਿਲਾਂ ਕੀਤਾ ਜਾਂਦਾ ਹੈ। ਇਹ ਪਵਿੱਤਰ ਫ਼ਰਮਾਨ ਗੁਰਬਾਣੀ ਦਾ ਪਾਠ ਕਰਨ ਵਾਲਿਆਂ ਦੀ ਜ਼ਬਾਨ 'ਤੇ ਚੜ੍ਹੇ ਹੋਏ ਹਨ:

*- ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥ (ਪੰਨਾ ੧੩੯੨)*

*- ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥*
*(ਪੰਨਾ ੧੪੦੬)*

ਭੱਟ ਭਿਖਾ ਜੀ ਸਮੇਤ ਉਨ੍ਹਾਂ ਦੇ ਭਰਾ, ਭਤੀਜੇ,ਪੁੱਤ ਅਤੇ ਪੋਤਰੇ ਲੱਗਦੇ ਕੁੱਲ ਗਿਆਰਾਂ ਭੱਟ ਸਾਹਿਬਾਨ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਪੰਜਵੀਂ ਪਾਤਸ਼ਾਹੀ ਤਕ ਗੁਰ-ਵਿਅਕਤੀ ਅਤੇ ਗੁਰ-ਜੋਤਿ ਦੋਹਾਂ ਰੂਪਾਂ ਵਿਚ ਗੁਰੂ ਦੀ ਵਡਿਆਈ ਕਰਦਿਆਂ

** # ੩੬-ਬੀ, ਰਤਨ ਨਗਰ, ਪਟਿਆਲਾ।*

ਸਵੱਈਏ ਉਚਾਰੇ ਹਨ। ਭਾਵੇਂ ਇਸ ਰਚਨਾ ਵਿਚ ਕਬਿੱਤ, ਸੋਰਠਾ, ਝੂਲਣਾ ਆਦਿ ਛੰਦ ਵੀ ਮੌਜੂਦ ਹਨ ਪਰ ਬਹੁਗਿਣਤੀ ਵਿਚ ਸਵੱਈਏ ਹੋਣ ਕਰਕੇ ਗੁਰੂ ਸਾਹਿਬ ਨੇ ਸੰਪਾਦਨ ਕਰਦਿਆਂ ਇਸ ਬਾਣੀ ਨੂੰ 'ਸਵਈਏ' ਦਾ ਸਿਰਲੇਖ ਹੀ ਦਿੱਤਾ ਹੈ।

ਸਵਯਾ ਜਾਂ ਸਵਾਈਆ ਹਿੰਦੀ ਦਾ ਇਕ ਪ੍ਰਸਿੱਧ ਛੰਦ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਇਸ ਛੰਦ ਦੇ ੩੪ ਰੂਪ ਕਾਵਿ-ਉਦਾਹਰਣਾਂ ਦੇ ਕੇ ਦਰਜ ਕੀਤੇ ਹੋਏ ਹਨ। ਪ੍ਰੋ. ਪਿਆਰਾ ਸਿੰਘ ਪਦਮ ਦੀ ਮੁੱਖ ਸੰਪਾਦਨਾ ਹੇਠ ਸੰਪਾਦਿਤ 'ਗੁਰੂ ਗ੍ਰੰਥ ਸੰਕੇਤ ਕੋਸ਼' ਵਿਚ ਵੀ ਸਵੱਈਏ ਰੂਪੀ ਛੰਦ ਦੇ ਦੋ ਰੂਪ ਦੱਸੇ ਗਏ ਹਨ ਇਕ ਮਾਤ੍ਰਿਕ ਅਤੇ ਦੂਜਾ ਵਰਣਕ। ਦਸ਼ਮੇਸ਼ ਪਿਤਾ ਜੀ ਦੇ ਪਾਵਨ ਅਤੇ ਖ਼ੂਬਸੂਰਤ ਸਵਯੇ ਪੜ੍ਹ ਕੇ ਜਗਿਆਸੂ ਅਤੇ ਸ਼ਰਧਾਲੂ ਵਜਦ ਵਿਚ ਆ ਜਾਂਦੇ ਹਨ। ਭੱਟ ਸਾਹਿਬਾਨ ਦੇ ਸਵੱਈਆਂ ਤੋਂ ਪਹਿਲਾਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਚਿਤ ੨੦ ਸਵੱਈਏ ਦਰਜ ਹਨ, ਇਨ੍ਹਾਂ ਨੂੰ 'ਸਵਯੇ ਸ੍ਰੀ ਮੁਖ੍ਬਾਕ ਮਹਲਾ ੫' ਦਾ ਸਿਰਲੇਖ ਦਿੱਤਾ ਗਿਆ ਹੈ। ਇਸ ਤਰ੍ਹਾਂ ਇਸ ਕਾਵਿ-ਰੂਪ ਨੂੰ 'ਸਵਯੇ' ਅਤੇ 'ਸਵਈਏ' ਦੋਹਾਂ ਤਰੀਕਿਆਂ ਨਾਲ ਲਿਖਿਆ ਗਿਆ ਹੈ।

ਭੱਟ ਸਾਹਿਬਾਨ ਦੀ ਬਾਣੀ ਨੂੰ ਵਿਚਾਰਨ ਸਮੇਂ ਇਸ ਦੇ ਮਿਥਿਹਾਸਕ, ਇਤਿਹਾਸਕ, ਸਿਧਾਂਤਕ ਅਤੇ ਸਾਹਿਤਕ ਪੱਖਾਂ ਨੂੰ ਸਾਹਮਣੇ ਰੱਖ ਕੇ ਵਿਚਾਰ ਕੀਤੀ ਜਾ ਸਕਦੀ ਹੈ।

### ਮਿਥਿਹਾਸਕ ਪੱਖ

ਗੁਰੂ ਸਾਹਿਬਾਨ, ਭਗਤ ਸਾਹਿਬਾਨ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦੀ ਤਰ੍ਹਾਂ ਭੱਟ ਸਾਹਿਬਾਨ ਦੀ ਬਾਣੀ ਵਿਚ ਵੀ ਮਿਥਿਹਾਸਕ ਹਵਾਲੇ ਸੰਕੇਤਕ ਰੂਪ ਵਿਚ ਥਾਂ-ਥਾਂ ਦਿੱਤੇ ਗਏ ਹਨ। ਬ੍ਰਹਮਾ, ਮਹਾਦੇਉ (ਸ਼ਿਵ ਜੀ), ਇੰਦ੍ਰਾਦ, ਦੇਵ ਤੇਤੀਸ (ਤੇਤੀ ਕਰੋੜ ਦੇਵਤੇ), ਭਗਤ ਪ੍ਰਹਿਲਾਦਿਕ, ਜਨਕਾਦਿ, ਸਨਕਾਦਿ, ਕਪਿਲਾਦਿ, ਧ੍ਰੂ ਭਗਤ, ਧੋਮ ਰਿਸ਼ੀ, ਗੌਤਮ ਰਿਸ਼ੀ, ਪਰਸ ਰਾਮ, ਭੀਸ਼ਮ ਪਿਤਾਮਾ, ਉਗਰਸੈਣ, ਊਧੋ, ਅਕੂਰ, ਬਿਦਰ, ਸੁਦਾਮਾ, ਸੁਖਦੇਉ (ਵਿਆਸ ਰਿਸ਼ੀ ਦਾ ਪੁੱਤਰ), ਪਰੀਖਤ (ਅਭਿਮੰਨਯੂ ਦਾ ਪੁੱਤਰ, ਅਰਜੁਨ ਦਾ ਪੋਤਰਾ), ਦਰੋਪਤੀ, ਗਨਿਕਾ, ਅੰਬਰੀਕ, ਬਲਿ ਰਾਜਾ, ਵਾਮਨ ਅਵਤਾਰ, ਰਾਜਾ ਭਰਥਰੀ, ਰਘੁ ਸ੍ਰੀ ਰਾਮ ਚੰਦ ਜੀ, ਸ੍ਰੀ ਕ੍ਰਿਸ਼ਨ ਜੀ, ਸ਼ੇਸ਼ਨਾਗ, ਰਾਜਾ ਜਨਕ ਆਦਿ ਕਿੰਨੇ ਹੀ ਨਾਂ ਹਨ ਜੋ ਭੱਟ ਸਾਹਿਬਾਨ ਦੀ ਬਾਣੀ ਵਿਚ ਦਰਜ ਹਨ। ਇਹ ਸਪੱਸ਼ਟ ਹੀ ਹੈ ਕਿ ਰਮਾਇਣ ਅਤੇ ਮਹਾਭਾਰਤ ਦੋਹਾਂ ਨਾਲ ਸੰਬੰਧਿਤ ਪਾਤਰਾਂ ਅਤੇ ਕਥਾਵਾਂ ਨੂੰ ਇਸ ਬਾਣੀ ਵਿਚ ਸੰਕੇਤਕ ਤੌਰ 'ਤੇ ਵਰਤਿਆ ਗਿਆ ਹੈ। ਇਹ ਹਵਾਲੇ ਆਮ ਤੌਰ 'ਤੇ ਦੋ ਰੂਪਾਂ ਵਿਚ ਆਏ ਹਨ। ਪਹਿਲਾ ਰੂਪ ਇਹ ਹੈ ਕਿ ਸਾਰੇ ਦੇਵੀ-ਦੇਵਤੇ, ਸਿਧ-ਸਾਧਿਕ, ਨਾਥ, ਰਿਸ਼ੀ-ਮੁਨੀ ਅਤੇ ਭਗਤ ਗੁਰੂ ਨਾਨਕ ਜੀ ਦੀ ਅਕਾਲ ਪੁਰਖ ਦੀ ਜੋਤਿ ਦੇ ਰੂਪ ਵਿਚ ਮਹਿਮਾ ਕਰਦੇ ਆ ਰਹੇ ਹਨ। ਦੂਜੇ ਪਾਸੇ ਵਿਚ ਇਨ੍ਹਾਂ ਹਵਾਲਿਆਂ ਰਾਹੀਂ ਨੇਕੀ ਅਤੇ ਬਦੀ ਦੀ ਹੁੰਦੀ ਆਈ

ਟੱਕਰ ਨੂੰ ਵੀ ਦਰਸਾਇਆ ਗਿਆ ਹੈ ਅਤੇ ਜਿੱਤ ਨੇਕੀ, ਸਚਾਈ ਅਤੇ ਭਗਤੀ ਦੀ ਹੁੰਦੀ ਦਿਖਾਈ ਹੈ।

ਚਹੁੰ ਜੁੱਗਾਂ ਦਾ ਵਰਣਨ ਕਰਦੇ ਹੋਏ ਭੱਟ ਕਲਸਹਾਰ ਜੀ ਸ੍ਰੀ ਗੁਰੂ ਨਾਨਕ ਸਾਹਿਬ ਦੀ ਸਦੀਵੀ ਜੋਤਿ ਦੀ ਸਿਫ਼ਤ-ਸਲਾਹ ਇਉਂ ਕਰਦੇ ਹਨ:

*ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥ (ਪੰਨਾ ੧੩੯੦)*

ਉਪਰੋਕਤ ਸਵੱਈਏ ਦੀ ਅੰਤਲੀ ਤੁਕ ਸਾਰੇ ਸਵਈਏ ਦਾ ਅਸਲ ਭਾਵ ਪ੍ਰਗਟ ਕਰਦੀ ਹੈ। ਅਕਾਲ ਪੁਰਖ (ਆਦਿ ਪੁਰਖ) ਦੀ ਇਹ ਇੱਛਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਜ ਅਬਿਚਲ ਅਤੇ ਅਟੱਲ ਹੈ। ਇਸੇ ਕਰਕੇ ਗੁਰੂ ਨਾਨਕ ਸਾਹਿਬ ਕੇਵਲ ਕਲਿਜੁਗ ਵਿਚ ਹੀ ਨਹੀਂ ਬਲਕਿ ਸਤਿਜੁਗ, ਤ੍ਰੇਤੇ ਅਤੇ ਦੁਆਪਰ ਯੁਗਾਂ ਵਿਚ ਵੀ ਮੌਜੂਦ ਸਨ। ਕਲਸਹਾਰ ਜੀ ਜਦੋਂ ਗੁਰੂ ਸਾਹਿਬ ਨੂੰ ਵਾਮਨ ਅਵਤਾਰ, ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਦੇ ਰੂਪ ਵਿਚ ਦੇਖਦੇ ਹਨ ਤਾਂ ਇਸ ਦਾ ਭਾਵ ਇਹੀ ਹੈ ਕਿ ਗੁਰੂ ਨਾਨਕ ਦੀ ਜੋਤਿ ਸਦੀਵੀ ਹੈ। ਕਿੰਨੀ ਡੂੰਘੀ ਸੋਚ ਹੈ ਕਿ ਕਲਸਹਾਰ ਜੀ ਦੀ ਕਿ ਆਪ ਜੀ ਨੇ ਸ੍ਰੀ ਕ੍ਰਿਸ਼ਨ ਜੀ ਦੇ ਹੱਥੋਂ ਕੰਸ ਦਾ ਮਰਨਾ ਨਹੀਂ ਲਿਖਿਆ, ਕਿਰਤਾਰਥ ਹੋਣਾ ਲਿਖਿਆ ਹੈ। ਇਸ ਤਰ੍ਹਾਂ ਭਗਵਾਨ ਨੇ ਪਾਪੀ ਦਾ ਵੀ ਕਲਿਆਣ ਕੀਤਾ ਹੈ ਅਤੇ ਆਪਣੇ ਭਗਤ ਨੂੰ ਰਾਜਗੱਦੀ 'ਤੇ ਬਿਠਾਇਆ ਹੈ। ਜ਼ਾਹਰ ਹੈ ਕਿ ਇਸ ਸਵੱਈਏ ਰਾਹੀਂ ਭੱਟ ਕਲਸਹਾਰ ਜੀ ਪਰਮਾਤਮਾ ਦੀ ਸਦੀਵਤਾ, ਨੇਕੀ ਅਤੇ ਸਚਾਈ ਦੀ ਜੈ-ਜੈ ਕਾਰ ਕਰ ਰਹੇ ਹਨ, ਇਹੀ ਗੁਰੂ ਨਾਨਕ ਪਾਤਸ਼ਾਹ ਦੀ ਸੱਚੀ ਸਿਫ਼ਤ-ਸਲਾਹ ਹੈ।

ਮਿਥਿਹਾਸਕ ਹਵਾਲਿਆਂ ਨਾਲ ਭੱਟ ਨਲ੍ਹ ਜੀ ਪਰਮਾਤਮਾ ਦੁਆਰਾ ਆਪਣੇ ਭਗਤਾਂ ਦੀ ਲਾਜ ਰੱਖਣ ਦੀ ਗੱਲ ਕਰਦੇ ਹੋਏ ਗੁਰੂ ਰਾਮਦਾਸ ਜੀ ਨੂੰ ਆਪਣੀ ਲਾਜ ਰੱਖਣ ਲਈ ਜੋਦੜੀ ਕਰਦੇ ਹਨ:

*ਅਬ ਰਾਖਹੁ ਦਾਸ ਭਾਟ ਕੀ ਲਾਜ॥*
*ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥*
*ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥*
*ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥*
*ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ॥*
*(ਪੰਨਾ ੧੪੦੦)*

ਪ੍ਰਹਿਲਾਦ ਭਗਤ ਦੀ ਹਰਨਾਖ਼ਸ਼ ਤੋਂ ਰੱਖਿਆ ਕੀਤੀ, ਦ੍ਰੋਪਤੀ ਦੇ ਚੀਰ-ਹਰਨ

ਸਮੇਂ ਉਸ ਦੀ ਲਾਜ ਰੱਖੀ, ਸੁਦਾਮੇ ਨੂੰ ਬਿਪਤਾ ਤੋਂ ਬਚਾਇਆ ਅਤੇ ਗਨਿਕਾ ਵੱਲੋਂ ਰਾਮ-ਨਾਮ ਪੜ੍ਹੇ ਜਾਣ ਕਰਕੇ ਉਸ ਦੀ ਮੁਕਤੀ ਹੋਈ। ਭੱਟ ਨਲ੍ਹ ਜੀ ਪਰਮਾਤਮਾ ਵੱਲੋਂ ਉਪਰੋਕਤ ਭਗਤਾਂ ਦੀ ਲਾਜ ਰੱਖਣ ਦੀ ਉਦਾਹਰਣ ਦਿੰਦੇ ਹੋਏ ਬੇਨਤੀ ਕਰਦੇ ਹਨ ਕਿ ਜਿਵੇਂ ਗੁਰੂ-ਜੋਤਿ ਦੇ ਰੂਪ ਵਿਚ ਗੁਰੂ ਸਾਹਿਬ ਨੇ ਪਹਿਲਾਂ ਹੋਏ ਭਗਤਾਂ ਦੀ ਲਾਜ ਰੱਖੀ ਸੀ ਉਵੇਂ ਹੀ ਹੁਣ ਕਲਿਜੁਗ ਵਿਚ ਉਹ ਦਾਸ ਨਲ੍ਹ ਦੀ ਲਾਜ ਰੱਖਣ।

ਇੱਥੇ ਇਹ ਗੱਲ ਧਿਆਨ ਵਿਚ ਰੱਖਣੀ ਬਹੁਤ ਜ਼ਰੂਰੀ ਹੈ ਕਿ ਭੱਟ ਸਹਿਬਾਨ ਗੁਰਬਾਣੀ ਦੇ ਕੀਰਤਨੀਏ ਸਨ ਅਤੇ ਗੁਰਬਾਣੀ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ। ਆਪ ਸਾਰਿਆਂ ਨੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀ ਬਾਣੀ ਦੀਆਂ ਰਮਜ਼ਾਂ ਨੂੰ ਜਾਣਿਆ ਅਤੇ ਸਮਝਿਆ ਹੋਇਆ ਸੀ। ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਵੱਲੋਂ ਧ੍ਰੂ ਭਗਤ ਅਤੇ ਪ੍ਰਹਿਲਾਦ ਭਗਤ ਦੀ ਮਹਿਮਾ ਉਨ੍ਹਾਂ ਦੇ ਸਾਹਮਣੇ ਸੀ। ਦੇਵੀ ਦੇਵਤਿਆਂ, ਰਿਸ਼ੀਆਂ-ਮੁਨੀਆਂ, ਸਿੱਧਾਂ-ਯੋਗੀਆਂ ਆਦਿ ਵੱਲੋਂ ਪਰਮਾਤਮਾ ਦਾ ਗੁਣ ਗਾਇਨ ਕਰਨ ਦਾ ਜ਼ਿਕਰ ਵੀ ਉਨ੍ਹਾਂ ਨੇ ਪੜ੍ਹਿਆ ਅਤੇ ਗਾਇਆ ਹੋਇਆ ਸੀ। ਇਸੇ ਲਈ ਭੱਟ ਸਾਹਿਬਾਨ ਉਸੇ ਪ੍ਰੰਪਰਾ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਸਤਿਗੁਰਾਂ ਦੀ ਵਡਿਆਈ ਵਿਚ ਸਵੱਈਆਂ ਦੀ ਰਚਨਾ ਕਰ ਰਹੇ ਸਨ। ਮਿਥਿਹਾਸਕ ਕਥਾਵਾਂ ਅਤੇ ਸੰਕੇਤਾਂ ਦੇ ਬਾਹਰੀ ਵਰਣਨ ਨਾਲੋਂ ਉਨ੍ਹਾਂ ਕਥਾਵਾਂ ਅਤੇ ਸੰਕੇਤਾਂ ਦੀ ਅੰਤਰੀਵੀ ਰਮਜ਼ ਨੂੰ ਸਮਝਣਾ ਵਧੇਰੇ ਜ਼ਰੂਰੀ ਹੁੰਦਾ ਹੈ। ਪ੍ਰਤੀਕਾਂ, ਅਲੰਕਾਰਾਂ ਅਤੇ ਦ੍ਰਿਸ਼ਟਾਂਤਾਂ ਦੇ ਗਹਿਣਿਆਂ ਨਾਲ ਅੰਦਰਲੇ ਤੱਤ ਨੂੰ ਚੰਗੀ ਤਰ੍ਹਾਂ ਸਮਝਾਉਣ ਵਿਚ ਕਵੀਆਂ ਨੂੰ ਆਸਾਨੀ ਹੁੰਦੀ ਹੈ। ਭੱਟ ਸਾਹਿਬਾਨ ਨੇ ਆਪਣੇ-ਆਪ ਨੂੰ ਕਵਿ ਅਤੇ ਕਵਿਅਣ ਕਹਿਣ ਦਾ ਫ਼ਖ਼ਰ ਵੀ ਹਾਸਲ ਕੀਤਾ ਹੋਇਆ ਹੈ। ਭੱਟ ਸਾਹਿਬਾਨ ਨਿਰਸੰਦੇਹ ਗੁਰੂ ਸਾਹਿਬਾਨ ਦੀ ਸਿਫ਼ਤ-ਸਲਾਹ ਕਰਨ ਲਈ ਮਿਥਿਹਾਸ ਦਾ ਸਹਾਰਾ ਲੈ ਰਹੇ ਹਨ। ਕਿਉਂਕਿ ਕਾਵਿਕ-ਅਮੀਰੀ ਦੇ ਪੱਖੋਂ, ਵਿਰਸੇ ਅਤੇ ਪਰੰਪਰਾ ਦੀ ਕਦਰ ਦੇ ਪੱਖੋਂ ਅਤੇ ਕਵਿਤਾ ਨੂੰ ਸ਼ਿੰਗਾਰਨ ਦੇ ਪੱਖੋਂ ਇਹ ਉੱਦਮ ਅਤਿ-ਸਰਾਹੁਣ ਯੋਗ ਹੈ। ਪ੍ਰਤੀਕਾਂ ਦੇ ਰੂਪ ਵਿਚ ਭੱਟ ਸਾਹਿਬਾਨ ਗੁਰਮਤਿ ਦੇ ਅਨਮੋਲ ਸਿਧਾਂਤਾਂ ਨੂੰ ਵੀ ਦ੍ਰਿੜ੍ਹ ਕਰਵਾਈ ਜਾ ਰਹੇ ਹਨ। ਇਸ ਤਰ੍ਹਾਂ ਮਿਥਿਹਾਸਕ ਸੰਕੇਤ ਆਪ ਦੀ ਬਾਣੀ ਨੂੰ ਸਿਧਾਂਤਕ ਅਤੇ ਸਾਹਿਤਕ ਪੱਖੋਂ ਉਚਤਮ ਦਰਜੇ ਦੀ ਰਚਨਾ ਬਣਾ ਦਿੰਦੇ ਹਨ ਅਤੇ ਇਸ ਬਾਣੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੁਸ਼ੋਭਿਤ ਕਰ ਦੇਣਾ ਇਕ ਅਜਿਹਾ ਸਨਮਾਨ ਹੈ ਜਿਸ ਦੀ ਪ੍ਰਸ਼ੰਸਾ ਸ਼ਬਦਾਂ ਵਿਚ ਕੀਤੀ ਹੀ ਨਹੀਂ ਜਾ ਸਕਦੀ।

### ਇਤਿਹਾਸਕ ਪੱਖ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਨ੍ਹਾਂ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ ਉਹ ਇਤਿਹਾਸ ਦਾ ਹਿੱਸਾ ਹਨ। ਮਿਥਿਹਾਸ ਦੀ ਮਹੱਤਤਾ ਇਹ ਹੈ ਕਿ ਉਹ ਇਤਿਹਾਸ ਦਾ ਵਿਰਸਾ ਹੈ ਅਤੇ ਉਸ ਦੀ ਪਰੰਪਰਾ ਹੈ। ਇਤਿਹਾਸ ਵਿਚ ਅਸੀਂ ਤੱਥਾਂ

ਦੇ ਵਧੇਰੇ ਨੇੜੇ ਹੁੰਦੇ ਹਾਂ। ਉਂਵ ਵੀ ਸਮੇਂ ਦੇ ਵਿਕਾਸ ਨੇ ਛਾਪੇਖਾਨੇ ਨੂੰ ਜਨਮ ਦਿੱਤਾ ਅਤੇ ਇਤਿਹਾਸ ਛਪੀ ਹੋਈ ਜਾਂ ਲਿਖੀ ਹੋਈ ਸਮੱਗਰੀ ਦੇ ਰੂਪ ਵਿਚ ਸਾਂਭਿਆ ਜਾਣ ਲੱਗਾ। ਹੁਣ ਤਾਂ ਆਧੁਨਿਕ ਤਕਨਾਲੋਜੀ ਨੇ ਤੱਥਾਂ ਨੂੰ ਸਾਂਭਣ ਦਾ ਕੰਮ ਹੋਰ ਵੀ ਸੌਖਾ ਬਣਾ ਦਿੱਤਾ ਹੈ। ਭਗਤ ਸਾਹਿਬਾਨ ਅਤੇ ਗੁਰੂ ਸਾਹਿਬਾਨ ਦਾ ਸਾਡੇ 'ਤੇ ਇਹ ਉਪਕਾਰ ਹੈ ਕਿ ਆਪ ਨੇ ਲਿਖਤੀ ਰੂਪ ਵਿਚ ਅਤੇ ਸੰਪਾਦਿਤ ਰੂਪ ਵਿਚ ਗੁਰਬਾਣੀ ਨੂੰ ਸਦੀਵੀ ਤੌਰ 'ਤੇ ਸੰਭਾਲ ਦਿੱਤਾ ਹੈ। ਭੱਟ ਸਾਹਿਬਾਨ ਨੇ ਇਸ ਲਿਖਤੀ ਵਿਰਾਸਤ ਨੂੰ ਕੀਰਤਨ ਰਾਹੀਂ ਗਾਵਿਆ ਅਤੇ ਸੁਣਿਆ ਹੈ। ਇਸ ਕਰਕੇ ਸਵੱਈਆਂ ਦੀ ਰਚਨਾ ਕਰਦੇ ਸਮੇਂ ਆਪ ਨੇ ਭਗਤ ਸਾਹਿਬਾਨ ਅਤੇ ਗੁਰੂ ਸਾਹਿਬਾਨ ਬਾਰੇ ਸੰਕੇਤ ਰੂਪ ਵਿਚ ਇਤਿਹਾਸਕ ਤੱਥ ਵੀ ਸਾਡੇ ਸਾਹਮਣੇ ਲਿਆਂਦੇ ਹਨ।

ਭੱਟ ਕਲਸਹਾਰ ਜੀ ਭਗਤ ਸਾਹਿਬਾਨ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ:

*ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥*
*ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥*
*ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ॥*
*ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ॥* *(ਪੰਨਾ ੧੩੯੦)*

ਭੱਟ ਜਾਲਪ ਜੀ ਭਗਤ ਸਾਹਿਬਾਨ ਦਾ ਜ਼ਿਕਰ ਇਉਂ ਕਰਦੇ ਹਨ:

*ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ॥*
*ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ॥* *(ਪੰਨਾ ੧੩੯੪)*

ਭੱਟ ਬਲ੍ਯ ਜੀ ਆਪਣੇ ਸਵੱਈਏ ਵਿਚ ਭਗਤ ਸਾਹਿਬਾਨ ਦੀ ਲੜੀ ਮਿਥਿਹਾਸ ਵਿਚ ਹੋਏ ਭਗਤ ਸਾਹਿਬਾਨ ਦੀ ਲੜੀ ਨਾਲ ਜੋੜ ਕੇ ਇਸ ਤਰ੍ਹਾਂ ਫ਼ਰਮਾਉਂਦੇ ਹਨ:

*ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ॥*
*ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥*
*ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ॥*
*ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥*
*(ਪੰਨਾ ੧੪੦੫)*

ਭੱਟ ਕੀਰਤ ਜੀ ਦਾ ਫ਼ਰਮਾਨ ਹੈ:

*ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜ੍ਯੋ ਜੁ ਪ੍ਰਗਾਸੁ॥* *(ਪੰਨਾ ੧੪੦੮)*

ਉਪਰੋਕਤ ਸੰਕੇਤਕ ਹਵਾਲੇ ਭਗਤ ਰਵਿਦਾਸ ਜੀ, ਭਗਤ ਜੈਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਕਬੀਰ ਜੀ, ਭਗਤ ਬੇਣੀ ਜੀ ਅਤੇ ਭਗਤ ਨਾਮਦੇਵ ਜੀ ਸਬੰਧੀ ਦਿੱਤੇ ਗਏ ਹਨ। ਭੱਟ ਸਾਹਿਬਾਨ ਪਹਿਲੀ ਗੱਲ ਤਾਂ ਇਹ ਦੱਸ ਰਹੇ ਹਨ ਕਿ ਭਗਤ ਸਾਹਿਬਾਨ ਨਾਰਦ, ਧ੍ਰੂ ਭਗਤ, ਭਗਤ ਪ੍ਰਹਿਲਾਦ, ਸੁਦਾਮਾ, ਅੰਬਰੀਕ ਆਦਿ ਪਰਮਾਤਮਾ ਦੇ ਭਗਤਾਂ ਦੀ ਲੜੀ ਦਾ ਹੀ ਹਿੱਸਾ ਹਨ। ਇਸ ਤਰ੍ਹਾਂ ਉਹ ਇਹ ਵੀ ਦੱਸ ਰਹੇ ਹਨ

ਕਿ ਪਰਮਾਤਮਾ ਦੀ ਸਿਫ਼ਤ-ਸਲਾਹ ਕਰਨ ਵਾਲੇ ਭਗਤ ਹਰ ਇਕ ਜੁੱਗ ਵਿਚ ਹੋਏ ਹਨ। ਤੀਜੀ ਗੱਲ ਉਹ ਇਹ ਦੱਸ ਰਹੇ ਹਨ ਕਿ ਹਰੀ ਦੇ ਗੁਣ ਗਾਉਣ ਵਾਲੇ ਭਗਤ ਜਗਤ ਵਿਚ ਸਤਿਕਾਰ ਅਤੇ ਜੱਸ ਹਾਸਲ ਕਰਦੇ ਹਨ। ਹਰੀ ਦੀ ਮਤਿ 'ਤੇ ਚੱਲਦਿਆਂ ਉਹ ਲੋਭ, ਕ੍ਰੋਧ, ਤ੍ਰਿਸਨਾ, ਹੰਕਾਰ ਆਦਿ ਤੋਂ ਨਿਰਲੇਪ ਹੋ ਜਾਂਦੇ ਹਨ ਅਤੇ ਉਹ ਹਰੀ-ਜੱਸ ਦੀ ਜੁਗਤ ਨੂੰ ਜਾਣ ਲੈਂਦੇ ਹਨ। ਇਸ ਤਰ੍ਹਾਂ ਭੱਟ ਸਾਹਿਬਾਨ ਭਗਤ ਸਾਹਿਬਾਨ ਦੇ ਜੀਵਨ ਦੀਆਂ ਘਟਨਾਵਾਂ ਨੂੰ ਬਿਆਨ ਕਰਨ ਦੀ ਥਾਂ ਉਨ੍ਹਾਂ ਦੀ ਅਧਿਆਤਮਕ ਅਵਸਥਾ ਅਤੇ ਉਨ੍ਹਾਂ ਦੇ ਗੁਣਾਂ ਦਾ ਵਰਣਨ ਕਰਨਾ ਵਧੇਰੇ ਮਹੱਤਤਾ ਵਾਲਾ ਸਮਝਦੇ ਹਨ। ਇਤਿਹਾਸ ਕੇਵਲ ਘਟਨਾਵਾਂ ਦੇ ਸੰਗ੍ਰਹਿ ਨੂੰ ਹੀ ਨਹੀਂ ਕਿਹਾ ਜਾ ਸਕਦਾ। ਇਤਿਹਾਸ ਸੰਬੰਧਿਤ ਸਮਿਆਂ ਦੀਆਂ ਮਹਾਨ ਸ਼ਖ਼ਸੀਅਤਾਂ ਦੇ ਗੁਣਾਂ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਬਿਆਨ ਨੂੰ ਵੀ ਕਿਹਾ ਜਾਂਦਾ ਹੈ। ਸਮਾਜਿਕ ਅਤੇ ਧਾਰਮਿਕ ਅਵਸਥਾਵਾਂ ਦਾ ਜ਼ਿਕਰ ਵੀ ਇਤਿਹਾਸ ਦਾ ਅੰਗ ਹੁੰਦਾ ਹੈ। ਕਾਵਿ-ਰੂਪ ਵਿਚ ਅਤੇ ਖਾਸ ਕਰਕੇ ਅਧਿਆਤਮਕ-ਕਾਵਿ ਵਿਚ ਇਤਿਹਾਸ ਦਾ ਵਰਣਨ ਹਮੇਸ਼ਾ ਸੰਕੇਤਕ ਰੂਪ ਵਿਚ ਹੀ ਹੁੰਦਾ ਹੈ ਪਰ ਇਹ ਸੰਕੇਤ ਅਕਸਰ ਇਤਿਹਾਸਕਾਰਾਂ ਲਈ ਇਤਿਹਾਸ ਲਿਖਣ ਸਮੇਂ ਬੜੇ ਮੁੱਲਵਾਨ ਹੁੰਦੇ ਹਨ।

ਗੁਰੂ ਸਾਹਿਬਾਨ ਜੋਤਿ-ਰੂਪ ਵਿਚ ਭੱਟ ਸਾਹਿਬਾਨ ਦੇ ਸਾਹਮਣੇ ਹਨ। ਇਸ ਲਈ ਉਹ ਇਸ ਜੋਤਿ-ਰੂਪ ਦੀ ਵਡਿਆਈ ਵੱਲ ਹੀ ਵਧੇਰੇ ਕੇਂਦਰਿਤ ਹਨ ਭਾਵੇਂ ਕਿਤੇ-ਕਿਤੇ ਸੰਕੇਤ ਰੂਪ ਵਿਚ ਉਹ ਗੁਰੂ ਸਾਹਿਬਾਨ ਦੇ ਦੁਨਿਆਵੀ ਜੀਵਨ ਬਾਰੇ ਵੀ ਕੁਝ ਜ਼ਿਕਰ ਕਰ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦੀ ਜੋਤਿ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਫਿਰ ਗੁਰੂ ਅਰਜਨ ਸਾਹਿਬ ਵਿਚ ਪਰਿਵਰਤਿਤ ਹੋਣ ਬਾਰੇ ਭੱਟ ਗਯੰਦ ਜੀ ਇਸ ਤਰ੍ਹਾਂ ਫ਼ਰਮਾਉਂਦੇ ਹਨ:

*ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥*
*ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥*
*ਲਹਣੈ ਪੰਥੁ ਧਰਮ ਕਾ ਕੀਆ॥*
*ਅਮਰਦਾਸ ਭਲੇ ਕਉ ਦੀਆ॥*
*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਉ॥*
*ਹਰਿ ਕਾ ਨਾਮੁ ਅਖੈ ਨਿਧਿ ਅਪ੍ਉ॥* *(ਪੰਨਾ ੧੪੦੧)*

ਇਸ ਸਵੱਈਏ ਵਿਚ ਗੁਰਗੱਦੀ ਦੇ ਗੁਰਮਤਿ-ਸਿਧਾਂਤ ਦੀ ਗੱਲ ਵੀ ਕੀਤੀ ਗਈ ਹੈ ਅਤੇ ਇਸ ਦੇ ਇਹਿਤਾਸਕ ਪਹਿਲੂ ਵੱਲ ਵੀ ਸੰਕੇਤ ਦਿੱਤੇ ਗਏ ਹਨ। ਇੱਥੇ ਗੁਰੂ ਅੰਗਦ ਸਾਹਿਬ ਜੀ ਦਾ ਪਹਿਲਾ ਨਾਂ 'ਲਹਣਾ' ਹੀ ਵਰਤਿਆ ਗਿਆ ਹੈ। ਲਹਿਣਾ ਜੀ ਨੂੰ ਗੁਰੂ ਥਾਪਣ ਵੱਲ ਸੰਕੇਤ ਹੈ ਅਤੇ ਫਿਰ ਲਹਿਣਾ ਜੀ ਵੱਲੋਂ ਧਰਮ ਦਾ ਪੰਥ ਸਥਾਪਿਤ ਕਰਨ ਵੱਲ ਇਸ਼ਾਰਾ ਹੈ। ਧਰਮ ਦਾ ਪੰਥ ਇਹ ਹੈ ਕਿ ਗੁਰਗੱਦੀ ਦੇਣ ਲਈ ਯੋਗਤਾ ਦਾ ਸਿਧਾਂਤ ਹੈ। ਯੋਗਤਾ ਗੁਣਾਂ, ਸੇਵਾ ਅਤੇ ਨਿਮਰਤਾ ਦੀ ਹੈ। ਇਹ

ਯੋਗਤਾ ਗੁਰੂ ਅਮਰਦਾਸ ਜੀ ਪੂਰੀ ਕਰਦੇ ਹਨ ਇਸ ਲਈ ਗੁਰੂ ਅੰਗਦ ਸਾਹਿਬ (ਲਹਿਣਾ ਜੀ) ਨੇ ਗੁਰਗੱਦੀ ਉਨ੍ਹਾਂ ਨੂੰ ਬਖ਼ਸ਼ੀ ਹੈ। ਗੁਰੂ ਅਮਰਦਾਸ ਜੀ ਨੇ ਅੱਗੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਲਈ ਚੁਣਿਆ ਹੈ। ਕਸਵੱਟੀ ਹਰੀ ਦੇ ਨਾਮ ਦੀ, ਸੇਵਾ ਦੀ ਅਤੇ ਨਿਮਰਤਾ ਦੀ ਹੈ। ਇਥੇ 'ਭਲੇ' ਅਤੇ 'ਸੋਢੀ' ਸ਼ਬਦ ਇਤਿਹਾਸਕ ਮਹੱਤਤਾ ਵਾਲੇ ਸੰਕੇਤ ਹਨ ਜਿਨ੍ਹਾਂ ਦੀ ਮਹੱਤਤਾ ਗੁਰੂ ਸਾਹਿਬ ਦੇ ਦੁਨਿਆਵੀ ਜੀਵਨ ਬਾਰੇ ਜਾਣਨ ਲਈ ਕਹੀ ਜਾ ਸਕਦੀ ਹੈ।

ਸ੍ਰੀ ਗੁਰੂ ਅੰਗਦ ਸਾਹਿਬ ਜੀ ਬਾਰੇ ਪਵਿੱਤਰ ਫ਼ਰਮਾਨ ਹੈ:

*ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥(ਪੰਨਾ ੧੩੯੧-੯੨)*

ਭੱਟ ਕਲਸਹਾਰ ਜੀ ਦੱਸਦੇ ਹਨ ਕਿ ਜਗਤ-ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ ਜੀ) ਭਾਈ ਫੇਰੂ ਜੀ ਦੇ ਸਪੁੱਤਰ ਹਨ ਅਤੇ ਰਾਜ-ਜੋਗ ਕਰ ਰਹੇ ਹਨ। ਇਹ ਰਚਨਾ ਦੀ ਖ਼ੂਬੀ ਅਤੇ ਖ਼ੂਬਸੂਰਤੀ ਹੈ ਕਿ ਇਕ ਤੁਕ ਦੇ ਵਿਚ ਹੀ ਗੁਰੂ ਅੰਗਦ ਦੇਵ ਜੀ ਦੇ ਪਿਤਾ ਬਾਰੇ, ਉਨ੍ਹਾਂ ਦੇ ਪਹਿਲੇ ਨਾਂ ਲਹਿਣਾ ਜੀ ਬਾਰੇ, ਜਗਤ ਦਾ ਗੁਰੂ ਹੋਣ ਬਾਰੇ ਅਤੇ ਰਾਜ ਜੋਗ ਕਰਨ ਬਾਰੇ ਕਈ ਅਹਿਮ ਗੱਲਾਂ ਇਕੱਠੀਆਂ ਹੀ ਬਿਆਨ ਕਰ ਕੇ ਗਾਗਰ ਵਿਚ ਸਾਗਰ ਬੰਦ ਕਰ ਦਿੱਤਾ ਹੈ।

ਕਲਸਹਾਰ ਜੀ ਗੁਰੂ ਅਮਰਦਾਸ ਜੀ ਬਾਰੇ ਫ਼ਰਮਾਉਂਦੇ ਹਨ:

*ਭਲਉ ਪ੍ਰਸਿਧੁ ਤੇਜੋ ਤਨੌ ਕਲ੍ ਜੋੜਿ ਕਰ ਧ੍ਹਾਇਅਓ॥ (ਪੰਨਾ ੧੩੯੩)*

ਭੱਟ ਸਾਹਿਬ ਦੱਸ ਰਹੇ ਹਨ ਕਿ ਭੱਲਿਆਂ ਦੀ ਕੁਲ ਵਿਚ ਪ੍ਰਸਿੱਧ ਤੇਜ ਭਾਨ ਜੀ ਦੇ ਸਪੁੱਤਰ ਗੁਰੂ ਅਮਰਦਾਸ ਜੀ ਹਨ ਅਤੇ ਭੱਟ ਕਲਸਹਾਰ ਜੀ ਹੱਥ ਜੋੜ ਕੇ ਉਨ੍ਹਾਂ ਦੀ ਸਿਫ਼ਤ-ਸਲਾਹ ਕਰਦੇ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਜੀ ਬਾਰੇ ਜ਼ਿਕਰ ਕਰਦੇ ਹੋਏ ਕਲਸਹਾਰ ਜੀ ਲਿਖਦੇ ਹਨ:

*ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥*

*(ਪੰਨਾ ੧੩੯੬)*

ਭਾਵ ਸ੍ਰੀ ਗੁਰੂ ਰਾਮਦਾਸ ਜੀ ਪਿਤਾ ਭਾਈ ਹਰਦਾਸ ਜੀ ਦੇ ਸਪੁੱਤਰ ਹਨ ਅਤੇ ਉਹ ਖਾਲੀ ਸਰੋਵਰਾਂ ਭਾਵ ਮਨੁੱਖਾਂ ਦੇ ਖਾਲੀ ਪਏ ਹਿਰਦਿਆਂ ਨੂੰ ਨਾਮ ਦੇ ਰਸ ਨਾਲ ਭਰਨ ਵਾਲੇ ਹਨ।

ਭੱਟ ਨਲ੍ ਜੀ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਗੋਇੰਦਵਾਲ ਦੀ ਸਥਾਪਨਾ ਦਾ ਇਤਿਹਾਸਕ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ:

*ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਨ ਤੀਰਿ ਬਿਪਾਸ ਬਨਾਯਉ॥*

*(ਪੰਨਾ ੧੪੦੦)*

ਗੋਬਿੰਦਪੁਰੀ ਭਾਵ ਸਵਰਗ ਵਰਗਾ ਗੋਇੰਦਵਾਲ ਗੁਰੂ ਜੀ ਨੇ ਬਿਆਸ ਦਰਿਆ ਦੇ ਕੰਢੇ 'ਤੇ ਵਸਾਉਣ ਦਾ ਪਰਉਪਕਾਰ ਕੀਤਾ ਹੈ।

ਗੁਰੂ ਸਾਹਿਬਾਨ ਦੇ ਸਮੇਂ ਭੇਖੀ ਸੰਤਾਂ ਦੀ ਕੋਈ ਘਾਟ ਨਹੀਂ ਸੀ। ਸੰਨਿਆਸੀ ਤਪੀ ਅਤੇ ਮਿੱਠਾ ਬੋਲਣ ਵਾਲੇ ਪੰਡਿਤ (ਵਿਦਵਾਨ) ਵੀ ਬਹੁਤ ਸਨ। ਪਰ ਭੱਟ ਭਿਖਾ ਜੀ ਦੱਸਦੇ ਹਨ ਕਿ ਇਹ ਸਾਰੇ ਹਰੀ ਦਾ ਨਾਮ ਛੱਡ ਕੇ ਦੂਜੇ ਪਾਸੇ ਭਾਵ ਮਾਇਆ ਵਾਲੇ ਪਾਸੇ ਲੱਗੇ ਹੋਏ ਸਨ। ਆਪ ਫ਼ਰਮਾਉਂਦੇ ਹਨ:

*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥*
*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥*
*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥*
*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥*
*ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥*
*ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥*

*(ਪੰਨਾ ੧੩੯੫-੯੬)*

ਗੁਰੂ ਸਾਹਿਬਾਨ ਦੇ ਦਰਬਾਰ ਬਾਰੇ, ਸਤਿਸੰਗਤ ਬਾਰੇ, ਹਰੀ ਜੱਸ ਬਾਰੇ ਅਤੇ ਸੇਵਾ ਬਾਰੇ ਭੱਟ ਸਾਹਿਬਾਨ ਦੀ ਬਾਣੀ ਵਿਚ ਬਾਕਾਇਦਾ ਵਰਣਨ ਹੈ। ਇਸ ਵਰਣਨ ਦੀ ਬੜੀ ਇਤਿਹਾਸਕ ਮਹੱਤਤਾ ਹੈ। ਤਖ਼ਤ, ਛਤ੍ਰ, ਸਿੰਘਾਸਨ ਆਦਿ ਸ਼ਬਦਾਂ ਦੀ ਵਰਤੋਂ ਗੁਰੂ ਦਰਬਾਰ ਲਈ ਕੀਤੀ ਗਈ ਹੈ। ਗੁਰੂ ਸਾਹਿਬਾਨ ਦੇ ਲਈ ਰਾਜ ਜੋਗ ਅਤੇ ਸਹਜ ਜੋਗ ਦੋਹਾਂ ਦੀ ਵਰਤੋਂ ਕੀਤੀ ਗਈ ਹੈ। ਰਾਜ ਜੋਗ ਦਾ ਅਰਥ ਗ੍ਰਿਹਸਤ ਵਿਚ ਉਦਾਸ ਤੋਂ ਹੈ। ਰਾਜ ਜੋਗ ਮੀਰੀ-ਪੀਰੀ ਦਾ ਸੂਚਕ ਹੈ। ਰਾਜ ਜੋਗ ਸੰਤ-ਸਿਪਾਹੀ ਹੋਣ ਦਾ ਪ੍ਰਤੀਕ ਹੈ। ਰਾਜ ਵੀ ਹੈ ਅਤੇ ਜੋਗ ਵੀ ਹੈ। ਜਨਕ ਰਾਜੇ ਦੀ ਮਿਸਾਲ ਰਾਜ ਜੋਗ ਲਈ ਭੱਟ ਸਾਹਿਬਾਨ ਨੇ ਦਿੱਤੀ ਹੈ। ਰਾਜਾ ਵੀ ਹੋਣਾ ਅਤੇ ਤਿਆਗੀ ਵੀ ਹੋਣਾ ਇੱਕੋ ਸਮੇਂ ਇਹ ਦੋ ਗੱਲਾਂ ਇੱਕਠੀਆਂ ਹੋਣਾ ਹੀ ਰਾਜ ਜੋਗ ਹੈ। ਗੁਰੂ-ਦਰਬਾਰ ਅਸਲ ਵਿਚ ਕਿਸੇ ਦੁਨਿਆਵੀ ਰਾਜੇ ਦਾ ਦਰਬਾਰ ਨਹੀਂ, ਇਹ ਤਾਂ ਸਤਿਸੰਗਤ ਹੈ। ਇਸ ਵਿਚ ਪਰਮਾਤਮਾ ਦੀ ਭਗਤੀ, ਸੇਵਾ, ਨਿਮਰਤਾ, ਮਿਠਾਸ ਆਦਿ ਗੁਣਾਂ ਦਾ ਬੋਲਬਾਲਾ ਹੁੰਦਾ ਹੈ।

ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਦੀ ਨਿੱਤ ਦੀ ਰਹਿਣੀ ਬਾਰੇ ਵੀ ਭੱਟ ਸਾਹਿਬਾਨ ਦੀ ਬਾਣੀ ਵਿਚ ਫ਼ਰਮਾਇਆ ਗਿਆ ਹੈ:

*ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ॥*
*ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ॥*
*ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨੁ ਧਰੰ॥ (ਪੰਨਾ ੧੪੦੨)*

ਗੁਰਬਾਣੀ ਪੜ੍ਹਨਾ, ਗੁਰਬਾਣੀ ਸੁਣਨਾ ਅਤੇ ਗੁਰਬਾਣੀ ਗਾਉਣਾ ਉਹ ਵੀ ਪ੍ਰਭਾਤ ਸਮੇਂ (ਭਾਵ ਅੰਮ੍ਰਿਤ ਵੇਲੇ) ਇਸ਼ਨਾਨ ਕਰ ਕੇ ਸ਼ੁੱਧ ਮਨ ਨਾਲ ਗੁਰੂ-ਸ਼ਬਦ ਦੀ ਪੂਜਾ ਕਰਨਾ ਅਤੇ ਜੋਤਿ ਸਰੂਪ ਪਰਮਾਤਮਾ ਦਾ ਧਿਆਨ ਧਰ ਕੇ ਪਾਰਸ ਰੂਪੀ ਸਤਿਗੁਰੂ ਦੀ ਸੰਗਤ ਕਰ ਕੇ ਆਪਣੇ ਜੀਵਨ ਨੂੰ ਕੀਮਤੀ ਬਣਾ ਲੈਣਾ ਹੀ ਗੁਰਸਿੱਖ ਦੇ ਜੀਵਨ

ਦੀ ਨਿੱਤ ਦੀ ਮਰਯਾਦਾ ਹੈ।

ਸਤਿਸੰਗਤ ਵਿਚ 'ਗੁਰੂ ਗੁਰੂ' ਜਪਣਾ ਅਤੇ 'ਵਾਹਿਗੁਰੂ' ਗੁਰਮੰਤਰ ਦਾ ਜਾਪ ਕਰਨਾ ਭੱਟ ਸਾਹਿਬਾਨ ਦੀ ਬਾਣੀ ਅਨੁਸਾਰ ਇਹ ਉਸ ਵੇਲੇ ਗੁਰੂ ਸਾਹਿਬਾਨ ਵੱਲੋਂ ਚਲਾਈ ਗਈ ਮਰਯਾਦਾ ਸੀ। ਸਤਿਸੰਗਤ ਰਾਹੀਂ ਪੰਜ ਵਿਕਾਰਾਂ ਤੋਂ ਬਚਣਾ ਅਤੇ ਮਨ ਨੂੰ ਸ਼ੁੱਧ ਰੱਖਣਾ ਗੁਰਸਿੱਖਾਂ ਲਈ ਨੈਤਿਕਤਾ ਦਾ ਆਦਰਸ਼ ਸੀ। ਅਜਿਹੇ ਅਨਮੋਲ ਇਤਿਹਾਸਕ ਸੰਕੇਤ ਭੱਟ ਸਾਹਿਬਾਨ ਦੀ ਬਾਣੀ ਨੂੰ ਗੁਰੂ ਸਾਹਿਬਾਨ ਦੇ ਜੀਵਨ, ਉਨ੍ਹਾਂ ਦੀ ਸ਼ਖ਼ਸੀਅਤ ਅਤੇ ਉਸ ਵੇਲੇ ਦੇ ਗੁਰਸਿੱਖਾਂ ਬਾਰੇ ਜਾਣਨ ਲਈ ਇਤਿਹਾਸਕਾਰਾਂ ਲਈ ਇਕ ਮੂਲ ਸੋਮੇ ਦਾ ਕੰਮ ਕਰ ਸਕਦੇ ਹਨ। ਇਤਿਹਾਸਕ ਪੱਖ ਤੋਂ ਭੱਟ ਸਾਹਿਬਾਨ ਦੀ ਬਾਣੀ ਇਕ ਮੂਲ ਇਤਿਹਾਸਕ ਸ੍ਰੋਤ ਵਜੋਂ ਮੰਨੇ ਜਾਣ ਦੇ ਸਮਰੱਥ ਹੈ।

## ਸਿਧਾਂਤਕ ਪੱਖ

ਭੱਟ ਸਾਹਿਬਾਨ ਦੇ ਸਵੱਈਏ ਪਾਤਿਸ਼ਾਹੀ-ਵਾਰ ਜਦੋਂ ਅਰੰਭ ਹੁੰਦੇ ਹਨ ਤਾਂ ਅਰੰਭ ਦੀਆਂ ਤੁਕਾਂ ਅਕਾਲ ਪੁਰਖ ਦੇ ਮੰਗਲਾਚਰਨ ਨਾਲ ਸ਼ੁਰੂ ਹੁੰਦੀਆਂ ਹਨ ਜਿਵੇਂ ਸਵੱਈਏ ਮਹਲੇ ਪਹਲੇ ਕੇ ੧ ਦੇ ਅਰੰਭ ਦਾ ਫ਼ਰਮਾਨ ਹੈ:

*ਇਕ ਮਨਿ ਪੁਰਖੁ ਧਿਆਇ ਬਰਦਾਤਾ॥ ਸੰਤ ਸਹਾਰੁ ਸਦਾ ਬਿਖਿਆਤਾ॥*

*(ਪੰਨਾ ੧੩੮੯)*

ਸਵੱਈਏ ਮਹਲੇ ਦੂਜੇ ਕੇ ੨ ਦੇ ਅਰੰਭ ਦਾ ਫ਼ਰਮਾਨ ਦਰਜ ਹੈ:

*ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥ (ਪੰਨਾ ੧੩੯੧)*

ਇਸੇ ਤਰ੍ਹਾਂ ਸਵੱਈਏ ਮਹਲੇ ਤੀਜੇ ਕੇ ੩ ਦਾ ਅਰੰਭ ਹੈ:

*ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ॥*

*(ਪੰਨਾ ੧੩੯੨)*

ਮਹਲੇ ਚਉਥੇ ਕੇ ੪ ਦੀ ਵਡਿਆਈ ਵਿਚ ਲਿਖੇ ਸਵੱਈਏ ਇਉਂ ਸ਼ੁਰੂ ਹੁੰਦੇ ਹਨ:

*ਇਕ ਮਨਿ ਪੁਰਖੁ ਨਿਰੰਜਨੁ ਧਿਆਵਉ॥ ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ॥*

*(ਪੰਨਾ ੧੩੯੬)*

ਅਤੇ ਮਹਲੇ ਪੰਜਵੇਂ ਕੇ ਦੇ ਸਵੱਈਏ ਦਾ ਅਰੰਭ ਇਸ ਤਰ੍ਹਾਂ ਹੈ:

*ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ॥*

*(ਪੰਨਾ ੧੪੦੬)*

ਮੂਲ ਮੰਤਰ ਵਿਚ ਪਰਮਾਤਮਾ ਲਈ 'ਕਰਤਾ ਪੁਰਖ' ਸ਼ਬਦ ਦੀ ਵਰਤੋਂ ਹੈ। ਉਹੀ 'ਪੁਰਖੁ' ਸ਼ਬਦ ਭੱਟ ਸਾਹਿਬਾਨ ਨੇ ਆਪਣੀ ਬਾਣੀ ਵਿਚ ਵਰਤਿਆ ਹੈ। 'ਸੋਈ ਪੁਰਖੁ' ਕਹਿਣ ਦਾ ਡੂੰਘਾ ਮਹੱਤਵ ਹੈ। 'ਜਪੁ ਜੀ' ਵਿਚ ਗੁਰੂ ਨਾਨਕ ਸਾਹਿਬ ਦਾ ਫ਼ਰਮਾਨ ਹੈ:

*ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ (ਪੰਨਾ ੬)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਬਹੁਤ ਥਾਵਾਂ 'ਤੇ 'ਸੋਈ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਸ ਦਾ ਭਾਵ ਇਹ ਹੈ ਕਿ ਕੇਵਲ ਅਤੇ ਕੇਵਲ ਇੱਕੋ-ਇੱਕ ਪਰਮ ਹਸਤੀ ਹੈ ਜੋ ਉਹੀ ਹੈ, ਉਸ ਵਰਗੀ ਹਸਤੀ ਹੋਰ ਕੋਈ ਨਹੀਂ। ਜਦੋਂ 'ਸੋਈ' ਕਿਹਾ ਜਾ ਰਿਹਾ ਹੈ ਤਾਂ ਭਾਵ ਕੇਵਲ ਅਤੇ ਕੇਵਲ ਉਸੇ ਹਸਤੀ ਤੋਂ ਹੀ ਲਿਆ ਜਾਣਾ ਚਾਹੀਦਾ ਹੈ। ਉਹ ਪਰਮ-ਹਸਤੀ ਕਰਣ-ਕਾਰਣ ਸਮਰੱਥ ਹੈ, ਉਹੀ ਸੱਚੀ ਹਸਤੀ ਹੈ। ਪਰਮਾਤਮਾ ਅਚਲ, ਅਬਿਨਾਸੀ ਅਤੇ ਨਿਰੰਜਨ ਹੈ। ਉਸ ਦੀ ਪ੍ਰਾਪਤੀ 'ਗੁਰ ਪ੍ਰਸਾਦਿ' ਰਾਹੀਂ ਹੁੰਦੀ ਹੈ। ਉਸ ਨੂੰ ਧਿਆਉਣ ਅਤੇ ਉਸ ਦਾ ਨਾਮ-ਸਿਮਰਨ ਨਾਲ ਦੁਰਮਤਿ ਦੀ ਮੈਲ ਨੱਸ ਜਾਂਦੀ ਹੈ। ਇਸ ਤਰ੍ਹਾਂ ਭੱਟ ਸਾਹਿਬਾਨ ਪਰਮਾਤਮਾ ਦੇ ਉਹੀ ਗੁਣ ਬਿਆਨ ਕਰ ਰਹੇ ਹਨ ਜਿਨ੍ਹਾਂ ਗੁਣਾਂ ਦਾ ਜ਼ਿਕਰ ਮੂਲ-ਮੰਤਰ, ਗੁਰੂ-ਸਾਹਿਬਾਨ ਅਤੇ ਭਗਤ-ਸਾਹਿਬਾਨ ਦੀ ਬਾਣੀ ਵਿਚ ਕੀਤਾ ਗਿਆ ਹੈ।

ਭੱਟ ਸਾਹਿਬਾਨ ਨੇ ਇਨ੍ਹਾਂ ਸਵੱਈਆਂ ਰਾਹੀਂ ਗੁਰੂ-ਜੋਤਿ ਅਤੇ ਗੁਰੂ-ਵਿਅਕਤੀ ਦੀ ਵਡਿਆਈ ਕੀਤੀ ਹੈ। ਪ੍ਰੋ. ਸਾਹਿਬ ਸਿੰਘ ਜੀ 'ਸਟੀਕ ਭੱਟਾਂ ਦੇ ਸਵਈਏ' ਵਿਚ ਲਿਖਦੇ ਹਨ: "ਸਵੱਈਆਂ ਵਿਚ ਕੇਵਲ 'ਗੁਰੂ' ਦੀ ਵਡਿਆਈ ਕੀਤੀ ਗਈ ਹੈ। 'ਗੁਰੂ' ਦੀ ਉਪਮਾ ਕਰਨ ਲੱਗਿਆਂ ਗੁਰੂ-ਵਿਅਕਤੀ ਦੀ ਉਪਮਾ ਹੋਣੀ ਕੁਦਰਤੀ ਗੱਲ ਸੀ ਜੋ ਇਨ੍ਹਾਂ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਤਕ ਹਰੇਕ ਗੁਰ-ਮਹਲੇ ਦੀ ਸਿਫ਼ਤ ਉਚਾਰੀ ਹੈ।" ਭੱਟ ਸਾਹਿਬਾਨ ਦੀਆਂ ਨਜ਼ਰਾਂ ਵਿਚ ਸਤਿਗੁਰੂ ਅਕਾਲ ਪੁਰਖ ਦਾ ਹੀ ਰੂਪ ਹੈ। ਭੱਟ ਕੀਰਤ ਜੀ ਦਾ ਪਵਿੱਤਰ ਫ਼ਰਮਾਨ ਹੈ:

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥* *(ਪੰਨਾ ੧੩੯੫)*

ਭੱਟ ਕੀਰਤ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਜੀ ਆਪ ਹੀ ਪਰਮਾਤਮਾ ਦਾ ਰੂਪ ਹਨ। ਪਰਮਾਤਮਾ ਆਪਣੀ ਕਲਾ (ਜੁਗਤਿ) ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਜਗਤ ਵਿਚ ਆਇਆ ਹੈ। ਨਿਰੰਕਾਰ ਤੋਂ ਆਕਾਰ ਰੂਪ ਧਾਰਨ ਕਰਨਾ ਉਸ ਪਰਮਾਤਮਾ ਦੀ ਸਮਰੱਥਾ ਹੈ। ਗੁਰਬਾਣੀ ਵਿਚ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਦੋਹਾਂ ਰੂਪਾਂ ਦਾ ਬਿਆਨ ਕੀਤਾ ਗਿਆ ਹੈ। ਉਹ ਨਿਰਗੁਣ ਤੋਂ ਸਰਗੁਣ ਅਤੇ ਸਰਗੁਣ ਤੋਂ ਨਿਰਗੁਣ ਦੋਹਾਂ ਰੂਪਾਂ ਨੂੰ ਧਾਰਨ ਕਰ ਸਕਦਾ ਹੈ। ਗੁਰਮਤਿ ਅਨੁਸਾਰ ਪਰਮਾਤਮਾ 'ਅਜੂਨੀ' ਹੈ। ਇਸ ਲਈ ਉਹ ਜਨਮ ਲੈ ਕੇ ਇਸ ਸੰਸਾਰ 'ਤੇ ਨਹੀਂ ਆਉਂਦਾ। ਅਵਤਾਰਵਾਦ ਦੇ ਸਿਧਾਂਤ ਨੂੰ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ। ਕਿਉਂਕਿ ਸਤਿਗੁਰੂ ਜੋਤਿ ਰੂਪ ਵਿਚ ਪਰਮਾਤਮਾ ਦਾ ਹੀ ਰੂਪ ਹੈ ਇਸ ਲਈ ਉਹ ਵੀ ਜਨਮ-ਮਰਨ ਤੋਂ ਰਹਿਤ ਹੈ। ਜਦੋਂ ਭੱਟ ਸਾਹਿਬਾਨ ਚਹੁੰ ਜੁਗਾਂ ਵਿਚ ਗੁਰੂ ਨਾਨਕ ਸਾਹਿਬ ਦੀ ਹੋਂਦ ਦਾ ਐਲਾਨ ਕਰਦੇ ਹਨ ਤਾਂ ਉਹ ਗੁਰ-ਜੋਤਿ ਦੀ ਸਦੀਵਤਾ ਦਾ ਹੀ ਜ਼ਿਕਰ ਕਰ ਰਹੇ ਹਨ। ਕਲਸਹਾਰ ਜੀ ਪਰਮਾਤਮਾ ਅਤੇ ਸਤਿਗੁਰੂ ਦੀ ਜੋਤਿ ਸਰਬ-ਵਿਆਪਕ ਅਤੇ ਸਦੀਵੀ ਹੋਣ ਦੇ ਗੂੜ੍ਹੇ

ਖੇਲ ਦਾ ਬਿਆਨ ਇਸ ਤਰ੍ਹਾਂ ਕਰਦੇ ਹਨ:

*ਖੇਲੁ ਗੂੜ੍ਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਉਿ*
*ਬਿਮਲ ਬੁਧਿ ਸਤਿਗੁਰਿ ਸਮਾਣਉ॥*
*ਆਜੋਨੀ ਸੰਭਵਿਅਉ ਸੁਜਸੁ ਕਲ੍ ਕਵੀਅਣਿ ਬਖਾਣਿਅਉ॥*
*ਗੁਰਿ ਨਾਨਕਿ ਅੰਗਦੁ ਵਰ੍ਉ ਗੁਰਿ ਅੰਗਦਿ ਅਮਰ ਨਿਧਾਨੁ॥*
*ਗੁਰਿ ਰਾਮਦਾਸ ਅਰਜੁਨੁ ਵਰ੍ਉ ਪਾਰਸੁ ਪਰਸੁ ਪ੍ਰਮਾਣੁ॥* (ਪੰਨਾ ੧੪੦੭)

ਉਪਰੋਕਤ ਫ਼ਰਮਾਨ ਵਿਚ 'ਆਜੋਨੀ' ਅਤੇ 'ਸੰਭਵਿਅਉ' ਸ਼ਬਦ ਮੂਲ-ਮੰਤਰ ਦੇ 'ਅਜੂਨੀ ਸੈਭੰ' ਦਾ ਹੀ ਅਰਥ ਰੱਖਦੇ ਹਨ। ਹਰਿ ਰਾਇ ਭਾਵ ਪਰਮਾਤਮਾ ਨੇ ਇਹ ਗੂੜ੍ਹੀ ਭਾਵ ਡੂੰਘੀ ਖੇਡ ਰਚੀ ਹੋਈ ਹੈ ਕਿ ਉਹ ਆਪ ਗੁਰੂ ਅਰਜਨ ਸਾਹਿਬ ਵਿਚ ਸਮਾਇਆ ਹੋਇਆ ਹੈ। ਗੁਰੂ ਸਾਹਿਬ ਉਸ ਅਕਾਲ ਪੁਰਖ ਦਾ ਹੀ ਰੂਪ ਹਨ ਜੋ ਕਿ ਜੂਨਾਂ ਤੋਂ ਰਹਿਤ ਅਤੇ ਆਪਣੇ-ਆਪ ਤੋਂ ਹੈ। ਇਹੀ ਜੋਤ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ ਤਕ ਪਹੁੰਚੀ ਹੋਈ ਹੈ। ਗੁਰਮਤਿ ਦੇ ਸਿਧਾਂਤ ਅਨੁਸਾਰ ਦਸਾਂ ਪਾਤਸ਼ਾਹੀਆਂ ਦੀ ਇੱਕੋ ਜੋਤਿ ਹੈ ਅਤੇ ਉਹੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮੌਜੂਦ ਹੈ। ਇਸ ਨੂੰ ਭੱਟ ਸਾਹਿਬਾਨ ਨੇ ਬਾਖ਼ੂਬੀ ਜਾਣ ਅਤੇ ਸਮਝ ਲਿਆ ਹੋਇਆ ਸੀ। ਜਦੋਂ ਸ੍ਰੀ ਗੁਰੂ ਰਾਮਦਾਸ ਜੀ ਜੋਤੀ-ਜੋਤਿ ਸਮਾ ਗਏ ਤਾਂ ਭੱਟ ਹਰਿਬੰਸ ਜੀ ਇਹ ਮੰਨਣ ਲਈ ਤਿਆਰ ਨਹੀਂ ਕਿ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਗਏ। ਆਪ ਦਾ ਪਵਿੱਤਰ ਫ਼ਰਮਾਨ ਹੈ:

*ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ॥*
*ਹਰਿਬੰਸ ਜਗਤਿ ਜਸੁ ਸੰਚਰ੍ਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ॥* (ਪੰਨਾ ੧੪੦੯)

ਅੱਗੇ ਚੱਲ ਕੇ ਭੱਟ ਹਰਿਬੰਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਛਤ੍ਰ ਸਿੰਘਾਸਨ ਅਤੇ ਪਿਰਥਮੀ ਗੁਰੂ ਅਰਜਨ ਸਾਹਿਬ ਨੂੰ ਸੌਂਪ ਗਏ ਹਨ। ਸਤਿਗੁਰੂ ਪਰਮਾਤਮਾ ਦਾ ਰੂਪ ਹਨ ਅਤੇ ਸਤਿਗੁਰੂ ਜਨਮ-ਮਰਨ ਤੋਂ ਰਹਿਤ ਹਨ; ਇਸ ਬਾਰੇ ਪਹਿਲਾਂ ਹੀ ਗੁਰਬਾਣੀ ਵਿਚ ਪਵਿੱਤਰ ਫ਼ਰਮਾਨ ਦਰਜ ਹਨ:

- *ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥* (ਪੰਨਾ ੪੪੨)
- *ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥* (ਪੰਨਾ ੨੬੨)
- *ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥*
  *ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥* (ਪੰਨਾ ੭੫੯)

ਸਤਿਗੁਰੂ ਦੀ ਕਿਰਪਾ ਨਾਲ ਹੀ ਸਤਿਸੰਗਤ ਦੀ ਪ੍ਰਾਪਤੀ ਹੁੰਦੀ ਹੈ। ਨਾਮ-ਸਿਮਰਨ ਦੀ ਦਾਤ ਮਿਲਦੀ ਹੈ। ਗੁਰ-ਸੇਵਾ ਅਤੇ ਸੰਗਤ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਸੇਵਾ ਅਤੇ ਸਤਿਸੰਗਤ ਦੀ ਬਖ਼ਸ਼ਿਸ਼ ਨਾਲ ਹਉਮੈ ਮਿਟ ਜਾਂਦੀ ਹੈ। ਹਉਮੈ ਦੇ ਮਿਟਣ ਨਾਲ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਕਾਬੂ ਵਿਚ

ਆ ਜਾਂਦੇ ਹਨ। ਇਸ ਤਰੀਕੇ ਨਾਲ ਜੀਵਨ-ਮੁਕਤੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਤੋਂ ਬਿਨਾਂ ਮਨੁੱਖ ਦੀ ਕੀ ਹਾਲਤ ਹੁੰਦੀ ਹੈ ਉਸ ਬਾਰੇ ਭੱਟ ਨਲ੍ ਜੀ ਫ਼ਰਮਾਉਂਦੇ ਹਨ:

*ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥*
*ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥* *(ਪੰਨਾ ੧੩੯੯)*

ਗੁਰਮਤਿ 'ਗ੍ਰਿਹਸਤ ਵਿਚ ਉਦਾਸ' ਦਾ ਮਾਰਗ ਹੈ। ਇਹ ਮਾਰਗ ਸਹਜ-ਅਵਸਥਾ ਦਾ ਮਾਰਗ ਹੈ। ਇਸ ਨੂੰ ਸਹਜ ਜੋਗ ਵੀ ਆਖਿਆ ਗਿਆ ਹੈ। ਇਹ ਰਾਜ-ਜੋਗ ਵੀ ਹੈ, ਕਿਉਂਕਿ ਇਹ ਕੋਰੇ ਤਿਆਗ ਦਾ ਮਾਰਗ ਨਹੀਂ ਹੈ। ਕਿਰਤ ਕਰ ਕੇ ਮਾਇਆ ਕਮਾਉਣੀ ਹੈ ਪਰ ਮਾਇਆ ਪਿੱਛੇ ਦੌੜਨਾ ਨਹੀਂ। ਮਾਇਆ ਕਮਾਉਂਦਿਆਂ ਗ੍ਰਿਹਸਤ ਹੰਢਾਉਂਦਿਆਂ ਨਾਮ ਦੇ ਰਸ ਵਿਚ ਉਦਾਸ ਵੀ ਕਮਾਉਣਾ ਹੈ ਭਾਵ ਜੋਗ ਵੀ ਕਮਾਉਣਾ ਹੈ। ਭੱਟ ਸਾਹਿਬਾਨ ਨੇ ਆਪਣੀ ਬਾਣੀ ਵਿਚ 'ਸਹਜ ਜੋਗ' ਅਤੇ 'ਰਾਜ ਜੋਗ' ਦੋਹਾਂ ਦੀ ਗੱਲ ਕੀਤੀ ਹੈ। ਮਨ ਨੂੰ ਪਰਮਾਰਥ ਅਤੇ ਸਤਸੰਗਤ ਦੇ ਰਸਤੇ 'ਤੇ ਲਾਉਣਾ ਹੈ। ਇਹ ਕੰਮ ਗੁਰੂ-ਕਿਰਪਾ ਨਾਲ ਹੀ ਸੰਭਵ ਹੈ। ਪਵਿੱਤਰ ਫ਼ਰਮਾਨ ਹੈ:

*ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ॥*
*(ਪੰਨਾ ੧੪੦੪)*

ਇਉਂ ਇਹ ਆਖਿਆ ਜਾ ਸਕਦਾ ਹੈ ਕਿ ਭੱਟ ਸਾਹਿਬਾਨ ਦੀ ਬਾਣੀ ਗੁਰਮਤਿ ਦੇ ਮੂਲ ਸਿਧਾਂਤਾਂ ਦਾ ਹੀ ਪ੍ਰਗਟਾਵਾ ਕਰਦੀ ਹੈ ਅਤੇ ਇਨ੍ਹਾਂ ਸਿਧਾਂਤਾਂ ਨੂੰ ਹੀ ਦ੍ਰਿੜ੍ਹ ਕਰਵਾਉਂਦੀ ਹੈ।

### ਸਾਹਿਤਕ ਪੱਖ

ਭੱਟ ਸਾਹਿਬਾਨ ਆਪ ਹੀ ਆਪਣੇ ਆਪ ਨੂੰ 'ਕਵੀ' ਆਖਦੇ ਹਨ। ਉਨ੍ਹਾਂ ਨੇ ਬਾਣੀ ਰਚਣ ਲਈ ਪ੍ਰਸਿੱਧ ਛੰਦ ਸਵੱਈਏ ਦੀ ਵਰਤੋਂ ਕੀਤੀ ਹੈ। ਉਹ ਇਸ ਛੰਦ ਦੇ ਰੂਪ ਨੂੰ ਨਿਭਾਉਣ ਵਿਚ ਬਹੁਤ ਹੀ ਨਿਪੁੰਨਤਾ ਦਿਖਾ ਗਏ ਹਨ। ਉਨ੍ਹਾਂ ਦੀ ਜ਼ਬਾਨ ਵਿਚ ਗੁਰਬਾਣੀ ਦੇ ਕੀਰਤਨ ਦਾ ਰਸ ਹੈ। ਇਹੀ ਰਸ ਉਨ੍ਹਾਂ ਦੀ ਬਾਣੀ ਵਿਚ ਮੌਜੂਦ ਹੈ। ਇਹ ਬਾਣੀ ਉਤਮ ਰਸ ਨਾਲ ਓਤਪੋਤ ਹੈ। ਆਮ ਤੌਰ 'ਤੇ ਚਾਰ-ਚਾਰ ਸਵੱਈਆਂ ਦਾ ਅੰਤ ਇੱਕੋ ਤੁਕ ਨੂੰ ਦੁਹਰਾ ਕੇ ਕੀਤਾ ਗਿਆ ਹੈ। ਇਸ ਗੁਣ ਨੇ ਇਨ੍ਹਾਂ ਸਵੱਈਆਂ ਨੂੰ ਮਹਾਨ ਸੰਗੀਤਕਤਾ ਪ੍ਰਦਾਨ ਕੀਤੀ ਹੈ। 'ਗੁਰ ਰਾਮ ਦਾਸ ਕਲਚਰੈ' ਸ਼ਬਦ ਛੇ ਸਵੱਈਆਂ ਦੀਆਂ ਅੰਤਲੀਆਂ ਤੁਕਾਂ ਵਿਚ ਆਉਂਦੇ ਹਨ। ਇਸੇ ਤਰ੍ਹਾਂ ਤਿੰਨ ਸਵੱਈਆਂ ਦੀ ਅੰਤਲੀ ਤੁਕ ਹੈ:

*ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ*
*ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥* *(ਪੰਨਾ ੧੪੦੨)*

ਇਸ ਤਰ੍ਹਾਂ ਦੀਆਂ ਅਨੰਦਮਈ ਉਦਾਹਰਣਾਂ ਹੋਰ ਵੀ ਹਨ। ਪਾਠ ਕਰਦਿਆਂ ਪਾਠ ਕਰਨ ਵਾਲਾ ਵਜਦ ਵਿਚ ਆ ਜਾਂਦਾ ਹੈ। ਕੁਝ ਥਾਵਾਂ 'ਤੇ ਸਵੱਈਏ ਦੀ ਪਹਿਲੀ ਤੁਕ ਅਤੇ ਅੰਤਲੀ ਤੁਕ ਇੱਕੋ ਹੈ ਜਿਵੇਂ 'ਗੁਰੂ ਗੁਰ ਗੁਰੂ ਗੁਰ ਗੁਰੂ ਜਪ ਪ੍ਰਾਨੀਅਹੁ'

ਅਤੇ 'ਸਮਰਥ ਗੁਰੂ ਸਿਰਿ ਹਥੁ ਧਰਿਅਉ'। ਕੁਝ ਸਵੱਈਆਂ ਵਿਚ ਚਾਰ-ਚਾਰ ਤੁਕਾਂ ਦਾ ਆਰੰਭ ਇੱਕੋ ਸ਼ਬਦਾਂ ਨਾਲ ਹੁੰਦਾ ਹੈ ਜਿਵੇਂ 'ਜਾਮਿ ਗੁਰੂ ਹੋਇ ਵਲਿ' ਅਤੇ 'ਗੁਰੁ ਜਿਨ ਕਉ ਸੁਪ੍ਰਸੰਨੁ'। ਇਹ ਦੁਹਰਾਉ ਕਹੀ ਜਾ ਰਹੀ ਗੱਲ ਨੂੰ ਵਧੇਰੇ ਦ੍ਰਿੜ੍ਹ ਵੀ ਕਰਦਾ ਹੈ ਅਤੇ ਸੰਗੀਤਕ ਰਸ ਵੀ ਪੈਦਾ ਕਰਦਾ ਹੈ।

ਮਿਥਿਹਾਸਕ ਪੱਖ ਬਾਰੇ ਵਿਚਾਰ ਕਰਦਿਆਂ ਬਹੁਤ ਸਾਰੇ ਮਿਥਿਹਾਸਕ ਦ੍ਰਿਸ਼ਟਾਂਤਾਂ ਅਤੇ ਸੰਕੇਤਾਂ ਦਾ ਜ਼ਿਕਰ ਕੀਤਾ ਜਾ ਚੁੱਕਾ ਹੈ। ਦ੍ਰਿਸ਼ਟਾਂਤ, ਸੰਕੇਤ ਅਤੇ ਪ੍ਰਤੀਕ ਭਾਵ ਨੂੰ ਸ਼ਿੰਗਾਰਨ ਵਿਚ ਸਹਾਇਤਾ ਕਰਦੇ ਹਨ। ਇਹ ਕਾਵਿ-ਪ੍ਰਗਟਾਵੇ ਦੇ ਗਹਿਣੇ ਹੁੰਦੇ ਹਨ। ਇਸ ਪੱਖੋਂ ਭੱਟ ਸਾਹਿਬਾਨ ਦੀ ਬਾਣੀ ਬਹੁਤ ਹੀ ਅਮੀਰ ਹੈ।

ਨਾਮ ਨੂੰ ਦਵਾਈ, ਆਧਾਰ, ਸਮਾਧੀ ਦਾ ਸੁਖ, ਨੀਸਾਣ, ਇਸ਼ਨਾਨ, ਰਸ, ਖਾਣ-ਪੀਣ ਅਤੇ ਭੋਜਨ ਨਾਲ ਤਸ਼ਬੀਹ ਦੇ ਕੇ ਨਾਮ ਦੀ ਵਡਿਆਈ ਭੱਟ ਸਾਹਿਬਾਨ ਨੇ ਆਪਣੇ ਸਵੱਈਆਂ ਵਿਚ ਕੀਤੀ ਹੈ। ਇਸੇ ਤਰ੍ਹਾਂ ਗੁਰੂ-ਸੇਵਾ ਰਾਹੀਂ ਚਰਨ, ਹੱਥ, ਜੀਭ, ਸ੍ਰਵਣ, ਦੇਹ ਆਦਿ ਨੂੰ ਸਕਾਰਥਾ ਕਰਨ ਦੀ ਸੁੰਦਰ ਕਾਵਿਕ ਮਿਸਾਲ ਪੇਸ਼ ਕੀਤੀ ਹੈ। ਗੁਰੂ ਦੀ ਤੁਲਨਾ ਜਹਾਜ਼ ਨਾਲ ਕੀਤੀ ਹੋਈ ਹੈ। ਔਗੁਣਾਂ ਦਾ ਮਾਨਵੀਕਰਨ ਕਰ ਕੇ ਕਾਮ ਨੂੰ ਕੇਸਾਂ ਤੋਂ ਫੜ ਕੇ ਪਛਾੜਨ ਦੀ ਅਵਸਥਾ ਦਾ ਪ੍ਰਗਟਾਵਾ ਕੀਤਾ ਗਿਆ ਹੈ ਅਤੇ ਕ੍ਰੋਧ-ਲੋਭ ਨੂੰ ਅਪਮਾਨ ਸਹਿਤ ਝਾੜਿਆ ਗਿਆ ਹੈ:

*ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਹਉ॥*
*ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਹਉ॥* *(ਪੰਨਾ ੧੪੦੬)*

ਭੱਟ ਭੱਲ੍ਹ ਜੀ ਦੇ ਇਕ ਸਵੱਈਏ ਦੀ ਕਾਵਿਕ ਸੁੰਦਰਤਾ ਆਚੰਭਿਤ ਕਰਨ ਵਾਲੀ ਹੈ:

*ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥*
*(ਪੰਨਾ ੧੩੯੬)*

ਜਿਵੇਂ ਬੱਦਲਾਂ ਦੀਆਂ ਕਣੀਆਂ, ਬਨਸਪਤੀ, ਬਸੰਤ ਰੁੱਤ ਦੇ ਫੁੱਲਾਂ, ਸੂਰਜ ਅਤੇ ਚੰਦਰਮਾ ਦੀਆਂ ਕਿਰਨਾ ਅਤੇ ਗੰਗਾ ਦੀਆਂ ਤਰੰਗਾਂ ਦੀ ਗਿਣਤੀ ਨਹੀਂ ਹੋ ਸਕਦੀ ਉਵੇਂ ਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਣਾਂ ਦੀ ਗਿਣਤੀ ਨਹੀਂ ਹੋ ਸਕਦੀ। ਉਨ੍ਹਾਂ ਦੀ ਉਪਮਾ, ਉਨ੍ਹਾਂ ਦੀ ਬਰਾਬਰੀ ਉਨ੍ਹਾਂ ਨਾਲ ਹੀ ਦੱਸ ਕੇ ਹੋ ਸਕਦੀ ਹੈ।

ਸੰਖੇਪ ਵਿਚ ਦੱਸੇ ਉਪਰੋਕਤ ਗੁਣਾਂ ਤੋਂ ਹੀ ਭੱਟ ਸਾਹਿਬਾਨ ਦੀ ਬਾਣੀ ਦੀ ਸਾਹਿਤਕ ਮਹਾਨਤਾ ਸੁਤੇ-ਸਿਧ ਪ੍ਰਗਟ ਹੋ ਜਾਂਦੀ ਹੈ। ਮਿਥਿਹਾਸਕ, ਇਤਿਹਾਸਕ, ਸਿਧਾਂਤਕ ਅਤੇ ਸਾਹਿਤਕ ਪੱਖਾਂ ਤੋਂ ਅਮੀਰ ਅਤੇ ਮਿੱਠੀ ਬਾਣੀ ਦੀ ਰਚਨਾ ਕਰ ਕੇ ਭੱਟ ਸਾਹਿਬਾਨ ਨੇ ਜਿਸ ਪੱਧਰ 'ਤੇ ਗੁਰੂ ਸਾਹਿਬਾਨ ਦੀ ਵਡਿਆਈ ਕੀਤੀ ਹੈ, ਉਸ ਦਾ ਕਥਨ ਸ਼ਬਦਾਂ ਰਾਹੀਂ ਜਿੰਨਾ ਵੀ ਕੀਤਾ ਜਾਵੇ ਥੋੜ੍ਹਾ ਹੈ।

■

# ਗੁਰੂ ਉਪਮਾ- ਭੱਟਾਂ ਦੇ ਸਵਈਏ

-ਸ. ਗੁਰਦੀਪ ਸਿੰਘ*

ਭੱਟਾਂ ਦੇ ਸਵੱਈਏ ਸਤਿਗੁਰੂ ਦੀ ਵਡਿਆਈ ਨਾਲ ਭਰਪੂਰ ਹਨ। ਇਨ੍ਹਾਂ ਤੋਂ ਗੁਰੂ ਸਾਹਿਬ ਦੀ ਪਵਿੱਤਰ ਸ਼ਖ਼ਸੀਅਤ ਦੇ ਮਹਾਨ ਗੁਣ ਉਜਾਗਰ ਹੁੰਦੇ ਹਨ। ਜਦ ਭੱਟ ਬਾਣੀਕਾਰਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਆਪਣੀ ਬਾਣੀ ਗੁਰ-ਮਹਿਮਾ ਵਿਚ ਉਚਾਰ ਕੇ ਸੁਣਾਈ ਸੀ, ਉਸ ਸਮੇਂ ਸਤਿਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ) ਭਾਵੇਂ ਸਰੀਰਕ ਰੂਪ 'ਚ ਸਾਹਮਣੇ ਬਿਰਾਜਮਾਨ ਨਹੀਂ ਸਨ। ਪਰ ਇਨ੍ਹਾਂ ਭੱਟ ਬਾਣੀਕਾਰਾਂ ਨੇ ਜੋ ਸਵੱਈਏ ਉਚਾਰਨ ਕੀਤੇ, ਉਨ੍ਹਾਂ ਦਾ ਪਾਠ ਕਰਦਿਆਂ ਇਸ ਤਰ੍ਹਾਂ ਜਾਪਦਾ ਹੈ, ਜਿਵੇਂ ਸਤਿਗੁਰੂ ਸਾਹਿਬ ਸਾਹਮਣੇ ਪ੍ਰਤੱਖ ਬਿਰਾਜਮਾਨ ਹੋਣ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਸਤਾਰਬੰਦੀ ਦੀ ਰਸਮ ਵੇਲੇ ਦੂਰੋਂ-ਦੂਰੋਂ ਸਿੱਖ ਸੰਗਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੀਦਾਰ ਨੂੰ ਆਈਆਂ। ਉਨ੍ਹਾਂ ਦਿਨਾਂ ਵਿਚ ਭੱਟ ਵੀ ਸੰਗਤਾਂ ਦੇ ਨਾਲ ਗੋਇੰਦਵਾਲ ਆਏ। ਦੀਦਾਰ ਦੀ ਬਰਕਤ ਨਾਲ ਉਨ੍ਹਾਂ ਦਾ ਚਿੱਤ ਗੁਰੂ ਦੀ ਸਿਫ਼ਤ ਕਰਨ ਦੇ ਉਮਾਹ ਵਿਚ ਆਇਆ ਅਤੇ ਗੁਰੂ-ਉਪਮਾ ਵਿਚ ਉਨ੍ਹਾਂ ਇਹ ਸਵੱਈਏ ਉਚਾਰੇ ਜਿਨ੍ਹਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ (ਸ੍ਰੀ ਮੁਖਵਾਕ) ਸਵੱਈਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਇਸ ਤੱਥ ਦੀ ਪ੍ਰੋੜ੍ਹਤਾ ਭੱਟ ਵਿਦਵਾਨਾਂ ਦੀ ਬਾਣੀ ਵਿੱਚੋਂ ਹੀ ਹੋ ਜਾਂਦੀ ਹੈ ਕਿ ਉਨ੍ਹਾਂ ਨੇ ਸਵੱਈਆਂ ਦੀ ਰਚਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਮਗਰੋਂ ਹੀ ਕੀਤੀ ਸੀ।

ਜਿਨ੍ਹਾਂ ਭੱਟ ਵਿਦਵਾਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੁਸ਼ੋਭਿਤ ਹੈ, ਉਨ੍ਹਾਂ ਦੇ ਨਾਮ ਇਹ ਹਨ-

੧. ਕਲ ਸਹਾਰ (ਦੂਜੇ ਨਾਮ ਕਲ੍ਹ ਅਤੇ ਦਲ੍ਹ ਹਨ)।

੨. ਜਾਲਪ (ਜਿਨ੍ਹਾਂ ਦਾ ਦੂਜਾ ਨਾਮ ਜਲ੍ਹ ਹੈ)।

੩. ਕੀਰਤ ੪. ਭਿਖਾ ੫. ਸਲ੍ਹ ੬. ਭਲ੍ਹ ੭. ਨਲ੍ਹ ੮ ਗਯੰਦ ੯. ਮਥੁਰਾ ੧੦. ਬਲ੍ਹ ੧੧. ਹਰਿਬੰਸ।

ਕਲਸਹਾਰ ਇਨ੍ਹਾਂ ਦਾ ਜਥੇਦਾਰ ਸੀ। ਸਵੱਈਆਂ ਵਿਚ ਕੇਵਲ 'ਗੁਰੂ' ਦੀ ਵਡਿਆਈ ਕੀਤੀ ਗਈ ਹੈ। ਉਨ੍ਹਾਂ ਤੋਂ 'ਗੁਰੂ' ਦੀ ਉਪਮਾ ਸ਼ਿੱਦਤ ਨਾਲ ਕਰਨ ਲੱਗਿਆਂ 'ਗੁਰ-ਵਿਅਕਤੀ' ਦੀ ਉਪਮਾ ਹੋਣੀ ਕੁਦਰਤੀ ਗੱਲ ਸੀ।

*੩੦੨, ਕਿਦਵਾਈ ਨਗਰ, ਲੁਧਿਆਣਾ।

### *ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ :*

ਸਭ ਤੋਂ ਪਹਿਲਾਂ ਭੱਟ ਨਲ੍ਹ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਵਿਚ ਉਚਾਰੇ ੧੦ ਸਵੱਈਏ ਹਨ। ਭੱਟ ਨਲ੍ਹ ਨੇ ਸਵੱਈਆਂ ਦਾ ਅਰੰਭ ਕੀਤਾ ਹੈ, ਉਸ ਅਕਾਲ ਪੁਰਖ ਨੂੰ ਇਕਾਗਰ ਮਨ ਨਾਲ ਸਿਮਰ ਕੇ ਜੋ ਬਖਸ਼ਿਸ਼ਾਂ ਕਰਨ ਵਾਲਾ ਹੈ, ਜੋ ਸੰਤਾਂ ਦਾ ਆਸਰਾ ਹੈ ਅਤੇ ਜੋ ਹਾਜ਼ਰ-ਨਾਜ਼ਰ ਹੈ। ਭੱਟ ਨਲ੍ਹ ਉਚਾਰਦੇ ਹਨ ਕਿ ਮੈਂ ਉਸ (ਅਕਾਲ ਪੁਰਖ) ਦੇ ਚਰਨ ਆਪਣੇ ਹਿਰਦੇ ਵਿਚ ਟਿਕਾਉਂਦਾ ਹਾਂ ਅਤੇ (ਇਨ੍ਹਾਂ ਦੀ ਬਰਕਤਿ ਨਾਲ) ਪਰਮ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਉਂਦਾ ਹਾਂ:

*ਇਕ ਮਨਿ ਪੁਰਖੁ ਧਿਆਇ ਬਰਦਾਤਾ॥ ਸੰਤ ਸਹਾਰੁ ਸਦਾ ਬਿਖਿਆਤਾ॥*
*ਤਾਸੁ ਚਰਨ ਲੇ ਰਿਦੈ ਬਸਾਵਉ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ॥*
*ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ॥*

*(ਪੰਨਾ ੧੩੮੯)*

ਮੈਂ ਉਸ ਪਰਮ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦਾ ਹਾਂ, ਜੋ ਪਾਪਾਂ ਦੇ ਦੂਰ ਕਰਨ ਵਾਲੇ ਹਨ ਅਤੇ ਜੋ ਬਾਣੀ ਦੇ ਸੋਮੇ ਹਨ। ਕਲ੍ਹ ਭੱਟ ਜੀ ਆਖਦੇ ਹਨ ਕਿ ਮੈਂ ਉਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੁਹਣੇ ਗੁਣ ਗਾਉਂਦਾ ਹਾਂ ਜਿਨ੍ਹਾਂ ਨੇ ਰਾਜ ਤੇ ਜੋਗ ਮਾਣਿਆ ਹੈ ਭਾਵ ਜੋ ਗ੍ਰਿਹਸਤੀ ਭੀ ਹਨ ਤੇ ਨਾਲ ਹੀ ਮਾਇਆ ਤੋਂ ਉੱਪਰ ਹੋ ਕੇ ਹਰੀ ਦੇ ਨਾਲ ਜੁੜੇ ਹਨ:

*ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥੨॥*

*(ਪੰਨਾ ੧੩੮੯-੯੦)*

ਗੁਰੂ ਨਾਨਕ ਸਾਹਿਬ ਹਰੀ ਦੇ ਰਸ ਵਿਚ ਭਿੱਜੇ ਹੋਏ ਹਨ ਜੋ ਗੁਰੂ ਨਾਨਕ ਪਾਤਸ਼ਾਹ ਹਰ ਪ੍ਰਕਾਰ ਦੀ ਸੱਤਿਆ ਵਾਲੇ ਹਨ ਜਿਸ ਗੁਰੂ ਨਾਨਕ ਪਾਤਸ਼ਾਹ ਨੂੰ ਮਾਇਆ ਨਹੀਂ ਛਲ ਸਕੀ। ਸਭ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣ ਗਾ ਰਹੇ ਹਨ। ਧੰਨ ਹੈ ਗੁਰੂ ਨਾਨਕ, ਗੁਰੂ ਨਾਨਕ ਧੰਨ ਹੈ ਗੁਰੂ ਨਾਨਕ! ਜਗਤ ਵਿਚ ਉਨ੍ਹਾਂ ਦਾ ਜਨਮ ਲੈਣਾ ਸਕਾਰਥਾ ਤੇ ਭਲਾ ਹੋਇਆ ਹੈ:

*ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ॥੬॥ (ਪੰਨਾ ੧੩੯੦)*

ਜਿਸ ਗੁਰੂ ਨਾਨਕ (ਸਾਹਿਬ) ਨੇ ਅਡੋਲ ਅਵਸਥਾ ਨੂੰ ਤੇ ਅਕਾਲ ਪੁਰਖ ਦੇ ਮਿਲਾਪ ਨੂੰ ਮਾਣਿਆ ਹੈ, ਜਿਸ ਗੁਰੂ ਨਾਨਕ ਦੇਵ ਜੀ ਨੇ ਸਾਰੀ ਦੁਨੀਆਂ ਵਿਚ ਹਾਜ਼ਰ-ਨਾਜ਼ਰ ਅਕਾਲ ਪੁਰਖ ਨੂੰ ਸਰਗੁਣ ਤੇ ਨਿਰਗੁਣ ਰੂਪਾਂ ਵਿਚ ਇੱਕੋ ਜਿਹਾ ਪਛਾਣਿਆ ਹੈ ਤੇ ਕਲ! ਉਸ ਗੁਰੂ ਨਾਨਕ ਪਾਤਸ਼ਾਹ ਦੇ ਸੁਹਣੇ ਗੁਣਾਂ ਨੂੰ ਯਾਦ ਕਰ:

*ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ॥*
*ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ॥੯॥ (ਪੰਨਾ ੧੩੯੦)*

ਸਾਰੇ ਰਿਸ਼ੀਆਂ-ਮੁਨੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੱਸ ਗਾਇਆ ਹੈ। ਹੇ ਕੱਲ੍ਹ ਕਵੀ! ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੁਹਣੀ ਸੋਭਾ ਸੁਤੇ-ਸਿੱਧ ਹੀ ਹਰੇਕ ਪ੍ਰਾਣੀ-ਮਾਤਰ ਦੇ ਹਿਰਦੇ ਵਿਚ ਟਿਕੀ ਹੋਈ ਹੈ:

*ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ॥੧੦॥*

*(ਪੰਨਾ ੧੩੯੦)*

## *ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤਿ* :

'ਸਵੱਈਏ ਮਹਲੇ ਦੂਜੇ ਕੇ ੨' ਦਾ ਕਰਤਾ ਭੱਟ 'ਕਲਸਹਾਰ' ਹੈ ਜਿਸ ਦੇ ਦੂਜੇ ਨਾਮ ਕਲ੍ਹ ਅਤੇ ਦਲ੍ਹ ਹਨ, ਜਿਸ ਨੇ ੧੫ ਸਵੱਈਏ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤਿ ਵਿਚ ਉਚਾਰੇ ਹਨ। ਭੱਟ ਕਲਸਹਾਰ ਜੀ ਉਚਾਰਦੇ ਹਨ ਕਿ ਧੰਨ ਹੈ, ਉਹ ਕਰਤਾਰ, ਸਰਬ-ਵਿਆਪਕ ਹਰੀ ਜੋ ਇਸ ਸ੍ਰਿਸ਼ਟੀ ਦਾ ਮੂਲ ਕਾਰਨ ਹੈ, ਸਿਰਜਣਹਾਰਾ ਹੈ ਤੇ ਸਮਰੱਥਾ ਵਾਲਾ ਹੈ। ਧੰਨ ਹਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮੱਥੇ 'ਤੇ ਹੱਥ ਰੱਖਿਆ ਹੈ:

*ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥*
*ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥*
*ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ*
*ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ॥*
*ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ*
*ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ॥*
*ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ*
*ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ॥*
*ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ*
*ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥੧॥* *(ਪੰਨਾ ੧੩੯੧)*

ਅਕਾਲ ਪੁਰਖ ਦਾ ਨਾਮ (ਸਾਰੇ ਰੋਗਾਂ ਦੀ) ਦਵਾਈ ਹੈ। ਨਾਮ (ਸਭ ਦਾ) ਆਸਰਾ ਹੈ ਅਤੇ ਨਾਮ ਹੀ ਸਮਾਧੀ ਵਾਲਾ ਅਨੰਦ ਹੈ। ਅਕਾਲ ਪੁਰਖ ਦੇ ਨਾਮ ਦਾ ਝੰਡਾ ਸਦਾ ਸੋਭ ਰਿਹਾ ਹੈ। ਹੇ ਕਲਸਹਾਰ। ਹਰਿਨਾਮ ਦੀ ਬਰਕਤ ਨਾਲ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਭੂ-ਰੰਗ ਵਿਚ ਰੱਤੇ ਹੋਏ ਹਨ। ਇਹ ਨਾਮ ਦੇਵਤਿਆਂ ਤੇ ਮਨੁੱਖਾਂ ਨੂੰ ਸੁਗੰਧਿਤ ਕਰ ਰਿਹਾ ਹੈ। ਜਿਸ ਪੁਰਖ ਨੇ ਨਾਮ ਦੀ ਛੋਹ (ਸ੍ਰੀ ਗੁਰੂ ਅੰਗਦ ਦੇਵ ਜੀ ਤੋਂ) ਪ੍ਰਾਪਤ ਕੀਤੀ ਹੈ ਉਸ ਦਾ ਸਤ-ਧਰਮ ਰੂਪ ਸੂਰਜ ਸੰਸਾਰ ਵਿਚ ਚਮਕ ਪਿਆ ਹੈ। ਸਤਿਗੁਰੂ (ਸ੍ਰੀ ਗੁਰੂ ਅੰਗਦ ਦੇਵ ਜੀ) ਦਾ ਦਰਸ਼ਨ ਕਰਨ ਨਾਲ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਅਰਥਾਤ ਤੀਰਥ ਇਸ਼ਨਾਨ ਕਰਨ ਦੀ ਲੋੜ ਨਹੀਂ ਰਹਿ ਜਾਂਦੀ:

*ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ॥੮॥* *(ਪੰਨਾ ੧੩੯੨)*

ਭੱਟ ਕਲਸਹਾਰ ਕਹਿੰਦੇ ਹਨ ਕਿ ਐਸੇ ਗੁਰੂ (ਸ੍ਰੀ ਗੁਰੂ ਅੰਗਦ ਦੇਵ ਜੀ) ਨੂੰ ਦਿਨ-ਰਾਤ ਆਤਮਿਕ-ਅਡੋਲਤਾ ਅਤੇ ਪ੍ਰੇਮ ਵਿਚ ਟਿਕ ਕੇ ਸੇਵਨਾ ਚਾਹੀਦਾ ਹੈ। ਐਸੇ ਸਤਿਗੁਰੂ ਦੇ ਦਰਸ਼ਨ ਕੀਤਿਆਂ ਜਨਮ-ਮਰਨ ਦਾ ਦੁੱਖ ਕੱਟਿਆ ਜਾਂਦਾ ਹੈ:

*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥੧੦॥* *(ਪੰਨਾ ੧੩੯੨)*

## *ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ :*

ਭੱਟ 'ਕਲਸਹਾਰ' (ਕਲ੍ਯ) ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਵਿਚ ੯ ਸਵੱਈਏ ਉਚਾਰੇ ਹਨ। ਭੱਟ ਕਲਸਹਾਰ ਜੀ ਕਹਿੰਦੇ ਹਨ ਕਿ ਸਦਾ ਥਿਰ ਅਕਾਲ ਪੁਰਖ ਨੂੰ ਸਿਮਰੋ, ਜਿਸ ਦਾ ਇਕ ਨਾਮ ਸੰਸਾਰ ਵਿਚ ਅਟੱਲ ਹੈ, ਜਿਸ ਨਾਮ ਨੇ ਭਗਤ ਸਾਹਿਬਾਨ ਨੂੰ ਸੰਸਾਰ-ਸਾਗਰ ਤੋਂ ਪਾਰ ਉਤਾਰਿਆ ਹੈ। ਉਸੇ ਨਾਮ ਵਿਚ (ਸ੍ਰੀ ਗੁਰੂ ਨਾਨਕ ਦੇਵ ਜੀ) ਅਨੰਦ ਲੈ ਰਹੇ ਹਨ। ਉਸੇ ਨਾਮ ਦੁਆਰਾ ਲਹਿਣਾ ਜੀ ਟਿਕ ਗਏ ਜਿਸ ਕਰਕੇ ਸਾਰੀਆਂ ਰੂਹਾਨੀ ਸ਼ਕਤੀਆਂ ਉਨ੍ਹਾਂ ਨੂੰ ਪ੍ਰਾਪਤ ਹੋਈਆਂ। ਹੇ ਕਲ੍ਯ ਕਵੀ! ਉਸੇ ਦੀ ਬਰਕਤ ਨਾਲ ਉੱਚੀ ਬੁੱਧੀ ਵਾਲੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੋਭਾ ਲੋਕਾਂ ਵਿਚ ਪਸਰ ਰਹੀ ਹੈ। ਜਿਹੜਾ ਹਰੀ ਦਾ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰ ਕੇ ਵਰਤਾਇਆ ਤੇ ਸੰਸਾਰੀ ਜੀਵਾਂ ਦੀ ਬਿਰਤੀ ਸੰਸਾਰ ਵੱਲੋਂ ਬੇਪਰਵਾਹ ਕਰ ਦਿੱਤੀ ਉਹੀ ਅਟੱਲ ਨਾਮ, ਉਹੀ ਭਗਤ ਸਾਹਿਬਾਨ ਨੂੰ ਸੰਸਾਰ ਤੋਂ ਪਾਰ ਉਤਾਰਨ ਵਾਲਾ ਨਾਮ ਸ੍ਰੀ ਗੁਰੂ ਅਮਰਦਾਸ ਜੀ ਦੇ ਹਿਰਦੇ ਵਿਚ ਪ੍ਰਗਟ ਹੋਇਆ:

*ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ॥*
*ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈ ਜੈ ਕਾਰੁ ਜਪੰਥਿ ਨਰਾ॥*
*ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ॥*
*ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥੧॥*
*(ਪੰਨਾ ੧੩੯੨-੯੩)*

ਉਸੇ ਨਾਮ ਵਿਚ ਲੱਗ ਕੇ ਗੰਭੀਰ ਤੇ ਉੱਚੀ ਮਤਿ ਵਾਲੇ ਸਤਿਗੁਰੂ ਦੀ ਰਾਹੀਂ ਪੂਰਨ ਸ਼ਰਧਾ ਦਾ ਸਦਕਾ ਸੰਗਤ ਤਰ ਰਹੀ ਹੈ, ਉਹੀ ਅਛਲ ਨਾਮ ਤੇ ਭਗਤ-ਜਨਾਂ ਨੂੰ ਸੰਸਾਰ-ਸਾਗਰ ਤੋਂ ਤਾਰਨ ਵਾਲਾ ਨਾਮ ਸ੍ਰੀ ਗੁਰੂ ਅਮਰਦਾਸ ਜੀ ਦੇ ਹਿਰਦੇ ਵਿਚ ਪ੍ਰਗਟ ਹੋਇਆ:

*ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ ਸਤ ਕਰਿ ਸੰਗਤਿ ਉਧਰੀਆ॥*
*ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥੪॥*
*(ਪੰਨਾ ੧੩੯੩)*

ਸਾਰੇ ਪਦਾਰਥਾਂ ਵਿੱਚੋਂ ਸਰਬ-ਵਿਆਪਕ ਹਰੀ ਦਾ ਨਾਮ ਪਦਾਰਥ ਉੱਤਮ ਹੈ।

ਭਗਤ-ਜਨ ਇਸ ਨਾਮ ਵਿਚ ਹੀ ਬਿਰਤੀ ਜੋੜ ਕੇ ਟਿਕ ਰਹੇ ਹਨ। ਹੇ ਗੁਰੂ ਅਮਰਦਾਸ ਜੀ! ਉਹੀ ਪਦਾਰਥ ਕਰਤਾਰ ਨੇ ਪ੍ਰਸੰਨ ਹੋ ਕੇ ਆਪ ਜੀ ਨੂੰ ਦਿੱਤਾ ਹੈ:

*ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ॥*
*ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ॥੬॥*

*(ਪੰਨਾ ੧੩੯੩)*

ਸ੍ਰੀ ਗੁਰੂ ਅਮਰਦਾਸ ਜੀ ਦੇ ਸੱਜੇ ਹੱਥ ਵਿਚ ਪਦਮ ਹੈ। ਇਕ ਰੂਹਾਨੀ ਸ਼ਕਤੀ ਉਨ੍ਹਾਂ ਦੇ ਮੂੰਹ ਨੂੰ ਸਾਹਮਣੇ ਹੋ ਕੇ ਤੱਕ ਰਹੀ ਹੈ। ਆਪ ਦੇ ਖੱਬੇ ਅੰਗ ਵਿਚ ਦੂਜੀ ਰੂਹਾਨੀ ਸ਼ਕਤੀ ਵੱਸ ਰਹੀ ਹੈ ਜੋ ਤਿੰਨਾਂ ਲੋਕਾਂ ਨੂੰ ਮੋਂਹਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਹਿਰਦੇ ਵਿਚ ਅਕੱਥ ਹਰੀ ਵੱਸ ਰਿਹਾ ਹੈ। ਇਸ ਆਨੰਦ ਨੂੰ ਗੁਰੂ ਅਮਰਦਾਸ ਜੀ ਨੇ ਆਪ ਜਾਣਿਆ ਹੈ। ਇਸ ਰੰਗ ਵਿਚ ਰੱਤੇ ਹੋਏ ਗੁਰੂ ਅਮਰਦਾਸ (ਜੀ) ਆਪਣੇ ਮੁਖ ਤੋਂ ਅਕਾਲ ਪੁਰਖ ਦੀ ਭਗਤੀ ਉਚਾਰ ਰਹੇ ਹਨ। ਸ੍ਰੀ ਗੁਰੂ ਅਮਰਦਾਸ ਜੀ ਦੇ ਮੱਥੇ ਉੱਤੇ ਪਰਮਾਤਮਾ ਦੀ ਸੱਚੀ ਬਖਸ਼ਿਸ਼ ਦਾ ਨਿਸ਼ਾਨ ਹੈ। ਭੱਟ ਕਲ੍ਯ ਜੀ ਕਹਿੰਦੇ ਹਨ ਕਿ ਹੱਥ ਜੋੜ ਕੇ ਇਸ ਸਤਿਗੁਰੂ ਨੂੰ ਜਿਸ ਮਨੁੱਖ ਨੇ ਧਿਆਇਆ ਹੈ ਤੇ ਪਰਸਿਆ ਹੈ ਉਸ ਨੇ ਆਪਣੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰ ਲਈਆਂ ਹਨ:

*ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥*
*ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥*
*ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ॥*
*ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ॥*
*ਮਸਤਕਿ ਨੀਸਾਣੁ ਸਚਉ ਕਰਮੁ ਕਲ੍ਯ ਜੋੜਿ ਕਰ ਧ੍ਯਾਇਅਉ॥*
*ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ॥੯॥*

*(ਪੰਨਾ ੧੩੯੪)*

ਭੱਟ ਜਾਲਪ ਜੀ ਨੇ ਜੋ ਪੰਜ ਸਵੱਈਏ ਉਚਾਰੇ ਹਨ ਉਨ੍ਹਾਂ ਵਿਚ ਉਹ ਦੱਸਦੇ ਹਨ ਕਿ ਉਹੀ ਚਰਨ ਸਕਾਰਥ ਹਨ ਜੋ ਚਰਨ ਸ੍ਰੀ ਗੁਰੂ ਅਮਰਦਾਸ ਜੀ ਦੇ ਰਾਹ ਉੱਤੇ ਤੁਰਦੇ ਹਨ। ਉਹੀ ਹੱਥ ਸਫ਼ਲੇ ਹਨ ਜੋ ਹੱਥ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ 'ਤੇ ਲੱਗਦੇ ਹਨ। ਉਹੀ ਜੀਭ ਸਕਾਰਥੀ ਹੈ ਜੋ ਗੁਰੂ ਅਮਰਦਾਸ ਜੀ ਨੂੰ ਸਲਾਹੁੰਦੀ ਹੈ। ਉਹੀ ਅੱਖਾਂ ਸਫ਼ਲ ਹਨ ਜਿਨ੍ਹਾਂ ਅੱਖਾਂ ਨਾਲ ਸ੍ਰੀ ਗੁਰੂ ਅਮਰਦਾਸ ਜੀ ਨੂੰ ਵੇਖੀਏ। ਉਹੀ ਕੰਨ ਸਫ਼ਲ ਹਨ ਜਿਨ੍ਹਾਂ ਕੰਨਾਂ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਸੋਭਾ ਸੁਣੀ ਜਾਂਦੀ ਹੈ। ਉਹੀ ਹਿਰਦਾ ਸਕਾਰਥਾ ਹੈ ਜਿਸ ਹਿਰਦੇ ਵਿਚ ਜਗਤ ਦਾ ਪਿਤਾ ਪਿਆਰਾ ਅਮਰਦਾਸ ਜੀ ਵੱਸਦਾ ਹੈ। ਜਾਲਪ ਜੀ ਆਖਦੇ ਹਨ, ਉਹੀ ਸਿਰ ਸਫ਼ਲ ਹੈ ਜੋ ਸਿਰ ਸਦਾ ਗੁਰੂ ਅਮਰਦਾਸ ਜੀ ਅੱਗੇ ਨਿਉਂਦਾ ਹੈ:

*ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥*

*ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥*
*ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥*
*ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥*
*ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥*
*ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥*
*ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥੧॥੧੦॥*

*(ਪੰਨਾ ੧੩੯੪)*

ਸ੍ਰੀ ਗੁਰੂ ਅਮਰਦਾਸ ਅਕਾਲ ਪੁਰਖ ਦੇ ਪਿਆਰੇ ਭਗਤ ਹਨ ਮੈਂ ਉਨ੍ਹਾਂ ਦਾ ਦਰਸ਼ਨ ਦੇਖ ਕੇ ਵਿਕਾਰਾਂ ਤੋਂ ਖਲਾਸੀ ਹਾਸਲ ਕਰਦਾ ਹਾਂ:

*ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ॥੪॥੧੩॥*

*(ਪੰਨਾ ੧੩੯੪)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਨਾਮ ਜੋ ਸਦਾ ਚਿਰ ਰਹਿਣ ਵਾਲਾ ਹੈ ਪੱਕੇ ਤੌਰ 'ਤੇ ਗ੍ਰਹਿਣ ਕੀਤਾ। ਉਨ੍ਹਾਂ ਤੋਂ ਲਹਿਣਾ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਕੇ ਪ੍ਰਗਟ ਹੋਏ ਅਤੇ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਅਪਣੀ ਬਿਰਤੀ ਲਾ ਰੱਖੀ। ਉਸ ਕੁਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਆਸਾਂ ਪੂਰਨ ਕਰਨ ਵਾਲੇ ਪ੍ਰਗਟ ਹੋਏ। ਮੈਂ ਉਨ੍ਹਾਂ ਦੇ ਕਿਹੜੇ ਗੁਣ ਦੱਸਾਂ? ਉਹ ਗੁਣ ਅਲੱਖ ਤੇ ਅਗੰਮ ਹਨ। ਮੈਂ ਉਨ੍ਹਾਂ ਗੁਣਾਂ ਦਾ ਅੰਤ ਨਹੀਂ ਜਾਣਦਾ:

*ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ॥*
*ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ॥*
*ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ॥*
*ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ॥...੧॥੧੫॥*

*(ਪੰਨਾ ੧੩੯੫)*

ਭੱਟ ਕੀਰਤ ਜੀ ਉਚਾਰਦੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁਲ ਵਿਚ ਗੁਰੂ ਅਮਰਦਾਸ (ਜੀ) ਨਿਰਮਲ ਅਵਤਾਰ ਹੋਏ ਹਨ ਜੋ ਕਰਤਾਰ ਦੇ ਗੁਣਾਂ ਨੂੰ ਉਚਾਰਦੇ ਹਨ। ਜਿਹੜੇ ਮਨੁੱਖ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੇਂਵਦੇ ਹਨ ਉਨ੍ਹਾਂ ਦੇ ਦੁੱਖ ਤੇ ਦਲਿੱਦਰ ਦੂਰ ਹੋ ਜਾਂਦੇ ਹਨ:

*ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਗੁਣ ਕਰਤਾਰੈ ਉਚਰੈ॥*
*ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ॥੩॥੧੭॥*

*(ਪੰਨਾ ੧੩੯੫)*

ਭੱਟ ਭਿਖਾ ਜੀ ਜਿਨ੍ਹਾਂ ਨੇ ਦੋ ਸਵੱਈਏ ਉਚਾਰੇ ਹਨ ਕਹਿੰਦੇ ਹਨ : ਮੈਂ ਇਕ ਸਾਲ ਫਿਰਦਾ ਰਿਹਾ ਹਾਂ, ਭਟਕਦਾ ਰਿਹਾ ਹਾਂ। ਮੈਂ ਸੰਤਾਂ ਨੂੰ ਟੋਲਦਾ-ਟੋਲਦਾ ਥੱਕ

ਗਿਆ ਹਾਂ। ਕਈ ਸਾਧ ਭੀ ਦੇਖੇ ਹਨ। ਕਈ ਤਪੱਸਵੀ ਤੇ ਕਈ ਮੂੰਹੋਂ-ਮਿੱਠੇ ਪੰਡਿਤ ਭੀ ਦੇਖੇ ਹਨ। ਕਿਸੇ ਨੇ ਮੇਰੀ ਨਿਸ਼ਾ ਨਹੀਂ ਕੀਤੀ। ਸਾਰੇ ਮੂੰਹੋਂ ਆਖਦੇ ਹੀ ਆਖਦੇ ਹਨ ਭਾਵ ਹੋਰਨਾਂ ਨੂੰ ਉਪਦੇਸ਼ ਕਰਦੇ ਹੀ ਸੁਣੇ ਹਨ ਪਰ ਕਿਸੇ ਦੀ ਰਹਿਤ ਦੇਖ ਕੇ ਮੈਨੂੰ ਅਨੰਦ ਨਹੀਂ ਆਇਆ:

*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥*
*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥...੨॥੨੦॥*

*(ਪੰਨਾ ੧੩੯੫-੯੬)*

ਭੱਟ ਸੱਲ ਜੀ ਨੇ ਆਪਣੇ ਇਕ ਸਵੱਈਏ ਵਿਚ ਕਿਹਾ ਹੈ:

ਤੇਜ ਭਾਨ ਦੇ ਪੁਤ, ਹੇ ਗੁਰੂ ਅਮਰਦਾਸ! ਤੂੰ ਆਪਣੀ ਕੁਲ ਵਿਚੋਂ ਸ਼੍ਰੋਮਣੀ ਹੈਂ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਰ ਨਾਲ ਰਾਜਿਆਂ ਦਾ ਰਾਜਾ ਹੈਂ। ਭੱਟ ਸੱਲ ਜੀ ਕਹਿੰਦੇ ਹਨ: ਹੇ ਗੁਰੂ ਅਮਰਦਾਸ ਜੀ! ਆਪ ਜੀ ਨੇ ਇਸ ਤਰ੍ਹਾਂ ਯੁੱਧ ਕਰਕੇ ਵਿਕਾਰਾਂ ਦਾ ਦਲ ਜਿੱਤਿਆ ਹੈ:

*ਗੁਰ ਅਮਰਦਾਸ ਸਚੁ ਸਲ੍ਯ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ॥੧॥੨੧॥*

*(ਪੰਨਾ ੧੩੯੬)*

ਗੁਰੂ ਅਮਰਦਾਸ ਜੀ ਦੇ ਗੁਣ ਵਰਣਨ ਨਹੀਂ ਹੋ ਸਕਦੇ:

*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥੧॥੨੨॥*

*(ਪੰਨਾ ੧੩੯੬)*

## ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ :

ਹੇ ਸਤਿਗੁਰੂ! ਮੈਂ ਦਾਸ ਦੀ ਆਸ ਪੂਰੀ ਕਰ ਕਿ ਮੈਂ ਇਕਾਗਰ ਮਨ ਹੋ ਕੇ ਮਾਇਆ ਤੋਂ ਰਹਿਤ ਅਕਾਲ ਪੁਰਖ ਨੂੰ ਸਿਮਰਾਂ। ਗੁਰੂ ਜੀ ਦੀ ਕਿਰਪਾ ਨਾਲ ਸਦਾ ਹਰੀ ਦੇ ਗੁਣ ਗਾਵਾਂ ਅਤੇ ਗੁਣ ਗਾਂਦਿਆਂ-ਗਾਂਦਿਆਂ ਮੇਰੇ ਮਨ ਵਿਚ ਖਿੜਾਉ ਪੈਦਾ ਹੋਵੇ। ਗੁਰੂ ਰਾਮਦਾਸ ਜੀ ਜਿਨ੍ਹਾਂ ਨੇ ਗੁਰੂ ਅਮਰਦਾਸ ਜੀ ਨੂੰ ਸੇਵ ਕੇ ਉੱਚੀ ਪਦਵੀ ਪਾਈ ਹੈ ਅਤੇ ਅਬਿਨਾਸੀ ਅਤੇ ਅਦ੍ਰਿਸ਼ਟ ਹਰੀ ਨੂੰ ਸਿਮਰਿਆ ਹੈ ਉਨ੍ਹਾਂ ਗੁਰੂ ਰਾਮਦਾਸ ਦੀ ਚਰਨੀਂ ਲੱਗਿਆਂ ਦਲਿੱਦਰ ਨਹੀਂ ਚੰਬੜਦਾ। ਭੱਟ ਕਲਸਹਾਰ ਉਸ ਗੁਰੂ ਰਾਮਦਾਸ ਜੀ ਦੇ ਗੁਣ ਗਾਉਂਦੇ ਹਨ:

*ਇਕ ਮਨਿ ਪੁਰਖੁ ਨਿਰੰਜਨੁ ਧਿਆਵਉ॥*
*ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ॥*
*ਗੁਨ ਗਾਵਤ ਮਨਿ ਹੋਇ ਬਿਗਾਸਾ॥ ਸਤਿਗੁਰ ਪੂਰਿ ਜਨਹ ਕੀ ਆਸਾ॥*
*ਸਤਿਗੁਰੁ ਸੇਵਿ ਪਰਮ ਪਦੁ ਪਾਯਉ॥ ਅਬਿਨਾਸੀ ਅਬਿਗਤੁ ਧਿਆਯਉ॥*
*ਤਿਸੁ ਭੇਟੇ ਦਾਰਿਦ੍ਰੁ ਨ ਚੰਪੈ॥ ਕਲ੍ਯ ਸਹਾਰੁ ਤਾਸੁ ਗੁਣ ਜੰਪੈ॥...੧॥*

*(ਪੰਨਾ ੧੩੯੬)*

ਮੈਂ ਉਸ ਸ੍ਰੇਸ਼ਟ-ਜਨ (ਸ੍ਰੀ ਗੁਰੂ ਰਾਮਦਾਸ ਜੀ) ਦੇ ਨਿਰਮਲ ਗੁਣ ਗਾਂਦਾ ਹਾਂ ਜਿਨ੍ਹਾਂ ਨੂੰ ਆਤਮਿਕ ਜੀਵਨ ਦੇਣ ਵਾਲਾ ਨਾਮ ਅਨੁਭਵ ਹੋਇਆ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੇਵ ਕੇ ਸ਼ਬਦ ਦਾ ਆਨੰਦ ਪ੍ਰਾਪਤ ਕੀਤਾ ਹੈ ਤੇ ਨਿਰੰਜਨ ਦਾ ਨਾਮ ਹਿਰਦੇ ਵਿਚ ਟਿਕਾਇਆ ਹੈ। ਕਲਸਹਾਰ ਕਵੀ ਕਹਿੰਦੇ ਹਨ ਕਿ ਠਾਕੁਰ ਹਰਿਦਾਸ ਜੀ ਦੇ ਸਪੁੱਤਰ ਗੁਰੂ ਰਾਮਦਾਸ ਜੀ (ਹਿਰਦੇ ਰੂਪੀ) ਖਾਲੀ ਸਰੋਵਰਾਂ ਨੂੰ (ਨਾਮ ਜਲ) ਭਰਨ ਵਾਲੇ ਹਨ। ਗੁਰੂ ਰਾਮਦਾਸ ਜੀ ਅਕਾਲ ਪੁਰਖ ਦੇ ਨਾਮ ਦੇ ਰਸੀਆ ਹਨ, ਗੋਬਿੰਦ ਦੇ ਗੁਣਾਂ ਦੇ ਗਾਹਕ ਹਨ, ਅਕਾਲ ਪੁਰਖ ਨਾਲ ਪਿਆਰ ਕਰਨ ਵਾਲੇ ਹਨ ਅਤੇ ਸਮ-ਦ੍ਰਿਸ਼ਟਤਾ ਦੇ ਸਰੋਵਰ ਹਨ:

*ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ॥*
*ਕਵਿ ਕਲੵ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥੧॥*

*(ਪੰਨਾ ੧੩੯੬)*

ਭੱਟ ਨਲੵ ਜੀ ਉਚਾਰਦੇ ਹਨ ਮੈਂ ਸੱਚੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਤੋਂ ਸਦਕੇ ਜਾਂਦਾ ਹਾਂ। ਮੈਂ ਕਿਹੜੀ ਉਪਮਾ ਦਿਆਂ ਭਾਵ ਕੀ ਆਖਾਂ ਕਿ ਕਿਹੋ ਜਿਹੇ ਹਨ? ਮੈਂ ਉਨ੍ਹਾਂ ਦੀ ਕਿਹੜੀ ਸੇਵਾ ਕਰਾਂ? ਦੋਵੇਂ ਹੱਥ ਜੋੜ ਕੇ ਸਨਮੁਖ ਹੋ ਕੇ ਜੀਭ ਨਾਲ ਸਿਮਰਾਂ ਬਸ ਇਹੀ ਉਪਮਾ ਤੇ ਇਹੀ ਸੇਵਾ ਹੈ:

*ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥*
*ਕਵਨ ਉਪਮਾ ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ॥...੩॥*

*(ਪੰਨਾ ੧੩੯੮)*

ਇਹ ਸੰਸਾਰ-ਸਾਗਰ ਤੋਂ ਤਾਰਨ ਲਈ ਗੁਰੂ ਜਹਾਜ਼ ਹੈ। ਗੁਰੂ ਹੀ ਮਲਾਹ ਹੈ। ਕੋਈ ਪ੍ਰਾਣੀ ਗੁਰੂ (ਦੀ ਸਹਾਇਤਾ) ਤੋਂ ਬਿਨਾਂ ਨਹੀਂ ਤਰ ਸਕਿਆ। ਗੁਰੂ ਦੀ ਕਿਰਪਾ ਨਾਲ ਹੀ ਪ੍ਰਭੂ ਮਿਲਦਾ ਹੈ। ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੁੰਦੀ:

*ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ॥*
*ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ॥...੧॥*

*(ਪੰਨਾ ੧੪੦੧)*

ਭੱਟ ਗਯੰਦ ਜੀ ਕਹਿੰਦੇ ਹਨ : ਹੇ ਗੁਰੂ! ਤੂੰ ਧੰਨ ਹੈਂ! ਤੂੰ ਆਪਣੇ ਸੇਵਕਾਂ ਦੇ ਹਿਰਦੇ ਵਿਚ ਸਦਾ ਹਾਜ਼ਰ-ਨਾਜ਼ਰ ਹੈਂ। ਤੇਰੀ ਹੀ ਸਾਰੀ ਬਰਕਤ ਹੈ। ਤੂੰ ਨਿਰੰਕਾਰ (ਰੂਪ) ਹੈਂ, ਪ੍ਰਭੂ (ਰੂਪ) ਹੈਂ, ਸਦਾ ਥਿਰ ਹੈਂ। ਕੋਈ ਨਹੀਂ ਆਖ ਸਕਦਾ, ਤੂੰ ਕਦੋਂ ਦਾ ਹੈਂ:

*ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥*
*ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ॥...੧॥੧੧॥*

*(ਪੰਨਾ ੧੪੦੩)*

ਭੱਟ ਮਥੁਰਾ ਜੀ ਨੇ ਜੋ ੭ ਸਵੱਈਏ ਉਚਾਰੇ ਹਨ ਉਨ੍ਹਾਂ ਅਨੁਸਾਰ ਅਕਾਲ ਪੁਰਖ ਅਪਹੁੰਚ ਹੈ, ਅਨੰਤ ਹੈ, ਅਨਾਦਿ ਹੈ ਜਿਸ ਦਾ ਮੁੱਢ ਕੋਈ ਨਹੀਂ ਜਾਣਦਾ:

*ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ॥...੧॥ (ਪੰਨਾ ੧੪੦੪)*

ਭੱਟ ਬਲ੍ਯ ਜੀ ਕਹਿੰਦੇ ਹਨ ਜਿਸ ਗੁਰੂ ਨੂੰ ਸਿਮਰਿਆਂ ਜੀਵ ਹਿਰਦੇ ਦੀ ਤਪਤ ਮਿਟਦੀ ਹੈ; ਜਿਸ ਗੁਰੂ ਨੂੰ ਯਾਦ ਕਰਕੇ (ਜੀਵ) ਰੂਹਾਨੀ ਸ਼ਕਤੀਆਂ ਤੇ ਸਭ ਵਸਤਾਂ ਪਾ ਲੈਂਦਾ ਹੈ ਜਿਸ ਗੁਰੂ ਰਾਮਦਾਸ ਜੀ ਦੀ ਚਰਨੀਂ ਲੱਗ ਕੇ ਪ੍ਰਭੂ ਨੂੰ ਮਿਲੀਦਾ ਹੈ ਉਸ ਗੁਰੂ ਨੂੰ ਸਿਮਰੋ ਤੇ ਸੰਗਤਿ ਵਿਚ ਮਿਲ ਕੇ ਆਖੋ, ਤੂੰ ਧੰਨ ਹੈਂ! ਤੂੰ ਧੰਨ ਹੈਂ:

*ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ॥*
*ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ॥*
*ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ॥*
*ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ॥੫॥੫੪॥*

*(ਪੰਨਾ ੧੪੦੫)*

ਭੱਟ ਕੀਰਤ ਜੀ ਅਪਣੇ ਚਾਰ ਸਵੱਈਆਂ ਵਿਚ ਉਚਾਰਦੇ ਹਨ ਕਿ ਅਸੀਂ ਔਗੁਣਾਂ ਨਾਲ ਭਰੇ ਪਏ ਹਾਂ। ਸਾਡੇ ਵਿਚ ਇਕ ਭੀ ਗੁਣ ਨਹੀਂ ਹੈ। ਅੰਮ੍ਰਿਤ ਨਾਮ ਨੂੰ ਛੱਡ ਕੇ ਅਸੀਂ ਨਿਰੀ ਵਿਹੁ ਹੀ ਖਾਧੀ ਹੈ। ਮਾਇਆ ਦੇ ਮੋਹ ਅਤੇ ਭਰਮਾਂ ਵਿਚ ਪੈ ਕੇ ਅਸੀਂ (ਸਹੀ ਜੀਵਨ-ਰਾਹ ਤੋਂ) ਭੁੱਲੇ ਹੋਏ ਹਾਂ ਤੇ ਪੁੱਤਰ ਇਸਤਰੀ ਨਾਲ ਅਸਾਂ ਪਿਆਰ ਪਾਇਆ ਹੋਇਆ ਹੈ। ਅਸਾਂ ਸਤਿਗੁਰੂ ਦੀ ਸੰਗਤਿ ਵਾਲਾ ਇਕ ਉੱਚਾ ਰਾਹ ਸੁਣਿਆ ਹੈ; ਉਸ ਵਿਚ ਮਿਲ ਕੇ ਅਸਾਂ ਜਮਾਂ ਦਾ ਡਰ ਮਿਟਾ ਲਿਆ ਹੈ। ਕੀਰਤ ਭੱਟ ਦੀ ਹੁਣ ਇਕ ਹੀ ਬੇਨਤੀ ਹੈ ਕਿ ਹੇ ਗੁਰੂ ਰਾਮਦਾਸ ਜੀ! ਆਪਣੀ ਸਰਨ ਰੱਖੋ:

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥*

*(ਪੰਨਾ ੧੪੦੬)*

ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਕੁੱਲ ੬੦ ਸਵੱਈਏ ਉਚਾਰਨ ਕੀਤੇ ਗਏ ਹਨ।

### *ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਉਸਤਤਿ*

ਭੱਟ ਕਲ੍ਯਸਹਾਰ ਜੀ ਉਚਾਰਦੇ ਹਨ ਕਿ ਮੈਂ ਉਸ ਅਬਿਨਾਸੀ ਤੇ ਅਚੱਲ ਅਕਾਲ ਪੁਰਖ ਨੂੰ ਸਿਮਰਦਾ ਹਾਂ ਜਿਸ ਦਾ ਸਿਮਰਨ ਕਰਨ ਨਾਲ ਦੁਰਮਤਿ ਦੀ ਮੈਲ ਦੂਰ ਹੋ ਜਾਂਦੀ ਹੈ। ਮੈਂ ਸਤਿਗੁਰੂ ਦੇ ਕੰਵਲਾਂ ਵਰਗੇ ਚਰਨ ਹਿਰਦੇ ਵਿਚ ਵਸਾਉਂਦਾ ਹਾਂ ਤੇ ਪ੍ਰੇਮ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣ ਵਿਚਾਰਦਾ ਹਾਂ। ਭੱਟ ਕਲ੍ਯ ਜੀ ਕਹਿੰਦੇ ਹਨ

ਕਿ ਮੈਂ ਹੱਥ ਜੋੜ ਕੇ ਗੁਰੂ ਅਰਜਨ ਸਾਹਿਬ ਦੀ ਸਿਫਤ ਉਚਾਰਦਾ ਹਾਂ। ਆਪ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਵਿਚ ਜਨਮ ਲਿਆ। ਉਨ੍ਹਾਂ ਦੇ ਸਾਰੇ ਮਨੋਰਥ ਤੇ ਆਸਾਂ ਪੂਰੀਆਂ ਹੋਈਆਂ। ਜਨਮ ਤੋਂ ਹੀ ਆਪ ਨੇ ਗੁਰੂ ਦੀ ਮਤਿ ਦੁਆਰਾ ਬ੍ਰਹਮ ਨੂੰ ਪਛਾਣਿਆ ਹੈ ਅਤੇ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਹੋਈ ਹੈ:

*ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ॥*
*ਜਿਸੁ ਸਿਮਰਤ ਦੁਰਮਤਿ ਮਲੁ ਨਾਸੀ॥*
*ਸਤਿਗੁਰ ਚਰਣ ਕਵਲ ਰਿਦਿ ਧਾਰੰ॥*
*ਗੁਰ ਅਰਜੁਨ ਗੁਣ ਸਹਜਿ ਬਿਚਾਰੰ॥*
*ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ॥*
*ਸਗਲ ਮਨੋਰਥ ਪੂਰੀ ਆਸਾ॥*
*ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ॥*
*ਕਲ੍ਯ ਜੋੜਿ ਕਰ ਸੁਜਸੁ ਵਖਾਣਿਓ॥* *(ਪੰਨਾ ੧੪੦੬-੦੭)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤ, ਸੰਤੋਖ ਹਿਰਦੇ ਵਿਚ ਧਾਰਨ ਕੀਤਾ ਹੈ ਤੇ ਉਸ ਹਰੀ ਨੂੰ ਆਪਣੇ ਅੰਦਰ ਟਿਕਾਇਆ ਹੈ ਜਿਸ ਦਾ ਰੂਪ ਸਤਿ ਹੈ ਤੇ ਨਾਮ ਸਦਾ ਥਿਰ ਹੈ। ਪ੍ਰਤੱਖ ਤੌਰ 'ਤੇ ਅਕਾਲ ਪੁਰਖ ਨੇ ਧੁਰੋਂ ਹੀ ਆਪ ਦੇ ਮੱਥੇ 'ਤੇ ਲੇਖ ਲਿਖਿਆ ਹੈ:

*ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ॥*
*ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ॥*

*(ਪੰਨਾ ੧੪੦੮)*

ਗੁਰੂ ਅਰਜਨ ਸਾਹਿਬ ਜੀ ਦੀ ਉਸਤਤਿ ਵਿਚ ਭੱਟ ਕਲਸਹਾਰ ਜੀ ਨੇ ੧੨, ਭੱਟ ਮਥੁਰਾ ਜੀ ਨੇ ੭ ਤੇ ਭੱਟ ਹਰਿਬੰਸ ਜੀ ਨੇ ੨ (ਕੁੱਲ ੨੧) ਸਵੱਈਏ ਗਾਏ ਹਨ।

ਭੱਟ ਮਥੁਰਾ ਜੀ ਕਹਿੰਦੇ ਹਨ ਜਦ ਤਕ ਮੱਥੇ ਦੇ ਭਾਗ ਨਹੀਂ ਸਨ ਜਾਗੇ ਤਦ ਤਾਈਂ ਬਹੁਤ ਭਟਕਦੇ ਤੇ ਭੱਜਦੇ ਫਿਰਦੇ ਸੀ। ਕਲਿਜੁਗ ਦੇ ਡਰਾਉਣੇ ਸਮੁੰਦਰ ਵਿਚ ਡੁੱਬ ਰਹੇ ਸਾਂ। ਪੱਛੋਤਾਵਾ ਕਿਸੇ ਵੇਲੇ ਵੀ ਮਿਟਦਾ ਨਹੀਂ ਸੀ। ਪਰ ਹੇ ਮਥੁਰਾ! ਹੁਣ ਸੱਚੀ ਵਿਚਾਰ ਇਹ ਹੈ ਕਿ ਜਗਤ ਨੂੰ ਤਾਰਨ ਲਈ ਹਰੀ ਨੇ ਗੁਰੂ ਅਰਜਨ ਸਾਹਿਬ ਨੂੰ ਅਵਤਾਰ ਬਣਾਇਆ ਹੈ। ਜਿਨ੍ਹਾਂ ਨੇ ਗੁਰੂ ਅਰਜਨ ਦੇਵ (ਜੀ) ਨੂੰ ਜਪਿਆ ਹੈ, ਉਹ ਪਰਤ ਕੇ ਜਨਮ-ਮਰਨ ਦੇ ਦੁੱਖਾਂ ਵਿਚ ਨਹੀਂ ਆਏ:

*ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥*
*ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥੬॥*

*(ਪੰਨਾ ੧੪੦੯)*

■

# ਭੱਟ ਬਾਣੀ : ਸਿਧਾਂਤਕ ਤੇ ਸੰਸਥਾਗਤ ਪਰਿਪੇਖ

*-ਡਾ. ਕੁਲਦੀਪ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਇਕ ਨਵੀਂ ਅਧਿਆਤਮਿਕ ਸਮਾਜਕ ਜੀਵਨ-ਜਾਚ ਰਾਹੀਂ ਭਾਰਤੀ ਜਨ-ਜੀਵਨ ਦੇ ਕ੍ਰਾਂਤੀਕਾਰੀ ਰੂਪਾਂਤਰਣ ਦਾ ਜੋ ਦੀਰਘ ਕਾਲੀ ਪ੍ਰੋਗਰਾਮ ਉਲੀਕਿਆ ਗਿਆ ਸੀ, ਉਸ ਦਾ ਇਹ ਇਕ ਮਹੱਤਵਪੂਰਨ ਪੜਾਅ ਸੀ। ਕਰਮਕਾਂਡ, ਜਾਤ-ਪਾਤ ਵਿਚ ਗ੍ਰਸੇ ਨਿਰਬਲ ਨਿਤਾਣੇ ਸਮਾਜਿਕ ਸਰੋਕਾਰਾਂ ਤੋਂ ਟੁੱਟੇ ਆਤਮ ਵਿਸ਼ਵਾਸ ਗੁਆ ਚੁਕੇ ਜਨ-ਸਾਧਾਰਨ ਨੂੰ ਇਕ ਅਕਾਲ ਪੁਰਖ ਨਾਲ ਜੁੜ ਕੇ ਕਰਮਸ਼ੀਲ ਤੇ ਸਾਰਥਕ ਜੀਵਨ-ਜਾਚ ਨਾਲ ਜੋੜਨਾ ਸੌਖਾ ਨਹੀਂ ਸੀ। ਸਦੀਆਂ ਦੇ ਵਹਿਮ-ਭਰਮ, ਮਿਥਿਹਾਸਕ ਕਥਾ-ਕਹਾਣੀਆਂ ਨੇ ਉਨ੍ਹਾਂ ਨੂੰ ਨਿੱਕੇ-ਨਿੱਕੇ ਰੱਬਾਂ ਨਾਲ ਹੀ ਜੋੜ ਦਿੱਤਾ ਸੀ। ਉਹ ਅਧਿਆਤਮਕ ਜੀਵਨ ਦੇ ਅਸਲ ਤੱਤ ਦੀ ਥਾਂ ਉਸ ਦੇ ਬਾਹਰੀ ਕਰਮਕਾਂਡ ਵਿਚ ਖਚਤ ਹੋ ਕੇ ਰਹਿ ਗਏ ਸਨ। ਵਿਭਿੰਨ ਮਤਾਂ-ਮਤਾਂਤਰਾਂ ਵਾਲੇ ਆਪਸ ਵਿਚ ਇਕ ਦੂਜੇ ਨਾਲ ਮਿਲਣ ਵਰਤਣ ਤੋਂ ਵੀ ਕਿਨਾਰਾ ਕਰਨ ਲੱਗੇ ਸਨ। ਅਜਿਹੀ ਸਥਿਤੀ ਵਿਚ ਸੱਚ ਕਿਨਾਰੇ ਰਹਿ ਗਿਆ ਸੀ। ਪੂਰੀ ਤਰ੍ਹਾਂ ਪਤਨ ਗ੍ਰਸਤ ਜਨ-ਮਾਨਸ ਨੂੰ ਸਵੈ-ਵਿਸ਼ਵਾਸ ਨਾਲ ਭਰ ਕੇ ਮੁੜ ਪੁਰਾਣੀ ਜੀਵਨ-ਜਾਚ ਵਿਚ ਤਿਲ੍ਹਕ ਜਾਣ ਤੋਂ ਬਚਾਉਣ ਲਈ ਬਾਨ੍ਹਣੂ ਬੰਨ੍ਹਣੇ ਜ਼ਰੂਰੀ ਸਨ। ਲੋਕਾਂ ਨੂੰ ਅਧਿਆਤਮਕ-ਸਮਾਜਕ ਦਰਸ਼ਨਾਂ ਦਾ ਨਵਾਂ ਕ੍ਰਾਂਤੀਕਾਰੀ ਬਦਲ ਪੇਸ਼ ਕਰਨਾ ਜ਼ਰੂਰੀ ਸੀ। ਅਜਿਹਾ ਬਦਲ ਜਿਸ ਨਾਲ ਜੁੜਨ ਸਮੇਂ ਉਹ ਆਪਣੀ ਸਦੀਆਂ ਤੋਂ ਤੁਰੀ ਆ ਰਹੀ ਗਲਤ ਜਾਂ ਪਤਨ ਗ੍ਰਸਤ ਜੀਵਨ-ਸ਼ੈਲੀ ਤੋਂ ਸਹਿਜੇ ਹੀ ਟੁੱਟ ਜਾਣ ਪਰ ਆਪਣੇ ਸੁੱਚੇ ਤੇ ਗੌਰਵਮਈ ਵਿਰਸੇ ਨਾਲ ਨਿਰੰਤਰ ਜੁੜੇ ਰਹਿਣ ਦਾ ਅਹਿਸਾਸ ਵੀ ਉਨ੍ਹਾਂ ਅੰਦਰ ਬਣਿਆ ਰਹੇ।

ਉਕਤ ਕਾਰਜ ਦੀਰਘ-ਕਾਲੀ ਪ੍ਰੋਗਰਾਮ ਨਾਲ ਹੀ ਸੰਭਵ ਸੀ। 'ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ' ਤੇ 'ਕਥਾ ਕਹਾਣੀ ਬੇਦੀਂ ਆਣੀ' ਜਹੇ ਬਾਣੀ ਦੇ ਮਹਾਂਵਾਕ ਦੱਸਦੇ ਹਨ ਕਿ ਲੋਕ ਵੇਦਾਂ ਤੇ ਧਾਰਮਿਕ ਗ੍ਰੰਥਾਂ ਦੇ ਸਾਰ-ਤੱਤ ਤੇ ਉਸ ਵਿਚ ਬੀਜ ਰੂਪ ਵਿਚ ਅੰਕਿਤ ਇਕ ਅਕਾਲ ਪੁਰਖ ਦੀ ਪਛਾਣ ਭੁੱਲ ਕੇ ਕਥਾ ਕਹਾਣੀਆਂ ਵਿਚ ਗਵਾਚ ਚੁਕੇ ਸਨ। ਸਮਾਜਕ ਜੀਵਨ ਤੋਂ ਪਲਾਇਨ ਕਰ ਕੇ, ਰਿਧੀਆਂ-ਸਿਧੀਆਂ ਤੇ ਕਰਾਮਾਤਾਂ ਦੇ ਜ਼ੋਰ ਨਾਲ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਭੇਖੀ ਸਾਰੇ ਪਾਸੇ ਛਾਏ ਹੋਏ ਸਨ। ਅਜਿਹੇ ਲੋਕਾਂ ਨੂੰ ਧਰਮ ਦੇ ਬਾਹਰੀ ਮੁਲੰਮੇ ਤੋਂ ਉੱਪਰ ਉੱਠ ਕੇ ਉਸ ਦੇ ਸਾਰ-ਤੱਤ ਦੀ ਪ੍ਰਥਮ ਪਛਾਣ ਸ੍ਰੀ ਗੁਰੂ ਨਾਨਕ ਦੇਵ ਜੀ

**ਸਾਬਕਾ ਪ੍ਰੋਫੈਸਰ ਤੇ ਡੀਨ ਪੰਜਾਬੀ ਯੂਨੀ., # ੨, ਗਲੀ ਨੰ: ੯, ਗੁਰੂ ਨਾਨਕ ਨਗਰ, ਪਟਿਆਲਾ।*

ਨੇ ਕਰਵਾਈ। ਸਾਰੀ ਮਨੁੱਖ ਜਾਤੀ ਦੀ ਏਕਤਾ, ਮਨੁੱਖੀ ਭਾਈਚਾਰੇ ਦੀ ਸਾਂਝ, ਪਰਸਪਰ ਸਹਿਹੋਂਦ ਤੇ ਕੁਦਰਤ ਨਾਲ ਇਕ-ਸੁਰ ਹੋ ਕੇ ਇਕ ਕਾਦਰ ਨਾਲ ਜੁੜ ਕੇ ਕਰਮਸ਼ੀਲ ਹੋਣ ਦਾ ਸਬਕ ਉਨ੍ਹਾਂ ਨੇ ਦਿੱਤਾ। ਹੱਕ ਸੱਚ ਤੇ ਨਿਆਂ ਲਈ ਲੜਨ ਮਰਨ ਦਾ ਸੱਦਾ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਦਰਸ਼ਨ ਉਨ੍ਹਾਂ ਦੇ ਜੀਵਨ ਕਾਲ ਵਿਚ ਹੀ ਸਮੁੱਚੇ ਭਾਰਤੀ ਜਨ-ਜੀਵਨ ਦਾ ਰੂਪਾਂਤਰਣ ਨਹੀਂ ਸੀ ਕਰ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਗੱਲ ਨੂੰ ਸਮਝਦੇ ਸਨ। ਉਨ੍ਹਾਂ ਇਸ ਕਾਰਜ ਨੂੰ ਦਸ ਗੁਰੂਆਂ ਦੀ ਨਿਰੰਤਰ ਲੜੀ ਦੁਆਰਾ ਸਹਿਜੇ ਸਹਿਜੇ ਲੋਕ-ਮਾਨਸਿਕਤਾ ਵਿਚ ਡੂੰਘੀ ਤਰ੍ਹਾਂ ਅੰਕਿਤ ਕੀਤਾ।

ਲੋਕ-ਮਾਨਸਿਕਤਾ ਵਿਚ ਇਸ ਸਿਧਾਂਤਕ ਪਰਿਵਰਤਨ ਲਈ ਜ਼ਰੂਰੀ ਸੀ ਕਿ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਵਰਤੀ ਗੁਰੂਆਂ ਵਿਚ ਉਸੇ ਤਰ੍ਹਾਂ ਦਾ ਅਡੋਲ ਵਿਸ਼ਵਾਸ ਰੱਖਣ ਜਿਹੋ ਜੇਹਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਤੇ ਵਿਵਹਾਰਾਂ ਦੁਆਰਾ ਆਪਣੇ ਲਈ ਸਿਰਜਿਆ ਸੀ। ਉਹ ਗੁਰੂ ਦੇ ਮਹੱਤਵ ਨੂੰ ਸਰਵੋਪਰੀ ਸਵੀਕਾਰਨ। ਗੁਰੂ ਦੀ ਬਾਣੀ ਦੇ ਮਹੱਤਵ ਨੂੰ ਪਛਾਣਨ ਅਤੇ ਮੁੜ ਕੇ ਕਿਸੇ ਵੀ ਤਰ੍ਹਾਂ ਪੁਰਾਣੀ ਜੀਵਨ-ਜਾਚ ਵਿਚ ਨਾ ਜਾ ਡਿੱਗਣ।

ਭੱਟ ਸਾਹਿਬਾਨ ਦੀ ਬਾਣੀ ਨੂੰ ਸਿਧਾਂਤਕ, ਦਾਰਸ਼ਨਿਕ ਤੇ ਸੰਸਥਾਗਤ ਪਰਿਪੇਖ ਵਿਚ ਸਮਝਣਾ ਬਣਦਾ ਹੈ। ਇਹ ਬਾਣੀ ਇਕ ਅਕਾਲ ਪੁਰਖ, ਉਸ ਦੀ ਪ੍ਰਗਟ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਸ ਦੀ ਰੂਪਾਂਤਰਿਤ ਜੋਤਿ ਦੇ ਸਰੂਪ ਵਜੋਂ ਉਸ ਸਮੇਂ ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਪ੍ਰਗਟੇ ਗੁਰੂਆਂ ਦੀ ਮੁਕਤ ਕੰਠ ਨਾਲ ਸਿਫ਼ਤ ਸਲਾਹ ਕਰਦੀ ਹੈ। ਸਵੱਈਆਂ ਹੈ ਹੀ ਸਿਫ਼ਤ ਸਲਾਹ ਕਰਨ ਵਾਲਾ ਰੂਪਾਕਾਰ। ਭੱਟ ਬਾਣੀਕਾਰਾਂ ਨੇ ਇਸ ਰੂਪਾਕਾਰ ਦੀ ਕੁਸ਼ਲ ਵਰਤੋਂ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਸਿਧਾਂਤਕ ਸੰਸਥਾਗਤ ਰੂਪ ਵਿਚ ਸਥਾਪਤ ਕਰਨ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਇਸ ਯੋਗਦਾਨ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ ਥੋੜ੍ਹੀ ਹੈ।

ਸਿੱਖੀ ਦੇ ਸਿਧਾਂਤਕ ਸੰਸਥਾਗਤ ਸਰੂਪ ਦੀ ਸਹਿਜ ਸੁਚੇਤ ਉਸਾਰੀ ਪੱਖੋਂ ਭੱਟ ਬਾਣੀਕਾਰਾਂ ਦੀ ਬਾਣੀ ਤੋਂ ਫੌਰਨ ਪਹਿਲਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਰਚਿਤ ੨੦ ਸਵੱਈਏ ਇਸ ਪਰਿਪੇਖ ਨੂੰ ਨਿਸ਼ਚਿਤ ਕਰਦੇ ਹਨ। ਭੱਟ ਸਾਹਿਬਾਨ ਦੀ ਬਾਣੀ ਦੇ ੧੨੩ ਸਵੱਈਏ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਇਨ੍ਹਾਂ ਸਵੱਈਆਂ ਵਿਚਲੇ ਵਿਸ਼ਾ-ਵਸਤੂ ਨੂੰ ਗੁਰੂ ਸਾਹਿਬ ਦੁਆਰਾ ਇੱਛਿਤ ਦਿਸ਼ਾ ਵਿਚ ਹੀ ਵਿਆਖਿਆਉਂਦੇ ਹਨ। ਇਹ ਹੀ ਨਹੀਂ ਇਨ੍ਹਾਂ ਸਵੱਈਆਂ ਉਪਰੰਤ ਅੰਕਿਤ ਸਲੋਕ ਵਾਰਾਂ ਤੋਂ ਵਧੀਕ ਦੇ ਆਰੰਭਕ ਸਲੋਕਾਂ ਵਿਚ ਵੀ ਇਸੇ ਵਿਸ਼ਾ-ਵਸਤੂ ਦੀ ਝਲਕ ਪੈਂਦੀ ਹੈ। 'ਉਤੰਗੀ ਪੈਓਹਰੀ ਗਹਿਰੀ ਗੰਭੀਰੀ॥ ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥'

ਤੋਂ ਆਰੰਭ ਹੋ ਕੇ 'ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ॥ ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ॥' ਤਕ ਪਹਿਲੇ ਨੌ ਸਲੋਕਾਂ ਦਾ ਮੂਲ ਵਿਸ਼ਾ-ਵਸਤੂ ਇਸੇ ਧਾਰਨਾ ਨੂੰ ਪ੍ਰਮਾਣਿਤ ਕਰਦਾ ਹੈ। ਮੂਲ ਮੰਤਰ ਉਪਰੰਤ ਸਲੋਕ ਵਾਰਾਂ ਤੋਂ ਵਧੀਕ ਸਿਰਲੇਖ ਹੇਠ ਦਰਜ ਇਹ ਪਹਿਲੇ ਨੌ ਸਲੋਕ ਸਾਨੂੰ ਇਹ ਦ੍ਰਿੜ੍ਹ ਕਰਵਾਉਂਦੇ ਹਨ ਕਿ ਸਾਨੂੰ ਆਪਣਾ ਹੰਕਾਰ ਛੱਡ ਕੇ ਕਿਸੇ ਅਜਿਹੇ ਸਿਆਣੇ ਦਾ ਪੱਲਾ ਫੜਨਾ ਚਾਹੀਦਾ ਹੈ ਜੋ ਜ਼ਿੰਦਗੀ ਦੀਆਂ ਮੁਸ਼ਕਿਲਾਂ ਤੋਂ ਬਚਾ ਸਕੇ। ਅਜਿਹਾ ਸਿਆਣਾ ਕੇਵਲ ਗੁਰੂ ਹੋ ਸਕਦਾ ਹੈ- ਕੋਈ ਸਾਕ ਸੰਬੰਧੀ ਨਹੀਂ। ਗੁਰੂ ਹੀ ਬੰਦੇ ਨੂੰ ਹਰੀ ਦੇ ਪ੍ਰੇਮ ਵਿਚ ਲਾ ਸਕਦਾ ਹੈ। ਇੰਞ ਭੱਟ ਬਾਣੀਕਾਰਾਂ ਦੀ ਬਾਣੀ ਦੇ ਅੱਗੇ ਤੇ ਪਿੱਛੇ ਜਿਸ ਸਿਧਾਂਤਕ ਸੰਸਥਾਗਤ ਪਰਿਪੇਖ ਨੂੰ ਨਿਸ਼ਚਿਤ ਕੀਤਾ ਗਿਆ ਹੈ, ਭੱਟ ਸਾਹਿਬਾਨ ਦੀ ਬਾਣੀ ਉਸੇ ਦੇ ਅਨੁਰੂਪ ਹੀ ਸਮਝਣੀ ਬਣਦੀ ਹੈ। ਇਹ ਪਰਿਪੇਖ ਹੈ ਅਕਾਲ ਪੁਰਖ ਦੀ ਸਿਫ਼ਤ, ਹਰੀ ਦੀ ਸਿਫ਼ਤ, ਆਦਿ ਅਨੰਤ ਸਦੀਵੀ ਹਰੀ ਦੇ ਰੂਪ ਗੁਰੂ ਦੀ ਸਿਫ਼ਤ, ਗੁਰੂ ਦੀ ਵਾਹ-ਵਾਹ। ਵਿਸਮਾਦ ਵਿਚ ਆ ਕੇ ਗੁਰੂ ਦੀ ਕੀਤੀ ਇਸ ਵਾਹ ਵਾਹ ਦੌਰਾਨ ਹੀ ਭੱਟ ਸਾਹਿਬਾਨ ਦੀ ਬਾਣੀ ਵਾਹਿਗੁਰੂ ਦਾ ਚਿਹਨਕ ਵਰਤਦੀ ਹੈ। ਇਹ ਚਿਹਨਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਕਿਤੇ ਨਹੀਂ, ਕੇਵਲ ਭੱਟ ਬਾਣੀਕਾਰਾਂ ਦੀ ਬਾਣੀ ਵਿਚ ਹੈ। ਤੇਰਾਂ ਵਾਰ ਗਯੰਦ ਭੱਟ ਜੀ ਵੱਲੋਂ ਵਰਤਿਆ ਇਹ ਚਿਹਨਕ ਵਿਸਮਾਦ ਵਿਚ ਆ ਕੇ ਗੁਰੂ ਦੀ ਵਾਹ-ਵਾਹ ਕਰਦੇ ਹੋਏ ਰੂਪਮਾਨ ਹੋਇਆ ਹੈ। ਪਰ ਗੁਰੂ ਅਕਾਲ ਪੁਰਖ ਦਾ ਹੀ ਰੂਪ ਹੈ। ਇਸ ਲਈ ਇਹ ਸਮਾਂ ਪਾ ਕੇ ਅਕਾਲ ਪੁਰਖ ਦਾ ਚਿਹਨਕ ਬਣ ਗਿਆ। ਸਿਧਾਂਤਕ ਸੰਸਥਾਗਤ ਪੱਖੋਂ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭਿਆ ਇਹ ਪ੍ਰਾਜੈਕਟ ਸੰਪੂਰਨਤਾ ਦੀ ਸਿਖਰ 'ਤੇ ਪੁੱਜਾ ਤਾਂ ਵਾਹਿਗੁਰੂ ਦਾ ਚਿਹਨਕ ਸਪੱਸ਼ਟ ਰੂਪ ਵਿਚ ਅਕਾਲ ਪੁਰਖ ਦੇ ਚਿਹਨਕ ਵਜੋਂ ਅਪਣਾ ਲਿਆ ਗਿਆ। ਗੁਰੂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਲੀਨ ਕਰ ਦਿੱਤਾ ਗਿਆ। ਨਾਮ ਤੇ ਨਾਮੀ ਵਿਚ ਭੇਦ ਮਿਟਾ ਦਿੱਤਾ ਗਿਆ। ਇੰਞ ਵਾਹਿਗੁਰੂ ਗੁਰੂ ਮੰਤ੍ਰ ਵੀ ਬਣ ਗਿਆ ਤੇ ਅਕਾਲ ਪੁਰਖ ਦਾ ਨਾਮ ਭੀ।

ਉਕਤ ਸਿਧਾਂਤਕ ਪਿੱਠ-ਭੂਮੀ ਵਿਚ ਭੱਟ ਬਾਣੀਕਾਰਾਂ ਦੀ ਬਾਣੀ ਦੇ ਨਿਕਟ ਦਰਸ਼ਨ ਕਰਨ ਵਾਲੀ ਸਾਰੀ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੮੫ ਉੱਪਰ ਮੂਲ ਮੰਤਰ ਉਪਰੰਤ ਸਿਰਲੇਖ ਹੈ 'ਸਵਯੇ ਸ੍ਰੀ ਮੁਖ-ਬਾਕ੍ਯ ਮਹਲਾ ੫' (ਪੰਜਵਾਂ)। ਇਸ ਸਿਰਲੇਖ ਅਧੀਨ ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਨੌਂ ਸਵੱਈਏ ਹਨ। ਪੰਨਾ ੧੩੮੭ ਉੱਤੇ ਇਹ ਸਮਾਪਤ ਹੁੰਦੇ ਹਨ ਤੇ ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ ਉਪਰੰਤ ੧ੴ ਸਤਿਗੁਰ ਪ੍ਰਸਾਦਿ ਦੇ ਰੂਪ ਵਿਚ ਸੰਖਿਪਤ ਮੂਲ ਮੰਤਰ ਦੇ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ੧੧ ਹੋਰ ਸਵੱਈਏ ਅੰਕਿਤ ਹਨ। ਇਨ੍ਹਾਂ ਸਾਰੇ ਸਵੱਈਆਂ ਦਾ ਸਾਰ-ਤੱਤ ਕੁਝ ਇਉਂ ਹੈ: ਅਕਾਲ ਪੁਰਖ ਹਰੀ ਜੀਵਾਂ ਨੂੰ ਤਾਰਨ

ਦੇ ਸਮਰੱਥ ਹੈ। ਹੇ ਜੀਵ! ਉਸ ਨੂੰ ਸਿਮਰ। ਸਭ ਕੁਝ ਨਾਸ਼ਮਾਨ ਹੈ। ਹੇ ਅਕਾਲ ਪੁਰਖ! ਮੈਂ ਤੇਰੀ ਸ਼ਰਨ ਆਇਆ ਹਾਂ। ਬ੍ਰਹਮਾ, ਸ਼ਿਵ ਵਰਗੇ ਦੇਵਤੇ ਤੇ ਵੱਡੇ-ਵੱਡੇ ਮੁਨੀ ਅਕਾਲ ਪੁਰਖ ਦੇ ਗੁਣ ਗਾਉਂਦੇ ਹਨ। ਕੋਈ ਉਸ ਦੇ ਭੇਦ ਨਹੀਂ ਪਾ ਸਕਦਾ। ਅਸੀਂ ਉਸੇ ਸਮਰੱਥ ਹਰੀ ਦੀ ਓਟ ਫੜੀ ਹੈ। ਹੇ ਅਕਾਲ ਪੁਰਖ! ਤੂੰ ਹੀ ਮੂਲ ਹੈਂ। ਤੂੰ ਹੀ ਸਰਵ ਵਿਆਪਕ ਹੈਂ। ਤੇਰੇ ਵਰਗਾ ਹੋਰ ਕੋਈ ਨਹੀਂ। ਹਰੀ ਦਾ ਸੇਵਕ (ਗੁਰੂ) ਨਾਨਕ ਦੇਵ ਜੀ ਹਰੀ ਵਰਗਾ ਹੈ। ਮੇਰੀ ਜੀਭ ਉਸ ਗੁਰੂ ਨਾਨਕ ਦੇਵ ਜੀ ਦੇ ਗੁਣ ਨਹੀਂ ਦੱਸ ਸਕਦੀ। ਮੈਂ ਤਾਂ ਉਸ ਤੋਂ ਬਲਿਹਾਰ ਹੀ ਜਾਂਦਾ ਹਾਂ। ਹਰੀ ਦਾ ਸੇਵਕ (ਗੁਰੂ) ਨਾਨਕ ਦੇਵ ਜੀ ਉਸ ਦੇ ਦਰਬਾਰ 'ਤੇ ਪ੍ਰਵਾਨ ਹੋਇਆ ਹੈ। ਉਹ ਹਰੀ ਵਰਗਾ ਹੈ। ਮੈਂ ਉਸ ਦੇ ਕਿਹੜੇ ਗੁਣ ਗਾਵਾਂ? ਮੈਂ ਤਾਂ ਉਸ ਤੋਂ ਸਦਕੇ ਹੀ ਜਾ ਸਕਦਾ ਹਾਂ। ਭਾਗਾਂ ਵਾਲੇ ਹਨ ਉਹ ਲੋਕ ਜਿਨ੍ਹਾਂ ਹਰੀ ਦੇ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਰਸਿਆ ਹੈ। ਉਹ ਜਨਮ ਮਰਨ ਦੋਹਾਂ ਤੋਂ ਬਚ ਗਏ ਹਨ। ਜਿਨ੍ਹਾਂ ਨੇ ਹਰੀ ਰੂਪ (ਗੁਰੂ) ਨਾਨਕ ਦੇਵ ਜੀ ਦੇ ਚਰਨ ਪਰਸੇ ਹਨ, ਉਨ੍ਹਾਂ ਦੀਆਂ ਕੁਲਾਂ ਤਰ ਗਈਆਂ ਹਨ। ਉਹ ਮੁੜ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ। ਉਹ ਲੋਕ-ਪਰਲੋਕ ਵਿਚ ਮਾਇਆ ਦੇ ਬੰਧਨਾਂ ਤੋਂ ਬਚ ਗਏ ਹਨ। ਹੇ ਅਕਾਲ ਪੁਰਖ! ਤੇਰਾ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਵਿਚ ਪ੍ਰਗਟ ਹੋਇਆ ਹੈ। ਉਸ ਦੇ ਦੱਸੇ ਨਾਮ ਦੀ ਬਰਕਤ ਨਾਲ ਦੁਨੀਆਂ ਦਾ ਉਧਾਰ ਹੋ ਰਿਹਾ ਹੈ। ਇਸੇ ਆਸ਼ੇ ਦੇ ਕੁਝ ਪ੍ਰਮਾਣ ਇਥੇ ਅੰਕਿਤ ਕਰਨੇ ਉਚਿਤ ਪ੍ਰਤੀਤ ਹੁੰਦੇ ਹਨ:

- *ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥*
  *ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥*
- *ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ*
  *ਜੀਹ ਕਿਆ ਬਖਾਨੈ॥ ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥*

*(ਪੰਨਾ ੧੩੮੫)*

- *ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ॥*
- *ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ॥*
- *ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ॥*
- *ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ॥*

*(ਪੰਨਾ ੧੩੮੬)*

- *ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥*
  *ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥*
- *ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ॥*

*(ਪੰਨਾ ੧੩੮੭)*

*ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥*

*ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ॥*
*ਸਿਧ ਮਨੁਖ੍ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ॥*
*(ਪੰਨਾ ੧੩੮੮)*

ਅਕਾਲ ਪੁਰਖ ਹਰੀ ਤੇ ਉਸ ਦੇ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸੇ ਕੀਰਤੀ ਨੂੰ ਅੱਗੇ ਤੋਰਦੇ ਹਨ ਭੱਟ ਕਲਸਹਾਰ ਜੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੩੮੯ ਉੱਪਰ ਸਿਰਲੇਖ ਹੈ 'ਸਵਈਏ ਮਹਲੇ ਪਹਿਲੇ ਕੇ'। ਪਹਿਲੇ ਉਪਰੰਤ ਪਹਿਲੇ ਨੂੰ ਅੰਕਾਂ ਵਿਚ ਲਿਖ ਕੇ ੧ੴ ਸਤਿਗੁਰ ਪ੍ਰਸਾਦਿ ਦੇ ਮੰਗਲਾਚਰਣ ਨਾਲ ਅਕਾਲ ਪੁਰਖ ਤੇ ਗੁਰੂ ਦੀ ਕ੍ਰਿਪਾ ਸਵੀਕਾਰ ਕਰ ਕੇ ਭੱਟ ਆਪਣੇ ਵੱਲੋਂ ਸਵੱਈਆਂ ਦਾ ਉਚਾਰਣ ਕਰਦੇ ਹਨ। ਪਹਿਲਾ ਸਵੱਈਆਂ ਇਉਂ ਆਰੰਭ ਹੁੰਦਾ ਹੈ:

*ਇਕ ਮਨਿ ਪੁਰਖੁ ਧਿਆਇ ਬਰਦਾਤਾ॥ ਸੰਤ ਸਹਾਰੁ ਸਦਾ ਬਿਖਿਆਤਾ॥*
*ਤਾਸੁ ਚਰਨ ਲੇ ਰਿਦੈ ਬਸਾਵਉ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ॥*
*(ਪੰਨਾ ੧੩੮੯)*

ਭਾਵ ਬਖਸ਼ਿਸ਼ਾਂ ਕਰਨ ਵਾਲੇ, ਸੰਤਾਂ ਦੇ ਆਸਰੇ ਸਦਾ ਹਾਜ਼ਰ ਨਾਜ਼ਰ ਅਕਾਲ ਪੁਰਖ ਦੇ ਚਰਨ ਹਿਰਦੇ ਵਿਚ ਵਸਾ ਕੇ ਮੈਂ ਪਰਮ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਣ ਲੱਗਾ ਹਾਂ। ਦੂਜੇ ਸਵੱਈਏ ਵਿਚ ਭੱਟ ਕਲਸਹਾਰ ਜੀ ਕਹਿੰਦੇ ਹਨ ਕਿ ਮੈਂ ਉਸ ਗੁਰੂ ਨਾਨਕ ਦੇਵ ਜੀ ਦਾ ਜਸ ਗਾਉਣ ਲੱਗਾ ਹਾਂ ਜੋ ਸੁਖਾਂ ਦਾ ਸਾਗਰ ਹੈ। ਪਾਪ ਦੂਰ ਕਰਨ ਵਾਲਾ ਹੈ। ਬਾਣੀ ਦਾ ਸੋਮਾ ਹੈ। ਜਿਸ ਦੇ ਗੁਣ ਜੋਗੀ, ਜੰਗਮ, ਇੰਦ੍ਰਾਦਕ ਦੇਵਤੇ ਤੇ ਪ੍ਰਹਿਲਾਦ ਜਹੇ ਭਗਤ ਗਾਉਂਦੇ ਹਨ। ਜੋ ਸੱਚਾ ਰਾਜ ਜੋਗੀ ਹੈ। ਗ੍ਰਿਸਤੀ ਵੀ ਹੈ ਤੇ ਉਦਾਸੀ ਵੀ।

*ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥ (ਪੰਨਾ ੧੩੮੯)*

ਜਸ ਗਾਇਣ ਦਾ ਇਹ ਕਾਰਜ ਅੱਗੇ ਵੱਧਦਾ ਹੈ। ਭੱਟ ਕਲਸਹਾਰ ਜੀ ਧਰੂ, ਅਕਰੂਰ ਤੇ ਬਿਦਰ ਜਿਹੇ ਭਗਤਾਂ, ਕਪਲ ਤੇ ਸੋਮ ਜਹੇ ਰਿਸ਼ੀਆਂ, ਜੋਗੀਆਂ ਤੇ ਅਵਤਾਰਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਗਾਉਂਦੇ ਦੱਸਦਾ ਹੈ। ਸ਼ਿਵ ਜੀ, ਬ੍ਰਹਮਾ, ਬ੍ਰਹਮਾ ਦੇ ਪੁੱਤਰ, ਸ਼ੇਸ਼ਨਾਗ, ਛੇ ਦੇ ਛੇ ਦਰਸ਼ਨ, ਚਾਰੇ ਵਰਣ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਗਾਉਂਦੇ ਹਨ।

ਇਸ ਉਪਰੰਤ 'ਸਵਈਏ ਮਹਲੇ ਦੂਜੇ ਕੇ' ਆਰੰਭ ਹੁੰਦੇ ਹਨ। ਇਨ੍ਹਾਂ ਦਾ ਆਰੰਭ ਕਰਦੇ ਹੋਏ ਭੱਟ ਬਾਣੀਕਾਰ ਕਹਿੰਦਾ ਹੈ ਕਿ ਉਹ ਸਰਵ ਸ਼ਕਤੀਮਾਨ ਅਕਾਲ ਪੁਰਖ ਧੰਨ ਹੈ ਤੇ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਧੰਨ ਹਨ ਜਿਨ੍ਹਾਂ ਨੇ ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਤੁਹਾਡੇ ਸਿਰ ਉੱਤੇ ਹੱਥ ਧਰਿਆ ਹੈ, ਜਿਸ ਨਾਲ ਤੁਹਾਡੇ ਹਿਰਦੇ ਵਿਚ ਨਾਮ ਦੀ ਛਹਿਬਰ ਹੋਣ ਲੱਗੀ। ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ 'ਤੇ ਪੈ ਕੇ ਜਗਤ ਨੂੰ ਜਿੱਤ ਲਿਆ ਹੈ। ਤੁਹਾਡੀ ਸ਼ੋਭਾ ਚਾਰੇ ਪਾਸੇ ਫੈਲ ਰਹੀ

ਹੈ। ਤੁਹਾਡੇ ਦਰਸ਼ਨ ਪਾਪਾਂ ਦੀ ਕਾਲਖ ਧੋ ਦਿੰਦੇ ਹਨ। ਅਗਿਆਨ ਹਨੇਰਾ ਕੱਟ ਦਿੰਦੇ ਹਨ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਰਸ ਕੇ ਭਾਈ ਲਹਿਣਾ ਜੀ ਦੀ ਸ਼ੋਭਾ ਚਾਰੇ ਪਾਸੇ ਖਿੱਲਰ ਗਈ ਹੈ। ਹੇ ਗੁਰੂ ਅੰਗਦ ਪਾਤਸ਼ਾਹ! ਤੁਸੀਂ ਕੰਵਲ ਵਾਂਗ ਨਿਰਲੇਪ ਹੋ। ਤੁਸੀਂ ਕਲਪ ਬਿਰਖ ਹੋ। ਸਭ ਦੁੱਖ ਦਰਦ ਹਰਨ ਯੋਗ। ਤੁਸੀਂ ਉਸ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਮਾਨ ਪ੍ਰਾਪਤ ਕੀਤਾ ਹੈ ਜਿਨ੍ਹਾਂ ਦੇ ਦਰਸ਼ਨ ਹਰੀ ਸਮਾਨ ਹਨ। ਜੋ ਪ੍ਰਭੂ ਦਾ ਰੂਪ ਹਨ। ਅੱਗੇ ਚੱਲ ਕੇ ਭੱਟ ਬਾਣੀਕਾਰ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਸਿਧੀ-ਕੀਰਤੀ ਗਾਉਂਦੇ ਹਨ ਤੇ ਆਖਦੇ ਹਨ ਕਿ ਗੁਰੂ ਅੰਗਦ ਸਾਹਿਬ ਸ਼ਿਰੋਮਣੀ ਗੁਰੂ ਹਨ। ਜੋ ਉਨ੍ਹਾਂ ਦੇ ਚਰਨੀਂ ਲੱਗਦਾ ਹੈ, ਉਹ ਤਰ ਜਾਂਦਾ ਹੈ। ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਤੁਸੀਂ ਗੁਰੂ ਨਾਨਕ ਸਾਹਿਬ ਵਾਲਾ ਰੁਤਬਾ ਹਾਸਲ ਕਰ ਲਿਆ ਹੈ। ਜਿਨ੍ਹਾਂ ਨੂੰ ਲਹਿਣਾ ਜੀ ਭਾਵ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਹੋਏ ਹਨ, ਉਨ੍ਹਾਂ ਸਮਝੋ ਕਿ ਅਕਾਲ ਪੁਰਖ ਦੇ ਦਰਸ਼ਨ ਕਰ ਲਏ ਹਨ। ਸ੍ਰੀ ਗੁਰੂ ਅੰਗਦ ਸਾਹਿਬ ਅਕਾਲ ਪੁਰਖ ਨਾਲ ਜੁੜੇ ਰਹਿੰਦੇ ਹਨ। ਉਨ੍ਹਾਂ ਦੇ ਦਰਸ਼ਨਾਂ ਨਾਲ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਜਿਸ ਉੱਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਿਹਰ ਭਰੀ ਨਿਗਾਹ ਹੋ ਜਾਵੇ, ਉਸ ਦੇ ਪਾਪ ਤੇ ਮਨ ਦੀ ਮੈਲ ਧੁਲ ਜਾਂਦੇ ਹਨ। ਉਸ ਦੇ ਜਨਮ ਮਰਨ ਦੇ ਦੁੱਖ ਮਿਟ ਜਾਂਦੇ ਹਨ। ਭੱਟ ਬਾਣੀਕਾਰਾਂ ਦੀ ਬਾਣੀ ਵਿੱਚੋਂ ਉਕਤ ਵਿਚਾਰਾਂ ਦੀ ਪੁਸ਼ਟੀ ਲਈ ਕੁਝ ਪੰਕਤੀਆਂ ਵੇਖੋ:

- *ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*  
  *ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥*
- *ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ॥*
- *ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ॥ (ਪੰਨਾ ੧੩੯੨)*
- *ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨੁ*  
  *ਸਾਧਿ ਅਜਗਰੁ ਜਿਨਿ ਕੀਆ ਉਨਮਾਨੁ॥*
- *ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ*  
  *ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥*
- *ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥*  
  *ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥*  
  *ਤ ਧਰਿਓ ਮਸਤਕਿ ਹਥੁ ਸਹਜਿ*  
  *ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ॥ (ਪੰਨਾ ੧੩੯੧)*

'ਸਵਈਏ ਮਹਲੇ ਤੀਜੇ ਕੇ' ਵਿਚ ਵੀ ਇਹ ਵਿਧੀ ਕਾਰਜਸ਼ੀਲ ਹੈ। ਪਹਿਲੇ ਸਵੱਈਏ ਦਾ ਆਰੰਭ ਕਰਦੇ ਹੋਏ ਬਾਣੀਕਾਰ ਕਹਿੰਦਾ ਹੈ ਕਿ ਉਸ ਅਕਾਲ ਪੁਰਖ ਨੂੰ ਸਿਮਰੋ ਜਿਸ ਦਾ ਨਾਮ ਅਛੱਲ ਹੈ। ਜਿਸ ਦਾ ਆਨੰਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ

ਮਾਣਿਆ ਹੈ। ਜਿਸ ਦੁਆਰਾ ਭਾਈ ਲਹਿਣਾ ਜੀ ਨੂੰ ਸਭ ਸ਼ਕਤੀਆਂ ਹਾਸਲ ਹੋਈਆਂ। ਜਿਸ ਦੀ ਬਰਕਤ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ੋਭਾ ਤੇ ਜੈ ਜੈ ਕਾਰ ਸਭ ਪਾਸੇ ਹੋ ਰਹੀ ਹੈ। ਜਿਸ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਸੇਵਿਆ ਹੈ ਉਹ ਭੀ ਧੰਨ ਹਨ। ਉਹ ਜੀਭ ਸਕਾਰਥੀ ਹੈ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਣ ਗਾਉਂਦੀ ਹੈ। ਉਹ ਅੱਖਾਂ ਤੇ ਕੰਨ ਸਕਾਰਥ ਹਨ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ/ਬੋਲ ਸੁਣਦੇ ਹਨ। ਹੇ ਸ੍ਰੀ ਗੁਰੂ ਅਮਰਦਾਸ ਜੀ! ਤੁਸੀਂ ਇਕੋ ਅਕਾਲ ਪੁਰਖ ਨੂੰ ਸਿਮਰਦੇ ਹੋ। ਹੇ ਭਾਈ! ਆਓ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨ ਪਰਸੀਏ ਜਿਸ ਨਾਲ ਧਰਤੀ ਦੇ ਪਾਪ ਦੂਰ ਹੋ ਜਾਂਦੇ ਹਨ। ਜਨਮ ਮਰਨ ਦੇ ਗੇੜ ਮੁਕ ਜਾਂਦੇ ਹਨ। ਹੇ ਸ੍ਰੀ ਗੁਰੂ ਅਮਰਦਾਸ ਜੀ! ਮੈਨੂੰ ਬਚਾ ਲਓ। ਮੈਂ ਤੁਹਾਡੀ ਸ਼ਰਣ ਪਿਆ ਹਾਂ:

– *ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ॥*
*(ਪੰਨਾ ੧੩੯੨)*

– *ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥*
*(ਪੰਨਾ ੧੩੯੩)*

– *ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥*
*ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥*
– *ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥*
*ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥*
– *ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ॥*
*ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ॥* *(ਪੰਨਾ ੧੩੯੪)*
– *ਗੁਰ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ॥*
– *ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥*
– *ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਗੁਣ ਕਰਤਾਰੈ ਉਚਰੈ॥*
*ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ॥*
– *ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥*
*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥* *(ਪੰਨਾ ੧੩੯੫)*
– *ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥*
*ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥*
– *ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥* *(ਪੰਨਾ ੧੩੯੬)*

ਭੱਟ ਬਾਣੀਕਾਰਾਂ ਦੀ ਬਾਣੀ ਵਿਚ ਸਭ ਤੋਂ ਵਧੇਰੇ ਬਾਣੀ 'ਸਵਈਏ ਮਹਲੇ ਚਉਥੇ ਕੇ' ਦੇ ਸਿਰਲੇਖ ਹੇਠ ਅੰਕਿਤ ਹੈ। ਇਸ ਵਿਚ ਸੱਤ ਭੱਟ ਸਾਹਿਬਾਨ ਦੇ ੬੦ ਸਵੱਈਏ

ਸ਼ਾਮਲ ਹਨ। ਇਨ੍ਹਾਂ ਦਾ ਆਰੰਭ ਭੱਟ ਕਲਸਹਾਰ ਜੀ, ਸਤਿਗੁਰੂ ਅੱਗੇ ਇਸ ਬੇਨਤੀ ਨਾਲ ਕਰਦੇ ਹਨ ਕਿ ਹੇ ਸਤਿਗੁਰੂ! ਮੇਰੀ ਇਹ ਆਸ ਪੂਰੀ ਕਰ ਕਿ ਮੈਂ ਤੇਰੀ ਕਿਰਪਾ ਨਾਲ ਅਕਾਲ ਪੁਰਖ ਨੂੰ ਸਿਮਰਾਂ। ਇਸ ਉਪਰੰਤ ਉਹ ਤੁਰੰਤ ਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਗਾਉਣ ਲੱਗਦੇ ਹਨ। ਸਪੱਸ਼ਟ ਹੈ ਕਿ ਉਨ੍ਹਾਂ ਵਾਸਤੇ ਹਰੀ ਤੇ ਗੁਰੂ ਵਿਚ ਕੋਈ ਅੰਤਰ ਨਹੀਂ। ਕਲਸਹਾਰ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਹਿਰਦੇ ਦੇ ਖਾਲੀ ਸਰੋਵਰ ਨੂੰ ਨਾਮ ਅੰਮ੍ਰਿਤ ਨਾਲ ਭਰ ਦਿੰਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਨਾਮ ਦ੍ਰਿੜ੍ਹਾਇਆ ਹੈ। ਪਾਰਸ ਸਮਾਨ ਸ੍ਰੀ ਗੁਰੂ ਅਮਰਦਾਸ ਜੀ ਦੀ ਬਰਕਤ ਨਾਲ ਸ੍ਰੀ ਗੁਰੂ ਰਾਮਦਾਸ ਜੀ ਨੇ ਉੱਚ ਪਦਵੀ ਪਾਈ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਸਿਰ 'ਤੇ ਸਮਰੱਥ ਸ੍ਰੀ ਗੁਰੂ ਅਮਰਦਾਸ ਜੀ ਦਾ ਹੱਥ ਹੈ।

ਭੱਟ ਗਯੰਦ ਜੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਹਰੀ ਦੇ ਨੇੜੇ ਵੱਸਦੇ ਹਨ। ਉਨ੍ਹਾਂ ਨੇ ਲਹਿਣਾ ਜੀ ਨੂੰ ਨਿਵਾਜ ਕੇ ਰੱਬੀ ਜੋਤਿ ਦਾ ਪ੍ਰਕਾਸ਼ ਕੀਤਾ। ਉਨ੍ਹਾਂ ਅੱਗੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਨਾਮ ਦੀ ਦਾਤ ਬਖਸ਼ੀ, ਜਿਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਨਾਮ ਦਾ ਖਜ਼ਾਨਾ ਬਖਸ਼ਿਆ। ਸ੍ਰੀ ਗੁਰੂ ਰਾਮਦਾਸ ਜੀ ਸੰਸਾਰ ਸਾਗਰ ਨੂੰ ਤਾਰਨ ਲਈ ਗੁਰੂ ਰਾਮਦਾਸ ਜਹਾਜ਼ ਹਨ। ਮੇਰੀ ਨਜ਼ਰ ਵਿਚ ਤਾਂ ਉਹ ਹੀ ਰਾਮ ਹਨ। ਜਿਨ੍ਹਾਂ ਨੂੰ ਇਸ ਗੱਲ 'ਤੇ ਯਕੀਨ ਆਇਆ ਹੈ, ਉਨ੍ਹਾਂ ਦੀ ਪਦਵੀ ਉੱਚੀ ਹੋਈ ਹੈ। ਹੇ ਗੁਰੂ! ਤੂੰ ਧੰਨ ਹੈਂ। ਤੇਰੀ ਹੀ ਸਾਰੀ ਬਰਕਤ ਹੈ। ਤੂੰ ਹੀ ਚੁਰਾਸੀ ਲੱਖ ਜੂਨਾਂ ਪੈਦਾ ਕਰ ਕੇ ਉਨ੍ਹਾਂ ਨੂੰ ਰਿਜ਼ਕ ਦਿੱਤਾ ਹੈ। ਤੂੰ ਹੀ ਜਲ-ਥਲ ਸਭ ਕਾਸੇ ਵਿਚ ਵਿਆਪਕ ਹੈਂ।

ਸ੍ਰੀ ਮਥਰਾ ਭੱਟ ਜੀ ਅਨੁਸਾਰ ਜਿਸ ਅਕਾਲ ਪੁਰਖ ਨੇ ਨਾਨਾ ਪ੍ਰਕਾਰ ਦਾ ਜਗਤ ਰਚਿਆ ਹੈ, ਉਹ ਸ੍ਰੀ ਗੁਰੂ ਰਾਮਦਾਸ ਜੀ ਦੇ ਹਿਰਦੇ ਵਿਚ ਹੈ। ਜੋ ਮਨੁੱਖ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਮਨ ਜੋੜਦੇ ਹਨ, ਉਹ ਭਾਗਾਂ ਵਾਲੇ ਹਨ। ਜਿਸ ਦੇ ਸਿਰ ਉੱਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਹੱਥ ਧਰਿਆ ਹੈ, ਉਸ ਨੂੰ ਕਾਹਦੀ ਪ੍ਰਵਾਹ ਹੈ। ਭੱਟ ਬਲ੍ਹ ਜੀ ਆਖਦੇ ਹਨ ਕਿ ਹੇ ਸ੍ਰੀ ਗੁਰੂ ਰਾਮਦਾਸ ਜੀ! ਤੁਹਾਡੀ ਜੈ ਜੈ ਕਾਰ ਹੋ ਰਹੀ ਹੈ, ਕਿਉਂਕਿ ਤੁਸੀਂ ਤਿੰਨਾਂ ਭਵਨਾਂ ਵਿਚ ਵਿਆਪਕ ਹਰੀ ਦੀ ਪਦਵੀ ਪਾ ਲਈ ਹੈ। ਹੇ ਪ੍ਰਾਣੀਓਂ! ਜਿਸ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗ ਕੇ ਪ੍ਰਭੂ ਨੂੰ ਮਿਲੀਦਾ ਹੈ, ਉਸ ਨੂੰ ਧੰਨ-ਧੰਨ ਕਹੋ। ਭੱਟ ਕੀਰਤ ਜੀ ਅਨੁਸਾਰ ਜਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਰਹੇ ਤਿਵੇਂ ਹੀ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਰਹੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾਮ ਪਛਾਣਿਆ। ਪ੍ਰੇਮ ਨਾਲ ਭਗਤੀ ਕੀਤੀ। ਉਨ੍ਹਾਂ ਤੋਂ ਸ੍ਰੀ ਗੁਰੂ ਅੰਗਦ ਸਾਹਿਬ ਹੋਏ ਜਿਨ੍ਹਾਂ ਨੇ ਸ਼ਬਦ-ਵਰਖਾ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਦੀ ਕਥਾ ਤਾਂ ਕਥਨਾਂ ਤੋਂ ਬਾਹਰੀ ਹੈ। ਮੇਰੀ ਇਕ ਜੀਭ ਕੀ ਕਹੇ। ਉਸੇ ਸ੍ਰੀ ਗੁਰੂ ਅਮਰਦਾਸ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਵਡਿਆਈ ਮਿਲੀ ਹੈ। ਅਸੀਂ ਤਾਂ ਅਉਗਣਾਂ ਦੇ ਭਰੇ ਹੋਏ ਹਾਂ। ਗੁਰੂ ਦੀ ਸੰਗਤ

ਦਾ ਰਾਹ ਉੱਤਮ ਹੈ— ਅਸੀਂ ਤਾਂ ਇਹੀ ਸੁਣਿਆ ਹੈ। ਹੇ ਸ੍ਰੀ ਗੁਰੂ ਰਾਮਦਾਸ ਜੀ! ਆਪਣੀ ਸ਼ਰਨ ਵਿਚ ਰੱਖ ਲਓ। ਭੱਟ ਸਲ੍ਹ ਜੀ ਵੀ ਇਉਂ ਹੀ ਗੁਰੂ-ਜਸ ਗਾਉਂਦੇ ਹੋਏ ਕਹਿੰਦੇ ਹਨ- ਹੇ ਸ੍ਰੀ ਗੁਰੂ ਰਾਮਦਾਸ ਜੀ! ਤੁਸੀਂ ਚਾਰੇ ਜੁਗਾਂ ਵਿਚ ਥਿਰ ਹੋ। ਪਰਮੇਸ਼ਰ ਹੋ। ਦੇਵਤੇ, ਸਿਧ, ਸਾਧਕ ਤੁਹਾਨੂੰ ਹੀ ਸਿਮਰਦੇ ਹਨ। ਤੁਸੀਂ ਆਦਿ ਅਨਾਦੀ ਹੋ। ਜੋ ਮਨੁੱਖ ਤੁਹਾਡੀ ਸ਼ਰਨ ਆਉਂਦੇ ਹਨ, ਉਹ ਪਾਪਾਂ ਤੇ ਜਮਾਂ ਦੀ ਪ੍ਰਵਾਹ ਨਹੀਂ ਕਰਦੇ। ਉਕਤ ਵਿਚਾਰਾਂ ਦੇ ਪ੍ਰਮਾਣ ਵਜੋਂ ਕੁਝ ਕੁ ਪੰਕਤੀਆਂ ਇਸ ਪ੍ਰਕਾਰ ਹਨ:

- *ਇਕ ਮਨਿ ਪੁਰਖੁ ਨਿਰੰਜਨੁ ਧਿਆਵਉ॥ ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ॥*
- *ਸਤਿਗੁਰੁ ਸੇਵਿ ਪਰਮ ਪਦੁ ਪਾਯਉ॥ ਅਬਿਨਾਸੀ ਅਬਿਗਤੁ ਧਿਆਯਉ॥*
- *ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥*

*(ਪੰਨਾ ੧੩੯੬)*

*ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ॥*
*ਗੁਰ ਰਾਮਦਾਸ ਕਲ੍ਹੁਚਰੈ ਤੈਂ ਅਟਲ ਅਮਰ ਪਦੁ ਪਾਇਓ॥*

*(ਪੰਨਾ ੧੩੯੭)*

- *ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥*
  *ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ਹ ਹੂ ਰਸੁ ਜਾਣੇ॥*
- *ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ*
  *ਤਿਨ੍ਹ ਜਨ ਦੁਖ ਪਾਪੁ ਕਹੁ ਕਤ ਹੋਵੈ ਜੀਉ॥* *(ਪੰਨਾ ੧੩੯੮)*
- *ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ*
  *ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥*
- *ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥*
- *ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ॥*
- *ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥*
  *ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥*
  *ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥*
  *ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥* *(ਪੰਨਾ ੧੩੯੯)*
- *ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਯਉ॥*
- *ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥*
  *ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ॥*
- *ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ॥* *(ਪੰਨਾ ੧੪੦੦)*
  *ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥*
  *ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥*

*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ॥ ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ॥*

*(ਪੰਨਾ ੧੪੦੧)*

- *ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ॥*
- *ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥*
  *ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ*
  *ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥*
- *ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ*
  *ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ॥*
  *ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ*
  *ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ (ਪੰਨਾ ੧੪੦੨)*
- *ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥*
  *ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥*
- *ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥ (ਪੰਨਾ ੧੪੦੩)*
- *ਤਾਹਿ ਕਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ ਧਰਿਓ ਗੁਰਿ ਹਥੁ॥*
- *ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥*
- *ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ॥*

  *(ਪੰਨਾ ੧੪੦੫)*
- *ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
  *ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥*
- *ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥*
  *ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥ (ਪੰਨਾ ੧੪੦੬)*

ਭੱਟ ਬਾਣੀ ਦੀ ਸਮਾਪਤੀ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਦੀ ਕੀਰਤੀ ਵਿਚ ਉਚਾਰੇ ਤਿੰਨ ਭੱਟ ਬਾਣੀਕਾਰਾਂ ਦੇ ੨੧ ਸਵੱਈਆਂ ਨਾਲ ਹੁੰਦੀ ਹੈ। ਕੀਰਤੀ ਦਾ ਆਰੰਭ ਭੱਟ ਕਲਸਹਾਰ ਜੀ ਇਉਂ ਕਰਦੇ ਹਨ— ਮੈਂ ਉਸ ਅਕਾਲ ਪੁਰਖ ਨੂੰ ਸਿਮਰਦਾ ਹਾਂ, ਜਿਸ ਦੇ ਸਿਮਰਨ ਨਾਲ ਦੁਰਮਤਿ ਦੀ ਮੈਲ ਦੂਰ ਹੁੰਦੀ ਹੈ। ਮੈਂ ਸਤਿਗੁਰੂ ਦੇ ਚਰਨ ਆਪਣੇ ਹਿਰਦੇ ਵਿਚ ਟਿਕਾ ਕੇ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਦੇ ਗੁਣ ਦੱਸਦਾ ਹਾਂ। ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਵਿਚ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਵਰ ਬਖ਼ਸ਼ਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖ਼ਜ਼ਾਨਾ ਸ੍ਰੀ ਗੁਰੂ ਅਮਰਦਾਸ ਜੀ ਨੂੰ ਬਖ਼ਸ਼ਿਆ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵਰ ਦਿੱਤਾ ਅਤੇ ਉਨ੍ਹਾਂ ਦੇ ਚਰਨਾਂ ਦੀ ਛੋਹ ਪਾਰਸ ਛੋਹ ਜੇਹੀ ਹੋ ਗਈ ਹੈ। ਸ੍ਰੀ ਗੁਰੂ ਰਾਮਦਾਸ ਜੀ ਧੰਨ ਹਨ, ਜਿਨ੍ਹਾਂ ਨੇ ਪਾਰਸ ਵਾਂਗ ਸ੍ਰੀ

ਗੁਰੂ ਅਰਜਨ ਦੇਵ ਜੀ ਨੂੰ ਆਪਣੇ ਜੇਹਾ ਕਰ ਦਿੱਤਾ ਹੈ।

ਭੱਟ ਮਥੁਰਾ ਜੀ ਗੁਰੂ ਜੋਤਿ ਦੀ ਏਕਤਾ ਨੂੰ ਦ੍ਰਿੜ੍ਹਾਉਂਦੇ ਹੋਏ ਆਖਦੇ ਹਨ: ਪ੍ਰਕਾਸ਼ ਰੂਪ ਹਰੀ ਨੇ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਖਵਾਇਆ। ਉਸ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਗਟ ਹੋਏ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕ੍ਰਿਪਾ ਕਰ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰੂ ਥਾਪਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣਾ ਛਤ੍ਰ ਸ੍ਰੀ ਗੁਰੂ ਰਾਮਦਾਸ ਜੀ ਨੂੰ ਦਿੱਤਾ। ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਆਤਮਕ ਜੀਵਨ ਬਖਸ਼ਣ ਵਾਲੇ ਹੋ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਕਲਜੁਗ ਦੇ ਜਹਾਜ਼ ਹਨ। ਹੇ ਦੁਨੀਆਂ ਦੇ ਲੋਕੋ! ਉਨ੍ਹਾਂ ਦੇ ਚਰਨੀਂ ਲੱਗ ਕੇ ਭਵ ਸਾਗਰ ਤਰ ਜਾਓ। ਭੱਟ ਮਥੁਰਾ ਜੀ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਸਰਬ-ਵਿਆਪਕ ਪ੍ਰਭੂ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਜਗਤ ਨੂੰ ਤਾਰਨ ਲਈ ਗੁਰੂ ਜੋਤਿ, ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਟਿਕਾਈ ਹੈ। ਹੇ ਮਨ! ਭੁੱਲ ਨਾ ਕਰੀਂ। ਹਰੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਹੀ ਹਨ। ਇਨ੍ਹਾਂ ਵਿਚ ਕੋਈ ਭੇਦ ਨਹੀਂ। ਜਦ ਤਕ ਸਾਡੇ ਭਾਗਾਂ ਵਿਚ ਭਟਕਣ ਲਿਖੀ ਸੀ, ਅਸੀਂ ਇਧਰ-ਉਧਰ ਭਟਕਦੇ ਰਹੇ। ਹੁਣ ਸਮਝ ਪਈ ਹੈ ਕਿ ਜਗ ਨੂੰ ਤਾਰਨ ਲਈ ਹਰੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਵਤਾਰ ਬਣਾਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਹਰੀ ਦਾ ਪ੍ਰਤੱਖ ਰੂਪ ਹਨ। ਭੱਟ ਹਰਿਬੰਸ ਜੀ ਅਨੁਸਾਰ ਪਰਮੇਸ਼ਰ ਨੇ ਆਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਛਤਰ ਦੀ ਬਖ਼ਸ਼ਿਸ਼ ਕੀਤੀ ਹੈ। ਜਿਨ੍ਹਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਮਿਲ ਗਏ, ਉਨ੍ਹਾਂ ਦੇ ਤਮਾਮ ਪਾਪ ਕੱਟੇ ਗਏ। ਗੁਰੂ ਰਾਮਦਾਸ ਜੀ ਹਰੀ ਦੀ ਰਜ਼ਾ ਵਿਚ ਸਚਖੰਡ ਚਲੇ ਗਏ ਹਨ ਤੇ ਉਨ੍ਹਾਂ ਆਪਣਾ ਧਰਤੀ ਵਾਲਾ ਛੱਤ੍ਰ ਤੇ ਸਿੰਘਾਸਣ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਖ਼ਸ਼ ਦਿੱਤਾ ਹੈ। ਭੱਟ ਬਾਣੀਕਾਰਾਂ ਦੀ ਬਾਣੀ ਉਕਤ ਵਿਚਾਰਾਂ ਦਾ ਪ੍ਰਗਟਾਵਾ ਜਿਸ ਅਨੂਠੇ ਤਰੀਕੇ ਨਾਲ ਕਰਦੀ ਹੈ, ਉਸ ਦਾ ਪ੍ਰਮਾਣ ਨਿਮਨ ਅੰਕਿਤ ਪੰਕਤੀਆਂ ਵਿਚ ਪ੍ਰਾਪਤ ਹੈ:

- *ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ॥*
  *ਸਤਿਗੁਰ ਚਰਣ ਕਵਲ ਰਿਦਿ ਧਾਰੰ॥ ਗੁਰ ਅਰਜੁਨ ਗੁਣ ਸਹਜਿ ਬਿਚਾਰੰ॥*
  *(ਪੰਨਾ ੧੪੦੬-੦੭)*
- *ਗੁਰਿ ਨਾਨਕਿ ਅੰਗਦੁ ਵਰੵਉ ਗੁਰਿ ਅੰਗਦਿ ਅਮਰ ਨਿਧਾਨੁ॥*
  *ਗੁਰਿ ਰਾਮਦਾਸ ਅਰਜੁਨੁ ਵਰੵਉ ਪਾਰਸੁ ਪਰਸੁ ਪ੍ਰਮਾਣੁ॥ (ਪੰਨਾ ੧੪੦੭)*
- *ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ॥*
- *ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ॥੩॥੧੨॥*
  *ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
  *ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥*
  *ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥*

*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥*
*ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥*
*– ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ॥*

*(ਪੰਨਾ ੧੪੦੮)*

*– ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥*
*– ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥*
*ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥੫॥*
*ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥*
*– ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥*
*– ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥*
*– ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ॥*
*– ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ॥*
*ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥*

*(ਪੰਨਾ ੧੪੦੯)*

ਭੱਟ ਬਾਣੀਕਾਰਾਂ ਦੇ ਨਿਕਟ ਅਧਿਐਨ ਤੋਂ ਇਹ ਗੱਲ ਭਲੀਭਾਂਤ ਉਜਾਗਰ ਹੋ ਜਾਂਦੀ ਹੈ ਕਿ ਭੱਟ ਬਾਣੀਕਾਰਾਂ ਨੇ ਸਿੱਖੀ ਦੇ ਸਿਧਾਂਤਕ ਤੇ ਸੰਸਥਾਗਤ ਸਰੂਪ ਨੂੰ ਭਾਰਤੀ ਜਨ-ਮਾਨਸ ਵਿਚ ਦ੍ਰਿੜ੍ਹਤਾ ਨਾਲ ਸਥਾਪਤ ਕਰਨ ਪੱਖੋਂ ਇਤਿਹਾਸਕ ਯੋਗਦਾਨ ਪਾਇਆ ਹੈ। ਉਹ ਇਕ ਅਕਾਲ ਪੁਰਖ ਨੂੰ ਸਰਵ-ਸ਼ਕਤੀਮਾਨ ਕਰਨ ਕਾਰਣ ਕਰਤਾਰ ਜਾਣਦੇ ਹਨ। ਉਸ ਦੇ ਨਾਮ ਨੂੰ ਮਨੁੱਖ ਦੇ ਨਿਸਤਾਰੇ ਦਾ ਇੱਕੋ-ਇਕ ਸਾਧਨ ਮੰਨਦੇ ਹਨ। ਉਹ ਇਸ ਤੱਥ ਨੂੰ ਜ਼ੋਰਦਾਰ ਤਰੀਕੇ ਨਾਲ ਦ੍ਰਿੜ੍ਹ ਕਰਵਾਉਂਦੇ ਹਨ ਕਿ ਨਾਮ ਦਾ ਸਰਲ ਮਾਰਗ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵਾਂ ਦੇ ਨਿਸਤਾਰੇ ਲਈ ਪੇਸ਼ ਕੀਤਾ। ਨਾਮ ਨੂੰ ਹਿਰਦੇ ਵਿਚ ਧਾਰਨ ਵਾਲੇ ਨਾਮ ਦਾ ਰੂਪ ਹੋ ਚੁਕੇ ਸ੍ਰੀ ਗੁਰੂ ਨਾਨਕ ਦੇਵ ਜੀ ਹਰੀ ਨਾਲ ਇਕਮਿਕ ਸਨ। ਉਨ੍ਹਾਂ ਦੀ ਜੋਤਿ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਉਨ੍ਹਾਂ ਦੇ ਪਰਵਰਤੀ ਗੁਰੂਆਂ ਵਿਚ ਰੂਪ ਵਟਾਂਦੀ ਰਹੀ। ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਜੋਤਿ ਸਨ। ਉਨ੍ਹਾਂ ਦੀ ਜੋਤਿ ਬਾਕੀ ਗੁਰੂਆਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਕੋਈ ਭੇਦ ਨਹੀਂ ਸੀ। ਭੱਟ ਬਾਣੀਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਦਰ ਘਰ ਨਾਲ ਸਮੂਹ ਭਾਰਤੀ ਜਨ-ਸਮੂਹ ਨੂੰ ਜੋੜਨ ਲਈ ਪੂਰੀ ਸ਼ਰਧਾ ਨਾਲ ਸਮਰਪਿਤ ਸਨ। ਇਸੇ ਲਈ ਉਹ ਹੋਰ ਸਭ ਦਰ ਛੱਡ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਘਰ ਨਾਲ ਜੁੜਨ ਦਾ ਆਵਾਹਣ ਕਰਦੇ ਹਨ। ਗੁਰੂ ਦਾ ਜਸ ਗਾਉਂਦੇ ਹਨ। ■

# ਸਵੱਈਏ ਮਹਲੇ ਪਹਿਲੇ ਕੇ: ਵਿਸ਼ਾ-ਵਸਤੂ ਅਤੇ ਰੂਪ-ਵਿਧਾਨ

*-ਸੁਰਿੰਦਰ ਸਿੰਘ ਨਿਮਾਣਾ**

ਇਤਿਹਾਸ ਵਿਚ ਇਸ ਘਟਨਾ ਦਾ ਉਲੇਖ ਮਿਲਦਾ ਹੈ ਕਿ ਪੰਜਵੇਂ ਗੁਰੂ ਸਾਹਿਬ ਸੀ ਗੁਰੂ ਅਰਜਨ ਦੇਵ ਜੀ ਦੀ ਦਸਤਾਰਬੰਦੀ ਦੀ ਰਸਮ ਦੇ ਪਵਿੱਤਰ ਅਵਸਰ ਉੱਪਰ ਦੂਰੋਂ-ਨੇੜਿਓਂ ਚੱਲ ਕੇ ਆਈਆਂ ਬੇਅੰਤ ਸੰਗਤਾਂ ਵਿਚ ਗਿਆਰ੍ਹਾਂ ਭੱਟ ਵੀ ਸ਼ਾਮਲ ਸਨ। ਗੁਰੂ-ਘਰ ਦੀ ਕੀਰਤੀ ਦੀ ਪਸਰੀ ਖੁਸ਼ਬੋਈ ਲੈਂਦੇ ਹੋਏ ਆਪੋ ਵਿਚ ਨਜ਼ਦੀਕੀ ਸਾਕਾਦਾਰੀ ਅਤੇ ਵਿਚਾਰਾਂ ਤੇ ਭਾਵਾਂ ਦੀ ਡੂੰਘੀ ਸਾਂਝ ਰੱਖਣ ਵਾਲੇ ਭੱਟਾਂ ਨੂੰ ਗੁਰੂ-ਘਰ ਰੂਪੀ ਮੰਜ਼ਲ ਮਿਲ ਜਾਣ 'ਤੇ ਸਮੂਹਿਕ ਵਿਸਮਾਦੀ ਪ੍ਰਸੰਨਤਾ ਦਾ ਅਨੁਭਵ ਹੋਇਆ। ਮਾਨੋ ਗਿਆਰ੍ਹਾਂ ਵਰਖਾ-ਬੂੰਦਾਂ ਨੂੰ ਅਸੀਮ ਸਾਗਰ ਮਿਲ ਗਿਆ ਹੋਵੇ। ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ ਹੋਵੇ। ਭੱਟ ਜਿਨ੍ਹਾਂ ਦਾ ਪੂਰਬਲਾ ਵਿਸ਼ਾ-ਖੇਤਰ ਮੁੱਖ ਤੌਰ 'ਤੇ ਸਰਗੁਣ ਉਪਾਸਨਾ ਸੀ, ਜਿਨ੍ਹਾਂ ਦੀ ਆਯੂ ਦਾ ਬਹੁਤਾ ਹਿੱਸਾ ਪ੍ਰਾਚੀਨ ਹਿੰਦੂ ਧਰਮ-ਗ੍ਰੰਥਾਂ ਦਾ ਅਧਿਐਨ ਕਰਦਿਆਂ ਅਤੇ ਅਵਤਾਰਵਾਦ ਨਾਲ ਗੂੜ੍ਹ ਰੂਪ 'ਚ ਜੁੜੇ ਸਾਧਾਂ-ਸੰਤਾਂ ਨਾਲ ਗਿਆਨ-ਗੋਸ਼ਟੀਆਂ ਕਰਦਿਆਂ ਬਤੀਤ ਹੋਇਆ ਸੀ ਗੁਰੂ-ਘਰ ਰੂਪੀ ਅਦੁੱਤੀ ਰੂਹਾਨੀ ਘਰ ਦੀ ਦੁਰਲੱਭ ਵੱਥ ਪਰਮ ਪਾਵਨ ਗੁਰਬਾਣੀ ਅਤੇ ਇਸ ਵਿਚ ਪ੍ਰਸਤੁਤ ਤੇ ਗੁਰੂ ਅਤੇ ਗੁਰਸਿੱਖਾਂ ਦੁਆਰਾ ਅਮਲੀ ਰੂਪ ਵਿਚ ਜੀਵੀ ਜਾ ਰਹੀ ਗੁਰਮਤਿ ਵਿਚਾਰਧਾਰਾ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਸਮੂਹਿਕ ਨਿਰਣਾ ਕੀਤਾ ਕਿ ਉਹ ਹੁਣ ਇਹ ਦਰ ਛੱਡ ਕੇ ਹੋਰ ਕਿਧਰੇ ਨਹੀਂ ਜਾਣਗੇ, ਗੁਰੂ ਸਾਹਿਬ ਤੇ ਸਿੱਖ ਸੰਗਤਾਂ ਦੇ ਦਰਸ਼ਨ-ਦੀਦਾਰਿਆਂ ਦਾ ਭਰਪੂਰ ਲਾਹਾ ਲੈਣਗੇ। ਇਨ੍ਹਾਂ ਨੇ ਇਸ ਨਿਰਣੇ ਦੇ ਸਿੱਟੇ ਵਜੋਂ ਇਨ੍ਹਾਂ ਭੱਟ ਸਾਹਿਬਾਨ ਉੱਪਰ ਇੰਨੀ ਮਹਿਮਾ ਬਖ਼ਸ਼ਿਸ਼ ਹੋਈ ਕਿ ਇਨ੍ਹਾਂ ਦੇ ਹਿਰਦਿਆਂ ਰੂਪ ਸੋਮਿਆਂ 'ਚੋਂ ਰੱਬੀ ਬਾਣੀ ਦੇ ਝਰਨੇ ਵਹਿ ਤੁਰੇ। ਗਿਆਰ੍ਹਾਂ ਦੇ ਗਿਆਰ੍ਹਾਂ ਭੱਟ ਅਨੰਦ -ਹੁਲਾਸ ਵਿਚ ਵਿਚਰਦੇ ਰਹੇ। ਇਉਂ ਜਦੋਂ ਗੁਰੂ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਕਰ ਰਹੇ ਸਨ ਤਾਂ ਇਨ੍ਹਾਂ ਭੱਟਾਂ ਪਾਸ ਰੱਬੀ ਬਾਣੀ ਦਾ ਇਕ ਵੱਡਾ ਸੰਗ੍ਰਹਿ ਇਕੱਤਰ ਹੋ ਚੁਕਾ ਸੀ। ਇਹ ਸੰਗ੍ਰਹਿ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ।

ਸਤਿਕਾਰਤ ਭੱਟ ਸਾਹਿਬਾਨ ਦੀ ਰਚੀ ਸਵੱਈਆਂ ਦੇ ਰੂਪਾਕਾਰ ਤੇ ਛੰਦ-ਵਿਧਾਨ ਵਿਚ ਢਲੀ ਪਾਵਨ ਬਾਣੀ ਦਾ ਕੇਂਦਰੀ ਵਿਸ਼ਾ-ਵਸਤੂ ਗੁਰੂ-ਉਪਮਾ ਹੈ। ਰੂਹਾਨੀ ਦਾਤ ਬਖ਼ਸ਼ਣ ਵਾਲਾ ਕੇਵਲ ਗੁਰੂ ਹੀ ਹੈ। ਉਂਞ ਲੋਕਾਈ ਦੇ ਕਲਿਆਣ ਵਾਸਤੇ ਹਰੇਕ ਯੁੱਗ ਵਿਚ ਅਵਤਾਰ ਹੋਏ ਹਨ। ਕਲਿਯੁਗ ਵਿਚ ਕੁੱਲ ਦੁਨੀਆਂ ਨੂੰ ਤਾਰਨ

** ਸਹਾਇਕ ਸੰਪਾਦਕ ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।*

ਵਾਸਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਆਏ ਹਨ। ਸ੍ਰੀ ਗੁਰੂ ਨਾਨਕ ਪਾਤਸ਼ਾਹ ਪਰਮਾਤਮਾ ਦੇ ਅਵਤਾਰ ਹੋਣ ਦੇ ਨਾਲ-ਨਾਲ ਪਰਮਾਤਮਾ ਦਾ ਰੂਪ ਵੀ ਹਨ। ਭੱਟ ਕਲਸਹਾਰ ਜੀ ਫ਼ਰਮਾਉਂਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਸੁਖਾਂ ਦੇ ਸਮੁੰਦਰ ਹਨ। ਆਪ ਦੁੱਖ ਦੂਰ ਕਰਨ ਵਾਲੇ ਦੈਵੀ ਸ਼ਬਦਾਂ ਦੇ ਸਰੋਵਰ ਹਨ। ਗੁਰੂ ਨਾਨਕ ਪਾਤਸ਼ਾਹ ਨੂੰ ਧੀਰਜਵਾਨ ਅਤੇ ਜੋਗੀ ਵੀ ਗਾਉਂਦੇ ਹਨ। ਆਤਮ-ਰਸ ਦੇ ਰਸੀਏ ਇੰਦਰ, ਭਗਤ ਪ੍ਰਹਿਲਾਦ ਵੀ ਗਾਉਂਦੇ ਹਨ। ਗੁਰੂ ਪਾਤਸ਼ਾਹ ਜੀ ਰਾਜ ਜੋਗ ਮਾਣਨ ਵਾਲੇ ਹਨ। ਬਾਣੀਕਾਰ ਦਾ ਸੰਕੇਤ ਹੈ ਕਿ ਗੁਰੂ ਨਾਨਕ ਪਾਤਸ਼ਾਹ ਤੋਂ ਪੂਰਵ ਸਾਡੇ ਦੇਸ਼ ਦੀ ਅਧਿਆਤਮਕ ਪਰੰਪਰਾ ਵਿਚ ਗ੍ਰਿਹਸਤ ਧਰਮ ਦੀ ਕੋਈ ਮਾਨਤਾ ਨਹੀਂ ਸੀ। ਗ੍ਰਿਹਸਤ ਧਰਮ ਅਤੇ ਅਧਿਆਤਮਕਤਾ ਦਾ ਸੰਬੰਧ ਜੋੜਨ ਦੀ ਪਹਿਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਹੀ ਕੀਤੀ।

*ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ॥*
*ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ॥*
*ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ॥*
*ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥*

*(ਪੰਨਾ ੧੩੮੯)*

ਭੱਟ ਕਲਸਹਾਰ ਜੀ ਵੱਲੋਂ ਪੁਰਾਤਨ ਕਾਲ ਵਿਚ ਹੋ ਚੁੱਕੇ ਅਵਤਾਰਾਂ, ਰਿਸ਼ੀਆਂ-ਮੁਨੀਆਂ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਜੱਸ ਗਾਉਂਦਿਆਂ ਵਰਣਨ ਕੀਤਾ ਗਿਆ ਹੈ, ਜੋ ਪਾਠਕਾਂ-ਸ੍ਰੋਤਿਆਂ ਦੇ ਹਿਰਦਿਆਂ ਨੂੰ ਵਿਸਮਾਦ ਪ੍ਰਦਾਨ ਕਰਦਾ ਹੋਇਆ ਗੁਰੂ ਪਾਤਸ਼ਾਹ ਦੇ ਪਰਮ ਪਾਵਨ ਦੈਵੀ ਸਰੂਪ ਨਾਲ ਉਨ੍ਹਾਂ ਦੀ ਜਾਣ-ਪਛਾਣ ਕਰਵਾਉਣ ਦੇ ਮਨੋਭਾਵ ਦਾ ਆਭਾਸ ਦਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਰਾਜਾ ਜਨਕ ਕਈ ਜੋਗੀਆਂ ਸਹਿਤ ਗਾਉਂਦਾ ਹੈ। ਧ੍ਰੂ ਭਗਤ, ਕਪਲ ਮੁਨੀ, ਪਰਸਰਾਮ, ਕ੍ਰਿਸ਼ਨ, ਊਧੋ, ਬਿਦਰ, ਸ਼ਿਵ ਜੀ, ਬ੍ਰਹਮਾ ਸਾਰੇ ਹੀ ਐ ਗੁਰੂ ਨਾਨਕ ਪਾਤਸ਼ਾਹ, ਮੈਂ ਵੇਖ ਸੁਣ ਰਿਹਾ ਹਾਂ ਕਿ ਆਪ ਜੀ ਨੂੰ ਗਾ ਰਹੇ ਹਨ:

- *ਗਾਵਹਿ ਜਨਕਾਦਿ ਜੁਗਤਿ...*
- *ਗਾਵਹਿ ਕਪਿਲਾਦਿ ਆਦਿ ਜੋਗੇਸੁਰ...*
- *ਗਾਵੈ ਜਮਦਗਨਿ ਪਰਸਰਾਮੇਸੁਰ...*
- *ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ...* *(ਪੰਨਾ ੧੩੮੯)*
- *ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ॥*
- *ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ॥*

*(ਪੰਨਾ ੧੩੯੦)*

ਚਹੁੰ ਜੁਗਾਂ ਦੇ ਪ੍ਰਮੁੱਖ ਅਵਤਾਰਾਂ ਦਾ ਉਨ੍ਹਾਂ ਦੇ ਮੁੱਖ ਕਾਰਜਾਂ ਸਹਿਤ ਵਰਣਨ

ਕੀਤਾ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਦੇ ਅੰਗਦ ਅਤੇ ਅਮਰਦਾਸ ਰੂਪਾਂ ਦਾ ਵੀ ਵਰਣਨ ਹੈ:

*ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥* *(ਪੰਨਾ ੧੩੯੦)*

ਇਉਂ ਹੀ ਭੱਟ ਕਲਸਹਾਰ ਜੀ ਨੇ ਭਗਤ ਰਵਿਦਾਸ ਜੀ, ਭਗਤ ਜੈਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਬੇਣੀ ਜੀ ਭਗਤ ਸਾਹਿਬਾਨ ਨੂੰ ਵੀ ਗੁਰੂ ਨਾਨਕ ਦੇ ਨਿਰਗੁਣ ਨਿਰੰਕਾਰੀ ਸਰੂਪ ਚਿਤਵਦਿਆਂ ਆਤਮ-ਰਸ ਰੰਗ ਮਾਣਦਿਆਂ ਵਰਣਨ ਕੀਤਾ ਹੈ, ਜਿਵੇਂ:

*ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥*
*ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥*
*ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ॥*
*ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ॥* *(ਪੰਨਾ ੧੩੯੦)*

ਨੌਂ ਨਾਥ, ਮਾਧਾਤਾ, ਬਲਿ ਅਤੇ ਪੂਰੂ ਰਾਜੇ, ਭਰਥਰੀ ਜੋਗੀ ਅਤੇ ਦੁਰਬਾਸ਼ਾ ਅਤੇ ਅੰਗਰਾ ਰਿਸ਼ੀ ਵੀ ਭੱਟ ਕਲਸਹਾਰ ਜੀ ਦੀ ਅਗੰਮੀ ਦ੍ਰਿਸ਼ਟੀ ਤੇ ਵਿਸਮਾਦੀ ਸੰਵੇਦਨਾ ਮੁਤਾਬਕ ਗੁਰੂ ਨਾਨਕ ਪਾਤਸ਼ਾਹ ਦੇ ਹੀ ਗੁਣ ਗਾਇਨ ਕਰ ਰਹੇ ਹਨ:

*ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ॥*
*ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ॥*
*ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ॥*
*ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ॥*
*ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ॥*
*ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ॥* *(ਪੰਨਾ ੧੩੯੦)*

ਭੱਟ ਕਲਸਹਾਰ ਅਖੀਰ ਵਿਚ ਤੱਤਸਾਰੀ ਭਾਵ ਪ੍ਰਗਟਾਉਂਦਿਆਂ ਆਪਣੀ ਗੱਲ ਸੰਪੂਰਨ ਕਰਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਦਾ ਜੱਸ ਤਾਂ ਇਸ ਸ੍ਰਿਸ਼ਟੀ ਦੇ ਘਟ-ਘਟ ਵਿਚ ਸਮਾਇਆ ਹੋਇਆ ਹੈ:

*ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ॥*
*(ਪੰਨਾ ੧੩੯੦)*

***(ਬਾਕੀ ਸਫ਼ਾ ੯੭ 'ਤੇ)***

# ਭਾਈ ਸੱਤਾ ਬਲਵੰਡ ਤੇ ਭੱਟਾਂ ਦੀ ਦ੍ਰਿਸ਼ਟੀ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ

*-ਬੀਬੀ ਮਲਕਿੰਦਰ ਕੌਰ**

ਸਿੱਖ ਇਤਿਹਾਸ ਵਿਚ ਭਾਈ ਸੱਤਾ ਤੇ ਭਾਈ ਬਲਵੰਡ ਨੂੰ ਗੁਰੂ-ਦਰਬਾਰ ਦੇ ਪ੍ਰਸਿੱਧ ਕੀਰਤਨੀਏ (ਰਬਾਬੀ) ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਆਪਣੀ ਰਚਿਤ ਬਾਣੀ ਰਾਮਕਲੀ ਦੀ ਵਾਰ ਰਾਹੀਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪ੍ਰਤਿਭਾ ਨੂੰ ਬਾਖੂਬੀ ਕਲਮਬੱਧ ਕਰਨ ਦਾ ਯਤਨ ਕੀਤਾ ਹੈ। ਵਾਰ ਦੀਆਂ ੮ ਪਉੜੀਆਂ ਵਿੱਚੋਂ ੫ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਸੰਬੰਧਿਤ ਹਨ। ਭੱਟਾਂ ਦੇ ਸਵੱਈਏ ਜੋ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਕੀਰਤੀ ਹਿਤ ਰਚੇ ਹਨ, ਉਨ੍ਹਾਂ ਵਿੱਚੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਨੂੰ ਬਿਆਨ ਕਰਨ ਲਈ ਭੱਟ ਕਲਸਹਾਰ ਦੇ ੧੦ ਸਵੱਈਏ ਹਨ। ਇਨ੍ਹਾਂ ਦੋਨਾਂ ਬਾਣੀਆਂ ਦਾ ਅਧਿਐਨ ਕਰਨ ਉਪਰੰਤ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੈਵੀ (ਗੁਰੂ ਜੋਤਿ) ਸਰੂਪ ਨੂੰ ਬਿਆਨ ਕਰਨ ਦਾ ਯਤਨ ਕੀਤਾ ਗਿਆ ਹੈ, ਜਿਸ ਦਾ ਜ਼ਿਕਰ ਅਸੀਂ ਹੇਠ ਲਿਖੇ ਅਨੁਸਾਰ ਕਰ ਰਹੇ ਹਾਂ।

ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਲਿਖਦੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੀ ਬਾਦਸ਼ਾਹਤ ਕਾਇਮ ਕੀਤੀ ਅਤੇ ਸੱਚ ਦੇ ਕਿਲ੍ਹੇ ਦੀ ਮਜ਼ਬੂਤ ਬੁਨਿਆਦ ਰੱਖੀ:

*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥*
*ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥ (ਪੰਨਾ ੯੬੬)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਗੁਰਿਆਈ ਭਾਈ ਲਹਿਣਾ ਜੀ ਨੂੰ ਸੌਂਪ ਕੇ ਗੁਰੂ ਅੰਗਦ ਰੂਪ ਦਿੱਤਾ। ਭੱਟ ਬਾਣੀਕਾਰ ਇਸ ਪ੍ਰਥਾਇ ਲਿਖਦਾ ਹੈ:

*ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥*
*ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥*
*ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ*
*ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ॥ (ਪੰਨਾ ੧੩੯੧)*

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਹ ਗੁਰਿਆਈ ਕੋਈ ਐਵੇਂ ਪ੍ਰਾਪਤ ਨਹੀਂ ਹੋਈ ਸਗੋਂ ਅਨੇਕਾਂ ਕਠਿਨ ਪ੍ਰੀਖਿਆਵਾਂ ਤੋਂ ਬਾਅਦ ਪ੍ਰਾਪਤ ਹੋਈ, ਜਿਨ੍ਹਾਂ ਦਾ ਜ਼ਿਕਰ ਜਨਮਸਾਖੀ ਸਾਹਿਤ ਵਿਚ ਵੱਖ-ਵੱਖ ਥਾਈਂ ਕੀਤਾ ਗਿਆ ਹੈ। ਭਾਈ ਸੱਤਾ ਜੀ ਤੇ

*ਮਕਾਨ ਨੰ: ੧੧੦, ਗਲੀ ਨੰ: ੧/੧, ਸਰਾਭਾ ਨਗਰ, ਭੱਟੀ ਰੋਡ, ਬਠਿੰਡਾ।

ਭਾਈ ਬਲਵੰਡ ਜੀ ਨੇ ਵੀ ਇਸ ਦੀ ਪ੍ਰੋੜਤਾ ਕੀਤੀ ਹੈ:

*– ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥*
*ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥ (ਪੰਨਾ ੯੬੭)*
*– ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥*
*ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ (ਉਹੀ)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਗੁਰਗੱਦੀ ਨਾ ਦੇ ਕੇ ਸਗੋਂ ਯੋਗ ਅਧਿਕਾਰੀ ਦੀ ਚੋਣ ਕੀਤੀ। ਇਹ ਗੁਰੂ-ਘਰ ਦੀ ਵਡਿਆਈ ਹੈ। ਇਸ ਪ੍ਰਥਾਇ ਗੁਰਬਾਣੀ ਵਿਚ ਕਿਹਾ ਗਿਆ ਹੈ:

*ਤਖਤਿ ਬਹੈ ਤਖਤੈ ਕੀ ਲਾਇਕ॥ (ਪੰਨਾ ੧੦੩੯)*

ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਲਿਖਦੇ ਹਨ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪੀ ਤਾਂ ਭਾਈ ਲਹਿਣਾ ਜੀ ਦੀ ਦੁਹਾਈ ਫਿਰ ਗਈ ਪਰੰਤੂ ਹੈਰਾਨੀਜਨਕ ਗੱਲ ਇਹ ਹੋਈ ਕਿ ਗੁਰੂ ਜੋਤਿ ਤਾਂ ਉਹੋ ਹੀ ਰਹੀ ਅਤੇ ਉਸ ਨੂੰ ਨਿਰੰਤਰਤਾ ਪ੍ਰਦਾਨ ਕਰਨ ਲਈ ਜੁਗਤਿ ਦੇ ਸਿਧਾਂਤ ਵਿਚ ਕੋਈ ਫ਼ਰਕ ਨਹੀਂ ਆਉਣ ਦਿੱਤਾ, ਕੇਵਲ ਕਾਇਆ ਹੀ ਪਲਟੀ ਜਿਸ ਦੀ ਪ੍ਰੋੜਤਾ ਇਨ੍ਹਾਂ ਸਤਰਾਂ ਤੋਂ ਹੋ ਜਾਂਦੀ ਹੈ:

*ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥*
*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (ਪੰਨਾ ੯੬੬)*

ਉਪਰੋਕਤ ਵਿਚਾਰਾਂ ਦੀ ਗਵਾਹੀ ਭਰਦੇ ਭਾਈ ਗੁਰਦਾਸ ਜੀ ਲਿਖਦੇ ਹਨ:

*ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ।*
*ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।*
*ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।*
*ਕਾਇਆ ਪਲਟਿ ਸਰੂਪੁ ਬਣਾਇਆ॥ (ਵਾਰ ੧:੪੫)*

ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਸਰੂਪ ਹੀ ਹਨ ਕਿਉਂਕਿ ਇਨ੍ਹਾਂ ਵਿਚ ਇਕ ਹੀ ਜੋਤਿ ਹੈ ਤੇ ਇਹੀ ਜੋਤਿ ਦਸ ਜਾਮਿਆਂ ਵਿਚ ਇਕਰੂਪ ਵਿਚਰਦੀ ਰਹੀ। ਇਸ ਵਿਚਾਰ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਰੂਪਮਾਨ ਕੀਤਾ ਗਿਆ ਹੈ:

*ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥*
*ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥*
*(ਪੰਨਾ ੫੯੯)*

ਭੱਟ ਬਾਣੀਕਾਰ ਕਹਿੰਦੇ ਹਨ ਕਿ ਤੈਨੂੰ ਗੁਰੂ ਨਾਨਕ ਪਾਤਸ਼ਾਹ ਨੇ ਪ੍ਰਭੂਤਾ ਪ੍ਰਦਾਨ ਕੀਤੀ ਸੀ ਕਿਉਂਕਿ ਤੂੰ ਪ੍ਰਧਾਨ ਗੁਰਾਂ ਦੀ ਟਹਿਲ ਕਮਾਈ ਸੀ। ਹੇ ਗੁਰੂ ਅੰਗਦ ਦੇਵ

ਜੀ! ਆਪ ਜੀ ਦੇ ਦਰਸ਼ਨ ਸਾਈਂ, ਹਰੀ (ਪਰਮਾਤਮਾ) ਦੇ ਦਰਸ਼ਨ ਵਰਗਾ ਹੈ:

*ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ ਜਾਣੀਅ*
*ਅਕਲ ਗਤਿ ਗੁਰ ਪਰਵਾਨ॥*
*ਜਾ ਕੀ ਦ੍ਰਿਸਟਿ ਅਚਲ ਠਾਣ*
*ਬਿਮਲ ਬੁਧਿ ਸੁਥਾਨ ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ॥*

*(ਪੰਨਾ ੧੩੯੧)*

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਅਜਿਹੀ ਹੈ ਕਿ ਉਨ੍ਹਾਂ ਦੇ ਨੇਤਰਾਂ ਦੀ ਆਬ-ਏ-ਹਯਾਤ ਦੀ ਨਦੀ ਪਾਪਾਂ ਦੀ ਕਾਲਖ ਨੂੰ ਧੋ ਸੁੱਟਦੀ ਹੈ ਅਤੇ ਉਨ੍ਹਾਂ ਦੇ ਦਰ ਦੇ ਦਰਸ਼ਨ ਬੇਸਮਝੀ ਦਾ ਹਨ੍ਹੇਰਾ ਦੂਰ ਕਰ ਦਿੰਦੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਇਹ ਵੀ ਵਿਲੱਖਣਤਾ ਹੈ ਕਿ ਉਹ ਨਾਮ-ਸਿਮਰਨ ਕਰਦੇ ਹਨ ਜਿਸ ਨਾਲ ਔਖੇ ਤੋਂ ਔਖੇ ਕੰਮ ਵੀ ਅਸਾਨ ਹੋ ਜਾਂਦੇ ਹਨ। ਜੋ ਵੀ ਨਾਮ-ਸਿਮਰਨ ਕਰਦੇ ਹਨ ਉਹ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰ ਜਾਂਦੇ ਹਨ ਅਤੇ ਪਾਪਾਂ ਦੇ ਬੋਝ ਤੋਂ ਖਲਾਸੀ ਪਾ ਲੈਂਦੇ ਹਨ।

ਭੱਟ ਬਾਣੀਕਾਰ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜਨਕ ਰਾਜੇ ਨਾਲ ਤੁਲਨਾ ਕੀਤੀ ਹੈ। ਹਿੰਦੂ ਇਤਿਹਾਸ ਅਨੁਸਾਰ ਇਕ ਜਨਕ ਰਾਜਾ ਹੀ ਅਜਿਹਾ ਹੋਇਆ ਹੈ, ਜਿਸ ਨੇ ਰਾਜ ਕਰਦਿਆਂ ਜਗਤ ਨੂੰ ਮਿਥਿਆ ਮੰਨਿਆ। ਗੁਰੂ ਅੰਗਦ ਸਾਹਿਬ ਵੀ ਉਸ ਵਾਂਗ ਨਿਰਲੇਪ ਇਸ ਜਗਤ ਵਿਚ ਪਾਣੀ (ਚਿੱਕੜ) ਅੰਦਰ ਕੰਵਲ ਦੀ ਨਿਆਈਂ ਹੈ। ਇਸ ਦੀ ਪ੍ਰੋੜਤਾ ਇਨ੍ਹਾਂ ਪੰਕਤੀਆਂ ਤੋਂ ਹੁੰਦੀ ਹੈ:

*ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ ਰਹਹਿ*
*ਜਗਤ੍ਰ ਜਲ ਪਦਮ ਬੀਚਾਰ॥* *(ਪੰਨਾ ੧੩੯੧)*

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪ੍ਰਤਿਭਾ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੀ ਹੈ। ਭੱਟ ਬਾਣੀਕਾਰ ਇਸ ਪ੍ਰਥਾਇ ਲਿਖਦਾ ਹੋਇਆ ਕਹਿੰਦਾ ਹੈ ਕਿ ਸਵਰਗੀ ਬ੍ਰਿਛ ਦੀ ਮਾਨੰਦ ਆਪ ਜਗਤ ਦੀਆਂ ਬੀਮਾਰੀਆਂ (ਦੁੱਖਾਂ-ਤਕਲੀਫਾਂ) ਨੂੰ ਨਸ਼ਟ ਕਰ ਦਿੰਦਾ ਹੈ:

*ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ*
*ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ॥* *(ਪੰਨਾ ੧੩੯੧)*

ਹੇ ਗੁਰੂ ਅੰਗਦ ਦੇਵ ਜੀ! ਆਪ ਜੀ ਦੇ ਖਿਆਲ ਪਵਿੱਤਰ ਹਨ ਅਤੇ ਆਪ ਜੀ ਫਲ ਨਾਲ ਭਰੇ ਹੋਏ ਬ੍ਰਿਛ ਵਾਂਗ ਨਿਮਰਤਾ ਅੰਦਰ ਨਿਊਂਦਾ ਹੋ ਅਤੇ ਫਲਦਾਰ ਹੋਣ ਦਾ ਦੁੱਖ ਸਹਾਰਦੇ ਹੋ ਕਿਉਂਕਿ ਆਪ ਜੀ ਨੇ ਸਰਬ-ਵਿਆਪਕ ਤੇ ਅਦ੍ਰਿਸ਼ਟ ਅਤੇ ਅਦਭੁਤ ਸੁਆਮੀ ਨੂੰ ਅਨੁਭਵ ਕਰ ਲਿਆ ਹੈ। ਆਪ ਜੀ ਨੇ ਮਕਬੂਲ ਗੁਰੂ ਦਾ ਦਰਜਾ ਪ੍ਰਾਪਤ ਕਰ ਲਿਆ ਹੈ ਅਤੇ ਸੱਚ ਤੇ ਸੰਤੁਸ਼ਟਤਾ ਨੂੰ ਗ੍ਰਹਿਣ ਕਰ ਲਿਆ ਹੈ। ਭੱਟ

ਬਾਣੀਕਾਰ ਕਲਸਹਾਰ ਕਹਿੰਦੇ ਹਨ ਕਿ ਜਿਸ ਕਿਸੇ ਨੂੰ ਲਹਿਣੇ ਦਾ ਦੀਦਾਰ ਪ੍ਰਾਪਤ ਹੋ ਜਾਂਦਾ ਹੈ ਉਹ ਆਪਣੇ ਹਰੀ ਨੂੰ ਮਿਲ ਜਾਂਦਾ ਹੈ। ਇਸ ਹਰੀ ਨੂੰ ਮਿਲਣ ਦਾ ਸਾਧਨ ਹੈ ਨਾਮ-- ਨਾਮ ਆਪ ਜੀ ਦੀ ਦਵਾਈ ਹੈ, ਨਾਮ ਆਸਰਾ ਤੇ ਨਾਮ ਹੀ ਆਪ ਜੀ ਦੀ ਸਮਾਧੀ ਦਾ ਆਰਾਮ ਅਤੇ ਪ੍ਰਭੂ ਦੇ ਨਾਮ ਦੀ ਮੋਹਰ ਆਪ ਜੀ ਨੂੰ ਹਮੇਸ਼ਾ ਸਸ਼ੋਭਿਤ ਕਰਦੀ ਹੈ। ਆਪ ਜੀ ਪ੍ਰਭੂ ਦੇ ਪਿਆਰ ਨਾਲ ਰੰਗੇ ਹੋਏ ਹੋ। ਪ੍ਰਭੂ ਨਾਮ ਦੇਵਤਿਆਂ ਅਤੇ ਮਨੁੱਖਾਂ ਨੂੰ ਸੁਗੰਧਤ ਕਰ ਦਿੰਦਾ ਹੈ। ਜੇ ਕੋਈ ਨਾਮ ਰੂਪੀ ਪਾਰਸ ਨੂੰ ਪਾ ਲੈਂਦਾ ਹੈ ਤਾਂ ਉਹ ਸੱਚ ਸਰੂਪ ਹੋ ਜਾਂਦਾ ਹੈ ਅਤੇ ਉਸ ਦੀ ਪ੍ਰਭੂਤਾ ਦਾ ਸੂਰਜ ਸਾਰੇ ਸੰਸਾਰ ਅੰਦਰ ਚਮਕਦਾ ਹੈ।

ਉਪਰੋਕਤ ਵਿਆਖਿਆ ਤੋਂ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਗੁਰੂ ਤੇ ਪਰਮਾਤਮਾ ਇਕ ਹੀ ਹਨ। ਦੋਹਾਂ ਵਿਚ ਏਨੀ ਅਭੇਦਤਾ ਹੈ ਕਿ ਸਿੱਖ, ਗੁਰੂ ਵਿੱਚੋਂ ਹੀ ਗੋਬਿੰਦ ਨੂੰ ਦਿਬ-ਦ੍ਰਿਸ਼ਟੀ ਰਾਹੀਂ ਨਿਹਾਰਦਾ ਹੈ। ਇਸੇ ਕਰਕੇ ਡਾ. ਮਨਮੋਹਨ ਸਹਿਗਲ ਲਿਖਦੇ ਹਨ-- "ਜਿਉਂ-ਜਿਉਂ ਚਿੰਤਨ ਦਾ ਖੇਤਰ ਵਿਸਤ੍ਰਿਤ ਹੁੰਦਾ ਹੈ, ਗੁਰੂ ਹੀ ਬ੍ਰਹਮ ਰੂਪ ਦਿਖਾਈ ਦੇਣ ਲੱਗਦਾ ਹੈ ਅਤੇ ਸਿੱਖ ਦੀ ਉਹ ਅਵਸਥਾ ਵੀ ਦੂਰ ਨਹੀਂ ਰਹਿ ਜਾਂਦੀ ਜਦ ਉਹ ਗੁਰੂ ਨੂੰ ਸਾਖਿਆਤ ਬ੍ਰਹਮ ਸਵੀਕਾਰ ਕਰਦਾ ਹੈ ਅਤੇ ਦੋਹਾਂ ਦੀ ਅਭੇਦਤਾ ਸਥਾਪਨਾ ਸਰੂਪ ਹੋ ਜਾਂਦੀ ਹੈ।"

(ਉਤਾਰਾ: ਲਤਾ ਬਾਂਸਲ, ਧਰਮ, ਸਫ਼ਾ ੨੬੯)

ਇਸ ਦਾ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਆਧਾਰ ਇਹੀ ਹੈ ਗੁਰੂ ਜੋਤਿ ਸਰੂਪੀ ਹੈ। ਗੁਰ-ਫ਼ੁਰਮਾਨ ਹੈ:

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥* *(ਪੰਨਾ ੪੪੨)*

ਸਿੱਖ-ਸਿਧਾਂਤਾਂ ਦੇ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਗੁਰੂ ਦਾ ਪੰਜ ਭੂਤਕ ਸਰੀਰ ਗੁਰੂ ਨਹੀਂ, ਸਗੋਂ ਉਸ ਦੀ ਆਤਮ ਜੋਤਿ ਹੈ ਜੋ ਉਸ ਦੇ ਸਰੀਰ ਰਾਹੀਂ ਵਿਸ਼ਵ ਕਲਿਆਣ ਲਈ ਕੰਮ ਕਰਦੀ ਹੈ। ਗੁਰੂ ਸ਼ਬਦ ਸਰੂਪ ਹੈ ਤੇ ਇਹ ਸ਼ਬਦ ਆਪਣੀ ਸੂਖਮਤਾ ਵਿਚ ਜੋਤਿ ਦਾ ਪ੍ਰਕਾਸ਼ ਹੈ। ਸ਼ਬਦ ਦੀ ਵਿਚਾਰ ਕਰਨਾ ਜੋਤਿ ਦੇ ਸਰੂਪ ਨੂੰ ਅਨੁਭਵ ਕਰਨਾ ਹੈ। ਇਸ ਪ੍ਰਥਾਇ ਗੁਰ-ਫ਼ੁਰਮਾਨ ਹੈ:

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥*
*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥* *(ਪੰਨਾ ੫੯੪)*

ਗੁਰੂ ਦੀ ਵਿਚਾਰਧਾਰਾ ਨੂੰ ਅਪਣਾਉਣਾ ਗੁਰੂ ਦੇ ਅਸਲ ਦਰਸ਼ਨ ਹਨ। ਆਓ! ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਤਾਬਦੀ ਮਨਾਉਂਦਿਆਂ ਹੋਇਆਂ ਅਸੀਂ ਵੀ ਇਹ ਪ੍ਰਣ ਕਰੀਏ ਕਿ ਅਸੀਂ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਤੁਰਨ ਦਾ ਯਤਨ ਕਰਾਂਗੇ। ਅੰਤ ਵਿਚ ਅਸੀਂ ਭਾਈ ਸੱਤਾ ਤੇ ਬਲਵੰਡ ਦੀਆਂ ਇਨ੍ਹਾਂ ਸਤਰਾਂ ਰਾਹੀਂ ਸ੍ਰੀ ਗੁਰੂ ਅੰਗਦ

ਦੇਵ ਜੀ ਨੂੰ ਨਤ-ਮਸਤਕ ਹੁੰਦੇ ਹਾਂ:

*ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥*
*ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥* *(ਪੰਨਾ ੯੬੭)*

■

## ਸਵੱਈਏ ਮਹਲੇ ਪਹਿਲੇ ਕੇ:ਵਿਸ਼ਾ-ਵਸਤੂ... *(ਸਫ਼ਾ ੯੨ ਦਾ ਬਾਕੀ ਹਿੱਸਾ)*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਪਮਾ ਆਪਣੇ ਆਪ ਵਿਚ ਇਕ ਉਚੇਰੀਆਂ ਵਿਸਮਾਦੀ ਸੰਭਾਵਨਾਵਾਂ ਵਾਲਾ ਵਿਸ਼ਾ-ਵਸਤੂ ਹੈ ਜਿਸ ਨੂੰ ਭੱਟ ਕਲਸਹਾਰ ਜੀ ਵਰਗੇ ਭਾਵ-ਭਿੰਨੇ ਤੇ ਸੰਵੇਦਨਸ਼ੀਲ ਬਾਣੀਕਾਰ ਦੁਆਰਾ ਜਿਸ ਵਿਸਮਾਦੀ ਰੂਪਾਕਾਰ ਤੇ ਅੰਦਾਜ਼ ਵਿਚ ਨਿਭਾਇਆ ਗਿਆ ਹੈ ਉਹ ਜਗਿਆਸੂਆਂ ਤੇ ਪਾਠਕਾਂ-ਸ੍ਰੋਤਿਆਂ ਨੂੰ ਭਰਪੂਰ ਵਿਸਮਾਦ ਪ੍ਰਦਾਨ ਕਰਨ ਵਾਲਾ ਵਿਸ਼ਾ-ਵਸਤੂ ਹੋ ਨਿੱਬੜਿਆ ਹੈ। ਭੱਟ ਕਲਸਹਾਰ ਜੀ ਨੇ ਇਸ ਵਿਸ਼ੇ ਦਾ ਸਮੁੱਚਾ ਨਿਭਾਅ ਹੀ ਵਿਸਮਾਦੀ ਰਉਂ ਨੂੰ ਅਰੰਭ ਤੋਂ ਅੰਤ ਤਕ ਬਰਕਰਾਰ ਰੱਖਦਿਆਂ ਕੀਤਾ ਹੈ। ਇਹ ਮੱਧ ਯੁੱਗ ਦੇ ਮਹਾਨਤਮ ਅਧਿਆਤਮਵਾਦੀ ਗੁਰੂ ਨਾਨਕ ਪਾਤਸ਼ਾਹ ਦੀ ਵਿਰਾਟ ਤੇ ਵਿਆਪਕ ਸ਼ਖਸੀਅਤ ਅਤੇ ਉਨ੍ਹਾਂ ਦੀ ਮੁੱਖ ਤੌਰ 'ਤੇ ਸਮੁੱਚੇ ਭਾਰਤ ਭੂ-ਖੰਡ ਅਤੇ ਸਮੁੱਚੇ ਤੌਰ 'ਤੇ ਸਾਰੇ ਸੰਸਾਰ ਨੂੰ ਵਿਲੱਖਣ ਦੇਣ ਦਾ ਭਾਵ-ਭਿੰਨਾ ਤੇ ਰਸੀਲਾ ਗੁਣ-ਗਾਨ ਹੈ। ਕਵੀ ਭੱਟ ਕਲਸਹਾਰ ਬਾਹਰਮੁਖੀ ਇਤਿਹਾਸਕ ਵੇਰਵਿਆਂ ਵਿਚ ਨਾ ਪੈਂਦੇ ਹੋਏ ਪੂਰਨ ਸੂਖਮ ਤੇ ਸੰਕੇਤਕ ਪਹੁੰਚ ਤੇ ਢੰਗ ਅਪਣਾਉਂਦੇ ਹਨ। ਗੁਰੂ ਜੀ ਦੀ ਸ਼ਖ਼ਸੀਅਤ ਪ੍ਰਤੀ ਇਹ ਸੰਖੇਪ ਬਾਣੀ ਇਕ ਸੱਚੇ ਸੁਹਿਰਦ ਸ਼ਿਸ਼ ਜਾਂ ਸਿੱਖ ਦਾ ਸੱਚਾ-ਸੁੱਚਾ ਨਮਨ ਹੈ, ਨਮਸਕਾਰ ਹੈ। ਇਹ ਨਮਨ, ਨਮਸਕਾਰ ਵਾਸਤੇ ਬਾਣੀਕਾਰ ਨੇ ਮੁੱਖ ਤੌਰ 'ਤੇ ਸਹਾਇਕ ਟੇਕ ਵਜੋਂ ਆਪਣੇ ਪ੍ਰਾਚੀਨ ਅਧਿਆਤਮਕ ਕਥਾ-ਸਾਹਿਤ ਦੇ ਵਿਆਪਕ-ਅਧਿਐਨ ਨੂੰ ਲੈ ਕੇ ਇਸ ਵਿਸ਼ੇ-ਵਸਤੂ ਨਾਲ ਪੂਰਨ ਨਿਆਂ ਕਰਨ ਦਾ ਸਫ਼ਲ ਯਤਨ ਕੀਤਾ ਹੈ। ਗੁਰੂ ਨਾਨਕ ਪਾਤਸ਼ਾਹ ਦੀ ਸ਼ਖ਼ਸੀਅਤ ਸੰਬੰਧੀ ਮੱਧਕਾਲ ਤੋਂ ਹੁਣ ਤਕ ਅਨੇਕਾਂ ਵਾਰਤਾਕਾਰ ਅਤੇ ਕਵੀ-ਜਨ ਵਿਭਿੰਨ ਭਾਸ਼ਾਵਾਂ ਵਿਚ ਬਖਾਨ ਕਰਦੇ ਆ ਰਹੇ ਹਨ, ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਾਤਰ ਦੋ ਪਾਵਨ ਪੰਨਿਆਂ ਵਿਚ ਅੰਕਤ ਇਹ ਬਾਣੀ ਆਪਣੇ ਵਿਲੱਖਣ ਵਿਸ਼ੇ-ਵਸਤੂ ਦੇ ਇਕਹਿਰੇਪਨ, ਸੂਖ਼ਮ ਅਤੇ ਸੰਕੇਤਕ ਨਿਭਾਅ, ਸੰਵੇਦਨਾ, ਰਸੀਲੀ ਭਾਸ਼ਾ, ਸ਼ੈਲੀ, ਸ਼ਬਦਾਵਲੀ, ਕਾਵਿ-ਰੂਪ ਅਤੇ ਛੰਦ-ਵਿਧਾਨ ਕਰਕੇ ਆਪਣੀ ਉਦਾਹਰਨ ਆਪ ਹੈ। ਇਸ ਨੂੰ ਭੱਟ ਕਲਸਹਾਰ ਜੀ ਦਾ ਅਤਿਅੰਤ ਸੰਖੇਪ ਆਕਾਰ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਦੇ ਮਹਾਨ ਵਿਅਕਤਿੱਤਵ ਦਾ ਇਕ ਵਿਲੱਖਣ ਸਕੈੱਚ ਅਥਵਾ ਚਿੱਤਰ ਮੰਨਿਆ ਜਾ ਸਕਦਾ ਹੈ।

■

# ਭੱਟ ਬਾਣੀਕਾਰਾਂ ਦੀ ਨਜ਼ਰ ਵਿਚ ਗੁਰੂ ਅਰਜਨ ਦੇਵ ਜੀ

*-ਡਾ. ਜਸਵਿੰਦਰ ਕੌਰ**

ਸਿੱਖ ਧਰਮ ਦੇ ਵਿਕਾਸ ਅਤੇ ਸਥਾਪਤੀ ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਪਹਿਲੇ ਸਿੱਖ ਗੁਰੂ ਸਨ, ਜਿਨ੍ਹਾਂ ਦਾ ਪ੍ਰਕਾਸ਼ ਗੁਰੂ ਪਰਵਾਰ ਵਿਚ ਹੀ ਹੋਇਆ ਅਤੇ ਜਿਨ੍ਹਾਂ ਨੂੰ ਗੁਰਮਤਿ ਦੀ ਗੁੜ੍ਹਤੀ ਘਰ ਵਿੱਚੋਂ ਹੀ ਪ੍ਰਾਪਤ ਹੋਈ। 'ਬਾਣੀ ਦੇ ਬੋਹਿਥ' ਦਾ ਵਰ ਆਪ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਤੋਂ ਮਿਲਿਆ। ਆਪ ਜੀ ਵਿਚ ਨਿਮਰਤਾ, ਦਇਆ, ਹਲੀਮੀ ਅਤੇ ਪ੍ਰੇਮ ਦੇ ਸਦਗੁਣ ਗੁਰਬਾਣੀ ਦੇ ਅਨੁਸਾਰੀ ਹੋਣ ਕਾਰਨ ਘਰ ਕਰ ਗਏ ਸਨ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਚਰਚਾ ਕਰਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਅਤੇ ਗੁਣਾਂ ਨੂੰ ਬਿਆਨ ਕਰਨਾ ਔਖਾ ਹੈ। ਉਹ ਮਾਇਆ ਤੋਂ ਉੱਚੇ, ਜੂਨੀ ਤੋਂ ਰਹਿਤ, ਕਾਲ ਦੇ ਘੇਰੇ ਵਿਚ ਨਾ ਆਉਣ ਵਾਲੇ, ਸੂਰਜ ਤੇ ਚੰਦਰਮਾਂ ਤੋਂ ਵੀ ਵੱਧ ਪ੍ਰਕਾਸ਼ ਦੇਣ ਵਾਲੇ ਪ੍ਰਭੂ ਦੇ ਪਿਆਰੇ ਹਨ। ਸਾਰਾ ਜਗਤ ਉਨ੍ਹਾਂ ਦੀ ਜੈ-ਜੈ ਕਾਰ ਕਰਦਾ ਹੈ। ਉਹ ਦੁੱਖ ਸਹਿ ਕੇ ਵੀ ਸੱਚ ਦਾ ਪ੍ਰਚਾਰ ਕਰਦੇ ਹਨ। ਉਨ੍ਹਾਂ ਦੀ ਸਮਰੱਥਾ ਦਾ ਅੰਤ ਨਹੀਂ ਪਾਇਆ ਜਾ ਸਕਦਾ:

*ਕੁਦਰਤਿ ਕੀਮ ਨ ਜਾਣੀਐ ਅਕਥ ਕਥਾ ਅਬਿਗਤ ਅਬਿਗਤਾ।*

*(ਵਾਰ ੨੪:੨੦)*

ਸ੍ਰੀ ਗੁਰੂ ਅਰਜਨ ਦੇਵ ਜੀ ਅੰਤਰਮੁਖੀ ਅਤੇ ਬਾਹਰਮੁਖੀ ਪ੍ਰਤਿਭਾ ਦੇ ਮਾਲਕ ਸਨ। ਆਪ ਜੀ ਨੇ ਸੁਖਮਨੀ, ਬਾਵਨ ਅਖਰੀ, ਬਾਰਹਮਾਹ ਮਾਝ, ਥਿਤੀ, ਬਿਰਹੜੇ, ਦਿਨ-ਰੈਣ ਅਤੇ ਸੋਲਹੇ ਆਦਿ ਪ੍ਰਸਿੱਧ ਬਾਣੀਆਂ ਬਖ਼ਸ਼ਿਸ਼ ਕੀਤੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪਾਦਿਤ ਕਰ ਕੇ ਇਕ ਲਾਸਾਨੀ ਧਰਮ-ਗ੍ਰੰਥ ਸੰਗਤਾਂ ਦੇ ਮਾਰਗ-ਦਰਸ਼ਨ ਹਿਤ ਬਖਸ਼ਿਸ਼ ਕੀਤਾ। ਆਪ ਜੀ ਦੀ ਸੰਗਠਨਦਾਰੀ ਪ੍ਰਤਿਭਾ ਸਦਕਾ ਕਈ ਨਗਰ, ਸਰੋਵਰ ਅਤੇ ਗੁਰਦੁਆਰੇ ਹੋਂਦ ਵਿਚ ਆਏ। ਆਪ ਜੀ ਨੇ ਸ੍ਰੀ ਹਰਿਗੋਬਿੰਦਪੁਰ, ਤਰਨਤਾਰਨ ਤੇ ਕਰਤਾਰਪੁਰ ਜਿਹੇ ਨਗਰ ਵਸਾਏ। ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਅਤੇ ਤਰਨਤਾਰਨ ਵਿਖੇ ਸ੍ਰੀ ਦਰਬਾਰ ਸਾਹਿਬ ਅਤੇ ਸਰੋਵਰ ਅਤੇ ਲਾਹੌਰ ਡੱਬੀ ਬਾਜ਼ਾਰ ਵਿਖੇ ਇਕ ਬਾਉਲੀ ਦਾ ਨਿਰਮਾਣ ਕਰਵਾਇਆ। ਅੰਮ੍ਰਿਤ ਸਰ, ਸੰਤੋਖ ਸਰ ਅਤੇ ਰਾਮਸਰ ਸਰੋਵਰਾਂ ਦਾ ਕਾਰਜ ਸੰਪੂਰਨ ਕਰਵਾਇਆ। ਤਰਨ ਤਾਰਨ ਵਿਖੇ ਕੋਹੜ ਦੇ ਰੋਗੀਆਂ ਦੇ ਇਲਾਜ ਲਈ ਆਸ਼ਰਮ ਸਥਾਪਤ ਕੀਤਾ। ਆਪ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਉਨ੍ਹਾਂ ਦੀ ਸ਼ਹਾਦਤ ਨੇ ਸਿੱਖ ਧਰਮ ਦੇ

** ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।*

ਇਤਿਹਾਸ ਨੂੰ ਸ਼ਹੀਦਾਂ ਦਾ ਇਤਿਹਾਸ ਬਣਾ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਕੁਰਬਾਨੀ ਸਿੱਖਾਂ ਨੂੰ ਸੰਘਰਸ਼ ਦੇ ਸਮੇਂ ਪ੍ਰੇਰਨਾ ਪ੍ਰਦਾਨ ਕਰਦੀ ਰਹੀ ਹੈ। ਸਿੱਖ ਧਰਮ ਦੇ ਵਿਕਾਸ ਵਿਚ ਪਾਏ ਯੋਗਦਾਨ ਅਤੇ ਉਨ੍ਹਾਂ ਦੀ ਲਾਸਾਨੀ ਸ਼ਖ਼ਸੀਅਤ ਕਾਰਨ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਉਨ੍ਹਾਂ ਦੀ ਉਸਤਤਿ ਵਿਚ ਕਿਹਾ ਹੈ:

*ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥*
*ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥* *(ਪੰਨਾ ੯੬੮)*

ਭੱਟ ਮਥੁਰਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਪਾਰਬ੍ਰਹਮ ਵਿਚ ਕੋਈ ਭੇਦ ਪ੍ਰਵਾਨ ਨਾ ਕਰਦੇ ਹੋਏ ਉਨ੍ਹਾਂ ਨੂੰ ਪਰਤਖ ਹਰਿ ਸਵੀਕਾਰਦੇ ਹਨ:

*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ॥*
*(ਪੰਨਾ ੧੪੦੯)*

ਭੱਟ ਕੱਲ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਨੇਕਾਂ ਗੁਣਾਂ ਨਾਲ ਸੰਪੰਨ ਬਿਆਨ ਕਰਦੇ ਹੋਏ ਉਨ੍ਹਾਂ ਨੂੰ ਨਿਰਮਲ ਬੁੱਧ, ਸਬਰ, ਸੰਤੋਖ ਦੇ ਮਾਲਕ, ਬੇਦਾਗ਼ ਸ਼ਖ਼ਸੀਅਤ ਵਾਲੇ ਦੈਵੀ ਅਨੁਭਵ ਪ੍ਰਾਪਤ, ਦੂਰ ਦ੍ਰਿਸ਼ਟਾ, ਉਦਾਰ, ਦਾਨੀ ਆਦਿ ਗੁਣਾਂ ਦੇ ਮਾਲਕ ਪ੍ਰਵਾਨ ਕਰਦੇ ਹਨ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਤੁਲਨਾ ਭਵ ਸਾਗਰ ਤੋਂ ਪਾਰ ਲੰਘਾਉਣ ਵਾਲੇ ਜਹਾਜ਼ ਨਾਲ ਕਰਦੇ ਹਨ:

*ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ॥* *(ਪੰਨਾ ੧੪੦੮)*

ਉਹ ਇਹ ਬਿਆਨ ਕਰਦੇ ਹਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਜਗਤ ਦੇ ਉਧਾਰ ਹਿੱਤ ਪ੍ਰਦਾਨ ਕੀਤੀ:

*ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥*
*(ਪੰਨਾ ੧੪੦੯)*

ਭੱਟ ਹਰਬੰਸ ਜੀ ਦੇ ਵਿਚਾਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਵਿਸ਼ਵਵਿਆਪੀ ਹੈ:

*ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥* *(ਪੰਨਾ ੧੪੦੯)*

ਭੱਟ ਮਥੁਰਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਸ਼ਰਧਾ ਰੱਖਣ ਵਾਲੇ ਨੂੰ ਆਵਾਗਉਣ ਦੇ ਚੱਕਰ ਵਿੱਚੋਂ ਮੁਕਤ ਹੋਣ ਵਾਲਾ ਬਿਆਨ ਕਰਦੇ ਹੋਏ ਕਹਿੰਦੇ ਹਨ:

*ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥*
*(ਪੰਨਾ ੧੪੦੯)*

ਭੱਟ ਮਥੁਰਾ ਜੀ ਬਿਆਨ ਕਰਦੇ ਹਨ ਕਿ ਦੈਵੀ ਜੋਤ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਸੀ ਉਹ ਹੀ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਵਿਚ ਬਿਰਾਜਮਾਨ ਸੀ ਅਤੇ ਉਹੀ ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਵਿਦਮਾਨ ਹੈ:

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥*
*ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥*
*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥*
*ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥*

*(ਪੰਨਾ ੧੪੦੮)*

ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਪ੍ਰਭੂ ਦੇ ਬਿਰਾਜਮਾਨ ਹੋਣ ਦਾ ਬਿਆਨ ਕਰਦੇ ਹੋਏ ਕਹਿੰਦੇ ਹਨ:

*ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥*

*(ਪੰਨਾ ੧੪੦੯)*

ਭੱਟ ਕਲ੍ਯ ਜੀ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੱਸ ਸਾਰੇ ਸੰਸਾਰ ਵਿਚ ਫੈਲ ਚੁੱਕਿਆ ਹੈ:

*ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ॥*

*(ਪੰਨਾ ੧੪੦੭)*

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜੋ ਸਿਫ਼ਤਿ-ਸਲਾਹ ਭੱਟ ਬਾਣੀਕਾਰਾਂ ਨੇ ਕੀਤੀ ਹੈ ਉਸ ਵਿਚ ਸ੍ਰੀ ਗੁਰੂ ਸਾਹਿਬਾਨ ਵਿਚ ਦੈਵੀ ਤੱਤ ਨੂੰ ਸਵੀਕਾਰ ਕੀਤਾ ਹੈ। ਸਾਰੇ ਗੁਰੂ ਸਾਹਿਬਾਨ ਵਿਚ ਇਕ ਜੋਤਿ ਦੇ ਸਿਧਾਂਤ ਨੂੰ ਦ੍ਰਿੜ੍ਹ ਕੀਤਾ ਹੈ। ਭੱਟ ਬਾਣੀਕਾਰਾਂ ਨੇ ਪੌਰਾਣਿਕ ਹਵਾਲਿਆਂ ਰਾਹੀਂ ਆਪਣੇ ਵਿਚਾਰਾਂ ਨੂੰ ਹੋਰ ਸਪੱਸ਼ਟ ਕਰਨ ਦਾ ਯਤਨ ਵੀ ਕੀਤਾ ਹੈ। ਉਨ੍ਹਾਂ ਨੂੰ ਰਾਜ ਵਿਚ ਜੋਗ ਕਮਾਉਂਦੇ ਦੇਖ ਭੱਟ ਬਾਣੀਕਾਰ ਉਨ੍ਹਾਂ ਲਈ 'ਜਨਕ' ਸ਼ਬਦ ਦੀ ਵਰਤੋਂ ਵੀ ਕਰਦੇ ਹਨ। ਸੰਸਾਰੀ ਹੋ ਕੇ ਨਾਮ ਵਿਚ ਰੱਤੇ ਰਹਿਣਾ ਹੀ ਰਾਜ ਜੋਗ ਹੈ, ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਬੀਨ ਸਨ। ਅਜਿਹੀ ਜੀਵਨ-ਜੁਗਤਿ ਅਪਣਾਉਣ ਕਾਰਨ ਉਹ ਆਦਰਸ਼ ਹਨ। ਅਡੋਲਤਾ ਉਨ੍ਹਾਂ ਦੀ ਸ਼ਖ਼ਸੀਅਤ ਦਾ ਅਹਿਮ ਗੁਣ ਸੀ, ਜਿਸ ਲਈ ਭੱਟ ਬਾਣੀਕਾਰਾਂ ਨੇ 'ਸਹਿਜ ਚੰਦੋਆ ਤਾਣਿਆ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਦੀ ਨਿਰਮਲ ਬੁਧਿ ਦੀ ਉਸਤਤਿ ਕਰਦੇ ਹੋਏ ਭੱਟ ਬਾਣੀਕਾਰ 'ਬਿਮਲ ਬੁਧਿ ਸਤਿਗੁਰ ਸਮਾਣਉ, ਬਾਸਨਾ ਤੇ ਬਾਹਰਿ' ਆਦਿ ਸ਼ਬਦਾਂ ਦੀ ਵਰਤੋਂ ਕਰਦੇ ਹਨ। ਗਿਆਨ ਨਾਲ ਉਨ੍ਹਾਂ ਦਾ ਜੀਵਨ ਪ੍ਰਕਾਸ਼ਿਤ ਹੋ ਰਿਹਾ ਹੈ (ਜਨਕਹ ਕਲਸੁ ਦੀਪਾਇਅਉ) ਅਤੇ ਆਪਣੇ ਬਚਨਾਂ ਨਾਲ ਉਹ ਅੰਮ੍ਰਿਤ ਦੀ ਵਰਖਾ ਕਰ ਰਹੇ ਹਨ (ਅਮਿਉ ਰਸਨਾ ਬਦਨਿ ਬਰ ਦਾਤਿ)। ਇਸ ਅੰਧਕਾਰਮਈ ਜਗਤ ਵਿਚ ਉਹ ਪ੍ਰਕਾਸ਼ ਦੇ ਸ੍ਰੋਤ ਹਨ:

*ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ॥*
*(ਪੰਨਾ ੧੪੦੯)*

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣਾਂ ਦਾ ਵਿਖਿਆਨ ਕਰਦੇ ਹੋਏ ਭੱਟ ਕਲ੍ਹ ਉਨ੍ਹਾਂ ਦੀ ਤੁਲਨਾ ਕਰਦੇ ਹਨ, ਜਿਨ੍ਹਾਂ ਦੇ ਸੰਪਰਕ ਵਿਚ ਘਟੀਆ ਧਾਤ (ਭਾਵ ਮਨਮੁਖ) ਵੀ ਸੋਨਾ (ਗੁਰਮੁਖ) ਬਣ ਜਾਂਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਇਹ ਸਪੁੱਤਰ ਸਭ ਦੀਆਂ ਆਸਾਂ ਪੂਰੀਆਂ ਕਰਨ ਵਾਲੇ ਹਨ (ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ॥ ਸਗਲ ਮਨੋਰਥ ਪੂਰੀ ਆਸਾ॥)। ਪਰਮਾਤਮਾ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਗਤ ਵਿੱਚੋਂ ਅੰਧਕਾਰ ਦੂਰ ਕਰ ਕੇ ਪ੍ਰਕਾਸ਼ਮਾਨ ਕਰਨ ਲਈ ਇਥੇ ਭੇਜਿਆ ਹੈ ਅਤੇ ਉਨ੍ਹਾਂ ਵਿਚ ਆਪਣੇ ਵਰਗੇ ਗੁਣਾਂ ਦੀ ਸਥਾਪਨਾ ਕੀਤੀ ਹੈ। ਇਸੇ ਲਈ ਭੱਟ ਉਨ੍ਹਾਂ ਨੂੰ 'ਪਰਤੱਖ ਹਰੀ' ਵਜੋਂ ਬਿਆਨਦੇ ਹਨ। ਭੱਟ ਮਥੁਰਾ ਜੀ ਕਹਿੰਦੇ ਹਨ ਕਿ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿਮਰਦਾ ਹੈ, ਉਸ ਦੇ ਸਾਰੇ ਸੰਕਟ ਦੂਰ ਹੋ ਜਾਂਦੇ ਹਨ। ਪਰ ਚੰਗੇ ਭਾਗਾਂ ਵਾਲੇ ਹੀ ਇਸ ਰਾਹ 'ਤੇ ਪਹੁੰਚ ਪਾਉਂਦੇ ਹਨ।

ਭੱਟ ਹਰਿਬੰਸ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਅਟਲ ਗੰਗਾ' ਕਹਿੰਦੇ ਹੋਏ ਬਿਆਨ ਕਰਦੇ ਹਨ ਕਿ ਸਮੂਹ ਸਿੱਖ ਸੰਗਤ ਇਸ ਗੰਗਾ ਦੇ ਸੰਪਰਕ ਵਿਚ ਆ ਕੇ ਪਵਿੱਤਰ ਹੁੰਦੀ ਹੈ। ਉਨ੍ਹਾਂ ਦੇ ਸਿਰ ਉੱਪਰ ਆਪ ਪ੍ਰਭੂ ਨੇ ਛਤਰ ਧਰਿਆ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਭੱਟ ਸਾਹਿਬਾਨ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਿੱਥੇ ਪੂਰਵਵਰਤੀ ਗੁਰੂ ਸਾਹਿਬਾਨ ਦੀ ਜੋਤ ਸਵੀਕਾਰਿਆ ਹੈ, ਉਥੇ ਉਨ੍ਹਾਂ ਵਿਚ ਅਜਿਹੇ ਅਦੁੱਤੀ ਗੁਣਾਂ ਨੂੰ ਸਮਾਇਆ ਹੋਇਆ ਵੀ ਮੰਨਿਆ ਹੈ, ਜੋ ਉਨ੍ਹਾਂ ਨੂੰ ਪਰਮਾਤਮਾ ਸਰੂਪ ਬਿਆਨਦੇ ਹਨ। ਉਨ੍ਹਾਂ ਦੇ ਆਦਰਸ਼ ਗੁਣਾਂ ਸਦਕਾ ਹੀ ਉਹ ਗੁਰਗੱਦੀ ਦੇ ਉਤਰਾਧਿਕਾਰੀ ਸਿੱਧ ਹੋਏ ਅਤੇ ਸਿੱਖ-ਪੰਥ ਨੂੰ ਉੱਨਤੀ ਦੇ ਮਾਰਗ 'ਤੇ ਤੋਰਦੇ ਹੋਏ ਇਕ ਪ੍ਰਤਿਭਾਸ਼ਾਲੀ ਸੰਗਠਨਾਤਮਕ ਰੂਪ ਪ੍ਰਦਾਨ ਕਰਨ ਵਿਚ ਸਫ਼ਲਤਾ ਪ੍ਰਾਪਤ ਕਰ ਸਕੇ।

ਭੱਟ ਬਾਣੀਕਾਰਾਂ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਭੇਟ ਕੀਤੇ ਸ਼ਰਧਾ ਸੁਮਨ ਮਿਸ਼੍ਰਿਤ ਭਾਸ਼ਾ ਵਿਚ ਹਨ, ਸੰਸਕ੍ਰਿਤ ਦਾ ਪ੍ਰਯੋਗ ਵੀ ਉਨ੍ਹਾਂ ਵਿਚ ਹੈ, ਪਰ ਫਿਰ ਵੀ ਉਨ੍ਹਾਂ ਦੀ ਸਰਲਤਾ ਹਿਰਦੇ 'ਤੇ ਅਜਿਹਾ ਪ੍ਰਭਾਵ ਛੱਡ ਜਾਂਦੀ ਹੈ ਕਿ ਅਸੀਂ ਭੱਟ ਸਾਹਿਬਾਨ ਦੀ ਪ੍ਰਤਿਭਾ ਦੇ ਕਾਇਲ ਹੋਏ ਬਿਨਾਂ ਨਹੀਂ ਰਹਿ ਸਕਦੇ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਅਕਤਿਤਵ ਦੇ ਮੁੱਖ ਪਹਿਲੂਆਂ ਨੂੰ ਪ੍ਰਸਤੁਤ ਕਰਦੇ ਹੋਏ ਜਿੱਥੇ ਆਪ ਉਨ੍ਹਾਂ ਦੇ ਸਤਿਕਾਰ ਵਿਚ ਨਤ-ਮਸਤਕ ਹੁੰਦੇ ਹਨ, ਉਥੇ ਪਾਠਕਾਂ ਦੇ ਹਿਰਦੇ ਵਿਚ ਵੀ ਸ਼ਰਧਾ-ਭਾਵ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਉਨ੍ਹਾਂ ਦੇ ਇਸ ਲਾਸਾਨੀ ਯੋਗਦਾਨ ਦੀ ਜਿਤਨੀ ਉਸਤਤਿ ਕੀਤੀ ਜਾਵੇ, ਘੱਟ ਹੈ।

■

# ਭੱਟ ਮਥਰਾ ਜੀ ਦੁਆਰਾ ਅੱਖੀਂ ਡਿੱਠੇ ਸ੍ਰੀ ਗੁਰੂ ਅਰਜਨ ਦੇਵ ਜੀ

*-ਡਾ. ਹਰਨਾਮ ਸਿੰਘ ਸ਼ਾਨ**

ਭੱਟ ਮਥਰਾ ਜੀ ਉਨ੍ਹਾਂ ਵਿਰਲਿਆਂ ਮੁਬਾਰਕ ਵਿਅਕਤੀਆਂ ਵਿੱਚੋਂ ਹਨ ਜਿਨ੍ਹਾਂ ਨੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ, ਨੂੰ ਨਾ ਕੇਵਲ ਅੱਖੀਂ ਵੇਖਣ ਤੇ ਉਨ੍ਹਾਂ ਦੀਆਂ ਮਿਹਰਾਂ ਮਾਨਣ ਦਾ ਹੀ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ, ਸਗੋਂ ਉਨ੍ਹਾਂ ਦੀ ਅਜ਼ਮਤ ਤੇ ਬਖ਼ਸ਼ਿਸ਼ ਨੂੰ ਜਾਣਨ-ਪਛਾਣਨ ਤੇ ਬਿਆਨਣ ਦਾ ਸ਼ਰਫ਼ ਵੀ ਹਾਸਲ ਹੁੰਦਾ ਰਿਹਾ ਹੈ। ਇਸ ਤੋਂ ਵੀ ਵੱਧ ਤੇ ਵਿਸ਼ੇਸ਼ ਗੱਲ ਇਹ ਹੈ ਕਿ ਉਨ੍ਹਾਂ ਦੇ ਉਸ ਅੱਖੀਂ-ਡਿੱਠੇ ਬਿਆਨ ਨੂੰ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਜਾਣ ਦਾ ਸੁਭਾਗ ਵੀ ਪ੍ਰਾਪਤ ਹੋ ਗਿਆ ਸੀ। ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੪੦੮-੦੯ ਵਿਚ 'ਸਵਈਏ ਮਹਲੇ ਪੰਜਵੇਂ ਕੇ' ਵਾਲੇ ਪ੍ਰਕਰਣ ਵਿਚ ਅੰਕਿਤ ਹੈ ਅਤੇ ਕੇਵਲ ਸੱਤ ਕਲਾ-ਪੂਰਤ ਸਵੱਈਆਂ ਰਾਹੀਂ ਇਉਂ ਕਾਨੀਬੰਦ ਹੈ।

**੧. ਗੁਰੂਦੇਵ ਦੀ ਬੰਸਾਵਲੀ** : ਪਹਿਲੇ ਸਵੱਈਏ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਧਿਆਤਮਕ ਬੰਸਾਵਲੀ ਦਾ ਜ਼ਿਕਰ ਹੈ ਜੋ ਬੜੇ ਸੰਖੇਪ ਪਰ ਸੁਝਾਊ ਸ਼ਬਦਾਂ ਵਿਚ ਇਉਂ ਵਰਣਿਤ ਹੈ:

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥*
*ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥*
*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥*
*ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥* *(ਪੰਨਾ ੧੪੦੮)*

ਅਰਥਾਤ, ਪ੍ਰਕਾਸ਼ ਦੇ ਸਾਕਾਰ ਸਰੂਪ ਪਰਮਾਤਮਾ ਨੇ ਆਪਣੇ ਆਪ ਨੂੰ ਗੁਰੂ ਨਾਨਕ ਅਖਵਾਇਆ। ਉਨ੍ਹਾਂ ਤੋਂ ਭਾਈ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਬਣੇ ਜਿਨ੍ਹਾਂ ਦੀ ਆਤਮਾ ਨੂੰ ਉਨ੍ਹਾਂ ਨੇ ਜੋਤਿ-ਸਰੂਪ ਪਰਮਾਤਮਾ ਨਾਲ ਜੋੜ ਦਿੱਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੱਦੀ ਬਖ਼ਸ਼ ਕੇ, ਸਤਿਗੁਰੂ ਥਾਪ ਦਿੱਤਾ। ਉਪਰੰਤ ਗੁਰੂ ਅਮਰਦਾਸ ਜੀ ਨੇ ਗੁਰਿਆਈ ਦਾ ਨਿਹਚਲ ਛਤਰ ਸ੍ਰੀ ਗੁਰੂ ਰਾਮਦਾਸ ਜੀ ਨੂੰ ਬਖਸ਼ ਦਿੱਤਾ। ਗੁਰੂ ਰਾਮਦਾਸ ਜੀ ਦੇ ਦਰਸ਼ਨ ਪਰਸ ਕੇ, ਸ੍ਰੀ ਗੁਰੂ

** # ੬੦੫, ਸੈਕਟਰ ੧੬-ਡੀ, ਚੰਡੀਗੜ੍ਹ, ਫੋਨ: ੦੧੭੨-੨੫੪੭੬੦੫*

ਅਰਜਨ ਦੇਵ ਜੀ ਪੰਜਵੇਂ ਗੁਰੂ ਅਤੇ ਪਰਮਾਣੀਕ ਪੁਰਖ ਵਜੋਂ ਪ੍ਰਗਟ ਹੋਏ, ਜਿਨ੍ਹਾਂ ਦੇ ਪਾਵਨ ਸਰੂਪ ਦੇ ਦਰਸ਼ਨ ਲੋਕੋ! ਖ਼ੁਦ ਆਪਣੀਆਂ ਅੱਖਾਂ ਨਾਲ ਕਰੋ।

**੨. ਗੁਰਦੇਵ ਜੀ ਦੀ ਸ਼ਖ਼ਸੀਅਤ :** ਇਸ ਬਿਆਨ ਦੇ ਦੂਜੇ ਅੰਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਸ਼ਖ਼ਸੀਅਤ, ਉਨ੍ਹਾਂ ਦੇ ਸ਼ੁਭ ਗੁਣਾਂ ਤੇ ਤੇਜ-ਪਰਤਾਪ ਦਾ ਜ਼ਿਕਰ ਕਰਦਿਆਂ ਦੱਸਿਆ ਹੈ:

*ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ॥...*

*ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ॥ (ਪੰਨਾ ੧੪੦੮)*

ਅਰਥਾਤ: ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੱਚ ਦੇ ਸਰੂਪ ਪਰਮਾਤਮਾ ਦਾ ਸੱਚਾ ਨਾਮ, ਸੱਚਾਈ ਤੇ ਸੰਤੁਸ਼ਟਤਾ ਦੇ ਸਦਗੁਣ ਆਪਣੇ ਹਿਰਦੇ ਅੰਦਰ ਵਸਾਏ ਹੋਏ ਹਨ। ਉਨ੍ਹਾਂ ਵਿਚ ਪ੍ਰਭੂ ਦੀ ਪਾਵਨ ਜੋਤਿ ਪ੍ਰਤੱਖ ਤੌਰ 'ਤੇ ਜਗਮਗਾ ਰਹੀ ਹੈ। ਉਹ ਪਾਰਸ ਗੁਰੂ ਨੂੰ ਛੋਹ ਕੇ, ਪਰਸਣਯੋਗ ਗੁਰੂ ਨੂੰ ਮਿਲ ਕੇ, ਗੁਰੂ ਤੋਂ ਗੁਰੂ ਅਖਵਾਏ ਹਨ। ਉਹ ਕਲਿਜੁਗ ਵਿਚ ਮਾਨੋ ਜਹਾਜ਼ ਹਨ ਜਿਸ ਦੁਆਰਾ ਸੰਸਾਰ-ਸਾਗਰ ਤੋਂ ਸਫ਼ਲਤਾ ਸਹਿਤ ਪਾਰ ਹੋ ਜਾਓ।

**੩. ਗੁਰਦੇਵ ਜੀ ਦੀ ਜੀਵਨ-ਜੁਗਤ :** ਇਸ ਬਿਆਨ ਦੇ ਤੀਜੇ ਅੰਗ ਵਿਚ ਗੁਰੂ ਜੀ ਦੀ 'ਗਿਰਹੀ ਮਾਹਿ ਉਦਾਸੁ' ਵਾਲੀ ਅਵਸਥਾ ਅਤੇ ਨਾਮ-ਲੀਨਤਾ ਦਾ ਵਰਣਨ ਕਰਦਿਆਂ ਦੱਸਿਆ ਹੈ:

*ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ॥...*

*ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ॥੩॥*

*(ਪੰਨਾ ੧੪੦੮-੦੯)*

ਅਰਥਾਤ: ਉਹ ਪ੍ਰਭੂ ਰੰਗ ਵਿਚ ਰੰਗੇ ਹੋਏ, ਕੇਵਲ ਉਸੇ ਦੀ ਪ੍ਰੀਤ ਤੇ ਭਗਤੀ ਵਿਚ ਸਰਸ਼ਾਰ ਹਨ। ਭਾਵੇਂ ਵੇਖਣ ਵਿਚ ਉਹ ਇਕ ਗ੍ਰਿਹਸਤੀ ਜਾਪਦੇ ਹਨ, ਪਰ ਉਹ ਸਭ ਜਗਤੀ ਵਾਸ਼ਨਾਵਾਂ ਤੋਂ ਨਿਰਲੇਪ ਹਨ ਅਤੇ ਪ੍ਰਭੂ ਦੇ ਚਰਨਾਂ ਨਾਲ ਜੁੜੇ ਰਹਿੰਦੇ ਹਨ।

**੪. ਗੁਰਦੇਵ ਜੀ ਦਾ ਜੀਵਨ ਤੇ ਅਵਿਤਰਨ ਮਨੋਰਥ :** ਇਸ ਬਿਆਨ ਦੇ ਚੌਥੇ ਅੰਗ ਵਿਚ ਗੁਰੂ ਅਰਜਨ ਦੇਵ ਜੀ ਦੇ ਜੀਵਨ ਤੇ ਗੁਰੂ-ਪਦ ਧਾਰਨ ਦੇ ਮਨੋਰਥ ਉੱਤੇ ਝਾਤ ਪੁਆਉਂਦਿਆਂ ਦਸਿਆ ਹੈ:

*ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ॥ ...*

*ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥(ਪੰਨਾ ੧੪੦੯)*

ਅਰਥਾਤ: ਸ੍ਰੀ ਗੁਰੂ ਅਰਜਨ ਦੇਵ ਜੀ ਦੀਨਾਂ ਉੱਤੇ ਦਇਆ ਕਰਨ ਵਾਲੇ ਸੁਆਮੀ ਹਨ ਅਤੇ ਹਰੀ ਨਾਮ ਦਾ ਉਪਦੇਸ਼ ਦੇ ਕੇ ਸਮੂਹ ਸੰਗਤ ਨੂੰ ਨਿਹਾਲ ਕਰ ਰਹੇ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਜਗਤ ਦੇ ਨਿਸਤਾਰੇ ਲਈ ਹੀ ਆਪਣੀ ਗੁਰੂ ਵਾਲੀ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਸਮੋ ਦਿੱਤੀ ਹੈ।

**੫. ਗੁਰਦੇਵ ਜੀ ਦੀ ਅਵਤਾਰੀ ਹਸਤੀ :** ਇਸ, ਭਾਵ ਪੰਜਵੇਂ ਅੰਗ ਵਿਚ ਗੁਰੂ

ਅਰਜਨ ਦੇਵ ਜੀ ਦੇ ਜਗ ਰੁਸ਼ਨਾਉਣ ਵਾਲੇ ਪਰਮਾਤਮਾ ਦੇ ਅਵਤਾਰੀ ਸਰੂਪ ਦਾ ਜ਼ਿਕਰ ਕਰਦਿਆਂ ਦੱਸਿਆ ਹੈ:

*ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ॥...*
*ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥*

*(ਪੰਨਾ ੧੪੦੯)*

ਅਰਥਾਤ: ਸੰਸਾਰ ਦੇ ਘੁੱਪ ਹਨੇਰੇ ਵਿਚ ਚਾਨਣ ਦੇਣ ਵਾਲੀ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸਿਵਾ ਕੋਈ ਹੋਰ ਹਸਤੀ ਮੌਜੂਦ ਨਹੀਂ ਸੀ। ਇਸ ਲਈ ਪਰਮਾਤਮਾ ਨੇ ਉਨ੍ਹਾਂ ਨੂੰ ਆਪਣੇ ਅਵਤਾਰ ਦੇ ਤੌਰ 'ਤੇ ਉਜਾਗਰ ਕੀਤਾ ਹੋਇਆ ਹੈ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦਾ ਬਖਸ਼ਿਆ ਹੋਇਆ ਨਾਮ-ਰੂਪ ਅੰਮ੍ਰਿਤ ਛਕਿਆ ਹੈ, ਉਨ੍ਹਾਂ ਦੇ ਬੇਸ਼ੁਮਾਰ ਦੁੱਖ ਦੂਰ ਹੋ ਗਏ ਹਨ। ਵਾਹਿਗੁਰੂ ਨੇ ਉਨ੍ਹਾਂ ਦੇ ਹਿਰਦੇ ਵਿਚ ਪ੍ਰਤੱਖ ਤੌਰ 'ਤੇ ਨਿਵਾਸ ਕੀਤਾ ਹੋਇਆ ਹੈ, ਇਸ ਲਈ ਉਨ੍ਹਾਂ (ਵਾਹਿਗੁਰੂ) ਤੇ ਇਨ੍ਹਾਂ (ਸਤਿਗੁਰੂ) ਵਿਚਾਲੇ ਕੋਈ ਭਿੰਨ-ਭੇਦ ਨਹੀਂ।

**੬. ਆਵਾਗਵਨ ਨਿਵਾਰੂ ਹਸਤੀ :** ਭੱਟ ਮਥਰਾ ਜੀ ਦੇ ਅੱਖੀਂ ਡਿੱਠੇ ਬਿਆਨ ਦੇ ਇਸ ਅੰਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਖਸ਼ਿਸ਼ ਦੇ ਕਲਿਆਣਕਾਰੀ ਪੱਖ ਵੱਲ ਧਿਆਨ ਦੁਆਉਂਦਿਆਂ ਫ਼ਰਮਾਇਆ ਹੈ:

*ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥ ...*
*ਜਪੵਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥*

*(ਪੰਨਾ ੧੪੦੯)*

ਅਰਥਾਤ : ਇਹ ਇਕ ਅਸਲੀਅਤ ਹੈ ਕਿ ਪਰਮਾਤਮਾ ਨੇ ਜਗਤ ਦੇ ਨਿਸਤਾਰੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਰੂਪ ਵਿਚ ਆਪੇ ਅਵਤਾਰ ਧਾਰਿਆ ਹੈ। ਜਿਨ੍ਹਾਂ ਬੰਦਿਆਂ ਨੇ ਉਨ੍ਹਾਂ ਦਾ ਸਿਮਰਨ ਕੀਤਾ ਹੈ, ਉਹ ਜਨਮ-ਮਰਨ ਦੇ ਗੇੜ ਤੇ ਦੁੱਖ-ਕਲੇਸ਼ ਤੋਂ ਬਰੀ ਹੋ ਗਏ ਹਨ।

**੭. ਗੁਰਦੇਵ ਜੀ ਦੀ ਪ੍ਰਭੂ-ਅਭੇਦਤਾ :** ਭੱਟ ਮਥਰਾ ਜੀ ਨੇ ਇਸ ਬਿਆਨ ਦੇ ਆਖ਼ਰੀ ਅੰਗ ਵਿਚ ਵਾਹਿਗੁਰੂ ਤੇ ਸਤਿਗੁਰੂ ਦੀ ਪਰਸਪਰ ਅਭੇਦਤਾ ਦ੍ਰਿੜ੍ਹ ਕਰਾਉਂਦਿਆਂ, ਅਗਾਧ ਨਿਸਚੇ ਤੇ ਵਿਸ਼ਵਾਸ ਨਾਲ ਆਖਿਆ ਹੈ:

*ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ॥...*
*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ॥* *(ਪੰਨਾ ੧੪੦੯)*

ਅਰਥਾਤ : ਗੁਰੂ ਅਰਜਨ ਦੇਵ ਜੀ ਮਨੁੱਖ ਜਾਤੀ ਨੂੰ ਕਲਿਜੁਗ ਦੇ ਸਾਗਰ ਤੋਂ ਤਾਰਨ ਤੇ ਪਾਰ ਉਤਾਰਨ ਲਈ ਪਰਮਾਤਮਾ ਦਾ ਨਾਮ-ਰੂਪ ਧਾਰ ਕੇ ਪ੍ਰਗਟ ਹੋਏ ਹਨ। ਉਹ ਪ੍ਰਭੂ ਦੀ ਜੋਤ ਰੂਪ ਹੋ ਕੇ ਵਰਤ ਰਹੇ ਹਨ। ਇਸ ਲਈ ਪ੍ਰਭੂ ਤੇ ਇਨ੍ਹਾਂ ਵਿਚਾਲੇ ਕੋਈ ਭਿੰਨ-ਭੇਦ ਨਹੀਂ। ਇਹ ਤਾਂ, ਭਾਵ ਗੁਰੂ ਅਰਜਨ ਦੇਵ, ਪ੍ਰਗਟ ਤੌਰ 'ਤੇ ਖ਼ੁਦ ਪਰਮਾਤਮਾ ਹੀ ਹਨ। ■

# ਭੱਟ ਕੀਰਤ ਜੀ

*-ਪ੍ਰੋ. ਬਲਵਿੰਦਰ ਸਿੰਘ ਜੌੜਾ ਸਿੰਘਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿਚ ਗੁਰੂ ਸਾਹਿਬਾਨਾਂ, ਭਗਤ ਸਾਹਿਬਾਨਾਂ, ਪ੍ਰਮੁੱਖ ਗੁਰਸਿੱਖਾਂ ਦੇ ਨਾਲ ਭੱਟ ਬਾਣੀਕਾਰਾਂ ਦੀ ਬਾਣੀ ਵੀ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ- ਬਾਣੀਕਾਰਾਂ ਦੀ ਗਿਣਤੀ ਗਿਆਰਾਂ ਹੈ। ਸਿੱਖ ਸਾਹਿਤ ਵਿਚ ਪਹਿਲੀ ਵਾਰ ਭਾਈ ਗੁਰਦਾਸ ਜੀ ਨੇ ੧੧ਵੀਂ ਵਾਰ ਵਿਚ ਭੱਟ ਭਿਖਾ ਜੀ ਅਤੇ ਭੱਟ ਟੋਡਾ ਜੀ ਦਾ ਨਾਮ ਸੁਲਤਾਨਪੁਰੀਏ ਸਿੱਖਾਂ ਦੀ ਸੂਚੀ ਵਿਚ ਦਿੱਤਾ ਹੈ:

*ਭਿਖਾ ਟੋਡਾ ਭਟ ਦੁਇ--------।* *(ਪਉੜੀ ੨੧)*

ਇਹ ਦੋਵੇਂ ਭਗੀਰਥ ਭੱਟ ਦੀ ਵੰਸ਼ ਵਿੱਚੋਂ ਸਨ ਅਤੇ ਰਈਆ, ਦੇ ਪੁੱਤਰ ਸਨ।[੧] ਭੱਟ ਰਈਏ ਦੇ-ਭਿਖਾ, ਮੋਖਾ, ਤੋਖਾ, ਗੋਖਾ, ਚੋਖਾ ਅਤੇ ਟੋਡਾ ਛੇ ਪੁੱਤਰ ਸਨ।[੨]

ਭੱਟ ਸਾਹਿਬਾਨ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇਨ੍ਹਾਂ ਹੀ ਛੇ ਭੱਟ ਸਾਹਿਬਾਨ ਦੇ ਅੱਗੋਂ ਪੁੱਤਰ/ਭਤੀਜੇ ਸਨ। ਭੱਟ ਭਿਖਾ ਜੀ ਸਭ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਦੇ ਦਰਬਾਰ ਵਿਚ ਗੋਇੰਦਵਾਲ ਆਏ ਸਨ:

*ਭੀਖਾ ਭੱਟ ਸੁਲਤਾਨਪੁਰ ਬਾਸੀ। ਉਪਜੀ ਭਗਤ ਫਿਰੈ ਜਗਿਆਸੀ।*
*ਜਹਾ ਜਹਾ ਸੰਤ ਮੁਨ ਪਾਵੈ। ਜਾਇ ਤਹਾ ਤਿਨ ਸੇਵ ਕਰਾਵੈ॥੬੮॥*[੩]

ਭੱਟ ਕੀਰਤ ਜੀ ਭੱਟ ਭਿਖਾ ਜੀ ਦੇ ਪੁੱਤਰ ਸਨ। ਇਨ੍ਹਾਂ ਦੇ ਦੋ ਹੋਰ ਭਰਾ ਭੱਟ ਮਥੁਰਾ ਅਤੇ ਭੱਟ ਜਾਲਪ ਜੀ ਸਨ, ਜਿਨ੍ਹਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਭੱਟ ਕੀਰਤ ਜੀ ਦੇ ੮ ਸਵੱਯੇ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹਨ। ਇਨ੍ਹਾਂ ਵਿਚ ਚਾਰ ਸਵੱਯੇ ਸ੍ਰੀ ਗੁਰੂ ਅਮਰਦਾਸ ਜੀ ਬਾਰੇ ਅਤੇ ਚਾਰ ਸਵੱਯੀਏ ਸ੍ਰੀ ਗੁਰੂ ਰਾਮਦਾਸ ਜੀ ਸੰਬੰਧੀ ਹਨ।

**ਭੱਟ ਕੀਰਤ ਜੀ ਦੇ ਸਵੱਈਆਂ ਦਾ ਮੂਲ ਪਾਠ :**

*ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ॥*
*ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ॥*
*ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ॥*
*ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ॥*
*ਬੋਹਿਥਉ ਬਿਧਾਤੈ ਨਿਰਮਯੌ ਸਭ ਸੰਗਤਿ ਕੁਲ ਉਧਰਣ॥*

* ਮੀਤ ਸਕੱਤਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

*ਗੁਰ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ॥੧॥੧੫॥*
*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥*
*ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥*
*ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥*
*ਨਾਨਕ ਕੁਲਿ ਨਿੰਮਲੁ ਅਵਤਰ੍ਯ੍ਯਿਉ ਅੰਗਦ ਲਹਣੇ ਸੰਗਿ ਹੁਅ॥*
*ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ॥੨॥੧੬॥*
*ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰਸਿਖਹ॥*
*ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ॥*
*ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ॥*
*ਗੁਰੁ ਗਉਹਰੁ ਦਰੀਆਉ ਪਲਕ ਡੁਬੰਤ੍ਹ ਤਾਰੈ॥*
*ਨਾਨਕ ਕੁਲਿ ਨਿੰਮਲੁ ਅਵਤਰ੍ਯ੍ਯਿਉ ਗੁਣ ਕਰਤਾਰੈ ਉਚਰੈ॥*
*ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ॥੩॥੧੭॥*
*ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ॥*
*ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ॥*
*ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ॥*
*ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ॥*
*ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ॥*
*ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ॥੪॥੧੮॥*

*(ਪੰਨਾ ੧੩੯੫)*

*ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ॥*
*ਤਾ ਤੇ ਗਉਹਰੁ ਗ੍ਯ੍ਯਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧ੍ਯ੍ਯਾਰ ਕੋ ਨਾਸੁ॥*
*ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ॥*
*ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ॥੧॥*
*ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ ਨਿਸਿ ਬਾਸੁਰ ਹਰਿ ਚਰਨ ਨਿਵਾਸੁ॥*
*ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ ਸੁਬਾਸੁ॥*
*ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੵੋ ਜੁ ਪ੍ਰਗਾਸੁ॥*
*ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ॥੨॥*
*ਨਾਨਕਿ ਨਾਮੁ ਨਿਰੰਜਨ ਜਾਨ੍ਯ੍ਯਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥*
*ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥*
*ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥*

*ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥੩॥*
*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥*
*(ਪੰਨਾ ੧੪੦੬)*

ਭੱਟ ਕੀਰਤ ਜੀ ਵੱਲੋਂ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਸੰਬੰਧੀ ਉਚਾਰਣ ਕੀਤੇ ਸਵੱਈਆਂ ਵਿਚ ਹੇਠ ਲਿਖੇ ਪੱਖ ਉਭਰਦੇ ਹਨ:

ਪਹਿਲਾ ਹੈ-ਅਕਾਲ ਪੁਰਖ ਸਭ ਦਾ ਕਰਤਾ ਹੈ ਅਤੇ ਉਸਦੀ ਹੋਂਦ ਤੇ ਨਾਮ ਸਦੀਵੀ ਹੈ:

*ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ॥ (ਪੰਨਾ ੧੩੯੫)*

ਦੂਜਾ-ਅਕਾਲ ਪੁਰਖ ਤੇ ਗੁਰੂ-ਜੋਤ ਇਕ ਹੈ। ਅਕਾਲ ਪੁਰਖ ਆਪਣੀ ਗੁਹਜ-ਕਲਾ ਵਰਤਾ ਕੇ ਸੰਸਾਰ ਵਿਚ ਪਰਵਿਰਤ ਹੋਇਆ ਭਾਵ ਵਾਹਿਗੁਰੂ ਨੇ ਸਰਗੁਣ ਸਰੂਪ ਧਾਰਨ ਕਰਕੇ ਸੰਸਾਰ ਮੰਡਲ ਵਿਚ ਆਪਣੀ ਜੋਤ ਦਾ ਪ੍ਰਕਾਸ਼ ਕੀਤਾ:

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ (ਪੰਨਾ ੧੩੯੫)*

ਤੀਜਾ-ਨਿਰੰਕਾਰ ਭੱਟ ਕੀਰਤ ਜੀ ਅਨੁਸਾਰ ਨਿਰੰਕਾਰ ਦੀ ਜੋਤ ਗੁਰੂ ਅੱਗੋਂ ਗੁਰੂ ਅੰਗਦ ਸਾਹਿਬ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਆਦਿ ਵਿਚ ਪ੍ਰਜ੍ਵਲਤ ਹੁੰਦੀ ਗਈ ਹੈ। ਇਸ ਲਈ ਸਭ ਗੁਰੂ ਇਕ-ਜੋਤ ਹਨ:

*ਨਾਨਕਿ ਨਾਮੁ ਨਿਰੰਜਨ ਜਾਨ੍ਯਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥*
*ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥*
*ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥*
*ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥੩॥*
*(ਪੰਨਾ ੧੪੦੬)*

ਚੌਥਾ- ਭੱਟ ਕੀਰਤ ਜੀ ਦੀ ਬਾਣੀ ਵਿਚ ਸਤਿਗੁਰਾਂ ਦੀ ਮਹਿਮਾ ਦਾ ਵਰਣਨ ਵੀ ਹੋਇਆ ਹੈ। ਗੁਰੂ ਅਮਰਦਾਸ ਜੀ ਬਾਰੇ ਗੁਣ ਗਾਇਨ ਕਰਦਿਆਂ ਭੱਟ ਕੀਰਤ ਜੀ ਫੁਰਮਾਉਂਦੇ ਹਨ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਕੁਲ ਵਿਚ ਪੈਦਾ ਹੋਏ ਗੁਰੂ ਅਮਰਦਾਸ ਜੀ ਦੇ ਕਿਹੜੇ ਕਿਹੜੇ ਗੁਣ ਦਾ ਵਰਣਨ ਕੀਤਾ ਜਾਵੇ। ਮਨੁੱਖ ਦੀ ਸੂਝ-ਸਮਝ ਤੋਂ ਪਰੇ ਨਿਰੰਕਾਰ ਦੇ ਸਭ ਗੁਣ ਸ੍ਰੀ ਗੁਰੂ ਅਮਰਦਾਸ ਜੀ ਵਿਚ ਹਨ ਜੋ ਮੈਂ ਜਾਣ ਨਹੀਂ ਸਕਦਾ:

*ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ॥*

*ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ॥* *(ਪੰਨਾ ੧੩੯੫)*

ਨਿਰੰਕਾਰ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੰਸਾਰ ਦੇ ਕਲਿਆਣ ਲਈ ਇਕ ਜਹਾਜ ਦੀ ਤਰ੍ਹਾਂ ਬਣਾਇਆ ਹੈ। ਇਸ ਲਈ ਭੱਟ ਕੀਰਤ ਜੀ ਸਤਿਗੁਰਾਂ ਅੱਗੇ ਕੀਰਤ ਕਰਦੇ ਹੋਏ ਬੇਨਤੀ ਕਰਦੇ ਹਨ ਕਿ, ਹੇ ਸਤਿਗੁਰੂ! ਮੈ ਆਪ ਦੀ ਸ਼ਰਨ ਆਇਆ ਹਾਂ, ਮੇਰੀ ਰੱਖਿਆ ਕਰੋ ਜੀ:

*ਬੋਹਿਥਉ ਬਿਧਾਤੈ ਨਿਰਮਯੌ ਸਭ ਸੰਗਤਿ ਕੁਲ ਉਧਰਣ॥*
*ਗੁਰ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ॥੧॥੧੫॥*
*(ਪੰਨਾ ੧੩੯੫)*

ਭੱਟ ਕੀਰਤ ਜੀ ਅੱਗੇ ਹੋਰ ਦੱਸਦੇ ਹਨ ਕਿ ਗੁਰੂ ਅਮਰਦਾਸ ਪ੍ਰੇਮਾ-ਭਗਤੀ ਨਾਲ ਭਰਪੂਰ ਹਨ। ਉਨ੍ਹਾਂ ਦੇ ਹਿਰਦੇ ਵਿਚ ਕਰਤਾਰ ਦਾ ਨਾਮ ਉਚਾਰਣ ਹੁੰਦਾ ਰਹਿੰਦਾ ਹੈ। ਸੰਸਾਰ ਅਥਾਹ ਸਾਗਰ ਹੈ ਅਤੇ ਸਤਿਗੁਰ ਇਸ ਸਾਗਰ ਵਿਚ ਡੁੱਬਦੇ ਜੀਵਾਂ ਨੂੰ ਅੱਖ ਦੇ ਇਕ ਫੋਰ ਵਿਚ ਤਾਰ ਦਿੰਦੇ ਹਨ। ਜਿਨ੍ਹਾਂ ਵੀ ਜੀਵਾਂ ਨੇ ਗੁਰੂ ਅਮਰਦਾਸ ਜੀ ਨੂੰ ਸੇਵਿਆ ਹੈ। ਉਨ੍ਹਾਂ ਦੇ ਦੁੱਖ ਦਲਿੱਦਰ ਸਭ ਦੂਰ ਹੋ ਜਾਂਦੇ ਹਨ:

*ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ॥*
*ਗੁਰੁ ਗਉਹਰੁ ਦਰੀਆਉ ਪਲਕ ਡੁਬੰਤ੍ਹ ਤਾਰੈ॥*
*ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਗੁਣ ਕਰਤਾਰੈ ਉਚਰੈ॥*
*ਗੁਰੁ ਅਮਰਦਾਸ ਜਿਨ੍ਹ ਸੇਵਿਅਉ*
*ਤਿਨ੍ਹ ਦੁਖੁ ਦਰਿਦ੍ਰੁ ਪਰਹਰਿ ਪਰੈ॥੩॥੧੭॥* *(ਪੰਨਾ ੧੩੯੫)*

ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਗਾਇਨ ਕਰਦਿਆਂ ਭੱਟ ਕੀਰਤ ਜੀ ਵਰਣਨ ਕਰਦੇ ਹਨ ਕਿ ਸਤਿਗੁਰੂ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ ਨਾਮ ਪਦਾਰਥ ਪ੍ਰਾਪਤ ਕਰ ਲਿਆ ਤੇ ਵਾਹਿਗੁਰੂ ਦੇ ਚਰਨਾਂ ਵਿਚ ਵਾਸਾ ਹੋ ਗਿਆ। ਇਸ ਕਰਕੇ ਬੇਸ਼ੁਮਾਰ ਸਤ-ਸੰਗੀ ਸ੍ਰੀ ਗੁਰੂ ਰਾਮਦਾਸ ਜੀ ਦਾ ਅਦਬ ਸਤਿਕਾਰ ਕਰਦੇ ਹਨ ਉਨ੍ਹਾਂ ਦਾ ਭਉ ਮੰਨਦੇ ਹਨ:

*ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ ਨਿਸਿ ਬਾਸੁਰ ਹਰਿ ਚਰਨ ਨਿਵਾਸੁ॥*
*ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ ਸੁਬਾਸੁ॥*
*(ਪੰਨਾ ੧੪੦੬)*

ਭੱਟ ਕੀਰਤ ਜੀ ਅਨੁਸਾਰ ਪਰਮਾਤਮਾ ਦਾ ਨਾਮ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਾਣਿਆ ਅਤੇ ਸੁਰਤਿ ਜੋੜ ਕੇ ਪ੍ਰੇਮਾ- ਭਗਤੀ ਕੀਤੀ। ਇਹੀ ਨਾਮ-ਭਗਤੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਪ੍ਰਾਪਤ ਹੋਈ ਜਿਨ੍ਹਾਂ ਅੱਗੋਂ ਸੰਗਤਾਂ ਲਈ ਨਾਮ ਦੀ ਛਹਿਬਰ ਲਾ ਦਿੱਤੀ ਅੱਗੋਂ ਨਾਮ ਸਿਮਰਨ ਦੀ ਘਾਲਣਾ ਜਿੰਨੀ ਸ੍ਰੀ ਗੁਰੂ ਰਾਮਦਾਸ ਜੀ ਨੇ ਘਾਲੀ ਉਹ ਕਥਨ ਤੋਂ ਬਾਹਰੀ ਹੈ। ਹੁਣ ਨਾਮ ਦੀ ਭਗਤੀ ਰਾਹੀਂ ਸਾਰੀ ਸ੍ਰਿਸ਼ਟੀ ਨੂੰ ਭਵ-

ਸਾਗਰ ਤੋਂ ਤਾਰਨ ਲਈ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਨੂੰ ਵਡਿਆਈ ਮਿਲੀ ਹੈ:

*ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥*
*ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥*
*ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥*
*ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥੩॥*
*(ਪੰਨਾ ੧੪੦੬)*

ਸ੍ਰੀ ਗੁਰੂ ਰਾਮਦਾਸ ਜੀ ਸੰਬੰਧੀ ਉਚਾਰਣ ਕੀਤੇ ਅੰਤਲੇ ਸਵੱਯੀਏ ਵਿਚ ਭੱਟ ਕੀਰਤ ਜੀ ਪਾਤਸ਼ਾਹ ਅੱਗੇ ਅਰਦਾਸ ਕਰਦੇ ਹੋਏ ਬੇਨਤੀ ਕਰਦੇ ਹਨ ਕਿ ਸਾਡੇ ਔਗੁਣਾਂ ਨਾਲ ਭਰਿਆਂ ਹੋਇਆਂ ਵਿਚ ਇਕ ਵੀ ਗੁਣ ਨਹੀਂ ਹੈ। ਅੰਮ੍ਰਿਤ-ਨਾਮ ਨੂੰ ਤਿਆਗ ਕੇ ਜੀਵਨ ਭਰ ਅਸੀਂ ਮਾਇਆ ਰੂਪੀ ਜ਼ਹਿਰ ਹੀ ਜ਼ਹਿਰ ਖਾਧੀ ਹੈ। ਮਨ-ਮੋਹਣੀ ਮਾਇਆ ਦੇ ਭਰਮ ਜਾਲ ਵਿਚ ਫ਼ਸ ਕੇ ਗੁਰਮਤਿ ਤੋਂ ਭੁੱਲੇ ਹੋਏ ਅਤੇ ਨਾਲ ਧੀਆਂ, ਪੁੱਤਰਾਂ, ਪਤਨੀ ਨਾਲ ਮੋਹ ਪਾਇਆ ਹੋਇਆ ਹੈ। ਅਸੀਂ ਸੁਣਿਆ ਹੈ ਕਿ ਗੁਰੂ ਦੀ ਸ਼ਰਨ, ਗੁਰੂ ਦੀ ਸੰਗਤ ਹੀ ਇਕ ਉੱਤਮ ਮਾਰਗ ਹੈ, ਜਿਸ ਨਾਲ ਜਮਾਂ ਦਾ ਡਰ ਮਿਟਾਇਆ ਜਾ ਸਕਦਾ ਹੈ। ਇਸ ਲਈ, ਹੇ ਗੁਰੂ ਰਾਮਦਾਸ ਪਾਤਿਸ਼ਾਹ ਜੀ! ਆਪਣੀ ਚਰਨ-ਸ਼ਰਨ ਵਿਚ ਰੱਖੋ:

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥...*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥*
*(ਪੰਨਾ ੧੪੦੬)*

ਭੱਟ ਕੀਰਤ ਜੀ ਦੇ ਸਵੱਈਆਂ ਵਿਚ ਪੂਰਵ-ਕਾਲੀ ਰਿਸ਼ੀਆਂ, ਮੁਨੀਆਂ ਅਤੇ ਭਗਤਾਂ ਜੋ ਪ੍ਰਵਾਨ ਹਨ ਦਾ ਵਰਣਨ ਹੋਇਆ ਹੈ ਜਿਵੇ:

*ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੵੋ ਜੁ ਪ੍ਰਗਾਸੁ॥ (ਪੰਨਾ ੧੦੪੬)*

ਭੱਟ ਕੀਰਤ ਜੀ ਦੇ ਸਵੱਈਆਂ ਵਿਚ ਨਾਮ-ਸਿਮਰਨ ਅਤੇ ਸਤਿ-ਸੰਗਤ ਦੀ ਮਹਿਮਾ ਦਾ ਵਰਣਨ ਵੀ ਹੋਇਆ ਹੈ। ਨਾਮ ਦਾ ਸ੍ਰੋਤ ਅਕਾਲ ਪੁਰਖ ਹੈ, ਜੋ ਗੁਰੂ ਨਾਨਕ ਸਾਹਿਬ ਜੀ ਨੇ ਦ੍ਰਿੜ੍ਹ ਕੀਤਾ, ਅੱਗੋਂ ਦੂਸਰੇ ਗੁਰੂ ਸਾਹਿਬ ਨੇ ਧਿਆਇਆ:

*ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ॥ (ਪੰਨਾ ੧੩੯੫)*
*ਨਾਨਕਿ ਨਾਮੁ ਨਿਰੰਜਨ ਜਾਨੵਉ...॥ (ਪੰਨਾ ੧੪੦੬)*

ਜੀਵ ਨੂੰ ਇਹ ਨਾਮ ਤਦੋਂ ਮਿਲਦਾ ਹੈ ਜਦੋਂ ਸਤਿਗੁਰ ਦੀ ਰਜ਼ਾ ਵਿਚ ਪ੍ਰਵਾਨਗੀ ਮਿਲ ਜਾਵੇ ਅਤੇ ਨਿਰੰਕਾਰ ਦੀ ਸੇਵਾ ਕੀਤੀ ਜਾਵੇ:

*ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ॥*
*ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ॥ (ਪੰਨਾ ੧੩੯੫)*

ਸਤਿ ਸੰਗਤ ਦੀ ਮਹਿਮਾ ਦਾ ਵਰਣਨ ਭੱਟ ਕੀਰਤ ਜੀ ਨੇ ਕੀਤਾ ਹੈ। ਜਦੋਂ ਜੀਵ ਅਪਣੀਆਂ ਸਭ ਚਿੰਤਾਵਾਂ, ਆਸ਼ਾਵਾਂ, ਫ਼ਿਕਰ ਸਤਿਗੁਰ ਦੇ ਹਵਾਲੇ ਕਰਾ ਦੇਵੇ ਅਤੇ ਕੇਵਲ ਸਤਿ-ਸੰਗਤਿ ਦਾ ਹੀ ਆਸਰਾ ਤੱਕੇ ਤਾਂ ਪ੍ਰਾਪਤੀ ਹੋ ਜਾਂਦੀ ਹੈ:

*- ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ॥ (ਪੰਨਾ ੧੩੯੫)*

ਸਤਿਸੰਗਤਿ ਨੂੰ ਇਕ ਉਤਮ ਪੰਥ, ਰਸਤਾ ਦੱਸਿਆ ਹੈ ਜਿਥੇ ਜਾ ਕੇ ਜਮਾਂ ਦਾ ਡਰ-ਭਉ ਦੂਰ ਹੋ ਜਾਂਦਾ ਹੈ:

*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*(ਪੰਨਾ ੧੪੦੬)*

ਭੱਟ ਕੀਰਤ ਜੀ ਨੇ ਸਵੱਈਆਂ ਵਿਚ ਭਗਤੀ ਅਤੇ ਵਿਸ਼ੇਸ਼ ਕਰਕੇ ਪ੍ਰੇਮਾ-ਭਗਤੀ ਬਾਰੇ ਵਰਣਨ ਕੀਤਾ ਹੈ। ਜਿਵੇਂ:

*- ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ॥ (ਪੰਨਾ ੧੩੯੫)*
*- ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥*
*(ਪੰਨਾ ੧੪੦੬)*

ਸਦਗੁਣ ਜੀਵਨ ਦਾ ਆਧਾਰ ਹਨ। ਸਤ-ਸੰਤੋਖ ਦੀ ਚਰਚਾ ਭੱਟ ਕੀਰਤ ਜੀ ਦੇ ਸਵੱਈਆਂ ਵਿਚ ਹੋਈ ਹੈ ਕਿ ਇਹ ਸਤ, ਸੰਤੋਖ ਆਦਿ ਗੁਣ ਗੁਰਸਿੱਖਾਂ ਨੂੰ ਸਤਿਗੁਰਾਂ ਦੀ ਚਰਨ ਸ਼ਰਨ ਜਾ ਕੇ ਪ੍ਰਾਪਤ ਹੁੰਦੇ ਹਨ:

*ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰਸਿਖਹ॥ (ਪੰਨਾ ੧੩੯੫)*

ਸੇਵਾ ਸਾਧਨ ਹੈ ਪ੍ਰਭੂ ਨਾਲ ਮਿਲਣ ਦਾ। ਨਾਮ ਪਦਾਰਥ ਸੇਵਾ ਨਾਲ ਮਿਲਦਾ ਹੈ। ਸਤਿਗੁਰ ਦੀ ਸੇਵਾ ਦਾ ਵਰਣਨ ਵੀ ਭੱਟ ਕੀਰਤ ਜੀ ਦੇ ਸਵੱਈਆਂ ਵਿਚ ਹੋਇਆ ਹੈ:

*- ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ॥ (ਪੰਨਾ ੧੩੯੫)*
*- ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ॥*
*(ਪੰਨਾ ੧੪੦੫)*

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰ ਮਨੁੱਖ ਨੂੰ ਪ੍ਰਭੂ ਨਾਲ ਮਿਲਣ ਨਹੀਂ ਦਿੰਦੇ। ਇਨ੍ਹਾਂ ਦੇ ਭਰਮ ਵਿਚ ਹੀ ਮਨੁੱਖ ਦਾਤੇ ਨੂੰ ਭੁੱਲ ਗਿਆ। ਗੁਰੂ ਦੀ ਸ਼ਰਨ ਅਤੇ ਸਤਿ ਸੰਗਤ ਨਾਲ ਇਨ੍ਹਾਂ ਵਿਕਾਰਾਂ ਤੋਂ ਬਚਿਆ ਜਾ ਸਕਦਾ ਹੈ। ਇਨ੍ਹਾਂ ਵਿਕਾਰਾਂ ਬਾਰੇ ਭੱਟ ਕੀਰਤ ਜੀ ਦੇ ਸਵੱਈਆਂ ਵਿਚ ਵਰਣਨ ਇਸ ਤਰ੍ਹਾਂ ਹੈ:

*- ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ*
*ਤਿਨੑ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ॥ (ਪੰਨਾ ੧੪੦੬)*
*- ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥ (ਪੰਨਾ ਉਹੀ)*

ਭੱਟ ਕੀਰਤ ਜੀ ਦੇ ਸਵੱਈਆਂ ਸੰਬੰਧੀ ਹੋਈ ਉਪਰੋਕਤ ਵਿਚਾਰ ਚਰਚਾ ਦਾ ਸਾਰ-ਤੱਤ ਇਹ ਹੈ ਕਿ ਭੱਟ ਕੀਰਤ ਜੀ ਨੇ ਆਪਣੇ ਅੱਠ ਸਵੱਈਆਂ ਵਿਚ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਕਰਦਿਆਂ ਸਤਿਗੁਰੂ ਦੀ ਚਰਨ-ਸ਼ਰਨ, ਨਾਮ-ਸਿਮਰਨ, ਸੇਵਾ, ਪ੍ਰੇਮ-ਭਗਤੀ, ਸਤਿ ਸੰਗਤ ਆਦਿ ਦੀ ਮਹੱਤਵ ਨੂੰ ਦਰਸਾਇਆ ਹੈ। ਭੱਟ ਕੀਰਤ ਜੀ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਚਰਨ ਸ਼ਰਨ ਵਿਚ ਜਾਣ ਨਾਲ ਸਭ ਤਰ੍ਹਾਂ ਦੇ ਜਮਾਂ ਦੀ ਤ੍ਰਾਸ, ਦੁੱਖ-ਦਲਿੱਦਰ ਆਦਿ ਖਤਮ ਹੋ ਜਾਂਦੇ ਹਨ। ਸਭ ਚਿੰਤਾਵਾਂ ਮੁੱਕ ਜਾਂਦੀਆਂ ਅਤੇ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ।

### *ਹਵਾਲੇ ਅਤੇ ਟਿਪਣੀਆਂ*


*੧. ਡਾ. ਰਾਏ ਜਸਬੀਰ ਸਿੰਘ (ਸੰਪਾ) ਗੁਰੂ ਅਮਰਦਾਸ ਸ੍ਰੋਤ ਪੁਸਤਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੧੯੮੬, ਪੰਨਾ ੯.*

*੨. ਪ੍ਰੋ. ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਕਲਮ ਮੰਦਰ, ਪਟਿਆਲਾ, ੧੯੭੭, ਪੰਨਾ ੬੩-੬੩.*

*੩. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ੧੯੭੧, ਪੰਨਾ ੧੨੮-੩੦.*

*੪. ਤਾਰਨ ਸਿੰਘ ਗੁਰੂ ਗ੍ਰੰਥ ਰਤਨਾਵਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ ੧੬੬.*

*੫. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ, ੨੦੦੨, ਪੰਨਾ ੧੭੦.*


## ੨੧ ਪਰਿਵਾਰਾਂ ਦੀ ਘਰ-ਵਾਪਸੀ

ਸ. ਕਿਰਪਾਲ ਸਿੰਘ ਮੀਤ ਸਕੱਤਰ ਸਿੱਖ ਮਿਸ਼ਨ ਹਰਿਆਣਾ ਕੁਰੂਕਸ਼ੇਤਰ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਸਿੱਖ ਮਿਸ਼ਨ ਹਰਿਆਣਾ ਵੱਲੋਂ ਬੀਤੇ ਦਿਨ ਰਤੀਆ ਤੋਂ ਧਮਤਾਨ ਸਾਹਿਬ ਤਕ ਆਯੋਜਿਤ ਕੀਤੇ ਗਏ ਨਗਰ ਕੀਰਤਨ ਅਤੇ ਧਰਮ ਪ੍ਰਚਾਰ ਲਹਿਰ ਤੋਂ ਪ੍ਰਭਾਵਤ ਹੋ ਕੇ ਪਿੰਡ ਢੇਰ ਜ਼ਿਲ੍ਹਾ ਫਤਿਹਾਬਾਦ ਵਿਖੇ ਕਈ ਪਰਿਵਾਰਾਂ ਨੇ ਅਖੌਤੀ ਸਿਰਸੇ ਵਾਲੇ ਸਾਧ ਦਾ ਖਹਿੜਾ ਛੱਡ ਕੇ ਗੁਰੂ-ਘਰ ਵਿਚ ਵਾਪਸੀ ਕੀਤੀ। ਇਹ ਸਾਰੇ ਪਰਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਏ ਅਤੇ ਅੱਗੇ ਤੋਂ ਪਾਖੰਡੀ ਸਾਧ ਤੋਂ ਤੌਬਾ ਕਰਦਿਆਂ ਗੁਰੂ-ਘਰ ਨਾਲ ਜੁੜੇ ਰਹਿਣ ਦਾ ਪ੍ਰਣ ਕੀਤਾ। ਇਸ ਵਕਤ ਇਨ੍ਹਾਂ ਸਾਰੇ ੨੧ ਪਰਵਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵੱਲੋਂ ਸਿਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ ਅਤੇ ਘਰ-ਵਾਪਸੀ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ। ਇਹ ਪਿੰਡ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਜਥੇਦਾਰ ਭਰਪੂਰ ਸਿੰਘ ਖਾਲਸਾ ਦਾ ਪਿੰਡ ਹੈ। ਇਸ ਵਕਤ ਹੋਰਨਾਂ ਤੋਂ ਇਲਾਵਾ ਜਥੇਦਾਰ ਜੁਗਿੰਦਰ ਸਿੰਘ ਅਹਿਰਵਾਂ ਪ੍ਰਧਾਨ ਅਕਾਲੀ ਦਲ ਹਰਿਆਣਾ, ਸ. ਬਲਦੇਵ ਸਿੰਘ ਖਾਲਸਾ ਮੈਂਬਰ ਸ਼੍ਰੋਮਣੀ ਕਮੇਟੀ, ਸ. ਕਿਰਪਾਲ ਸਿੰਘ ਮੀਤ ਸਕੱਤਰ, ਸ. ਰਣਜੀਤ ਸਿੰਘ ਪ੍ਰਧਾਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਰਤੀਆਂ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਗੁਰੂ-ਘਰੋਂ ਸਹਿਜ ਨੂੰ ਪ੍ਰਾਪਤ - ਭੱਟ ਭਿਖਾ ਜੀ

*-ਸ. ਬਲਵਿੰਦਰ ਸਿੰਘ ਗੰਭੀਰ**

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਭੱਟ ਸਾਹਿਬਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰੂ-ਦਰਬਾਰ ਵਿਚ ਆਏ ਅਤੇ ਉਨ੍ਹਾਂ ਨੇ ਗੁਰੂ-ਮਹਿਮਾ ਦੇ ਪ੍ਰਸੰਗ ਵਿਚ ਸਵੱਈਏ ਗਾਇਨ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੱਟ ਭਿਖਾ ਜੀ ਦੇ ਦੋ ਸਵੱਈਏ ਹਨ। ਵਿਸ਼ਾ ਸ੍ਰੀ ਗੁਰੂ ਅਮਰਦਾਸ ਜੀ ਦੀ ਰੂਹਾਨੀ ਸ਼ਖ਼ਸੀਅਤ ਹੈ। ਆਪ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਉਸਤਤਿ ਕਰਦੇ ਹੋਏ ਲਿਖਦੇ ਹਨ ਕਿ ਸਹਿਜ ਅਵਸਥਾ ਨੂੰ ਪਾਉਣ ਹਿੱਤ ਬਹੁਤ ਸਾਰੇ ਸਾਧੂਆਂ, ਸੰਤਾਂ, ਸੰਨਿਆਸੀਆਂ ਤੇ ਤਪੱਸਵੀਆਂ ਨੂੰ ਮਿਲੇ ਅਤੇ ਦਰਸ਼ਨ ਕੀਤੇ। ਤਕਰੀਬਨ ਇਕ ਸਾਲ ਤਕ ਭਟਕਦੇ ਹੀ ਰਹੇ ਪਰ ਗੁਰੂ-ਘਰ ਦੇ ਦਰ ਬਿਨਾਂ ਸਹਿਜ ਕਿੱਥੇ ਪ੍ਰਾਪਤ ਹੋਣਾ ਸੀ! ਗੁਰੂ ਜੀ ਦੀ ਸੰਗਤ ਅਤੇ ਦਰਸ਼ਨ-ਪਰਸ਼ਨ ਕਰ ਕੇ ਨਿਹਾਲ ਹੋ ਗਏ। ਆਤਮਾ ਸਹਿਜ ਨੂੰ ਪ੍ਰਾਪਤ ਹੋਈ। ਭਟਕਦੇ ਮਨ ਨੇ ਆਪਣੇ ਘਰ ਵਿਚ ਨਿਵਾਸ ਕੀਤਾ। ਭਟਕਦਾ ਮਨ ਪੂਰਨ ਖਿੜਾਉ ਵਿਚ ਆ ਗਿਆ। ਨਿਹਾਲ ਹੋਈ ਆਤਮਾ 'ਆਪੇ' ਦੀ ਪਛਾਣ ਕਰਨ ਲੱਗ ਪਈ। ਗਿਆਨ ਰੂਪੀ ਸੂਰਜ ਚੜ੍ਹ ਗਿਆ। ਹਨ੍ਹੇਰਾ ਦੂਰ ਹੋ ਗਿਆ। ਭਟਕਣਾ ਮੁੱਕ ਗਈ ਤੇ ਆਪ ਤਨ, ਮਨ ਅਤੇ ਧਨ ਸਭ ਕੁਝ ਗੁਰੂ ਸਾਹਿਬ ਨੂੰ ਸੌਂਪ ਕੇ ਗੁਰੂ-ਘਰ ਦੇ ਹੀ ਹੋ ਗਏ।

ਆਪ ਨੇ ਆਪਣੀ ਰਚਨਾ ਵਿਚ ਗੁਰੂ ਅਮਰਦਾਸ ਜੀ ਦੇ ਨਿਰੋਲ ਅਧਿਆਤਮਿਕ ਸਰੂਪ ਦਾ ਹੀ ਜ਼ਿਕਰ ਕੀਤਾ ਹੈ। ਆਪ ਜੀ ਦਾ ਫ਼ੁਰਮਾਨ ਹੈ ਕਿ ਸਤਿਗੁਰੂ ਅਮਰਦਾਸ ਜੀ ਗਿਆਨ ਰੂਪ ਤੇ ਧਿਆਨ ਰੂਪ ਹਨ ਜਿਨ੍ਹਾਂ ਨੇ ਆਪਣੀ ਆਤਮਾ ਨੂੰ ਹਰੀ ਨਾਲ ਮਿਲਾ ਲਿਆ ਹੈ ਅਤੇ ਕਲਜੁਗ ਵਿਚ ਕਰਤਾ ਪੁਰਖ ਰੂਪ ਹਨ। ਉਨ੍ਹਾਂ ਨੇ ਪ੍ਰਭੂ ਦਾ ਹੁਕਮ ਪਛਾਣ ਕੇ ਗਿਆਨ ਪ੍ਰਾਪਤ ਕੀਤਾ ਹੈ। ਉਹ ਹਰੀ ਰੂਪ ਹਨ। ਭੱਟ ਭਿਖਾ ਜੀ ਮੁਤਾਬਿਕ ਉਨ੍ਹਾਂ ਨੂੰ ਪੂਰਨ ਗੁਰੂ ਮਿਲ ਪਿਆ ਹੈ ਜਿਨ੍ਹਾਂ ਨੇ ਦੁੱਖ ਅਤੇ ਮਾਨਸਿਕ ਕਲੇਸ਼ ਕੱਟ ਦਿੱਤੇ ਹਨ। ਮਨ ਵਿਸਮਾਦ ਵਿਚ ਆ ਗਿਆ ਹੈ, ਜਿੱਥੇ ਤੇਰ-ਮੇਰ ਖ਼ਤਮ ਹੋ ਗਈ ਹੈ ਅਤੇ ਦੁੱਖ-ਸੁਖ ਸਭ ਇਕ ਸਮਾਨ ਹੋ ਗਏ ਹਨ:

*ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥*
*ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥*

* *ਪਿੰਡ ਤਾਰਾਗੜ੍ਹ, ਡਾਕ: ਧਰਮਕੋਟ ਬੱਗਾ, ਤਹਿ: ਬਟਾਲਾ, ਗੁਰਦਾਸਪੁਰ। ਮੋ: ੯੮੭੨੧-੧੮੮੪੬*

*ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥*
*ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥*
*ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥*
*ਗੁਰੁ ਮਿਲ੍ਹਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥*
*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥*
*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥*
*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥*
*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥*
*ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ਹ ਕੇ ਗੁਣ ਹਉ ਕਿਆ ਕਹਉ॥*
*ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥*

*(ਪੰਨਾ ੧੩੯੫)*

ਗੁਰੂ ਸਾਹਿਬ ਦੀ ਵਡਿਆਈ ਲਈ ਭੱਟ ਭਿਖਾ ਜੀ ਵੱਲੋਂ ਵਰਤੀ ਗਈ ਸ਼ਬਦਾਵਲੀ, ਅਲੰਕਾਰ ਅਤੇ ਸ਼ਬਦ-ਜੋੜ ਕਮਾਲ ਦੇ ਹਨ। ਉਨ੍ਹਾਂ ਵੱਲੋਂ ਕੀਤੀ ਗਈ ਸੁੰਦਰ ਸ਼ਬਦ-ਚੋਣ ਉਨ੍ਹਾਂ ਦੀ ਕਾਵਿ-ਪ੍ਰਤਿਭਾ ਦੀ ਹਾਮੀ ਭਰਦੀ ਹੈ। ਉਨ੍ਹਾਂ ਵੱਲੋਂ ਗੁਰੂ ਸਾਹਿਬਾਨ ਨੂੰ ਸਰਬ ਕਲਾ ਸਮਰੱਥ, ਸਰਬ ਸ਼ਕਤੀਮਾਨ, ਦੁੱਖਾਂ-ਕਲੇਸ਼ਾਂ ਦੇ ਨਿਵਾਰਕ, ਸਰਬ ਸੁਖਾਂ ਦੇ ਦਾਤਾ, ਲੋਕ ਪ੍ਰਲੋਕ ਦੇ ਸਹਾਈ ਅਤੇ ਸਭ ਪ੍ਰਕਾਰ ਦੀਆਂ ਮਨੋ-ਕਾਮਨਾਵਾਂ ਪੂਰੀਆਂ ਕਰਨ ਵਾਲੇ ਦਰਸਾਇਆ ਗਿਆ ਹੈ। ਆਪ ਜੀ ਮੁਤਾਬਿਕ ਹਰੇਕ ਵਿਅਕਤੀ ਗੁਰੂ ਸਾਹਿਬਾਨ ਦੀ ਸੇਵਾ ਅਤੇ ਹੁਕਮ ਵਿਚ ਰਹਿ ਕੇ ਹੀ ਸਭ ਤਰ੍ਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦਾ ਹੈ। ਨਾ ਹੀ ਉਸ ਨੂੰ ਦੁੱਖ ਪੋਂਹਦਾ ਹੈ ਅਤੇ ਨਾ ਹੀ ਕਿਸੇ ਪ੍ਰਕਾਰ ਦੀ ਚਿੰਤਾ ਸਤਾਉਂਦੀ ਹੈ। ਆਪ ਅਨੁਸਾਰ ਗੁਰੂ ਦੀ ਸ਼ਰਨ ਵਿਚ ਵਿਚਰਨ ਵਾਲੇ ਹੀ ਸਦਾ ਅਨੰਦ ਦੀ ਅਵਸਥਾ ਵਿਚ ਵਿਚਰਦੇ ਹਨ। ਉਨ੍ਹਾਂ ਨੂੰ ਗੁਰੂ-ਮਿਹਰ ਸਦਕਾ ਪ੍ਰਾਪਤ ਹੋਏ ਸੁਖਾਂ ਦਾ ਕੋਈ ਅੰਤ ਹੀ ਨਹੀਂ ਹੈ।

ਜੇ ਪੂਰੀ ਗਹੁ ਨਾਲ ਵੇਖਿਆ ਜਾਵੇ ਤਾਂ ਭੱਟ ਭਿਖਾ ਜੀ ਦੀ ਬਾਣੀ ਸਮੇਤ ਸਾਰੇ ਭੱਟਾਂ ਦੀ ਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਵਿਸ਼ੇ ਅਤੇ ਰੂਪਕ ਪੱਖੋਂ ਕੋਈ ਅੰਤਰ ਨਹੀਂ ਹੈ। ਭੱਟ ਗੁਰੂ ਸਾਹਿਬਾਨ ਦੀ ਸੱਚੀ ਵਡਿਆਈ ਕਰਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਕਾਲ ਪੁਰਖ ਨਿਰੰਕਾਰ ਦੀ ਉਸਤਤ ਕਰਦੀ ਹੈ। ਗੁਰੂ ਵਡਿਆਈ ਅਤੇ ਅਕਾਲ ਪੁਰਖ ਦੀ ਉਸਤਤ ਵਿਚ ਕਿਸੇ ਤਰ੍ਹਾਂ ਵੀ ਅੰਤਰ ਨਹੀਂ ਸਮਝਣਾ ਚਾਹੀਦਾ। ਇਸ ਪ੍ਰਕਾਰ ਭੱਟ ਭਿਖਾ ਜੀ ਸਮੇਤ ਸਾਰੇ ਭੱਟ ਸਾਹਿਬਾਨ ਦੀ ਬਾਣੀ ਗੁਰੂ-ਆਸ਼ੇ ਮੁਤਾਬਿਕ ਪੂਰੀ ਤਰ੍ਹਾਂ ਖਰੀ ਉਤਰਦੀ ਹੈ। ■

# ਭੱਟ ਬਾਣੀਕਾਰਾਂ ਦੀ ਬਾਣੀ ਵਿਚ ਨਾਵਾਂ ਥਾਵਾਂ ਦਾ ਬਿਉਰਾ

*-ਭਾਈ ਜੋਗਿੰਦਰ ਸਿੰਘ ਤਲਵਾੜਾ (ਗੁਰਪੁਰਵਾਸੀ)*

ਸ੍ਰੀ ਮੁਖਬਾਕ੍ਯ ਸਵਯੇ ਅਤੇ ਭੱਟਾਂ ਦੇ ਸਵੱਈਆਂ ਵਿਚ ਹੇਠ ਲਿਖੇ ਇਤਿਹਾਸਕ ਮਿਥਿਹਾਸਕ ਨਾਵਾਂ ਥਾਵਾਂ ਦਾ ਵਰਣਨ ਮਿਲਦਾ ਹੈ। ਇਹ ਮਿਥਿਹਾਸਕ ਕਥਾਵਾਂ ਸਮਾਜ 'ਚ ਆਮ ਪ੍ਰਚੱਲਤ ਸਨ, ਭੱਟ ਬਾਣੀਕਾਰਾਂ ਨੇ ਅਲੰਕਾਰਕ ਤੌਰ 'ਤੇ ਆਪਣੀ ਬਾਣੀ ਵਿਚ ਇਨ੍ਹਾਂ ਨਾਵਾਂ ਥਾਵਾਂ ਦਾ ਪ੍ਰਯੋਗ ਕਰ ਕੇ ਗੁਰੂ ਉਪਮਾ ਕੀਤੀ ਹੈ। ਉਂਞ ਗੁਰਮਤਿ ਦਾ ਇਨ੍ਹਾਂ ਮਿਥਿਹਾਸਕ ਪਾਤਰਾਂ ਵਿਚ ਮੂਲ ਨਿਸ਼ਚਾ ਨਹੀਂ ਹੈ। ਭੱਟ ਸਾਹਿਬਾਨ ਦੀ ਬਾਣੀ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਨ੍ਹਾਂ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੈ। ਇਨ੍ਹਾਂ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ (ਚੌਥੀ ਛਾਪ, ੧੯੮੧) ਵਿਚ ਜੋ ਬਿਉਰਾ ਦਿੱਤਾ ਹੋਇਆ ਹੈ, ਉਹ ਪਾਠਕਾਂ ਦੀ ਜਾਣਕਾਰੀ ਲਈ ਹੇਠਾਂ ਦਿੱਤਾ ਜਾ ਰਿਹਾ ਹੈ:

## ੧. ਉਗ੍ਰਸੈਣ

*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥* *(ਪੰਨਾ ੧੩੯੦)*

ਉਗ੍ਰਸੈਣ- ਉਗ੍ਰ (ਜ਼ੋਰਾਵਰ) ਹੈ ਜਿਸ ਦੀ ਸੈਨਾ (ਫ਼ੌਜ)। ਪਵਨ ਰੇਖਾ (ਅਥਵਾ ਕਾਸ਼ਜ਼ਾ) ਦੇ ਪੇਟ ਤੋਂ ਆਹੁਕ ਦਾ ਪੁਤ੍ਰ, ਜੋ ਕਰਣੀ ਦਾ ਪਤੀ, ਕੰਸ ਦਾ ਪਿਤਾ, ਕ੍ਰਿਸ਼ਨ ਜੀ ਦੇ ਨਾਨਾ, ਦੇਵਕ ਦਾ ਵੱਡਾ ਭਾਈ ਅਤੇ ਦੇਵਕੀ ਦਾ ਤਾਇਆ ਸੀ। ਉਗ੍ਰਸੇਨ ਨੇ ਆਪਣੀ ਭਤੀਜੀ ਪੁਤ੍ਰੀ ਕਰਕੇ ਪਾਲੀ ਸੀ, ਇਸ ਲਈ ਦੇਵਕੀ ਉਗ੍ਰਸੇਨ ਦੀ ਪੁਤ੍ਰੀ ਪ੍ਰਸਿੱਧ ਹੋਈ।

ਉਗ੍ਰਸੇਨ ਨੇ ਮਥੁਰਾ ਦਾ ਰਾਜ ਬਹੁਤ ਉੱਤਮ ਰੀਤਿ ਨਾਲ ਕੀਤਾ, ਪਰ ਇਸ ਦੇ ਦੁਸ਼ਟ ਪੁਤ੍ਰ ਕੰਸ ਨੇ ਪਿਤਾ ਨੂੰ ਗੱਦੀਓਂ ਲਾਹ ਕੇ ਆਪ ਰਾਜ ਸੰਭਾਲ ਲਿਆ। ਕ੍ਰਿਸ਼ਨ ਜੀ ਨੇ ਆਪਣੇ ਮਾਮਾ ਕੰਸ ਨੂੰ ਮਾਰ ਕੇ ਨਾਨਾ ਉਗ੍ਰੇਸਨ ਨੂੰ ਮੁੜ ਮਥੁਰਾ ਦੀ ਗੱਦੀ 'ਤੇ ਬੈਠਾਇਆ। ਇਹ ਕਰਤਾਰ ਦਾ ਭਗਤ ਅਤੇ ਉਪਕਾਰੀ ਸੱਜਨ ਸੀ।

(ਮਹਾਨ ਕੋਸ਼, ਸਫ਼ਾ ੩)

## ੨. ਉਧੌ

*- ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ॥* *(ਪੰਨਾ ੧੩੮੯)*

*- ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ॥*

*(ਪੰਨਾ ੧੩੯੩)*

ਉਧੌ-ਦੇਖੋ: ਉਧਉ ਅਤੇ ਉਧਵ।

ਊਧਵ-ਦੇਵਭਾਗ ਯਾਦਵ ਦਾ ਪੁਤ੍ਰ, ਜੋ ਕ੍ਰਿਸ਼ਨ ਜੀ ਦਾ ਚਾਚਾ ਅਤੇ ਮਿਤ੍ਰ ਸੀ। ਇਹ ਦ੍ਵਾਰਿਕਾ (ਦ੍ਵਾਰਾਵਤੀ) ਤੋਂ ਕ੍ਰਿਸ਼ਨ ਜੀ ਦੇ ਸੁਨੇਹੇ ਲੈ ਕੇ ਵ੍ਰਿੰਦਾਵਨ (ਬਿੰਦ੍ਰਾਬਨ) ਦੀਆਂ ਗੋਪੀਆਂ ਪਾਸ ਗਿਆ ਸੀ। (ਮਹਾਨ ਕੋਸ਼, ਸਫ਼ਾ ੨੦)

## ੩. ਅਕ੍ਰੂਰ

*- ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ॥* (ਪੰਨਾ ੧੩੮੯)

*- ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ॥* (ਪੰਨਾ ੧੩੯੩)

ਅਕ੍ਰੂਰ-ਯਾਦਵਵੰਸ਼ੀ ਕ੍ਰਿਸ਼ਨ ਜੀ ਦਾ ਚਾਚਾ, ਜੋ ਸ੍ਵਫਲਕ ਦਾ ਪੁਤ੍ਰ ਗਾਂਦਿਨੀ ਦੇ ਉਦਰੋਂ ਸੀ। ਏਹ ਕਿਸ਼ਨ ਜੀ ਅਤੇ ਬਲਰਾਮ ਨੂੰ ਕੰਸ ਵੱਲੋਂ ਜੱਗ ਦਾ ਨਿਉਂਦਾ ਦੇ ਕੇ ਗੋਕੁਲ ਤੋਂ ਮਥੁਰਾ ਲੈ ਗਿਆ ਸੀ, ਜਿੱਥੇ ਕ੍ਰਿਸ਼ਨ ਜੀ ਨੇ ਆਪਣੀ ਵੀਰਤਾ ਨਾਲ ਕੰਸ ਨੂੰ ਮਾਰ ਕੇ ਆਪਣੇ ਨਾਨਾ ਉਗ੍ਰਸੇਨ ਨੂੰ ਰਾਜ ਸਿੰਘਾਸਨ ਪੁਰ ਬੈਠਾਇਆ।

(ਮਹਾਨ ਕੋਸ਼, ਸਫ਼ਾ ੩੭)

## ੪. ਅੰਗਰੈ

*ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ॥* (ਪੰਨਾ ੧੩੯੦)

ਅੰਗਰੈ- ਅੰਗਿਰਾ ਰਿਖੀ। ਦੇਖੋ, ਅੰਗਿਰਾ।

ਅੰਗਿਰਾ-ਅੰਗਿਰਸੁ। ਰਿਗ ਵੇਦ ਦੇ ਕਈ ਮੰਤ੍ਰਾਂ ਦਾ ਕਰਤਾ, ਜੋ ਸੱਤ ਵਡੇ ਰਿਖੀਆਂ ਅਤੇ ਦਸ ਪ੍ਰਜਾਪਤੀਆਂ ਵਿੱਚੋਂ ਹੈ। ਇਸ ਨੂੰ ਦੇਵਤਿਆਂ ਦਾ ਪੁਰੋਹਿਤ ਅਤੇ ਆਹੁਤਿ ਦਾ ਦੇਵਤਾ ਭੀ ਮੰਨਦੇ ਹਨ। ਕਈ ਕਹਿੰਦੇ ਹਨ ਕਿ ਅੰਗਿਰਾ ਉਰੂ ਅਤੇ ਆਗਨੇਯੀ ਦੀ ਸੰਤਾਨ ਹੈ। ਇੱਕ ਥਾਂ 'ਤੇ ਲਿਖਿਆ ਹੈ ਕਿ ਇਹ ਬ੍ਰਹਮਾ ਦੇ ਮੂੰਹ ਵਿੱਚੋਂ ਪੈਦਾ ਹੋਇਆ ਸੀ।

ਮਹਾਂਭਾਰਤ ਦੇ ਵਨ-ਪਰਵ ਵਿੱਚ ਲਿਖਿਆ ਹੈ ਕਿ ਅੰਗਿਰਾ ਅਗਨਿ ਦਾ ਪੁਤ੍ਰ ਹੋਇਆ। (ਮਹਾਨ ਕੋਸ਼, ਸਫ਼ਾ ੧੧੨)

## ੫. ਅਟਲ ਮੰਡਲਵੈ

*ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ॥* (ਪੰਨਾ ੧੩੮੯)

ਅਚਲ ਮੰਡਲ ਵਾਲਾ ਧ੍ਰੁਵ ਭਗਤ। ਦੇਖੋ ਧ੍ਰੂ। (ਮਹਾਨ ਕੋਸ਼, ਸਫ਼ਾ ੪੯)

## ੬. ਅੰਬਰੀਕ

*ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ॥* (ਪੰਨਾ ੧੩੯੩)

*ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ॥* (ਪੰਨਾ ੧੩੯੪)

*ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥* (ਪੰਨਾ ੧੪੦੫)

ਅੰਬਰੀਕ- ਵਾਲਮੀਕਿ ਰਾਮਾਇਣ ਅਨੁਸਾਰ ਪ੍ਰਸ਼ੁਸ੍ਰੂਕ ਦਾ ਪੁਤ੍ਰ ਅਯੋਧਯਾਪਤਿ ਸੂਰਯ ਵੰਸ਼ੀ ਰਾਜਾ ਜੋ ਇਕਾਕ ਤੋਂ ੨੮ਵੀਂ ਪੀੜ੍ਹੀ ਸੀ। ਇਸ ਦੀ ਰਖ੍ਯਾ ਕਰਨ ਲਈ ਵਿਸ਼ਨੁ ਦੇ ਸੁਦਰਸ਼ਨ ਚਕ੍ਰ ਨੇ ਦੁਰਵਾਸਾ ਰਿਖੀ ਦਾ ਪਿੱਛਾ ਕੀਤਾ ਸੀ, ਜਿਸ ਦੀ ਕਥਾ ਇਉਂ ਹੈ-

ਕੱਤਕ ਦੀ ਦ੍ਵਾਦਸੀ ਨੂੰ ਰਾਜਾ ਅੰਬਰੀਕ ਏਕਾਦਸ਼ੀ ਦਾ ਵ੍ਰਤ ਉਪਾਰਣ ਨੂੰ ਤਿਆਰ ਸੀ, ਇਤਨੇ ਵਿਚ ਦੁਰਵਾਸਾ ਰਿਖੀ ਆਇਆ। ਰਾਜਾ ਨੇ ਕਿਹਾ, ਆਪ ਮੇਰੇ ਘਰ ਭੋਜਨ ਕਰੋ। ਰਿਖੀ ਨੇ ਆਖਿਆ ਮੈਂ ਇਸਨਾਨ ਕਰਕੇ ਆਉਂਨਾ ਹਾਂ। ਰਿਖੀ ਬਹੁਤ ਚਿਰ ਤੀਕ ਨਾ ਮੁੜਿਆ, ਰਾਜਾ ਨੇ ਪੁਰੋਹਿਤ ਦੇ ਕਹਿਣ ਤੋਂ ਵ੍ਰਤ ਤੋੜ ਲਿਆ। ਜਦ ਦੁਰਵਾਸਾ ਨੂੰ ਮਲੂਮ ਹੋਇਆ ਕਿ ਮੇਰੇ ਆਉਣ ਤੋਂ ਪਹਿਲਾਂ ਹੀ ਭੋਜਨ ਕਰ ਲਿਆ ਹੈ, ਤਦ ਆਪਣੀ ਜਟਾ ਪੱਟ ਕੇ ਇੱਕ ਤੇਜ-ਪੁੰਜ ਪੁਰਖ ਪੈਦਾ ਕੀਤਾ, ਜੋ ਅੰਬਰੀਕ ਨੂੰ ਮਾਰਨ ਲੱਗਾ। ਵਿਸ਼ਨੁ ਨੇ ਸੁਦਰਸ਼ਨ ਚਕ੍ਰ ਰਾਜੇ ਦੀ ਰਖਯਾ ਲਈ ਭੇਜਿਆ, ਜਿਸ ਨੇ ਤੇਜ-ਪੁੰਜ ਪੁਰਖ ਨੂੰ ਨਾਸ਼ ਕਰਕੇ ਦੁਰਵਾਸਾ ਦਾ ਪਿੱਛਾ ਕੀਤਾ। ਜਦ ਕਿਸੇ ਲੋਕ ਵਿੱਚ ਦੁਰਵਾਸਾ ਦਾ ਬਚਾਉ ਨਾ ਹੋਇਆ, ਤਦ ਹਾਰ ਕੇ ਅੰਬਰੀਕ ਦੀ ਸ਼ਰਣ ਲਈ, ਜਿਸ ਪੁਰ ਰਾਜੇ ਨੇ ਸੁਦਰਸ਼ਨ ਚਕ੍ਰ ਤੋਂ ਰਿਖੀ ਨੂੰ ਬਚਾਇਆ।

ਲਿੰਗ ਪੁਰਾਣ ਵਿੱਚ ਕਥਾ ਹੈ ਕਿ ਅੰਬਰੀਸ਼ ਦੀ ਪੁਤ੍ਰੀ "ਸੁੰਦਰੀ" ਦਾ ਰੂਪ ਦੇਖ ਕੇ ਨਾਰਦ ਅਤੇ ਪਰਵਤ ਰਿਖੀ ਮੋਹਿਤ ਹੋ ਗਏ, ਉਨ੍ਹਾਂ ਨੇ ਰਾਜਾ ਨੂੰ ਕੰਨਯਾ ਦੇਣ ਲਈ ਆਖਿਆ, ਤਦ ਉਸ ਨੇ ਆਖਿਆ ਕਿ ਆਪ ਦੋਹਾਂ ਵਿੱਚੋਂ ਜਿਸ ਨੂੰ ਮੇਰੀ ਪੁਤ੍ਰੀ ਪਸੰਦ ਕਰੇ ਮੈਂ ਉਸ ਨੂੰ ਦੇਵਾਂਗਾ। ਦੋਵੇਂ ਰਿਖੀ ਜੁਦੇ ਜੁਦੇ ਸਮੇਂ ਤੇ ਵਿਸ਼ਨੁ ਪਾਸ ਗਏ ਅਤੇ ਹਰ ਇੱਕ ਨੇ ਇੱਕ ਦੂਜੇ ਦੀ ਸ਼ਕਲ ਬਾਂਦਰ ਦੀ ਹੋ ਜਾਣੀ ਚਾਹੀ, ਤਾਂ ਕਿ ਕੁਰੂਪ ਨੂੰ ਸੁੰਦਰੀ ਨਾ ਵਰੇ। ਇਸ ਪੁਰ ਦੋਵੇਂ ਬਾਂਦਰ ਮੂੰਹੇਂ ਹੋ ਗਏ, ਅਤੇ ਸੁੰਦਰੀ ਨੂੰ ਵਿਆਹ ਨਾ ਸਕੇ। ਦੋਹਾਂ ਰਿਖੀਆਂ ਨੇ ਗੁੱਸੇ ਵਿੱਚ ਆ ਕੇ ਅੰਬਰੀਸ਼ ਨੂੰ ਸ੍ਰਾਪ ਦਿੱਤਾ ਕਿ ਤੂੰ ਅੰਧੇਰੇ ਵਿੱਚ ਘਿਰਿਆ ਰਹੇਂਗਾ। ਵਿਸ਼ਨੁਭਗਤ ਅੰਬਰੀਸ਼ ਦੀ ਰਖਯਾ ਲਈ ਸੁਦਰਸ਼ਨ ਚਕ੍ਰ ਆਇਆ, ਜਿਸ ਨੇ ਸੂਰਜ ਜੇਹਾ ਪ੍ਰਕਾਸ਼ ਕਰਕੇ ਅੰਧੇਰਾ ਦੂਰ ਕੀਤਾ ਅਤੇ ਦੋਹਾਂ ਰਿਖੀਆਂ ਦਾ ਅਜੇਹਾ ਪਿੱਛਾ ਕੀਤਾ ਕਿ ਜਦ ਤੀਕ ਉਨ੍ਹਾਂ ਨੇ ਆ ਕੇ ਅੰਬਰੀਸ਼ ਤੋਂ ਮੁਆਫ਼ੀ ਨਾ ਮੰਗੀ, ਤਦ ਤੀਕ ਟਿਕਣੇ ਨ ਪਾਏ। "ਅੰਬਰੀਕ ਕਉ ਦੀਓ ਅਭੈ ਪਦੁ।" (ਮਾਰੂ ਨਾਮਦੇਵ) (ਮਹਾਨ ਕੋਸ਼, ਸਫ਼ਾ ੧੧੬)

## ੭. ਈਸੁ

*ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ*
*ਈਸੁ ਬੰਮ੍ਹੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ॥* (ਪੰਨਾ ੧੪੦੨)

ਈਸ-ਸ਼ਿਵ। ਦੇਖੋ: ਸ਼ਿਵ।

## ੮. ਇੰਦ੍ਰ

*ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ॥* (ਪੰਨਾ ੧੩੮੮)
*ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ॥* (ਪੰਨਾ ੧੪੦੮)

ਇੰਦ੍ਰ-ਦੇਵਰਾਜ। ਦੇਖੋ, ਇੰਦਰ।

ਇੰਦਰ- ਸੋ, ਇੰਦ੍ਰ, ਦੇਵਰਾਜ। ਅਮਰਾਵਤੀ ਦਾ ਸ੍ਵਾਮੀ, ਜੋ ਵਰਖਾ ਦਾ ਦੇਵਤਾ ਮੰਨਿਆ ਹੈ, ਅਤੇ ਜਿਸ ਦਾ ਜੰਗ ਵ੍ਰਿਤ੍ਰ ਨਾਮਕ ਦੁਰਭਿੱਖ ਦੇ ਸ੍ਵਾਮੀ ਦੈਤ ਨਾਲ ਹੁੰਦਾ

ਰਹਿੰਦਾ ਹੈ। ਰਿਗਵੇਦ ਵਿੱਚ ਇਸ ਦੀ ਵਡੀ ਮਹਿਮਾ ਗਾਈ ਹੈ। ਪੁਰਾਣਾਂ ਅਨੁਸਾਰ ਇਹ ਅਦਿਤਿ ਦੇ ਗਰਭ ਤੋਂ ਕਸ਼ਜਪ ਦਾ ਪੁਤ੍ਰ ਹੈ। ਵਾਮਨ ਇਸ ਦਾ ਛੋਟਾ ਭਾਈ ਲਿਖਿਆ ਹੈ। ਇੰਦ੍ਰ ਦੀ ਇਸਤ੍ਰੀ ਦਾ ਨਾਉਂ ਸ਼ਚੀ ਅਤੇ ਪੁਤ੍ਰ ਜਯੰਤ ਹੈ। ਇਸ ਦਾ ਸ਼ਸਤ੍ਰ ਵਜ੍ਰ ਹੈ। ਸਵਾਰੀ ਏਰਾਵਤ ਹਾਥੀ ਹੈ। ਸਭਾ ਦਾ ਨਾਉਂ ਸੁਧਰਮਾ ਹੈ। ਰਥਵਾਹੀ ਮਾਤਲਿ ਹੈ। ਸਵਾਰੀ ਦਾ ਘੋੜਾ ਉੱਚੈਃ ਸ਼੍ਰਵਾ ਹੈ। (ਮਹਾਨ ਕੋਸ਼, ਸਫ਼ਾ ੧੨੪)

## ੯. ਇੰਦ੍ਰਾਦਿ

*ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ॥*

*(ਪੰਨਾ ੧੩੮੯)*

ਇੰਦ੍ਰਾਦਿ, ਵਿ- ਇੰਦ੍ਰਾਦਿਕ। ਇੰਦ੍ਰ ਅਤੇ ਹੋਰ ਦੇਵਤੇ। ਇੰਦ੍ਰ ਤੋਂ ਲੈ ਕੇ।

(ਮਹਾਨ ਕੋਸ਼, ਸਫ਼ਾ ੧੨੫)

## ੧੦. ਸੇਸ

*ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ॥*

*(ਪੰਨਾ ੧੩੯੦)*

ਸੇਸ-ਸ਼ੇਸ਼ਨਾਗ। ਦੇਖੋ : ਸੇਸਨਾਗ।

ਸੇਸਨਾਗ- ਨਾਗਵੰਸ਼ ਅਤੇ ਪਾਤਾਲ ਦਾ ਰਾਜਾ। ਪੁਰਾਣਾਂ ਵਿੱਚ ਕਥਾ ਹੈ ਕਿ ਇਸ ਦੇ ੧੦੦੦ ਸਿਰ ਹਨ, ਜੋ ਵਿਸ਼ਨੁ ਭਗਵਾਨ ਉੱਤੇ ਛਾਇਆ ਕਰਦੇ ਹਨ। ਕਈ ਕਹਿੰਦੇ ਹਨ ਕਿ ਸੱਤ ਪਾਤਾਲ ਇਸ ਦੇ ਸਿਰ ਤੇ ਹਨ। ਵਿਸ਼ਨੁ ਪੁਰਾਣ ਲਿਖਦਾ ਹੈ ਕਿ ਜਦ ਕਦੀ ਏਹ ਉਬਾਸੀ ਲੈਂਦਾ ਹੈ ਤਾਂ ਭੁਚਾਲ ਆ ਜਾਂਦਾ ਹੈ। ਹਰ ਇੱਕ ਕਲਪ (ਅਥਵਾ ੪੩੨੦੦੦੦੦੦੦ ਵਰ੍ਹਿਆਂ) ਦੇ ਅੰਤ ਵਿੱਚ ਇਹ ਮੂੰਹ ਵਿੱਚੋਂ ਅਗਨਿ ਕਢਦਾ ਹੈ, ਜਿਸ ਨਾਲ ਸਾਰੇ ਲੋਕ ਭਸਮ ਹੋ ਜਾਂਦੇ ਹਨ। ਇਸ ਦਾ ਰੂਪ ਇਉਂ ਦੱਸਿਆ ਹੈ- "ਊਦਾ ਰੰਗ, ਗਲ ਵਿੱਚ ਚਿੱਟੀ ਮਾਲਾ, ਇੱਕ ਹੱਥ ਵਿੱਚ ਹਲ ਤੇ ਦੂਸਰੇ ਵਿੱਚ ਚੱਟੂ।" ਇਸ ਨੂੰ ਅਨੰਤ ਭੀ ਆਖਦੇ ਹਨ। ਇਸ ਦੀ ਇਸਤ੍ਰੀ ਦਾ ਨਾਉਂ "ਅਨੰਤ ਸ਼ੀਰਸ਼ਾ" ਹੈ। ਕਈ ਇਸ ਨੂੰ ਵਾਸੁਕਿ ਹੀ ਮੰਨਦੇ ਹਨ, ਪਰ ਕਈ ਉਸ ਤੋਂ ਵੱਖਰਾ ਸਮਝਦੇ ਹਨ। ਪੁਰਾਣਾਂ ਵਿੱਚ ਇਸ ਨੂੰ ਕਸ਼ਜਪ ਅਤੇ ਕਦ੍ਰ ਦਾ ਪੁਤ੍ਰ ਕਰਕੇ ਮੰਨਿਆ ਹੈ ਅਤੇ ਬਲਰਾਮ ਨੂੰ ਇਸ ਦਾ ਅਵਤਾਰ ਦੱਸਿਆ ਹੈ। ਇਸ ਦੀ ਕੁੰਜ ਨੂੰ ਮਣਿਦ੍ਵੀਪ ਅਤੇ ਇਸ ਦੇ ਘਰ ਨੂੰ ਮਣਿਭਿੱਤਿ ਜਾਂ ਮਣਿਮੰਡਪ ਆਖਦੇ ਹਨ।

(ਮਹਾਨ ਕੋਸ਼, ਸਫ਼ਾ ੨੨੬)

## ੧੧. ਸੇਖ

*ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ॥* *(ਪੰਨਾ ੧੩੮੬)*

ਸੇਖ-ਦੇਖੋ: ਸੇਸ (ਸੇਸਨਾਗ)

## ੧੨. ਸੁਖਦੇਉ

*ਸੁਖਦੇਉ ਪਰੀਖ੍ਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ॥* *(ਪੰਨਾ ੧੩੯੦)*

ਸੁਖਦੇਉ-ਸ਼ੁਕਦੇਵ। ਦੇਖੋ ਸੁਕ

ਵਯਾਸ ਮੁਨੀ ਦਾ ਪੁਤ੍ਰ ਇੱਕ ਰਿਖੀ, ਜਿਸ ਦਾ ਪ੍ਰਸਿੱਧ ਨਾਉਂ ਸ਼ੁਕਦੇਵ ਹੈ। ਮਹਾਭਾਰਤ ਵਿੱਚ ਲਿਖਿਆ ਹੈ ਕਿ ਵਯਾਸ ਹਵਨ ਕਰਨ ਲਈ ਅਰਣੀ ਲੱਕੜ ਘਸਾ ਕੇ ਅੱਗ ਕੱਢਣ ਦਾ ਯਤਨ ਕਰ ਰਿਹਾ ਸੀ, ਇਤਨੇ ਵਿੱਚ ਘ੍ਰਿਤਾਚੀ ਅਪਸਰਾ ਆਈ, ਜਿਸ ਨੂੰ ਦੇਖ ਕੇ ਰਿਖੀ ਦਾ ਵੀਰਯ ਅਰਣੀ ਵਿੱਚ ਡਿਗ ਪਿਆ, ਘ੍ਰਿਤਾਚੀ ਰਿਖੀ ਤੋਂ ਡਰਦੀ ਕਿ ਕਿਤੇ ਸ੍ਰਾਪ ਨਾ ਦੇ ਦੇਵੇ, ਤੋਤੀ ਦਾ ਰੂਪ ਧਾਰ ਕੇ ਉਥੋਂ ਉਡ ਗਈ। ਵਯਾਸ ਦੇ ਵੀਰਯ ਤੋਂ ਸੁਕ ਅਰਣੀ ਵਿਚੋਂ ਹੀ ਪੈਦਾ ਹੋ ਗਿਆ। ਪਿਤਾ ਨੇ ਨਾਉਂ ਸ਼ੁਕ ਇਸ ਲਈ ਰੱਖਿਆ ਕਿ ਘ੍ਰਿਤਾਚੀ ਨੇ ਤੋਤੀ ਦੀ ਸ਼ਕਲ ਬਣਾ ਲਈ ਸੀ। ਸੁਕਦੇਵ ਨੂੰ ਵਯਾਸ ਨੇ ਬ੍ਰਹਮਵਿਦਯਾ ਪ੍ਰਾਪਤ ਕਰਨ ਲਈ ਰਾਜਾ ਜਨਕ ਪਾਸ ਭੇਜਿਆ। ਸ਼ੁਕ ਵਡਾ ਪ੍ਰਸਿੱਧ ਗਯਾਨੀ ਹੋਇਆ ਹੈ। "ਸੁਕ ਜਨਕ ਪਗੀ ਲਗਿ ਧਿਆਵੈਗੋ।" (ਕਾਨੜਾ ਅਃ ਮਃ ੪) (ਮਹਾਨ ਕੋਸ਼, ਸਫ਼ਾ ੨੦੭)

### ੧੩. ਸੁਤੁ ਭਾਨ

*ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰੁਉ॥*

*(ਪੰਨਾ ੧੪੦੦)*

ਸੁਤੁ ਭਾਨ - ਯਮ। ਧਰਮਰਾਜ, ਜੋ ਸੂਰਜ ਦਾ ਪੁਤ੍ਰ ਲਿਖਿਆ ਹੈ।

(ਮਹਾਨ ਕੋਸ਼, ਸਫ਼ਾ ੨੧੧)

### ੧੪. ਸੁਦਾਮਾ

*- ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥ (ਪੰਨਾ ੧੪੦੦)*

*- ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ॥ (ਪੰਨਾ ੧੪੦੫)*

ਸੁਦਾਮਾ, ਇੱਕ ਕੰਗਾਲ ਬ੍ਰਾਹਮਣ, ਜੋ ਕ੍ਰਿਸ਼ਨ ਜੀ ਦਾ ਹਮਜਮਾਤੀ ਅਤੇ ਮਿਤ੍ਰ ਸੀ। ਇਹ ਇਸਤ੍ਰੀ ਦਾ ਪ੍ਰੇਰਿਆ ਹੋਇਆ ਕ੍ਰਿਸ਼ਨ ਜੀ ਪਾਸ ਦ੍ਵਾਰਿਕਾ ਪਹੁਚਿਆ। "ਦਾਲਦ ਭੰਜ ਸੁਦਾਮੇ ਮਿਲਿਓ॥" (ਮਾਰੂ ਮਃ ੫)

(ਮਹਾਨ ਕੋਸ਼, ਸਫ਼ਾ ੨੧੩)

### ੧੫. ਸਨਕਾਦਿ

*- ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ॥ (ਪੰਨਾ ੧੩੮੬)*

*- ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ॥*

*(ਪੰਨਾ ੧੩੮੯)*

*- ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ॥ (ਪੰਨਾ ੧੩੯੦)*

*- ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ॥*

*(ਪੰਨਾ ੧੩੯੩)*

*- ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰਮੁਖਹਿ*
*ਤਰਹਿ ਇਕ ਨਾਮ ਲਗਿ ਤਜਹੁ ਰਸ ਅੰਨ ਰੇ॥ (ਪੰਨਾ ੧੪੦੧)*

ਸਨਕਾਦਿ : ਸਨਕ ਹੈ ਜਿਨ੍ਹਾਂ ਦੇ ਮੁੱਢ, ਐਸੇ ਬ੍ਰਹਮਾ ਦੇ ਮਾਨਸਿਕ ਚਾਰ ਪੁਤ੍ਰ ਅਰਥਾਤ- ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ। "ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ ਕਉ ਮਹਲੁ ਦੁਲਭਾਵਉ॥" (ਆਸਾ ਮਃ ੫) (ਮਹਾਨ ਕੋਸ਼, ਸਫ਼ਾ ੧੫੨)

### ੧੬. ਸਪਤ ਸਮੁਦ੍ਰ

*ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ॥ (ਪੰਨਾ ੧੩੮੯)*

ਸਪਤ ਸਮੁਦ੍ਰ - ਦੇਖੋ : ਸਪਤ ਸਾਗਰ

ਸਪਤ ਸਾਗਰ-ਸੱਤ ਸਮੁੰਦਰ। ਪੁਰਾਣਾਂ ਵਿੱਚ ਇਹ ਸੱਤ ਸਾਗਰ ਲਿਖੇ ਹਨ- ਦੁੱਧ ਦਾ, ਦਹੀਂ ਦਾ, ਘੀ ਦਾ, ਇੱਖ ਦੇ ਰਸ ਦਾ, ਸ਼ਹਿਦ ਦਾ, ਮਿੱਠੇ ਪਾਣੀ ਦਾ, ਖਾਰੇ ਪਾਣੀ ਦਾ ਅਤੇ ਇਹ ਭੀ ਦੱਸਿਆ ਹੈ ਕਿ ਇਹ ਇੱਕ ਇੱਕ ਦ੍ਵੀਪ ਨੂੰ ਘੇਰੇ ਹੋਏ ਹਨ। "ਸਪਤ ਦੀਪ ਸਪਤ ਸਾਗਰਾ॥" (ਵਾਰ ਸ੍ਰੀ ਮਃ ੪) (ਮਹਾਨ ਕੋਸ਼, ਸਫ਼ਾ ੧੫੪)

### ੧੭. ਸ੍ਰੀ ਨਿਵਾਸੁ

*ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ*
*ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥੨॥੭॥ (ਪੰਨਾ ੧੪੦੨)*

ਸ੍ਰੀ-ਲੱਛਮੀ। ਸ੍ਰੀ ਨਿਵਾਸੁ-ਮਾਇਆ ਨੂੰ ਚਰਨਾਂ ਵਿਚ ਵਾਸਾ ਦੇਣ ਵਾਲਾ ਵਾਹਿਗੁਰੂ। (ਮਹਾਨ ਕੋਸ਼, ਸਫ਼ਾ ੨੫੨)

### ੧੮. ਸਿਵ

*- ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥ (ਪੰਨਾ ੧੩੮੮)*

*- ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ॥ (ਪੰਨਾ ੧੩੯੩)*

*- ਜਾ ਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ ਗਣ*
*ਤਰਹਿ ਤੇਤੀਸ ਗੁਰ ਬਚਨ ਸੁਣਿ ਕੰਨ ਰੇ॥ (ਪੰਨਾ ੧੪੦੧)*

*- ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ॥ (ਪੰਨਾ ੧੪੦੪)*

*- ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ*
*ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ॥ (ਪੰਨਾ ੧੪੦੪)*

*- ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ॥ (ਪੰਨਾ ੧੪੦੮)*

ਸਿਵ-ਮਹਾਦੇਵ। ਪਾਰਵਤੀ ਦਾ ਪਤਿ। "ਸਿਵ ਸਿਵ ਕਰਤੇ ਜੋ ਨਰ ਧਿਆਵੈ॥" (ਗੋਂਡ ਨਾਮਦੇਵ) (ਮਹਾਨ ਕੋਸ਼, ਸਫ਼ਾ ੨੦੧)

### ੧੯. ਹਰਨਾਖਸ

*- ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥ (ਪੰਨਾ ੧੪੦੦)*

*– ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ॥*
*(ਪੰਨਾ ੧੪੦੨)*

ਹਰਣਾਖਸ– ਦੇਖੋ, ਹਰਣਖ ਅਤੇ ਪ੍ਰਹਿਲਾਦ। "ਹਰਣਾਖਸੁ ਲੇ ਨਖਹੁ ਬਿਧਾਸਾ।" (ਗਉ ਅਃ ਮਃ ੧) ਦੇਖੋ, ਬਿਧਾਸਾ। "ਹਰਣਾਖਸੁ ਦੁਸਟੁ ਹਰਿ ਮਾਰਿਆ, ਪ੍ਰਹਲਾਦ ਤਰਾਇਆ।" (ਆਸਾ ਛੰਤ ਮਃ ੪)

ਹਰਣਖ–ਸੰ. ਰਿਹਣਾਯਾਕ ਹਿਰਣਜ (ਸੋਨੇ ਜੇਹੀਆਂ ਪੀਲੀਆਂ ਅੱਖਾਂ ਵਾਲਾ ਇੱਕ ਦੈਤ) "ਤੁਮ ਦੁਸਟ ਤਾਰੇ ਹਰਣਖੇ॥" (ਨਟ ਮਃ ੪)

(ਮਹਾਨ ਕੋਸ਼, ਸਫ਼ਾ ੨੬੨)

## ੨੦. ਕੰਸੁ

*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥* *(ਪੰਨਾ ੧੩੯੦)*

ਕੰਸੁ–ਰਾਜਾ ਉਗ੍ਰਸੇਨ ਦੀ ਇਸਤਰੀ ਦੇ ਉਦਰੋਂ ਦ੍ਰੁਮਿਲ ਦੈਂਤ ਦੇ ਵੀਰਜ ਤੋਂ ਪੈਦਾ ਹੋਇਆ ਇੱਕ ਮਥੁਰਾ ਦਾ ਰਾਜਾ, ਜੋ ਕ੍ਰਿਸ਼ਨ ਜੀ ਦਾ ਮਾਮਾ ਅਤੇ ਵਡਾ ਦੁਸ਼ਮਣ ਸੀ। ਕੰਸ ਜਰਾਸੰਧ ਮਗਧਪਤਿ ਦਾ ਜਮਾਈ (ਜਵਾਈ) ਸੀ। ਇਹ ਆਪਣੇ ਸਹੁਰੇ ਦੀ ਸਹਾਇਤਾ ਨਾਲ ਉਗ੍ਰਸੇਨ ਨੂੰ ਗੱਦੀ ਤੋਂ ਲਾਹ ਕੇ ਆਪ ਰਾਜਾ ਬਣ ਗਿਆ। ਕੰਸ ਨੇ ਆਪਣੀ ਭੈਣ ਦੇਵਕੀ, ਵਸੁਦੇਵ ਯਾਦਵ ਨੂੰ ਵਿਆਹੀ ਸੀ। ਵਿਆਹ ਵੇਲੇ ਆਕਾਸ਼ਬਾਣੀ ਹੋਈ ਕਿ ਦੇਵਕੀ ਦੇ ਅੱਠਵੇਂ ਗਰਭ ਤੋਂ ਕੰਸ ਦਾ ਨਾਸ਼ ਹੋਵੇਗਾ। ਇਸ ਲਈ ਕੰਸ ਨੇ ਦੇਵਕੀ ਅਤੇ ਵਸੁਦੇਵ ਨੂੰ ਕੈਦ ਕਰ ਲਿਆ, ਅਤੇ ਜੋ ਪੁਤ੍ਰ ਪੈਦਾ ਹੋਏ ਸਭ ਮਾਰ ਦਿੱਤੇ। ਅੱਠਵੇਂ ਗਰਭ ਵਿੱਚ ਕ੍ਰਿਸ਼ਨ ਜੀ ਆਏ, ਜੋ ਵਸੁਦੇਵ ਨੇ ਜੰਮਦੇ ਸਾਰ ਗੋਕੁਲ ਵਿੱਚ ਗੋਪਰਾਜ ਨੰਦ ਦੇ ਘਰ ਪਹੁੰਚਾ ਦਿੱਤੇ, ਅਤੇ ਯਸ਼ੋਦਾ ਦੇ, ਜੋ ਉਸੇ ਦਿਨ ਲੜਕੀ ਪੈਦਾ ਹੋਈ ਸੀ, ਉਹ ਕੰਸ ਨੂੰ ਲਿਆ ਦਿੱਤੀ, ਜੋ ਪੱਥਰ ਪੁਰ ਪਟਕਾ ਕੇ ਮਾਰੀ ਗਈ। ਕੰਸ ਨੇ ਕ੍ਰਿਸ਼ਨ ਜੀ ਦੇ ਮਾਰਣ ਦੇ ਬਹੁਤ ਉਪਾਉ ਕੀਤੇ, ਜੋ ਨਿਸ਼ਫਲ ਹੋਏ। ਅੰਤ ਨੂੰ ਕ੍ਰਿਸ਼ਨ ਜੀ ਨੇ ਧਨੁਖਯਗਜ ਵਿੱਚ ਪਹੁੰਚ ਕੇ ਆਪਣੇ ਮਾਮੇ ਕੰਸ ਨੂੰ ਕੇਸ਼ਾਂ ਤੋਂ ਫੜ ਕੇ ਪਛਾੜ ਮਾਰਿਆ, ਅਤੇ ਨਾਨਾ ਉਗ੍ਰਸੇਨ ਰਾਜਗੱਦੀ ਤੇ ਬੈਠਾਇਆ। "ਦੁਆਪਰਿ ਕ੍ਰਿਸਨ ਮੁਰਾਰਿ ਕੰਸ ਕਿਰਤਾਰਥੁ ਕੀਓ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹਜਨ ਦੀਓ॥" (ਸਵੈਯੇ ਮਃ ੧ ਕੇ) (ਮਹਾਨ ਕੋਸ਼, ਸਫ਼ਾ ੩੫੪)

## ੨੧. ਕਛ

*ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ*
*ਖੇਲੁ ਖੇਲਿਓ ਜਿਨਿ ਗਿੰਦ ਜੀਉ॥* *(ਪੰਨਾ ੧੪੦੩)*

ਕਛ: ਦੇਖੋ: ਕਛੁਕ।

ਕਛਪ ਅਵਤਾਰ: "ਆਪੇ ਮਛੁ ਕਛੁ ਕਰਣੀਕਰੁ...॥"

ਕਛਪ ਅਵਤਾਰ–ਭਾਗਵਤ ਵਿੱਚ ਕਥਾ ਹੈ ਕਿ ਜਦ ਦੇਵਤਾ ਅਤੇ ਦੈਂਤ ਖੀਰਸਮੁੰਦਰ ਰਿੜਕਣ ਲਗੇ, ਤਦ ਮੰਦਰਾਚਲ ਮਧਾਣੀ ਦੀ ਥਾਂ ਕੀਤਾ, ਪਰ ਮਧਾਣੀ ਇਤਨੀ

ਭਾਰੀ ਸੀ ਜੋ ਥੱਲੇ ਧਸਦੀ ਜਾਂਦੀ ਸੀ। ਵਿਸ਼ਨੂ ਨੇ ਕੱਛੂ ਦਾ ਰੂਪ ਧਾਰ ਕੇ ਮੰਦਰ ਦੇ ਹੇਠ ਪਿੱਠ ਦਿੱਤੀ, ਜਿਸ ਤੋਂ ਆਸਾਨੀ ਨਾਲ ਰਿੜਕਣ ਦਾ ਕੰਮ ਆਰੰਭ ਹੋਇਆ। ਵਜਾਸ ਜੀ ਨੇ ਲਿਖਿਆ ਹੈ ਕਿ ਕੱਛੂ ਦੀ ਪਿੱਠ ਲੱਖ ਯੋਜਨ (ਚਾਰ ਲੱਖ ਕੋਹ) ਦੀ ਸੀ। (ਮਹਾਨ ਕੋਸ਼, ਸਫ਼ਾ ੨੯੦)

## ੨੨. ਕਾਨੑ ਕੁਅਰ

*ਬਲਿਹਿ ਛਲਨ ਸਬਲ ਮਲਨ ਭਗ੍ਹਿ ਫਲਨ ਕਾਨੑ ਕੁਅਰ*
*ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ॥* *(ਪੰਨਾ ੧੪੦੩)*

ਕਾਨਜਕੁਅਰ ਕਾਨੑ (ਕ੍ਰਿਸ਼ਨ) ਕੁਮਾਰ, ਕ੍ਰਿਸ਼ਨ ਦੇਵ। (ਮਹਾਨ ਕੋਸ਼, ਸਫ਼ਾ ੩੧੯)

## ੨੩. ਕਿੰਨਰ

*ਸਿਮਰਹਿ ਸੋਈ ਨਾਮੁ ਜਖੵ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ॥(ਪੰਨਾ ੧੩੯੩)*

ਕਿੰਨਰ- ਨਿੰਦਿਤ ਸ਼ਕਲ ਦਾ ਨਰ, ਜਿਸਦਾ ਧੜ ਮਨੁੱਖ ਦਾ ਅਤੇ ਮੂੰਹ ਘੋੜੇ ਦਾ। ਇਹ ਪੁਲਸ੍ਤ੍ਯ ਰਿਖੀ ਦੀ ਉਲਾਦ ਹਨ। ਕੁਬੇਰ ਦੀ ਸਭਾ ਵਿੱਚ ਜਦ ਗੰਧਰਵ ਗਾਉਂਦੇ ਹਨ ਤਦ ਕਿੰਨਰ ਨਾਚ ਕਰਦੇ ਹਨ। ਇਹ ਸ੍ਵਰਗਲੋਕ ਵਿੱਚ ਭੀ ਨ੍ਰਿਤਯ ਕੀਤਾ ਕਰਦੇ ਹਨ। ਇਨ੍ਹਾਂ ਦਾ ਨਾਉਂ ਕਿੰਪੁਰੁਸ਼ ਭੀ ਹੈ। (ਮਹਾਨ ਕੋਸ਼, ਸਫ਼ਾ ੩੨੯)

## ੨੪. ਕਪਿਲਾਦਿ

*ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ॥* *(ਪੰਨਾ ੧੩੮੯)*

ਕਪਿਲਾਦਿ-ਕਪਿਲ ਆਦਿਕ ਮੁਨਿ। ਦੇਖੋ: ਕਪਿਲ।

ਕਪਿਲ- ਸਾਂਖ੍ਯ ਸ਼ਾਸਤ੍ਰ ਦਾ ਕਰਤਾ ਇੱਕ ਪ੍ਰਸਿੱਧ ਰਿਸ਼ੀ, ਜੋ ਦੇਵਹੂਤਿ ਦੇ ਉਦਰ ਤੋਂ ਕਰਦਮ ਦਾ ਪੁਤ੍ਰ ਸੀ। ਭਾਗਵਤ ਵਿੱਚ ਕਪਿਲ ਨੂੰ ਵਿਸ਼ਨੂ ਦਾ ਪੰਜਵਾਂ ਅਵਤਾਰ ਮੰਨਿਆਂ ਹੈ। ਗੀਤਾ ਵਿੱਚ ਕ੍ਰਿਸ਼ਨ ਜੀ ਨੇ "ਸਿੱਧਾਨਾਂ ਕਪਿਲੋ ਮੁਨਿঃ" ਕਥਨ ਕੀਤਾ ਹੈ। ਪੁਰਾਣਾ ਵਿੱਚ ਪ੍ਰਸੰਗ ਹੈ ਕਿ ਇਸ ਨੇ ਰਾਜਾ ਸਗਰ ਦੇ ੬੦੦੦੦ ਪੁਤ੍ਰ, ਜਦ ਕਿ ਉਹ ਇਦ੍ਰ ਕਰਕੇ ਚੁਰਾਏ ਹੋਏ ਘੋੜੇ ਦੀ ਤਲਾਸ਼ ਕਰ ਰਹੇ ਸਨ, ਇੱਕ ਵਾਰ ਦੇਖਣ ਨਾਲ ਹੀ ਭਸਮ ਕਰ ਦਿੱਤੇ ਸਨ। "ਗਾਵਹਿ ਕਪਿਲਾਦਿ ਆਦਿ ਜੋਗੇਸੁਰ।" (ਸਵੈਯੇ ਮਃ ੧ ਕੇ) । ਆਦਿਜੋਗੇਸ਼੍ਵਰ-ਭਾਵ-ਜਨਮਸਿੱਧ ਕਪਿਲ। (ਮਹਾਨ ਕੋਸ਼, ਸਫ਼ਾ ੨੯੫)

## ੨੫. ਕਬੀਰ

- *ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥* *(ਪੰਨਾ ੧੩੯੦)*
- *ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ॥(ਪੰਨਾ ੧੩੯੩)*
- *ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥* *(ਪੰਨਾ ੧੪੦੫)*
- *ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੵੋ ਜੁ ਪ੍ਰਗਾਸੁ॥* *(ਪੰਨਾ ੧੪੦੬)*
- *ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ॥* *(ਪੰਨਾ ੧੩੯੪)*

ਕਬੀਰ : ਭਾਰਤ ਦੇ ਪ੍ਰਸਿੱਧ ਭਗਤ ਕਬੀਰ ਜੀ, ਜਿਨ੍ਹਾਂ ਦਾ ਜਨਮ ਇੱਕ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਜੇਠ ਸੁਦੀ ੧੫। ਸੰਮਤ ੧੪੫੫ ਨੂੰ ਹੋਇਆ। ਇਨ੍ਹਾਂ ਦੀ

ਮਾਤਾ ਨੇ ਬਨਾਰਸ ਕੋਲ ਲਹਿਰ- ਤਲਾਉ ਦੇ ਪਾਸ ਨਵੇਂ ਜਨਮੇ ਬਾਲਕ ਨੂੰ ਰੱਖ ਦਿੱਤਾ, ਜਿਸ ਨੂੰ ਅਲੀ (ਨੀਰੂ) ਜੁਲਾਹੇ ਨੇ ਕ੍ਰਿਪਾ ਕਰਕੇ ਘਰ ਲੈ ਆਂਦਾ ਅਤੇ ਉਸ ਦੀ ਇਸਤ੍ਰੀ ਨੀਮਾ ਨੇ ਪੁਤ੍ਰ ਮੰਨ ਕੇ ਪਾਲਿਆ। (ਮਹਾਨ ਕੋਸ਼, ਸਫ਼ਾ ੨੯੮)

## ੨੬. ਕਬਿਲਾਸ

*ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ*
*ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ॥* *(ਪੰਨਾ ੧੪੦੪)*

ਕਬਿਲਾਸ-ਸੰ। ਕੈਲਾਸ। ਸੰਗਜਾ- ਕ (ਪਾਣੀ) ਵਿੱਚ ਲਸ (ਚਮਕ) ਰਹੇ ਬਿੱਲੌਰ ਸਮਾਨ ਜੋ ਚਿੱਟਾ ਹੋਵੇ, ਸੋ ਕੈਲਾਸ। ਇਹ ਮਾਨਸਰਵੋਰ ਤੋਂ ੨੫ ਮੀਲ ਉੱਤਰ ਹੈ। ਪੁਰਾਣਾਂ ਅਨੁਸਾਰ ਇਹ ਚਾਂਦੀ ਦਾ ਪਹਾੜ ਸੁਮੇਰੁ ਦੇ ਪੱਛਮ ਹੈ। ਇਸ ਪੁਰ ਸ਼ਿਵ ਦਾ ਨਿਵਾਸ ਹੈ। "ਕੋਟਿ ਮਹਾਦੇਵ ਅਰੁ ਕਬਿਲਾਸ।" (ਭੈਰਉ ਅਃ ਕਬੀਰ)
(ਮਹਾਨ ਕੋਸ਼, ਸਫ਼ਾ ੨੯੮)

## ੨੭. ਕ੍ਰਿਸ਼ਨ

*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥* *(ਪੰਨਾ ੧੩੯੦)*

ਕ੍ਰਿਸ਼ਨ : ਵਿਸ਼ਨੁ ਦਾ ਅੱਠਵਾਂ ਅਵਤਾਰ ਸ਼੍ਰੀ ਕ੍ਰਿਸ਼ਨ, ਜੋ ਭੋਜਵੰਸ਼ੀ ਦੇਵਕ ਦੀ ਪੁਤ੍ਰੀ ਦੇਵਕੀ ਦੇ ਗਰਭ ਤੋਂ ਯਦੁਵੰਸ਼ੀ ਵਸੁਦੇਵ ਦੇ ਪੁਤ੍ਰ ਸਨ। ਇਨ੍ਹਾਂ ਦਾ ਜਨਮ ਮਥੁਰਾ ਦੇ ਜੇਲ ਵਿੱਚ ਹੋਇਆ ਅਤੇ ਪਰਵਰਿਸ਼ ਗੋਕਲ ਪਿੰਡ ਵਿੱਚ ਨੰਦ ਗੋਪ ਦੇ ਘਰ ਯਸ਼ੋਦਾ ਦੀ ਨਿਗਰਾਨੀ ਵਿੱਚ ਹੋਈ। (ਮਹਾਨ ਕੋਸ਼, ਸਫ਼ਾ ੩੫੭)

## ੨੮. ਗੰਗਾ

*- ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ॥*
*(ਪੰਨਾ ੧੩੯੨)*

*- ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ॥*
*(ਪੰਨਾ ੧੪੦੧)*

*- ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ॥* *(ਪੰਨਾ ੧੪੦੯)*

ਗੰਗਾ: ਭਾਰਤ ਦੀ ਪ੍ਰਸਿੱਧ ਨਦੀ, ਜੋ ਹਿੰਦੂਮਤ ਵਿੱਚ ਅਤਿਪਵਿਤ੍ਰ ਮੰਨੀ ਗਈ ਹੈ। ਇਹ ਗੋਮੁਖ ਚਸ਼ਮੇ ਤੋਂ ਨਿਕਲਦੀ ਹੈ। ਰਸਤੇ ਵਿੱਚ ਅਨੇਕ ਜਲਧਾਰਾਂ ਨੂੰ ਆਪਣੇ ਨਾਲ ਮਿਲਾਉਂਦੀ ਹੋਈ ਹਰਿਦ੍ਵਾਰ ਦੇ ਮਕਾਮ ਭਾਰੀ ਨਦੀ ਬਣ ਜਾਂਦੀ ਹੈ। ਅਨੇਕ ਅਸਥਾਨਾਂ ਵਿੱਚਦੀਂ ੧੫੫੦ ਮੀਲ ਵਹਿੰਦੀ ਹੋਈ ਗੰਗਾਸਾਗਰ ਦੇ ਸੰਗਮ ਪੁਰ ਸਮੁੰਦਰ ਨਾਲ ਜਾ ਮਿਲਦੀ ਹੈ। "ਜਨ ਕੇ ਚਰਨ ਤੀਰਥ ਕੋਟਿ ਗੰਗਾ॥" (ਬਿਲਾਵਲੁ ਮਃ ੫) (ਮਹਾਨ ਕੋਸ਼, ਸਫ਼ਾ ੪੩੨)

## ੨੯. ਗੰਗੇਵ ਪਿਤਾਮਹ

*ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ॥*
*(ਪੰਨਾ ੧੩੯੩)*

ਗੰਗੇਵ ਪਿਤਾਮਹ : ਸੰ: ਗਾਂਗੇਯ। ਗੰਗਾ ਦਾ ਪੁਤ੍ਰ ਭੀਸ਼ਮ, ਜੋ ਕੌਰਵ ਪਾਂਡਵਾਂ ਦਾ ਪਿਤਾਮਹ (ਦਾਦਾ) ਸੀ। (ਮਹਾਨ ਕੋਸ਼, ਸਫ਼ਾ ੪੩੩)

**੩੦. ਗਣ**

*– ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ॥* *(ਪੰਨਾ ੧੩੯੩)*

*– ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ॥ (ਪੰਨਾ ੧੪੦੫)*

ਗਣ-ਦੇਵਤਿਆਂ ਦੇ ਦਾਸ਼, ਜਿਵੇਂ- ਯਮਗਣ, ਸ਼ਿਵਗਣ, ਆਦਿ "ਗਣ ਗੰਧਰਬ ਸਿਧ ਅਰੁ ਸਾਧਿਕ॥" (ਦੇਵ. ਮਃ ੫) (ਮਹਾਨ ਕੋਸ਼, ਸਫ਼ਾ ੩੯੪)

**੩੧. ਗੌਤਮ**

*ਸੁਖਦੇਉ ਪਰੀਖ੍ਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ॥* *(ਪੰਨਾ ੧੩੯੦)*

ਗੌਤਮ-ਗੋਤਮ ਵੰਸ਼ ਵਿੱਚ ਹੋਣ ਵਾਲਾ "ਸ਼ਰਦਵਤ" ਜਿਸ ਦੀ ਕਥਾ ਰਾਮਾਯਣ ਵਿੱਚ ਹੈ। ਇਹ ਅਹਲਯਾ ਦਾ ਪਤਿ ਅਤੇ ਜਨਕ ਦੇ ਪੁਰੋਹਿਤ ਸਤਾਨੰਦ ਦਾ ਪਿਤਾ ਸੀ। ਪੁਰਾਣਾਂ ਵਿੱਚ ਲਿਖਿਆ ਹੈ ਕਿ ਇਸ ਦੀ ਇਸਤ੍ਰੀ ਅਹਲਯਾ ਮਹਾ ਸੁੰਦਰੀ ਸੀ, ਜਿਸ ਪੁਰ ਇੰਦ੍ਰ ਮੋਹਿਤ ਹੋ ਗਿਆ। ਇੱਕ ਦਿਨ ਚੰਦ੍ਰਮਾ ਨੂੰ ਮੁਰਗਾ ਬਣਾਕੇ ਵੇਲੇ ਤੋਂ ਪਹਿਲਾਂ ਬਾਂਗ ਦਿਵਾਈ, ਜਿਸ ਤੋਂ ਗੌਤਮ ਅਗੇਤਾ ਹੀ ਨਦੀ ਪੁਰ ਨ੍ਹਾਉਂਣ ਚਲਾ ਗਿਆ। ਇੰਦ੍ਰ ਨੇ ਅਹਲਯਾ ਨਾਲ ਕੁਕਰਮ ਕੀਤਾ, ਜਦ ਗੌਤਮ ਨੂੰ ਪਤਾ ਲੱਗਾ, ਤਾਂ ਉਸ ਨੇ ਇਸਤ੍ਰੀ ਨੂੰ ਸ਼ਿਲਾਰੂਪ ਕਰ ਦਿੱਤਾ। ਇੰਦ੍ਰ ਦੇ ਸ਼ਰੀਰ ਪੁਰ ਹਜ਼ਾਰ ਭਗ ਦਾ ਚਿੰਨ੍ਹ ਹੋਣ ਦਾ ਸ੍ਰਾਪ ਦਿੱਤਾ ਅਤੇ ਚੰਦ੍ਰਮਾਂ ਨੂੰ ਖਈ ਰੋਗ ਲਾ ਦਿੱਤਾ।

(ਮਹਾਨ ਕੋਸ਼, ਸਫ਼ਾ ੪੨੮)

**੩੨. ਗੰਧਰਬ**

*ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ॥* *(ਪੰਨਾ ੧੩੯੩)*

*ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ॥ (ਪੰਨਾ ੧੪੦੫)*

ਗੰਧਰਬ-ਦੇਵਲੋਕ ਦਾ ਗਵੈਯਾ। ਅਥਰਵਵੇਦ ਵਿੱਚ ਗੰਧਰਵਾਂ ਦੀ ਗਿਣਤੀ ੬੩੩੩ ਹੈ। (ਮਹਾਨ ਕੋਸ਼, ਸਫ਼ਾ ੪੩੪)

**੩੩. ਗਨਿਕਾ**

*ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥ (ਪੰਨਾ ੧੪੦੦)*

ਗਨਿਕਾ-ਦੇਖੋ, ਗਣਿਕਾ ਅਤੇ ਗਨਕਾ। "ਤਾਰੀਲੇ ਗਨਿਕਾ ਬਿਨ ਰੂਪ ਕੁਬਿਜਾ॥" (ਗਉ ਨਾਮਦੇਵ)

ਗਨਕਾ-ਸੰ। ਗਣਿਕਾ। ਸੰਗਯਾ- ਵੇਸ਼ਯਾ। ਕੰਚਨੀ। ਦੇਖੋ, ਗਣਿਕਾ। ਗੁਰਬਾਣੀ ਵਿੱਚ ਦੋ ਗਨਿਕਾ ਦਾ ਪ੍ਰਸੰਗ ਆਉਂਦਾ ਹੈ। ਇੱਕ ਪਿੰਗਲਾ, ਜੋ ਰਾਜਾ ਜਨਕ ਦੀ ਪੁਰੀ ਵਿੱਚ ਰਹਿੰਦੀ ਸੀ। ਇੱਕ ਰਾਤ ਇਸ ਨੂੰ ਕੋਈ ਕਾਮੀ ਪੁਰਖ ਨਾ ਮਿਲਿਆ। ਅੱਧੀ ਰਾਤ ਵੀਤਣ ਪੁਰ ਮਨ ਨੂੰ ਪਛਤਾਵਾ ਹੋਇਆ ਅਤੇ ਖਿਆਲ ਉਪਜਿਆ ਕਿ ਜੇ ਇਤਨਾ ਧਯਾਨ ਅਤੇ ਪਿਆਰ ਕਰਤਾਰ ਵੱਲ ਜੋੜਦੀ, ਤਦ ਕੇਹਾ ਉੱਤਮ ਫਲ ਹੁੰਦਾ।

ਉਸੇ ਵੇਲੇ ਸਭ ਕੁਕਰਮ ਛੱਡਕੇ ਕਰਤਾਰ ਪਰਾਇਣ ਹੋਈ ਅਤੇ ਪਵਿਤ੍ਰ ਜੀਵਨ ਵਿਤਾਇਆ। ਇਸੇ ਗਨਿਕਾ ਨੂੰ ਦੱਤਾਤ੍ਰੇਯ ਜੀ ਨੇ ਗੁਰੂ ਕਲਪਿਆ ਸੀ। "ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।" (ਕੇਦਾ ਰਵਿਦਾਸ)

ਦੂਜੀ ਗਨਿਕਾ ਉਹ ਸੀ, ਜਿਸ ਨੂੰ ਕਿਸੇ ਸਾਧੂ ਨੇ ਤੋਤਾ ਦੇ ਕੇ ਹਰਿਨਾਮ ਸਿਖਾਉਣ ਦਾ ਉਪਦੇਸ਼ ਦਿੱਤਾ ਅਤੇ ਉਹ ਨਾਮਅਭਯਾਸ ਵਿੱਚ ਲੱਗ ਕੇ ਪਵਿਤ੍ਰਾਤਮਾ ਹੋ ਗਈ। "ਗਨਿਕਾ ਉਧਰੀ ਹਰਿ ਕਹੈ ਤੋਤ।" (ਬਸੰਤ ਅਃ ਮਃ ੫) "ਜਿਹ ਸਿਮਰਤ ਗਨਕਾ ਸੀ ਉਧਰੀ।" (ਸੋਰਠਿ ਮਃ ੯) ਦੇਖੋ ਗਨਿਕਾ।

(ਮਹਾਨ ਕੋਸ਼, ਸਫ਼ਾ ੩੯੬)

### ੩੪. ਗੋਰਖ

*ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ॥*

*(ਪੰਨਾ ੧੩੮੮)*

ਗੋਰਖ-ਜੋਗੀਆਂ ਦਾ ਆਚਾਰਯ ਗੋਰਖਨਾਥ, ਜਿਸ ਦਾ ਜਨਮ ਗੋਰਖਪੁਰ ਨਗਰ ਵਿੱਚ ਹੋਇਆ। ਬਹੁਤਿਆਂ ਨੇ ਗੋਰਖ ਨੂੰ ਮਛੇਂਦ੍ਰ (ਮਤਸਯੇਂਦ੍ਰ) ਨਾਥ ਦਾ ਚੇਲਾ ਅਤੇ ਪੁਤ੍ਰ ਲਿਖਿਆ ਹੈ। ਗੋਰਖਨਾਥ ਦੀ ਨੌ ਨਾਥਾਂ ਵਿੱਚ ਗਿਣਤੀ ਹੈ। ਜੋਗੀਆਂ ਦਾ ਕਨਪਟਾ ਪੰਥ ਇਸੇ ਮਹਾਤਮਾ ਤੋਂ ਚੱਲਿਆ ਹੈ। "ਜੋਗੀ ਗੋਰਖ ਗੋਰਖ ਕਰਿਆ।" (ਗਉੜੀ ਮਃ ੪) (ਮਹਾਨ ਕੋਸ਼, ਸਫ਼ਾ ੪੩੧)

### ੩੫. ਚਵਰਾਸੀਹ ਸਿਧ

*ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ॥ (ਪੰਨਾ ੧੩੯੩)*

ਵੇਖੋ: ਚੌਰਾਸੀ ਸਿੱਧ।

ਚੌਰਾਸੀ ਸਿੱਧ-ਯੋਗੀਆਂ (ਗੋਰਖਪੰਥੀਆਂ) ਦੇ ਮੰਨੇ ਹੋਏ ਸ਼ਿਰੋਮਣੀ ਯੋਗੀ, ਜਿਨ੍ਹਾਂ ਦੀ ਗਿਣਤੀ ਚੌਰਾਸੀ ਹੈ। (ਮਹਾਨ ਕੋਸ਼, ਸਫ਼ਾ ੪੭੯)

### ੩੬. ਛਿਅ ਦਰਸ਼ਨ

*ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ॥* *(ਪੰਨਾ ੧੩੯੩)*

ਵੇਖੋ: ਖਟ ਸ਼ਾਸਤ੍ਰ।

ਖਟ ਸ਼ਾਸਤ੍ਰ-ਹਿੰਦੂਮਤ ਦੇ ਛੀ ਮੁੱਖ ਸ਼ਾਸਤ੍ਰ। "ਖਟੁ ਸਾਸਤ ਵਿਚਰਤ ਮੁਖਿ ਗਿਆਨਾ॥" (ਮਾਝ ਮਃ ੫) "ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥" (ਸੁਖਮਨੀ) ਹਿਤ ਦੀ ਸਿਖ੍ਯਾ ਦੇਣ ਵਾਲੇ ਪੁਸਤਕ ਦਾ ਨਾਉਂ ਸ਼ਾਸਤ੍ਰ ਹੈ, ਪਰ ਖਾਸ ਕਰਕੇ ਖਟ ਸ਼ਾਸਤ੍ਰਾਂ ਵਾਸਤੇ ਏਹ ਪਦ ਵਰਤਿਆ ਜਾਂਦਾ ਹੈ। ਖਟ ਸ਼ਾਸਤ੍ਰ ਇਹ ਹਨ-ਵੈਸ਼ੇਸ਼ਿਕ, ਨ੍ਯਾਯ, ਸਾਂਖ, ਪਾਤੰਜਲ ਅਥਵਾ ਯੋਗ ਦਰਸ਼ਨ, ਮੀਮਾਂਸਾ, ਵੇਦਾਂਤ।

(ਮਹਾਨ ਕੋਸ਼, ਸਫ਼ਾ ੩੬੩)

### ੩੭. ਛੰਦ ਮੁਨੀਸੁਰ

*ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥ (ਪੰਨਾ ੧੩੮੮)*

ਛੰਦ ਮੁਨੀਸੁਰ : ਵੇਦਮੰਤ੍ਰਾਂ ਦੇ ਰਚਣ ਵਾਲੇ ਪ੍ਰਧਾਨ ਮੁਨਿ। ਵੈਦਿਕ। ਰਿਸ਼ੀ। "ਬ੍ਰਹਮਾਦਿਕ ਸਿਵ ਛੰਦ ਮੁਨੀਸੁਰ॥" (ਮਹਾਨ ਕੋਸ਼, ਸਫ਼ਾ ੪੯੫)

**੩੮. ਜਸੋਦ**

*ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ*
*ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥* *(ਪੰਨਾ ੧੪੦੨)*

ਜਸੋਦਾ-ਯਸ਼ੋਦਾ। ਦੇਖੋ, ਜਸੁਦਾ। ਜਸੁਦਾ, ਨੰਦ ਗੋਪ ਦੀ ਇਸਤ੍ਰੀ। ਜਿਸ ਨੇ ਕ੍ਰਿਸ਼ਨ ਜੀ ਨੂੰ ਪਾਲਿਆ। "ਜਿਉ ਜਸੁਦਾ ਘਰਿ ਕਾਨੁ।" (ਸ੍ਰੀ ਮਃ ੧ ਪਹਿਰੇ) (ਮਹਾਨ ਕੋਸ਼, ਸਫ਼ਾ ੪੯੭)

**੩੯. ਜਖ**

*ਸਿਮਰਹਿ ਸੋਈ ਨਾਮੁ ਜਖ੍ਯ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ॥*
*(ਪੰਨਾ ੧੩੮੩)*

ਜਖ੍ਯ, ਦੇਖੋ ਯਕਸ਼।
ਯਕਸ਼, ਦੇਵਤਿਆਂ ਦੀ ਇੱਕ ਖਾਸ ਜਾਤਿ। ਗੁਹਜਕ। ਕੁਬੇਰ ਦੀ ਸੇਵਾ ਵਿੱਚ ਰਹਿਣ ਵਾਲੇ ਦੇਵਤੇ। (ਮਹਾਨ ਕੋਸ਼, ਸਫ਼ਾ ੧੦੦੫)

**੪੦. ਜੈਦੇਵ**

- *ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥* *(ਪੰਨਾ ੧੩੯੦)*
- *ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ॥* *(ਪੰਨਾ ੧੩੯੪)*
- *ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥* *(ਪੰਨਾ ੧੪੦੫)*

ਜੈਦੇਵ-ਸੰ। ਜਯਦੇਵ। ਕਨੌਜ ਨਿਵਾਸੀ ਭੋਜਦੇਵ ਬ੍ਰਾਹਮਣ ਦਾ ਪੁਤ੍ਰ, ਜੋ ਰਮਾਦੇਵੀ ਦੇ ਉਦਰ ਤੋਂ ਕੇਂਦੂਲੀ (ਜਿਲਾ ਬੀਰਭੂਮਿ ਬੰਗਾਲ) ਵਿੱਚ ਪੈਦਾ ਹੋਇਆ। ਜਯਦੇਵ ਵੈਸ਼ਨਵ ਮਤਧਾਰੀ ਕ੍ਰਿਸ਼ਨ ਉਪਾਸਕ ਸੀ, ਪਰ ਤਤ੍ਵਵੇੱਤਾ ਸਾਧੂਆਂ ਦੀ ਸੰਗਤਿ ਕਰਕੇ ਕਰਤਾਰ ਦਾ ਅਨੰਨ ਸੇਵਕ ਹੋਇਆ। ਇਹ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦਾ ਪੂਰਣ ਪੰਡਿਤ ਸੀ। ਇਸ ਦਾ ਰਚਿਆ ਗੀਤਗੋਬਿੰਦ ਮਨੋਹਰ ਕਾਵ੍ਯ ਹੈ। ਜੈਦੇਵ ਰਾਗਵਿਦ੍ਯਾ ਦਾ ਪ੍ਰੇਮੀ ਸੀ ਅਤੇ ਆਪਣੀ ਇਸਤ੍ਰੀ ਪਦਮਾਵਤੀ ਨਾਲ ਮਿਲ ਕੇ ਮਨੋਹਰ ਸੁਰ ਨਾਲ ਆਪਣੇ ਰਚੇ ਪਦ ਗਾਇਆ ਕਰਦਾ ਸੀ। ਇਸੇ ਦੇ ਦੋ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੀ ਅਤੇ ਪ੍ਰਾਕ੍ਰਿਤ ਭਾਸ਼ਾ ਦੇ ਪਾਏ ਜਾਂਦੇ ਹਨ। "ਜੈਦੇਵ ਤਿਆਗਿਓ ਅਹੰਮੇਵ।" (ਬਸੰਤ ਅਃ ਮਃ ੫) (ਮਹਾਨ ਕੋਸ਼, ਸਫ਼ਾ ੫੩੪)

**੪੧. ਜਨਕਾਦਿ**

- *ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ॥*
*(ਪੰਨਾ ੧੩੮੯)*
- *ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ॥* *(ਪੰਨਾ ੧੩੯੦)*

ਜਨਕ : ਰਾਮਚੰਦ੍ਰ ਜੀ ਦਾ ਸਹੁਰਾ, ਸੀਤਾ ਦਾ ਪਿਤਾ ਸੀਰਧ੍ਵਜ, ਜੋ ਆਤਮਤਤ੍ਵ ਦਾ

ਵੇੱਤਾ ਅਤੇ ਨੀਤਿ ਦਾ ਪੁੰਜ ਸੀ। ਇਹ ਰਾਜ ਕਰਦਾ ਹੋਇਆ ਭੀ ਸੰਨਜਾਸੀ ਸੀ। ਜਨਕ ਦੀ ਸਭਾ ਵਿਦ੍ਵਾਨਾਂ ਅਤੇ ਰਿਖੀਆਂ ਨਾਲ ਭਰਪੂਰ ਰਹਿੰਦੀ ਸੀ।

(ਮਹਾਨ ਕੋਸ਼, ਸਫ਼ਾ ੫੦੩)

## ੪੨. ਜਮਦਗਨਿ

*ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ॥*

*(ਪੰਨਾ ੧੩੮੯)*

ਜਮਦਗਿਨ: ਸੰ. ਭ੍ਰਿਗੁਵੰਸ਼ ਵਿੱਚੋਂ ਇੱਕ ਬ੍ਰਾਹਮਣ, ਜੋ ਰਿਚੀਕ ਅਤੇ ਸਤਜਵਤੀ ਦਾ ਪੁਤ੍ਰ ਸੀ। ਜਮਦਗਨਿ ਦੀ ਮਾਤਾ ਸਤਜਵਤੀ ਛਤ੍ਰੀ ਵੰਸ਼ ਦੇ ਗਾਧਿ ਨਾਮੇਂ ਰਾਜੇ ਦੀ ਪੁਤ੍ਰੀ ਸੀ। ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਇੱਕ ਸਮੇਂ ਰਿਚੀਕ ਰਿਖੀ ਨੇ ਆਪਣੇ ਤਪ ਦੇ ਪ੍ਰਭਾਵ ਨਾਲ ਇੱਕ ਦਿਵਜ ਭੋਜਨ ਤਿਆਰ ਕੀਤਾ, ਜਿਸ ਦੇ ਖਾਣ ਤੋਂ ਬ੍ਰਾਹਮਣ ਦੀਆਂ ਸਿਫਤਾਂ ਵਾਲਾ ਪੁਤ੍ਰ ਹੋਵੇ। ਉਸ ਨੇ ਉਸੇ ਵੇਲੇ ਇੱਕ ਹੋਰ ਆਹਾਰ ਤਿਆਰ ਕਰਕੇ ਸਤਜਵਤੀ ਦੀ ਮਾਤਾ ਨੂੰ ਭੀ ਦਿੱਤਾ, ਜਿਸ ਦੇ ਅਸਰ ਨਾਲ ਯੋੱਧਾ ਪੁਤ੍ਰ ਜਨਮੇ। ਇਨ੍ਹਾਂ ਮਾਵਾਂ ਧੀਆਂ ਨੇ ਉਹ ਆਹਾਰ ਆਪਸ ਵਿੱਚ ਬਦਲ ਲਏ, ਇਸ ਲਈ ਰਿਚੀਕ ਦਾ ਪੁਤ੍ਰ ਜਮਦਗਨਿ ਤਾਂ ਯੋੱਧਾ ਹੋਇਆ ਤੇ ਗਾਧਿ ਛਤ੍ਰੀ ਦਾ ਪੁਤ੍ਰ ਵਿਸ਼੍ਵਾਮਿਤ੍ਰ ਬ੍ਰਾਹਮਣ ਹੋਇਆ। (ਮਹਾਨ ਕੋਸ਼, ਸਫ਼ਾ ੫੦੭)

## ੪੩. ਜਮੁਨਾ

*ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ*
*ਖੇਲੁ ਖੇਲਿਓ ਜਿਨਿ ਗਿੰਦ ਜੀਉ॥* *(ਪੰਨਾ ੧੪੦੩)*

ਜਮੁਨਾ, ਦੇਖੋ ਜਮਨਾ।

ਜਮਨਾ, ਭਾਰਤ ਦੀ ਇੱਕ ਪ੍ਰਸਿੱਧ ਨਦੀ, ਜਿਸ ਦੀ ਗਿਣਤੀ ਤ੍ਰਿਵੇਣੀ ਵਿੱਚ ਹੈ। ਪੁਰਾਣਾਂ ਨੇ ਇਸ ਨੂੰ ਸੂਰਜ ਦੀ ਪੁਤ੍ਰੀ ਦੱਸਿਆ ਹੈ। ਹਿੰਦੂਆਂ ਦਾ ਵਿਸ਼੍ਵਾਸ ਹੈ ਕਿ ਯਮੁਨਾ ਵਿੱਚ ਇਸ਼ਨਾਨ ਕਰਨ ਤੋਂ ਯਮ ਦੰਡ ਨਹੀਂ ਦਿੰਦਾ। (ਮਹਾਨ ਕੋਸ਼, ਸਫ਼ਾ ੫੦੭)

## ੪੪. ਤੇਤੀਸ ਕੋਰਿ

- *ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ॥* *(ਪੰਨਾ ੧੩੮੬)*
- *ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ ਜਤੀ ਤਪੀਸੁਰ ਮਨਿ ਵਸਿਆ॥* *(ਪੰਨਾ ੧੩੯੩)*
- *ਨਾਮੁ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ ਸਿਧ ਨਰ ਨਾਮਿ ਖੰਡ ਬ੍ਰਹਮੰਡ ਧਾਰੇ॥* *(ਪੰਨਾ ੧੩੯੩)*
- *ਜਾ ਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ ਗਣ ਤਰਹਿ ਤੇਤੀਸ ਗੁਰ ਬਚਨ ਸੁਣਿ ਕੰਨ ਰੇ॥* *(ਪੰਨਾ ੧੪੦੧)*

ਤੇਤੀਸ, ਤੇਤੀ ਕੋਟਿ (ਕ੍ਰੋੜਿ) ਦੇਵਤਾ। "ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ॥" (ਸਵੈਯੇ ਮ: ੩ ਕੇ) (ਮਹਾਨ ਕੋਸ਼, ਸਫ਼ਾ ੬੦੧)

## ੪੫. ਤ੍ਰਿਲੋਚਨ

*– ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥* *(ਪੰਨਾ ੧੩੯੦)*

*– ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ॥*

*(ਪੰਨਾ ੧੩੯੩)*

*– ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ॥* *(ਪੰਨਾ ੧੩੯੪)*

*– ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੈ॥* *(ਪੰਨਾ ੧੪੦੫)*

*– ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜ੍ਯੋ ਜੁ ਪ੍ਰਗਾਸੁ॥* *(ਪੰਨਾ ੧੪੦੬)*

ਤ੍ਰਿਲੋਚਨ–ਇੱਕ ਭਗਤ, ਜਿਸ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ। ਇਹ ਮਹਾਤਮਾ ਵੈਸ਼ਜ ਜਾਤਿ ਦਾ ਬਾਰਸੀ (ਜ਼ਿਲ੍ਹਾ ਸ਼ੋਲਾਪੁਰ) ਦਾ ਵਸਨੀਕ ਸੀ। ਇਸ ਦਾ ਜਨਮ ਸੰਮਤ ੧੩੨੫ ਵਿੱਚ ਹੋਇਆ ਸੀ। "ਤ੍ਰਿਲੋਚਨ ਗੁਰੁ ਮਿਲਿ ਭਈ ਸੁਧ॥" (ਬਸੰ ਅਃ ਮਃ ੫) (ਮਹਾਨ ਕੋਸ਼, ਸਫ਼ਾ ੬੦੯)

## ੪੬. ਦਸਰਥ

*ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥*

*(ਪੰਨਾ ੧੪੦੧)*

ਦਸ਼ਰਥ–ਅਯੋਧਜਾ ਦਾ ਪਤੀ ਰਘੁਵੰਸ਼ੀ ਅਜ ਦਾ ਪੁਤ੍ਰ, ਅਤੇ ਰਾਮਚੰਦ੍ਰ ਜੀ ਦਾ ਪਿਤਾ, ਜਿਸ ਦਾ ਰਥ ਦਸੋਂ–ਦਿਸ਼ਾ ਵਿੱਚ ਬਿਨਾ ਰੋਕ ਫਿਰਦਾ ਸੀ। ਰਾਮਾਇਣ ਵਿੱਚ ਇਸ ਦੀਆਂ ਇਸਤ੍ਰੀਆਂ ਤਿੰਨ ਸੌ ਤ੍ਰਿਵੰਜਾ ਲਿਖੀਆਂ ਹਨ, ਜਿਨ੍ਹਾਂ ਵਿੱਚੋਂ ਸ਼ਿਰੋਮਣਿ ਕੌਸ਼ਲਜਾ, ਕੈਕੇਯੀ ਅਤੇ ਸੁਮਿਤ੍ਰਾ ਸਨ। ਕੌਸ਼ਲਜਾ ਤੋਂ ਰਾਮ, ਕੈਕੇਯੀ ਤੋਂ ਭਰਤ ਅਤੇ ਸੁਮਿਤ੍ਰਾ ਤੋਂ ਲਛਮਣ ਅਤੇ ਸ਼ਤ੍ਰੁਘਨ ਜਨਮੇ।

ਇੱਕ ਵੇਰ ਯੁੱਧ ਵਿੱਚ ਕੈਕੇਯੀ ਨੇ ਦਸ਼ਰਥ ਦੀ ਸਹਾਇਤਾ ਕੀਤੀ ਸੀ। ਉਸ ਤੋਂ ਪ੍ਰਸੰਨ ਹੋ ਕੇ ਦੋ ਵਰ ਦਿੱਤੇ ਸਨ ਉਨ੍ਹਾਂ ਨੂੰ ਚੇਤੇ ਕਰਾ ਕੇ ਕੈਕੇਯੀ ਨੇ ਆਖਿਆ ਕਿ ਮੇਰੇ ਪੁਤ੍ਰ ਭਰਤ ਨੂੰ ਯੁਵਰਾਜ ਅਤੇ ਰਾਮ ਨੂੰ ੧੪ ਵਰ੍ਹੇ ਵਨਵਾਸ ਦਿਓ। ਰਾਜੇ ਨੂੰ ਇਹ ਗੱਲ ਮਜਬੂਰਨ ਮੰਨਣੀ ਪਈ, ਪਰ ਰਾਮ ਨੂੰ ਵਨਵਾਸ ਦੇਕੇ ਅਜਿਹਾ ਦੁਖੀ ਹੋਇਆ ਕਿ ਵਿਯੋਗ ਵਿੱਚ ਪ੍ਰਾਣ ਤਜਾਗ ਦਿੱਤੇ। (ਮਹਾਨ ਕੋਸ਼, ਸਫ਼ਾ ੬੧੬)

## ੪੭. ਦ੍ਰੋਪਤੀ

*ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥*

*(ਪੰਨਾ ੧੪੦੦)*

ਦ੍ਰੋਪਤੀ–ਦ੍ਰੁਪਦ ਰਾਜਾ ਦੀ ਪੁੱਤਰੀ ਕ੍ਰਿਸ਼ਨਾ, ਜੋ ਪੰਜਾਂ ਪਾਂਡਵਾਂ ਦੀ ਪਤਨੀ (ਵਹੁਟੀ) ਸੀ। ਮਹਾਂਭਾਰਤ ਵਿਚ ਕਥਾ ਹੈ ਕਿ ਰਾਜਾ ਦ੍ਰੁਪਦ ਨੇ ਇਕ ਮੱਛਯੰਤ੍ਰ ਰਚ ਕੇ ਪ੍ਰਤਿਗਜਾ ਕੀਤੀ ਸੀ ਕਿ ਜੋ ਤੀਰ ਨਾਲ ਮੱਛੀ ਦੀ ਅੱਖ ਵਿੰਨ੍ਹੇਗਾ ਉਹ ਕ੍ਰਿਸ਼ਨਾ ਨੂੰ ਵਰੇਗਾ। ਅਰਜੁਨ ਨੇ ਪਹਿਲੇ ਤੀਰ ਨਾਲ ਨਿਸ਼ਾਨਾ ਫੁੰਡਿਆ ਅਤੇ ਦ੍ਰੋਪਤੀ ਨੂੰ ਲੈ ਕੇ ਘਰ ਪਹੁੰਚਿਆ। ਮਾਤਾ ਦੇ ਵਚਨ ਅਨੁਸਾਰ ਪੰਜਾਂ ਭਾਈਆਂ ਨੇ ਦ੍ਰੋਪਤੀ ਨੂੰ ਸਾਂਝੀ

ਪਤਨੀ ਕਰਕੇ ਰੱਖਿਆ ਅਤੇ ਪੰਜਾਂ ਤੋਂ ਪੰਜ ਪੁੱਤਰ ਹੋਏ।
ਜਦ ਯੁਧਿਸ਼ਟਰ ਨੇ ਜੂਏ ਵਿਚ ਰਾਜ ਹਾਰ ਦਿੱਤਾ, ਤਦ ਦ੍ਰੋਪਤੀ ਭੀ ਦਾਉ ਵਿਚ ਲਾ ਕੇ ਹਾਰੀ ਗਈ। ਦੁਰਯੋਧਨ ਨੇ ਦੁਹਸਾਸਨ ਦੀ ਮਾਰਫ਼ਤ ਮਹਿਲਾਂ ਤੋਂ ਦ੍ਰੋਪਤੀ ਸਭਾ ਵਿਚ ਮੰਗਵਾਈ ਅਰ ਨੰਗੀ ਕਰਨ ਲਈ ਹੁਕਮ ਦਿੱਤਾ। ਉਸ ਵੇਲੇ ਦੀਨਮਨਾ ਦ੍ਰੋਪਤੀ ਨੇ ਕਰਤਾਰ ਦਾ ਅਰਾਧਨ ਕੀਤਾ, ਜਿਸ ਤੋਂ ਨੰਗੀ ਨਾ ਹੋ ਸਕੀ।

(ਮਹਾਨ ਕੋਸ਼, ਸਫ਼ਾ ੬੫੮)

## ੪੮. ਦੂਰਬਾ

*ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ॥* *(ਪੰਨਾ ੧੩੯੦)*

ਦੂਰਬਾ- ਦੇਖੋ, ਦੁਰਬਾਸਾ ਰਿਖੀ।
ਦੁਰਬਾਸਾ-ਇੱਕ ਰਿਖੀ, ਜੋ ਅਤ੍ਰਿ ਅਤੇ ਅਨਸੂਯਾ ਦਾ ਪੁਤ੍ਰ ਸੀ। ਕਈ ਕਹਿੰਦੇ ਹਨ ਕਿ ਇਹ ਸ਼ਿਵ ਤੋਂ ਉਤਪੰਨ ਹੋਇਆ ਹੈ। ਇਹ ਵਡਾ ਹੀ ਕ੍ਰੋਧੀ ਸੀ, ਇਸ ਨੇ ਕਈਆਂ ਨੂੰ ਸਰਾਪ ਦਿੱਤੇ। ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਇਸ ਨੇ ਇੰਦ੍ਰ ਨੂੰ ਇੱਕ ਮਾਲਾ ਦਿੱਤੀ, ਜਿਸ ਦੀ ਇੰਦ੍ਰ ਦੇ ਹਾਥੀ ਐਰਾਵਤ ਨੇ ਨਿਰਾਦਰੀ ਕੀਤੀ, ਇਸ ਪੁਰ ਦੁਰਵਾਸਾ ਨੇ ਇੰਦ੍ਰ ਨੂੰ ਸਰਾਪ ਦੇ ਦਿੱਤਾ ਕਿ ਤੇਰਾ ਰਾਜ ਤ੍ਰੈਲੋਕਾਂ ਤੋਂ ਟਲ ਜਾਵੇ। ਸਰਾਪ ਦੇ ਕਾਰਣ ਇੰਦ੍ਰ ਅਤੇ ਦੇਵਤੇ ਨਿਰਬਲ ਹੋ ਗਏ ਅਰ ਦੈਂਤਾਂ ਕੋਲੋਂ ਹਾਰਨ ਲੱਗ ਪਏ। ਅੰਤ ਵਿਚ ਦੇਵਤੇ ਵਿਸ਼ਨੁ ਦੀ ਸ਼ਰਣ ਜਾਪਏ ਅਤੇ ਉਸ ਦੀ ਆਗਜ਼ਾ ਅਨੁਸਾਰ ਦੇਵਤਿਆਂ ਨੇ ਸਮੁੰਦਰ ਰਿੜਕਕੇ ਅੰਮ੍ਰਿਤ ਅਤੇ ਹੋਰ ਕਈ ਰਤਨ ਕੱਢੇ, ਜਿਸ ਤੋਂ ਮੁੜ ਬਲਵਾਨ ਹੋਏ। (ਮਹਾਨ ਕੋਸ਼, ਸਫ਼ਾ ੬੪੫)

## ੪੯. ਧੋਮੁ

*ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ॥* *(ਪੰਨਾ ੧੩੮੯)*

ਧੋਮੁ-ਸੰ। ਧੌਮਯ। ਸੰਗਜ਼ਾ- ਧੂਮ ਰਿਖੀ ਦਾ ਪੁਤ੍ਰ, ਉੱਦਾਲਕ ਦਾ ਗੁਰੂ ਅਤੇ ਦੇਵਲ ਰਿਖੀ ਦਾ ਛੋਟਾ ਭਾਈ, ਜੋ ਪਾਂਡਵਾਂ ਦਾ ਪੁਰੋਹਿਤ ਸੀ। "ਗਾਵੈ ਗੁਣ ਧੋਮੁ।" (ਸਵੈਯੇ ਮਃ ੧। ਕੇ) (ਮਹਾਨ ਕੋਸ਼, ਸਫ਼ਾ ੬੭੩)

## ੫੦. ਧ੍ਰੂ

- *ਸਿਮਰਹਿ ਨਖ੍ਯ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ॥ (ਪੰਨਾ ੧੩੯੩)*
- *ਸਿਰੀ ਗੁਰੂ ਸਾਹਿਬੁ ਸਭ ਊਪਰਿ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ॥ (ਪੰਨਾ ੧੪੦੧)*
- *ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ॥ (ਪੰਨਾ ੧੪੦੨)*
- *ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ॥ (ਪੰਨਾ ੧੪੦੫)*
- *ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੵੋ ਜੁ ਪ੍ਰਗਾਸੁ॥ (ਪੰਨਾ ੧੪੦੬)*

ਧ੍ਰੁਵ - ਭਾਗਵਤ ਅਤੇ ਵਿਸ਼ਨੁਪੁਰਾਣ ਅਨੁਸਾਰ ਰਾਜਾ ਉੱਤਾਨਪਾਦ ਦਾ ਪੁਤ੍ਰ। ਕਥਾ ਹੈ ਕਿ ਉੱਤਾਨਪਾਦ ਦੇ ਦੋ ਰਾਣੀਆਂ ਸੁਨੀਤਿ ਅਤੇ ਸੁਰੁਚਿ ਸਨ। ਸੁਨੀਤਿ ਦੇ ਗਰਭ ਤੋਂ

ਧ੍ਰੂਵ ਅਤੇ ਸੁਰੁਚਿ ਦੇ ਪੇਟੋਂ ਉੱਤਮ ਪੈਦਾ ਹੋਇਆ। ਰਾਜੇ ਦਾ ਪ੍ਰੇਮ ਸੁਰੁਚਿ ਨਾਲ ਬਹੁਤ ਸੀ। ਇੱਕ ਦਿਨ ਪਿਤਾ ਦੀ ਗੋਦੀ ਉੱਤਮ ਨੂੰ ਬੈਠਾ ਦੇਖ ਕੇ ਧ੍ਰੂਵ ਨੇ ਭੀ ਬੈਠਣ ਦੀ ਇੱਛਾ ਕੀਤੀ। ਸੁਰੁਚਿ ਨੇ ਆਖਿਆ ਕਿ ਹੇ ਬਾਲਕ! ਤੂੰ ਐਸਾ ਯਤਨ ਨਾ ਕਰ, ਕਯੋਂਕਿ ਤੂੰ ਮੇਰੇ ਤੋਂ ਪੈਦਾ ਨਹੀਂ ਹੋਇਆ। ਰਾਜਾ ਦੀ ਗੋਦੀ ਅਤੇ ਸਿੰਘਾਸਨ ਉੱਪਰ ਕੇਵਲ ਮੇਰੇ ਉਦਰ ਤੋਂ ਪੈਦਾ ਹੋਇਆ ਪੁਤ੍ਰ ਬੈਠ ਸਕਦਾ ਹੈ। ਧ੍ਰੂਵ ਇਹ ਸੁਣ ਕੇ ਰੋਂਦਾ ਹੋਇਆ ਆਪਣੀ ਮਾਂ ਸੁਨੀਤਿ ਪਾਸ ਆਇਆ ਅਰ ਸਾਰਾ ਹਾਲ ਦੱਸਿਆ। ਮਾਤਾ ਨੇ ਆਖਿਆ ਕਿ ਪਜਾਰੇ ਪੁਤ੍ਰ, ਸੌਂਕਣ ਸੱਚ ਆਖਦੀ ਹੈ। ਤੂੰ ਮੇਰੇ ਜੇਹੀ ਅਭਾਗਣ ਦੇ ਉਦਰੋਂ ਜਨਮ ਕੇ ਰਾਜਆਸਨ ਪਰ ਕਿਵੇਂ ਬੈਠ ਸਕਦਾ ਹੈਂ? ਜੇ ਤੇਰੇ ਮਨ ਵਿੱਚ ਉੱਚਪਦ ਦੀ ਇੱਛਾ ਹੈ, ਤਾਂ ਭਗਵਾਨ ਦਾ ਆਰਾਧਨ ਅਤੇ ਤਪਸਜਾ ਕਰ। ਧ੍ਰੂਵ ਇਹ ਸੁਣਕੇ ਘਰੋਂ ਤੁਰ ਪਿਆ ਰਸਤੇ ਵਿੱਚ ਸੱਤ ਰਿੱਖੀ ਮਿਲੇ। ਉਨ੍ਹਾਂ ਨੇ ਬਾਲਕ ਤੇ ਕ੍ਰਿਪਾ ਕਰਕੇ ਮੰਤ੍ਰ ਉਪਦੇਸ਼ ਦਿੱਤਾ। ਧ੍ਰੂਵ ਨੇ ਮਧੁਵਨ ਵਿੱਚ ਜਾ ਕੇ ਅਜੇਹਾ ਘੋਰ ਤਪ ਕੀਤਾ ਕਿ ਵਿਸ਼ਨੁ ਨੇ ਸ਼ਾਖਸ਼ਾਤ ਦਰਸ਼ਨ ਦੇ ਕੇ ਧ੍ਰੂਵ ਦੀ ਸਾਰੀ ਕਾਮਨਾ ਪੂਰੀ ਕੀਤੀ। ਜਦ ਧ੍ਰੂਵ ਘਰ ਵਾਪਿਸ ਆਇਆ ਤਦ ਪਿਤਾ ਨੇ ਵਡੇ ਆਦਰ ਨਾਲ ਰਾਜਸਿੰਘਾਸਨ ਦਿੱਤਾ। ਇਸ ਦਾ ਦੂਜਾ ਭਾਈ ਸ਼ਿਕਾਰ ਗਿਆ ਯਕਸ਼ਾਂ ਨੇ ਮਾਰ ਦਿੱਤਾ। (ਮਹਾਨ ਕੋਸ਼, ਸਫ਼ਾ ੬੭੪)

## ੫੧. ਨਾਮਾ

- *ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥* *(ਪੰਨਾ ੧੩੯੦)*
- *ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ॥* *(ਪੰਨਾ ੧੩੯੩)*
- *ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ॥* *(ਪੰਨਾ ੧੩੯੪)*
- *ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥* *(ਪੰਨਾ ੧੪੦੫)*

ਨਾਮਦੇਵ-ਬੰਬਈ ਦੇ ਇਲਾਕੇ ਜ਼ਿਲ੍ਹਾ ਸਤਾਰਾ ਵਿੱਚ ਨਰਸੀ ਬਾਂਮਨੀ ਗ੍ਰਾਮ ਵਿੱਚ ਦਾਮਸ਼ੇਟੀ ਛੀਪੇ ਦੇ ਘਰ ਗੋਨਾਬਾਈ ਦੇ ਉਦਰ ਤੋਂ ਸੰਮਤ ੧੩੨੮ ਵਿੱਚ ਨਾਮਦੇਵ ਜੀ ਦਾ ਜਨਮ ਹੋਇਆ ਇਨ੍ਹਾਂ ਦੀ ਸ਼ਾਦੀ ਗੋਬਿੰਦਸ਼ੇਟੀ ਦੀ ਬੇਟੀ ਰਾਜਾਬਾਈ ਨਾਲ ਹੋਈ ਜਿਸ ਤੋਂ ਚਾਰ ਪੁਤ੍ਰ ਨਾਰਾਯਣ ਮਹਾਦੇਵ ਗੋਵਿੰਦ ਵਿੱਠਲ ਅਤੇ ਇੱਕ ਬੇਟੀ ਲਿੰਬਾ ਬਾਈ ਉਪਜੇ।

ਨਾਮਦੇਵ ਜੀ ਦੀ ਪਹਿਲੀ ਅਵਸਥਾ ਸ਼ਿਵ ਅਤੇ ਵਿਸ਼ਨੁ ਦੀ ਪੂਜਾ ਵਿੱਚ ਵੀਤੀ ਪਰ ਵਿਸ਼ੋਬਾ ਖੇਚਰ ਅਤੇ ਗਜਾਨਦੇਵ ਆਦਿਕ ਗਜਾਨੀਆਂ ਦੀ ਸੰਗਤਿ ਨਾਲ ਇਨ੍ਹਾਂ ਨੂੰ ਆਤਮਗਜਾਨ ਦੀ ਪ੍ਰਾਪਤੀ ਹੋਈ ਨਾਮਦੇਵ ਜੀ ਦੀ ਉਮਰ ਦਾ ਵਡਾ ਹਿੱਸਾ ਪੰਡਰਪੁਰ ਵਿੱਚ ਜੋ ਜ਼ਿਲ੍ਹਾ ਸ਼ੋਲਾਪੁਰ ਵਿੱਚ ਹੈ ਵੀਤਿਆ ਅਤੇ ਉਸੇ ਥਾਂ ਸੰਮਤ ੧੪੦੮ ਵਿੱਚ ਦੇਹਾਂਤ ਹੋਇਆ (ਮਹਾਨ ਕੋਸ਼, ਸਫ਼ਾ ੬੯੭)

## ੫੨. ਨਾਰਦ

- *ਸਿਮਰਹਿ ਨਖ੍ਯ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ॥* *(ਪੰਨਾ ੧੩੯੩)*

*– ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰਮੁਖਹਿ ਤਰਹਿ*
*ਇਕ ਨਾਮ ਲਗਿ ਤਜਹੁ ਰਸ ਅੰਨ ਰੇ॥* *(ਪੰਨਾ ੧੪੦੧)*

*– ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ॥ (ਪੰਨਾ ੧੪੦੫)*

ਨਾਰਦੁ–ਇੱਕ ਰਿਖੀ। ਜਿਸ ਨੇ ਰਿਗਵੇਦ ਦੇ ਕਈ ਮੰਤ੍ਰ ਰਚੇ ਹਨ। ਰਿਗਵੇਦ ਵਿੱਚ ਲਿਖਿਆ ਹੈ ਕਿ ਇਹ ਕਨ੍ਹ ਵੰਸ਼ ਵਿੱਚੋਂ ਸੀ। ਇੱਕ ਹੋਰ ਥਾਂ ਤੇ ਲਿਖਿਆ ਹੈ ਕਿ ਇਹ ਬ੍ਰਹਮਾ ਦੇ ਮਸਤਕ ਵਿੱਚੋਂ ਉਤਪੰਨ ਹੋਇਆ ਸੀ। ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਇਹ ਕਸ਼ਜਪ ਦਾ ਪੁਤ੍ਰ ਸੀ। ਮਹਾਭਾਰਤ ਅਤੇ ਹੋਰ ਕਈ ਪੁਰਾਣਾਂ ਵਿੱਚ ਲਿਖਿਆ ਹੈ ਕਿ ਨਾਰਦ ਨੇ ਦਕਸ਼ ਦੀ ਸ੍ਰਿਸ਼ਟਿ ਰਚਨਾ ਵਿੱਚ ਜਦ ਵਿਘਨ ਪਾਇਆ, ਤਦ ਦਕਸ਼ ਨੇ ਇਸ ਨੂੰ ਸਰਾਪ ਦੇ ਦਿੱਤਾ ਕਿ ਜਾਹ, ਤੂੰ ਫੇਰ ਕਿਸੇ ਇਸਤ੍ਰੀ ਦੇ ਉਦਰ ਵਿੱਚ ਪੈਕੇ ਮੁੜ ਜਨਮ ਲੈ। ਇਸ ਪੁਰ ਬ੍ਰਹਮਾ ਨੇ ਦਕਸ਼ ਦੀਆਂ ਮਿੰਨਤਾਂ ਕੀਤੀਆਂ, ਤਾਂ ਦਕਸ਼ ਨੇ ਇਹ ਗੱਲ ਮੰਨ ਲਈ ਕਿ ਨਾਰਦ, ਬ੍ਰਹਮਾ ਅਤੇ ਦਕਸ਼ ਦੀ ਇੱਕ ਲੜਕੀ ਦੇ ਸੰਯੋਗ ਨਾਲ ਜਨਮ ਲਏ। ਇਸ ਲਈ ਇਸ ਨੂੰ "ਬ੍ਰਾਮ੍ਹ" ਅਤੇ "ਦੇਵਬ੍ਰਹਮਾ" ਆਖਦੇ ਹਨ। ਨਾਰਦ ਗੰਧਰਵ ਅਥਵਾ ਸ੍ਵਰਗੀਯ ਰਾਗੀਆਂ ਵਿੱਚ ਸਭ ਤੋਂ ਮੋਹਰੀ ਸੀ। (ਮਹਾਨ ਕੋਸ਼, ਸਫ਼ਾ ੬੯੮)

## ੫੩. ਨਵ ਨਾਥ

*– ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ॥* *(ਪੰਨਾ ੧੩੯੦)*

*– ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ॥*
*(ਪੰਨਾ ੧੩੯੩)*

ਯੋਗੀਆਂ ਦੇ ਨੌ ਪ੍ਰਧਾਨ ਜੋਗੀ:– ਆਦਨਾਥ, ਮਛੇਂਦ੍ਰਨਾਥ, ਉਦਯਨਾਥ, ਸੰਤੋਖਨਾਥ, ਕੰਥੜਨਾਥ, ਸਤਜਨਾਥ, ਅਚੰਭਨਾਥ, ਚੌਰੰਗੀਨਾਥ ਅਤੇ ਗੋਰਖਨਾਥ।
(ਮਹਾਨ ਕੋਸ਼, ਸਫ਼ਾ ੬੯੬)

## ੫੪. ਪਰਸਰਾਮੇਸੁਰ

*ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ॥ (ਪੰਨਾ ੧੩੮੯)*

ਪਰਸਰਾਮੇਸੁਰ–ਪਰਸ਼ੁ (ਕੁਹਾੜਾਧਾਰੀ) ਰਾਮ ਅਵਤਾਰ। ਪਰਸ਼ੁਰਾਮ। ਕੁਹਾੜਾਧਾਰੀ ਰਾਮ। ਪੁਰਾਣਾਂ ਵਿੱਚ ਇਸ ਨੂੰ ਵਿਸ਼ਨੁ ਦਾ ਅਵਤਾਰ ਮੰਨਿਆ ਹੈ। ਇਹ ਜਮਦਗਨਿ ਬ੍ਰਾਹਮਣ ਅਤੇ ਰੇਣੁਕਾ ਦਾ ਪੰਜਵਾਂ ਪੁਤ੍ਰ ਸੀ। ਤ੍ਰੇਤਾ ਯੁਗ ਦੇ ਆਰੰਭ ਵਿੱਚ ਇਸ ਨੇ ਛਤ੍ਰੀਆਂ ਦਾ ਨਾਸ਼ ਕੀਤਾ। ਇਸ ਦੀ ਕਥਾ ਮਹਾਭਾਰਤ ਅਤੇ ਪੁਰਾਣਾਂ ਤਥਾ ਰਾਮਾਯਣ ਵਿੱਚ ਵਿਸਤਾਰ ਨਾਲ ਹੈ। (ਮਹਾਨ ਕੋਸ਼, ਸਫ਼ਾ ੭੪੩-੪੪)

## ੫੫. ਪ੍ਰਹਲਾਦਿ

*– ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ॥*
*(ਪੰਨਾ ੧੩੮੯)*

*– ਸਿਮਰਹਿ ਨਖ੍ਯਤ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ॥ (ਪੰਨਾ ੧੩੯੩)*

*– ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ॥* *(ਪੰਨਾ ੧੩੯੪)*
*– ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥*
*(ਪੰਨਾ ੧੪੦੦)*
*– ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ*
*ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ॥* *(ਪੰਨਾ ੧੪੦੧)*
*– ਸ੍ਰੀ ਪ੍ਰਹਲਾਦ ਭਗਤ ਉਧਰੀਅੰ॥ ਹਸ੍ਤ ਕਮਲ ਮਾਥੇ ਪਰ ਧਰੀਅੰ॥(ਪੰਨਾ ੧੪੦੧)*
*– ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ॥* *(ਪੰਨਾ ੧੪੦੫)*
*– ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜ੍ਯੋ ਜੁ ਪ੍ਰਗਾਸੁ॥* *(ਪੰਨਾ ੧੪੦੬)*

ਪ੍ਰਹਲਾਦ-ਪ੍ਰਹਲਾਦ ਇਹ ਸ਼ਬਦ ਪੁਹ੍ਰਾਦ ਭੀ ਹੈ। ਹਿਰਨਜਕਸ਼ਿਪ ਦਾ ਪੁਤ੍ਰ ਅਤੇ ਬਲਿ ਦਾ ਪਿਤਾ। ਪੁਰਾਣਕਥਾ ਹੈ ਕਿ ਹਿਰਨਜਕਸ਼ਿਪ ਨੇ ਦੇਵਤਿਆਂ ਨਾਲ ਯੁੱਧ ਕਰਕੇ ਸ੍ਵਰਗਲੋਕ ਇੰਦ੍ਰ ਕੋਲੋਂ ਲੈਲਿਆ ਸੀ। ਇਸ ਦਾ ਪੁਤ੍ਰ ਪ੍ਰਹਲਾਦ ਛੋਟੀ ਅਵਸਥਾ ਵਿੱਚ ਹੀ ਵਿਸ਼ਨੁ ਦਾ ਉਪਾਸਕ ਬਣ ਗਿਆ। ਉਸ ਦਾ ਪਿਤਾ ਬਹੁਤ ਗੁੱਸੇ ਹੋਇਆ ਅਤੇ ਪ੍ਰਹਲਾਦ ਨੂੰ ਮਾਰਨ ਦਾ ਹੁਕਮ ਦਿੱਤਾ, ਪਰ ਦੈਤਾਂ ਦੇ ਅਸਤ੍ਰ ਸਰਪਾਂ ਦੇ ਡੰਗ, ਹਾਥੀਆਂ ਦੇ ਦੰਦ, ਅੱਗ ਦੀਆਂ ਲਾਟਾਂ ਆਦਿਕ ਦਾ ਪ੍ਰਹਲਾਦ ਪੁਰ ਕੁਝ ਅਸਰ ਨਾ ਹੋਇਆ, ਪਰ ਹਿਰਨਜਕਸ਼ਿਪੁ ਨੂੰ ਦੰਡ ਦੇਣ ਲਈ ਵਿਸ਼ਨੁ ਨੇ ਨਰਸਿੰਹ ਅਵਤਾਰ ਧਾਰਿਆ।

ਪਿਤਾ ਦੇ ਪਰਲੋਕ ਜਾਣ ਪਿੱਛੋਂ ਪ੍ਰਹਲਾਦ ਦੈਤਾਂ ਦਾ ਰਾਜਾ ਬਣਿਆ ਅਤੇ ਪਾਤਾਲ ਵਿੱਚ ਰਹਿਣ ਲੱਗਾ। (ਮਹਾਨ ਕੋਸ਼, ਸਫ਼ਾ ੭੯੫-੯੬)

## ੫੬. ਪਰੀਖ੍ਯਤੁ

*ਸੁਖਦੇਉ ਪਰੀਖ੍ਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ॥* *(ਪੰਨਾ ੧੩੯੦)*

ਪਰੀਖ੍ਯਤੁ-ਦੇਖੋ ਪਰਿਕਿਸ਼ਤ।

ਪਰਿਕਿਸ਼ਤ-ਸੰਗਜਾ- ਇੱਕ ਚੰਦ੍ਰਵੰਸ਼ੀ ਰਾਜਾ, ਜੋ ਉੱਤਰਾ ਦੇ ਉਦਰ ਤੋਂ ਅਭਿਮਨਯੁ ਦਾ ਪੁਤ੍ਰ, ਅਰਜੁਨ ਦਾ ਪੋਤਾ ਅਤੇ ਜਨਮੇਜਯ ਦਾ ਪਿਤਾ ਸੀ। ਅਸ਼੍ਵੱਥਾਮਾ ਨੇ ਇਸ ਨੂੰ ਗਰਭ ਵਿੱਚ ਹੀ ਮਾਰ ਦਿੱਤਾ ਸੀ, ਪਰ ਕ੍ਰਿਸ਼ਨ ਜੀ ਨੇ ਇਸ ਨੂੰ ਜੀਵਨ ਬਖਸ਼ਿਆ, ਇਸੇ ਕਾਰਣ ਨਾਮ ਪਰਿਕਿਸ਼ਤ ਹੋਇਆ।

ਜਦ ਯੁਧਿਸ਼ਟਰ ਰਾਜ ਤਜਾਗ ਕੇ ਹਿਮਾਲਯ ਨੂੰ ਗਿਆ, ਤਦ ਹਸ੍ਤਿਨਾਪੁਰ ਅਤੇ ਇੰਦ੍ਰਪਸਥ ਦਾ ਰਾਜਾ ਪਰਿਕਿਸ਼ਤ ਹੋਇਆ।

(ਮਹਾਨ ਕੋਸ਼, ਸਫ਼ਾ ੭੫੨)

## ੫੭. ਪੁਰਾਣ

*ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ॥* *(ਪੰਨਾ ੧੪੦੯)*

ਪੁਰਾਣ, ਪ੍ਰਾਚੀਨ ਪ੍ਰਸੰਗ ਅਤੇ ਇਤਿਹਾਸ। ਵਜਾਸ ਅਤੇ ਉਸ ਦੇ ਨਾਉਂ ਤੋਂ ਹੋਰ ਵਿਦ੍ਵਾਨਾਂ ਦੇ ਰਚੇ ਹੋਏ ਇਤਿਹਾਸ ਨਾਲ ਮਿਲੇ ਧਰਮ ਗ੍ਰੰਥ, ਜਿਨ੍ਹਾਂ ਦੀ ਗਿਣਤੀ

ਅਠਾਰਾਂ ਹੈ ਅਤੇ ਸ਼ਲੋਕਾਂ ਦੀ ਗਿਣਤੀ ਚਾਰ ਲੱਖ ਹੈ।

(ਮਹਾਨ ਕੋਸ਼, ਸਫ਼ਾ ੭੭੮)

### ੫੮. ਪਾਰਥਉ

*ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ॥ (ਪੰਨਾ ੧੪੦੮)*

ਪਾਰਥਉ, ਪ੍ਰਿਥਾ (ਕੁੰਤੀ) ਦਾ ਪੁਤ੍ਰ ਅਰਜੁਨ। (ਮਹਾਨ ਕੋਸ਼, ਸਫ਼ਾ ੭੯੫)

### ੫੯. ਪਰੂਰਉ

*ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ॥ (ਪੰਨਾ ੧੩੯੦)*

ਪਰੂਰਉ-ਬੁਧ ਦਾ ਪੁਤ੍ਰ ਅਤੇ ਚੰਦ੍ਰਮਾ ਦਾ ਪੋਤਾ, ਜੋ ਇਲਾ ਦੇ ਗਰਭ ਤੋਂ ਪੈਦਾ ਹੋਇਆ। ਇਹ ਪਹਿਲਾ ਚੰਦ੍ਰਵੰਸ਼ੀ ਰਾਜਾ ਸੀ। ਇਸ ਦੀ ਰਾਜਧਾਨੀ ਪ੍ਰਯਾਗ ਪਾਸ ਪ੍ਰਤਿਸ਼੍ਠਾਨਪੁਰ (ਝੂਸੀ) ਸੀ। ਇਹ ਸਦਾਚਾਰੀ ਅਤੇ ਈਸ਼੍ਵਰ ਦਾ ਉਪਾਸਕ ਹੋਇਆ ਹੈ।

(ਮਹਾਨ ਕੋਸ਼, ਸਫ਼ਾ ੭੫੩)

### ੬੦. ਫਨਿੰਦ

*ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ*
*ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ॥ (ਪੰਨਾ ੧੪੦੩)*

ਫਨਿੰਦ-ਦੇਖੋ ਫਣੀਂਦ੍ਰ।

ਫਣੀਂਦ੍ਰ-ਸੰਗਯਾ- ਸੱਪਾਂ ਦਾ ਰਾਜਾ ਸ਼ੇਸ਼ਨਾਗ।

(ਮਹਾਨ ਕੋਸ਼, ਸਫ਼ਾ ੯੦੮-੦੯)

### ੬੧. ਬਿਸਨੁ

*ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ॥*
*(ਪੰਨਾ ੧੪੦੩)*

ਬਿਸਨੁ, ਹਿੰਦੂਆਂ ਦੇ ਤਿੰਨ ਦੇਵਤਿਆਂ ਵਿੱਚੋਂ ਚਤੁਰਭੁਜ ਜਗਤ ਪਾਲਕ ਦੇਵਤਾ "ਬਿਸਨ ਮਹੇਸ ਸਿਧ ਮੁਨਿ ਇੰਦ੍ਰਾ" (ਕਲਿ ਮਃ ੫)

(ਮਹਾਨ ਕੋਸ਼, ਸਫ਼ਾ ੮੬੧)

### ੬੨. ਬੇਣਿ

*ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ॥ (ਪੰਨਾ ੧੩੯੦)*

ਬੇਣਿ- ਇੱਕ ਭਗਤ, ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦੇਖੀ ਜਾਂਦੀ ਹੈ। ਇਸ ਦੇ ਜੀਵਨ ਦਾ ਹਾਲ ਕੁਝ ਮਾਲੂਮ ਨਹੀਂ। "ਭਗਤ ਬੇਣਿ ਗੁਣ ਰਵੈ॥" (ਸਵੈਯੇ ਮਃ ੧ ਕੇ)

ਭਾਈ ਗੁਰਦਾਸ ਜੀ ਨੇ ਬੇਣੀ ਭਗਤ ਦੀ ਕਥਾ ਦਸਵੀਂ ਵਾਰ ਵਿੱਚ ਲਿਖੀ ਹੈ ਕਿ ਉਸ ਦੀ ਲੋੜਾਂ ਪੂਰੀਆਂ ਕਰਨ ਲਈ ਕਰਤਾਰ ਨੇ ਰਾਜਾ ਰੂਪ ਹੋ ਕੇ ਸਾਰੇ ਪਦਾਰਥ ਦਿੱਤੇ। (ਮਹਾਨ ਕੋਸ਼, ਸਫ਼ਾ ੮੯੬)

## ੬੩. ਬਿਦਰੁ

*ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ॥* *(ਪੰਨਾ ੧੩੯੦)*

ਬਿਦਰੁ- ਦੇਖੋ ਵਿਦੁਰ।

ਵਿਦੁਰ-ਰਾਜਾ ਵਿਚਿਤ੍ਰਵੀਰਯ ਦੀ ਦਾਸੀ ਸੁਦੇਸ਼ਨਾ ਦੇ ਉਦਰ ਤੋਂ ਵਜਾਸ ਦਾ ਪੁਤ੍ਰ। ਇਹ ਵਡਾ ਗੁਣੀ, ਨੀਤਿਵੇੱਤਾ, ਈਸ਼੍ਵਰਭਗਤ ਅਤੇ ਸਤਜਵਕਤਾ ਸੀ। ਇਹ ਕੌਰਵ ਅਤੇ ਪਾਂਡਵਾਂ ਨੂੰ ਸਦਾ ਸੁਭ ਸਿਖਜਾ ਦਿੰਦਾ ਰਿਹਾ। ਮਹਾਭਾਰਤ ਦੇ ਜੰਗ ਸਮੇਂ ਇਹ ਕੌਰਵਾਂ ਵੱਲ ਸੀ, ਇਸ ਦੇ ਸਦਾਚਾਰ ਪੁਰ ਮੋਹਿਤ ਹੋ ਕੇ ਕ੍ਰਿਸ਼ਨ ਜੀ ਰਾਜਾ ਦੁਰਯੋਧਨ ਦਾ ਘਰ ਛੱਡ ਕੇ ਇਸ ਦੇ ਘਰ ਰਹੇ ਸਨ।

ਮਹਾਭਾਰਤ ਵਿੱਚ ਕਥਾ ਹੈ ਕਿ ਅਣੀਮਾਂਡਵਜ ਧਰਮਾਤਮਾ ਰਿਖੀ ਸੀ। ਇੱਕ ਬਾਰ ਚੋਰਾਂ ਦਾ ਟੋਲਾ ਚੋਰੀ ਕਰਕੇ ਰਿਖੀ ਦੇ ਆਸ਼੍ਰਮ ਆ ਲੁਕਿਆ। ਜਦ ਪੈੜੂ ਆਏ, ਤਦ ਚੋਰ ਸਾਮਾਨ ਛੱਡ ਕੇ ਨੱਠ ਗਏ। ਸਿਪਾਹੀਆਂ ਨੇ ਰਿਖੀ ਨੂੰ ਚੋਰ ਜਾਣ ਕੇ ਰਾਜੇ ਦੇ ਪੇਸ਼ ਕੀਤਾ, ਜਿਸ ਪੁਰ ਸੂਲੀ ਚਾੜ੍ਹਨ ਦੀ ਆਗਜਾ ਹੋਈ। ਸੂਲੀ ਨਾਲ ਵਿੰਨ੍ਹਿਆ ਹੋਇਆ ਰਿਖੀ ਧਰਮਰਾਜ ਪਾਸ ਗਿਆ ਅਤੇ ਕਾਰਣ ਪੁੱਛਿਆ ਕਿ ਮੈਨੂੰ ਇਹ ਦੁੱਖ ਕਿਉਂ ਮਿਲਿਆ। ਧਰਮਰਾਜ ਨੇ ਆਖਿਆ ਕਿ ਤੈਂ ਬਾਲ ਅਵਸਥਾ ਵਿੱਚ ਇੱਕ ਟਿੱਡੇ ਨੂੰ ਸੂਲ ਨਾਲ ਵਿੰਨ੍ਹਿਆ ਸੀ। ਮਾਂਡਵਯ ਨੇ ਤਦ ਤੋਂ ਇਹ ਰੀਤਿ ਥਾਪੀ ਕਿ ਚੌਦਾਂ ਵਰ੍ਹੇ ਤੋਂ ਹੇਠਲੀ ਉਮਰ ਦਾ ਕੀਤਾ ਕਰਮ ਫਲਦਾਇਕ ਨਾ ਹੋਵੇ, ਅਰ ਧਰਮਰਾਜ ਨੂੰ ਸ੍ਰਾਪ ਦਿੱਤਾ ਕਿ ਤੂੰ ਸ਼ੂਦ੍ਰ ਹੋ ਕੇ ਜਨਮ ਲੈ। ਇਸ ਪੁਰ ਧਰਮਰਾਜ ਵਿਦੁਰ ਹੋ ਕੇ ਜਨਮਿਆ।

(ਮਹਾਨ ਕੋਸ਼, ਸਫ਼ਾ ੧੧੦੦)

## ੬੪. ਬੇਦ

- *ਸਿਵ ਬਿਰੰਚਿ ਧਰਿ ਧ੍ਹਾਨੁ ਨਿਤਹਿ ਜਿਸੁ ਬੇਦੁ ਬਖਾਣੈ॥* *(ਪੰਨਾ ੧੪੦੪)*
- *ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਹਿਉ ਏਕ ਘਰੀ॥* *(ਪੰਨਾ ੧੪੦੮)*
- *ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ॥* *(ਪੰਨਾ ੧੪੦੯)*

ਬੇਦ, ਹਿੰਦੂ ਧਰਮ ਦੇ ਪ੍ਰਧਾਨ ਧਰਮ ਗ੍ਰੰਥ- ਰਿਗ, ਯਜੁਰ, ਸਾਮ ਅਤੇ ਅਥਰਵ। "ਬੇਦ ਸਿਮ੍ਰਿਤਿ ਕਥੈ ਸਾਸਤ॥" (ਧਨਾ. ਮਃ ੫) (ਮਹਾਨ ਕੋਸ਼, ਸਫ਼ਾ ੮੯੬)

## ੬੫. ਬਿਪਾਸ

*ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ॥*

*(ਪੰਨਾ ੧੪੦੦)*

ਬਿਪਾਸ-ਦੇਖੋ, ਬਿਆਸ।

ਪੰਜਾਬ ਦੇ ਪੰਜ ਨਦਾਂ ਵਿੱਚੋਂ ਇੱਕ ਦਰਿਆ, ਜੋ ਰੋਹਤੰਗ ਪਾਸੋਂ (ਇਲਾਕਾ ਕੁੱਲੂ ਤੋਂ) ਨਿਕਲ ਕੇ ਜ਼ਿਲਾ ਕਾਂਗੜਾ ਅਤੇ ਹੁਸ਼ਿਆਰਪੁਰ ਵਿੱਚ ੨੯੦ ਮੀਲ ਵਹਿੰਦਾ ਹੋਇਆ ਕਪੂਰਥਲੇ ਦੀ ਸਰਹੱਦ ਪੁਰ ਸ਼ਤਦ੍ਰਵ (ਸਤਲੁਜ) ਨੂੰ ਜਾ ਮਿਲਦਾ ਹੈ, ਜਿੱਥੇ

ਇਹ ਸੰਗਮ ਹੋਇਆ ਹੈ ਉਸ ਦਾ ਨਾਮ "ਹਰੀ ਕਾ ਪੱਤਨ ਹੈ।"

(ਮਹਾਨ ਕੋਸ਼, ਸਫ਼ਾ ੮੭੨)

## ੬੬. ਬ੍ਯਾਸੁ

*ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ॥* (ਪੰਨਾ ੧੩੯੦)

ਬਯਾਸੁ-ਦੇਖੋ, ਬਿਆਸ।

ਬਿਆਸ-ਇਕ ਰਿਖੀ ਜੋ ਮਤਸਯੋਦਰੀ ਦੇ ਉਦਰੋਂ ਪਰਾਸਰ ਦਾ ਪੁੱਤਰ ਸੀ। ਇਸ ਦਾ ਕਾਲਾ ਰੰਗ ਹੋਣ ਕਰਕੇ ਪਹਿਲਾ ਨਾਮ ਕ੍ਰਿਸ਼ਨ ਹੈ। ਜਮਨਾ (ਯਮੁਨਾ) ਦੇ ਟਾਪੂ (ਦੀਪ) ਵਿਚ ਜੰਮਣ ਤੋਂ ਦ੍ਵੈਪਾਯਨ ਹੈ। ਵੇਦਾਂ ਦੀ ਵੰਡ ਅਤੇ ਪੁਰਾਣ ਕਥਾ ਦਾ ਵਿਸਥਾਰ ਕਰਨ ਕਰਕੇ ਵ੍ਯਾਸ ਹੈ ਅਰ ਇਹੀ ਵੇਦ-ਵ੍ਯਾਸ ਕਰਕੇ ਸਦੀਦਾ ਹੈ। ਇਸ ਨੇ ਨਿਯੋਗ ਵਿਧੀ ਨਾਲ ਧ੍ਰਿਤਰਾਸ਼ਟਰ ਪਾਂਡੂ ਅਤੇ ਵਿਦੁਰ ਪੈਦਾ ਕੀਤੇ ਸਨ। ਇਹ ਵੱਡਾ ਕਵੀ ਅਤੇ ਚਤੁਰ ਹੋਇਆ ਹੈ। ਇਸ ਨੇ ਵੇਦਾਂਤ-ਸੂਤ੍ਰ ਰਚ ਕੇ ਛੇਵਾਂ ਦਰਸ਼ਨ ਕਾਯਮ ਕੀਤਾ। (ਮਹਾਨ ਕੋਸ਼, ਸਫ਼ਾ ੮੬੦)

## ੬੭. ਬੰਮ੍ਰਊ

*ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ*
*ਈਸੁ ਬੰਮ੍ਰਊ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ॥* (ਪੰਨਾ ੧੪੦੨)

੧. ਬ੍ਰਹਮਾ। ਚਤੁਰਾਨਨ। "ਈਸੁ ਬੰਮ੍ਰਊ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ॥" (ਸਵੈਯੇ ਮਃ ੪ ਕੇ)

੨. ਪ੍ਰਾ ਅਤੇ ਮਰਾ- ਬ੍ਰਹਮ ਦਾ ਸੰਖੇਪ।

(ਮਹਾਨ ਕੋਸ਼, ਸਫ਼ਾ ੮੯੫)

## ੬੮. ਬ੍ਰਹਮਾ

*- ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ॥* (ਪੰਨਾ ੧੩੯੦)

*- ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ॥* (ਪੰਨਾ ੧੪੦੩)

*- ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ॥* (ਪੰਨਾ ੧੪੦੯)

ਬ੍ਰਹਮਾ। ਚਤੁਰਾਨਨ। ਪਿਤਾਮਹ। ਪੁਰਾਣਾਂ ਅਨੁਸਾਰ ਜਗਤ ਰਚਣ ਵਾਲਾ ਦੇਵਤਾ, ਜਿਸ ਦੀ ਤਿੰਨ ਦੇਵਤਿਆਂ ਵਿੱਚ ਗਿਣਤੀ ਹੈ। "ਪ੍ਰਿਥਮੇ ਬ੍ਰਹਮਾ ਕਾਲੈ ਘਰਿ ਆਇਆ॥" (ਗਉ. ਅਃ ਮਃ ੧)

(ਮਹਾਨ ਕੋਸ਼, ਸਫ਼ਾ ੮੯੭)

## ੬੯. ਬ੍ਰਹਮਾਦਿਕ

*- ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ॥* (ਪੰਨਾ ੧੩੮੬)

*- ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥* (ਪੰਨਾ ੧੩੮੮)

*- ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ॥*

*(ਪੰਨਾ ੧੩੯੦)*

*- ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ॥*

*(ਪੰਨਾ ੧੪੦੩)*

ਬ੍ਰਹਮਾ ਤੋਂ ਲੈ ਕੇ ਸਭ ਦੇਵਤੇ। "ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ॥" (ਸਵੈਯੇ ਸ੍ਰੀ ਮੁਖਵਾਕ ਮਃ ੫)

(ਮਹਾਨ ਕੋਸ਼, ਸਫ਼ਾ ੮੯੭)

## ੭੦. ਬਿਰੰਚਿ

*- ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ॥* *(ਪੰਨਾ ੧੪੦੪)*

*- ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ*
*ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ॥* *(ਪੰਨਾ ੧੪੦੪)*

*- ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਯ੍ਯਿਉ ਏਕ ਘਰੀ॥*

*(ਪੰਨਾ ੧੪੦੮)*

ਬਿਰੰਚ, ਰਚਣ ਵਾਲਾ। ਬ੍ਰਹਮਾ। ਵਿਰੰਚਿ ਭੀ ਸਹੀ ਸੰਸਕ੍ਰਿਤ ਸ਼ਬਦ ਹੈ। "ਸਿਵ ਬਿਰੰਚਿ ਧਰਿ ਧਯਾਨ।" (ਸਵੈਯੇ ਮਃ ੪ ਕੇ) "ਸਿਵ ਬਿਰੰਚਿ ਅਰੁ ਸਗਲ ਮੋਨਿ ਜਨ॥" (ਗੂਜਰੀ ਮਃ ੫)

(ਮਹਾਨ ਕੋਸ਼, ਸਫ਼ਾ ੮੭੫)

## ੭੧. ਬਰਾਹ

*ਜਰਮ ਕਰਮ ਮਛ ਕਛ ਹੁਅ ਬਰਾਹ*
*ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ॥* *(ਪੰਨਾ ੧੪੦੩)*

ਬਰਾਹ-ਵਰਾਹ, ਸੂਰ।

ਵਰਾਹ, ਸੂਰ ਦੀ ਸ਼ਕਲ ਦਾ ਵਿਸ਼ਨੁ ਦਾ ਅਵਤਾਰ। ਪੁਰਾਣਕਥਾ ਹੈ ਕਿ ਹਿਰਨਜਾਕਸ਼ ਅਸੁਰ ਪ੍ਰਿਥਿਵੀ ਨੂੰ ਡੋਬ ਕੇ ਪਾਤਾਲ ਲੈ ਗਿਆ। ਵਰਾਹ ਨੇ ਇੱਕ ਹਜ਼ਾਰ ਵਰ੍ਹਾ ਲੜਾਈ ਕਰਕੇ ਅਸੁਰ ਨੂੰ ਮਾਰਿਆ ਅਤੇ ਜ਼ਮੀਨ ਆਪਣੇ ਟਿਕਾਣੇ ਠਹਿਰਾਈ।

(ਮਹਾਨ ਕੋਸ਼, ਸਫ਼ਾ ੧੦੮੫)

## ੭੨. ਬਲਿ

*- ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥* *(ਪੰਨਾ ੧੩੯੦)*

*- ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ॥* *(ਪੰਨਾ ੧੩੯੦)*

*- ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨੑ ਕੁਅਰ*
*ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ॥* *(ਪੰਨਾ ੧੪੦੩)*

ਬਲਿ-ਪ੍ਰਹਲਾਦ ਦਾ ਪੋਤਾ ਵਿਰੋਚਨ ਦਾ ਪੁਤ੍ਰ, ਜੋ ਵਿੰਧਜਾ ਵਲੀ ਦੇ ਉਦਰ ਤੋਂ ਪੈਦਾ ਹੋਇਆ। ਇਹ ਐਸਾ ਪ੍ਰਤਾਪੀ ਸੀ ਕਿ ਇੰਦ੍ਰ ਨੂੰ ਜਿੱਤ ਕੇ ਤਿੰਨ ਲੋਕਾਂ ਵਿੱਚ ਇਸ

ਨੇ ਆਪਣਾ ਰਾਜਾ ਥਾਪਿਆ। ਦੇਵਤਿਆਂ ਦੇ ਆਖੇ ਵਿਸ਼ਨੂ ਨੇ ਬਲਿ ਨੂੰ ਛਲਣ ਲਈ ਵਾਮਨ ਅਵਤਾਰ ਧਾਰਿਆ ਅਰ ਬਲਿ ਤੋਂ ਢਾਈ ਅਥਵਾ ਤਿੰਨ ਕਦਮ ਜ਼ਮੀਨ ਮੰਗੀ। ਬਲਿ ਨੇ ਦੈਂਤਗੁਰੁ ਸ਼ੁਕ੍ਰ ਦੇ ਵਰਜਣ ਪੁਰ ਭੀ ਜ਼ਮੀਨ ਦਾ ਸੰਕਲਪ ਵਾਮਨ ਨੂੰ ਦੇ ਦਿੱਤਾ। ਵਾਮਨ ਨੇ ਆਪਣਾ ਸ਼ਰੀਰ ਵਧਾ ਕੇ ਦੋ ਕਦਮ ਨਾਲ ਪ੍ਰਿਥਿਵੀ ਅਤੇ ਆਕਾਸ਼ ਮਿਣ ਲਏ, ਤੀਜੇ ਕਦਮ ਵਿੱਚ ਬਲਿ ਦਾ ਸ਼ਰੀਰ ਲੈ ਲਿਆ। ਵਿਸ਼ਨੂ ਨੇ ਇਸ ਦੀ ਭਗਤੀ ਦੇਖ ਕੇ ਬਲਿ ਨੂੰ ਪਾਤਾਲ ਦਾ ਰਾਜਾ ਥਾਪਿਆ ਅਤੇ ਉਸ ਦੀ ਬੇਨਤੀ ਅਨੁਸਾਰ ਉਸ ਦਾ ਦ੍ਵਾਰਪਾਲ ਹੋ ਕੇ ਰਹਿਣਾ ਅੰਗੀਕਾਰ ਕੀਤਾ।

(ਮਹਾਨ ਕੋਸ਼, ਸਫ਼ਾ ੮੪੪)

## ੨੩. ਭਰਥਰਿ

*ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ॥* *(ਪੰਨਾ ੧੩੯੦)*

ਭਰਥਰਿ-ਸੰ: ਭਰਤਰਹਰਿ। ਧਾਰਾ ਨਗਰੀ ਦਾ ਰਾਜਾ, ਮਹਾਰਾਜਾ ਵਿਕ੍ਰਮਾਦਿਤ੍ਯ ਉੱਜਯਨਪਤਿ ਦਾ ਭਾਈ, ਜੋ ਸੰਸਕ੍ਰਿਤ ਦਾ ਮਹਾਨ ਪੰਡਿਤ ਸੀ। ਇਹ ਆਪਣੀ ਇਸਤ੍ਰੀ ਦਾ ਵ੍ਯਭਿਚਾਰ ਦੇਖ ਕੇ ਅਜਿਹਾ ਉਪਰਾਮ ਹੋਇਆ ਕਿ ਰਾਜ ਤਿਆਗ ਕੇ ਯੋਗੀ ਬਣ ਗਿਆ। ਇਸ ਦੇ ਰਚੇ ਸ਼੍ਰਿੰਗਾਰਸ਼ੱਤਕ, ਨੀਤਿਸ਼ੱਤਕ ਅਤੇ ਵੈਰਾਗ੍ਯਸ਼ੱਤਕ ਮਨੋਹਰ ਗ੍ਰੰਥ ਹਨ।

(ਮਹਾਨ ਕੋਸ਼, ਸਫ਼ਾ ੯੦੬)

## ੨੪. ਮਹਾਦੇਉ

*- ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ॥*

*(ਪੰਨਾ ੧੩੯੦)*

*- ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ॥* *(ਪੰਨਾ ੧੩੯੦)*

ਮਹਾਦੇਉ-ਸ਼ਿਵ। "ਮਹਾਦੇਉ ਗੁਣ ਰਵੈ ਸਦਾ ਜੋਗੀ॥" (ਸਵੈਯੇ ਮਃ ੧ ਕੇ)

(ਮਹਾਨ ਕੋਸ਼, ਸਫ਼ਾ ੯੩੫)

## ੨੫. ਮਛ

*ਜਰਮ ਕਰਮ ਮਛ ਕਛ ਹੁਅ ਬਰਾਹ*
*ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ॥* *(ਪੰਨਾ ੧੪੦੩)*

ਮਛ, ਮਤਸ੍ਯ (ਮੱਛ) ਅਵਤਾਰ। "ਦੈ ਕੋਟਿਕ ਦਛਨਾ ਕ੍ਰੋਰ ਪ੍ਰਦਛਨਾ ਆਨ ਸੁ ਮਛ ਕੇ ਪਾਇ ਪਰੇ॥" (ਮੱਛਾਵਤਾਰ)

(ਮਹਾਨ ਕੋਸ਼, ਸਫ਼ਾ ੯੪੧)

## ੨੬. ਮਾਂਧਾਤਾ

*ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ॥* *(ਪੰਨਾ ੧੩੯੦)*

ਮਾਧਾਤਾ-ਸੰ.। ਮਾਂਧਾਤ੍ਰਿ। ਇਹ ਇਕ੍ਵਾਕੁਵੰਸ਼ੀ ਰਾਜਾ ਯੁਵਨਾਸ਼੍ਵ ਦਾ ਪੁਤ੍ਰ ਸੀ। ਹਰਿਵੰਸ਼ ਅਤੇ ਹੋਰ ਕਈ ਪੁਰਾਣਾਂ ਵਿੱਚ ਲਿਖਿਆ ਹੈ ਕਿ ਇਹ ਕੁਦਰਤ ਦੇ ਨਿਯਮ

ਅਨੁਸਾਰ ਅਪਣੀ ਮਾਤਾ ਗੌਰੀ ਦੇ ਉਦਰੋਂ ਉਤਪੰਨ ਹੋਇਆ ਸੀ, ਪਰ ਵਿਸ਼ਨੁਪੁਰਾਣ ਅਤੇ ਭਾਗਵਤ ਵਿੱਚ ਇੱਕ ਵਿਚਿਤ੍ਰ ਕਥਾ ਲਿਖੀ ਹੈ ਕਿ ਯੁਵਨਾਸ਼੍ਵ ਦੇ ਕੋਈ ਪੁਤ੍ਰ ਨਹੀਂ ਸੀ, ਇਸ ਲਈ ਉਸ ਨੂੰ ਵੱਡਾ ਫਿਕਰ ਹੋਇਆ। ਕਈ ਰਿਖੀਆਂ ਨੇ ਹਵਨ ਆਦਿ ਕੀਤੇ ਕਿ ਰਾਜੇ ਦੇ ਘਰ ਪੁੱਤ ਹੋਵੇ। ਇੱਕ ਦਿਨ ਉਨ੍ਹਾਂ ਨੇ ਇੱਕ ਪਵਿਤ੍ਰ ਜਲ ਦਾ ਘੜਾ ਇੱਕ ਉੱਚੀ ਜੇਹੀ ਥਾਂ 'ਤੇ ਪੂਜਾ ਲਈ ਰੱਖਿਆ, ਤਾਂ ਉਸ ਜਲ ਵਿੱਚ ਬੱਚਾ ਪੈਦਾ ਕਰਨ ਦੀ ਸ਼ਕਤਿ ਆ ਗਈ। ਰਾਤ ਨੂੰ ਯੁਵਨਾਸ਼੍ਵ ਨੂੰ ਪਿਆਸ ਲੱਗੀ। ਤਾਂ ਉਸ ਨੇ ਓਹ ਜਲ ਪੀ ਲਿਆ। ਜਲ ਦੇ ਪੀਣ ਨਾਲ ਉਸ ਨੂੰ ਗਰਭ ਹੋ ਗਿਆ, ਅਤੇ ਠੀਕ ਸਮੇਂ ਪੁਰ ਸੱਜੀ ਵੱਖੀ ਵਿੱਚੋਂ ਬਾਲਕ ਜਨਮਿਆ, ਜਦ ਰਿਖੀਆਂ ਨੇ ਪੁੱਛਿਆ ਕਿ ਇਸ ਬਾਲਕ ਨੂੰ ਦੁੱਧ ਕੌਣ ਪਿਆਵੇਗਾ, ਤਦ ਇੰਦ੍ਰ ਨੇ ਮੰਮੇ ਦੀ ਥਾਂ ਆਪਣੀ ਇੱਕ ਉਂਗਲ ਦੇ ਕੇ ਆਖਿਆ ਕਿ ਮੈਂ ਇਸ ਨੂੰ ਧਾਰਨ (ਪਾਲਨ) ਕਰਾਂਗਾ। ਇਸ ਲਈ ਬਾਲਕ ਦਾ ਨਾਮ "ਮਾਂਧਾਤ੍ਰਿ" ਰੱਖਿਆ ਗਿਆ। "ਮਾਂਧਾਤਾ ਗੁਣ ਰਵੈ॥" (ਸਵੈਯੇ ਮਃ ੧ ਕੇ)

(ਮਹਾਨ ਕੋਸ਼, ਸਫ਼ਾ ੯੬੪)

## ੨੭. ਰੁਕਮਾਂਗਦ

*ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ॥* *(ਪੰਨਾ ੧੩੯੪)*

ਰੁਕਮਾਂਗਦ-ਇੱਕ ਧਰਮਾਤਮਾ ਰਾਜਾ। ਜੋ ਮੋਹਿਨੀ ਦਾ ਪਤਿ ਅਤੇ ਧਰਮਾਂਗਦ ਦਾ ਪਿਤਾ ਸੀ। ਦੇਖੋ, ਇਸ ਦੀ ਕਥਾ ਨਾਰਦਪੁਰਾਣ, ਉੱਤਰ ਭਾਗ, ਅਧਜਾਯ ੯ ਤੋਂ ੩੮ ਤੀਕ। "ਰੁਕਮਾਂਗਦ ਕਰਤੂਤਿ॥" (ਸਵੈਯੇ ਮਃ ੩ ਕੇ)

(ਮਹਾਨ ਕੋਸ਼, ਸਫ਼ਾ ੧੦੪੧)

## ੨੮. ਰਘੁਬੰਸਿ

*- ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ॥*

*(ਪੰਨਾ ੧੩੯੮)*

*- ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥*

*(ਪੰਨਾ ੧੪੦੧)*

ਰਘੁ, ਰਘੁ ਦੀ ਕੁਲ ਦੇ ਲੋਕ, ਰਘੁਵੰਸ਼।

(ਮਹਾਨ ਕੋਸ਼, ਸਫ਼ਾ ੧੦੨੭)

## ੨੯. ਰੁਦ੍ਰਾਦਿਕ

*ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ॥*

*(ਪੰਨਾ ੧੪੦੩)*

ਰੁਦ੍ਰਾਦਿਕ-(ਰੁਦ੍ਰ ਆਦਿਕ) ਰੁਦ੍ਰ, ਰੋਣ ਵਾਲਾ, ਸ਼ਿਵ। ਦੇਖੋ, ਰੁਦ ਧਾ ਵਿਸ਼ਨੁਪੁਰਾਣ ਵਿੱਚ ਲਿਖਿਆ ਹੈ ਕਿ ਬ੍ਰਹਮਾ ਨੇ ਇੱਛਾ ਕੀਤੀ ਕਿ ਮੇਰੇ ਪੁਤ੍ਰ ਹੋਵੇ, ਝਟ ਉਸ ਦੇ ਮੱਥੇ ਵਿਚੋਂ ਬਾਲਕ ਪੈਦਾ ਹੋ ਗਿਆ, ਜੋ ਜੰਮਦਾ ਹੀ ਰੋਣ ਲੱਗਾ। ਬ੍ਰਹਮਾ ਨੇ ਉਸ ਦਾ ਨਾਮ ਰੁਦ੍ਰ (ਰੋਂਦੂ) ਰੱਖਿਆ। ਇਸ ਪੁਰ ਭੀ ਸੱਤ ਵਾਰ ਰੋ ਕੇ ਰੁਦ੍ਰ ਨੇ ਆਖਿਆ ਕਿ ਮੇਰੇ

ਹੋਰ ਨਾਮ ਥਾਪੇ, ਤਦ ਬ੍ਰਹਮਾ ਨੇ ਉਸ ਦੇ ਭਵ, ਸ਼ਰਵ, ਈਸ਼ਾਨ, ਪਸ਼ੁਪਤਿ, ਭੀਮ, ਉਗ੍ਰ ਅਤੇ ਮਹਾਦੇਵ ਇਹ ਸੱਤ ਨਾਮ ਰੱਖੇ। "ਬ੍ਰਹਮਾ ਬਿਸਨ ਰੁਦ੍ਰ ਤਿਸ ਕੀ ਸੇਵਾ॥" (ਮਾਰੂ ਸੋਲਹੇ ਮਃ ੩)

(ਮਹਾਨ ਕੋਸ਼, ਸਫ਼ਾ ੧੦੪੨)

## ੮੦. ਰਵਿ-ਸੁਤ

*ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ॥੩॥*

*(ਪੰਨਾ ੧੪੦੪)*

ਰਵਿ ਸੁਤ-ਸੂਰਜ ਦਾ ਪੁਤ੍ਰ ਯਮ। "ਰਵਿ ਕੇ ਸੁਤ ਕੋ ਤਿਨ ਤ੍ਰਾਸੁ ਕਹਾਂ?" (ਸਵੈਯੇ ਮਃ ੪ ਕੇ)

(ਮਹਾਨ ਕੋਸ਼, ਸਫ਼ਾ ੧੦੨੫)

## ੮੧. ਰਵਿਦਾਸੁ

*ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥*

*(ਪੰਨਾ ੧੩੯੦)*

ਰਵਿਦਾਸੁ-ਕਾਸ਼ੀ ਦਾ ਵਸਨੀਕ, ਜੋ ਰਾਮਾਨੰਦ ਦਾ ਚੇਲਾ ਸੀ। ਇਹ ਗਿਆਨ ਦੇ ਬਲ ਕਰਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ। ਰਵਿਦਾਸ ਕਬੀਰ ਦਾ ਸਮਕਾਲੀ ਸੀ। ਇਸ ਨੂੰ ਬਹੁਤ ਪੁਸਤਕਾਂ ਵਿੱਚ ਰੈਦਾਸ ਭੀ ਲਿਖਿਆ ਹੈ। ਰਵਿਦਾਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। "ਕਹਿ ਰਵਿਦਾਸ ਖਲਾਸ ਚਮਾਰਾ।" (ਗਉੜੀ)

(ਮਹਾਨ ਕੋਸ਼, ਸਫ਼ਾ ੧੦੨੫)

## ੮੨. ਰਾਮ

*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥* *(ਪੰਨਾ ੧੩੯੦)*

ਰਾਮ- ਸੂਰਯਵੰਸ਼ੀ ਅਯੋਧਯਾਪਤਿ ਰਾਜਾ ਦਸ਼ਰਥ ਦੇ ਸੁਪੁਤ੍ਰ, ਜੋ ਰਾਣੀ ਕੌਸ਼ਲਯਾ ਦੇ ਉਦਰ ਤੋਂ ਚੇਤ ਸੁਦੀ ੯। ਨੂੰ ਜਨਮੇ। ਆਪ ਨੇ ਵਸ਼ਿਸ਼ਟ ਅਤੇ ਵਾਮਦੇਵ ਤੋਂ ਵੇਦ ਵੇਦਾਂਗ ਪੜ੍ਹੇ ਅਰ ਵਿਸ਼੍ਵਾਮਿਤ੍ਰ ਤੋਂ ਸ਼ਸਤ੍ਰਵਿਦਯਾ ਸਿੱਖੀ। ਵਿਸ਼੍ਵਾਮਿਤ੍ਰ ਦੇ ਜੱਗ ਵਿੱਚ ਵਿਘਨ ਕਰਨ ਵਾਲੇ ਸੁਬਾਹੁ ਮਰੀਚ ਆਦਿਕਾਂ ਨੂੰ ਦੰਡ ਦੇ ਕੇ ਜਨਕਪੁਰੀ ਜਾ ਕੇ ਸ਼ਿਵ ਦੇ ਧਨੁਖ ਨੂੰ ਤੋੜ ਕੇ ਸੀਤਾ ਨੂੰ ਵਰਿਆ। ਪਿਤਾ ਦੀ ਆਗਯਾ ਨਾਲ ੧੪ ਵਰ੍ਹੇ ਬਨ ਵਿੱਚ ਰਹੇ ਅਰ ਰਿਖੀਆਂ ਨੂੰ ਦੁੱਖ ਦੇਣ ਵਾਲੇ ਦੁਰਾਚਾਰੀਆਂ ਨੂੰ ਦੰਡ ਦੇ ਕੇ ਸ਼ਾਂਤਿ ਅਸਥਾਪਨ ਕੀਤੀ। ਸੀਤਾ ਹਰਣ ਵਾਲੇ ਰਾਵਣ ਨੂੰ ਦੱਖਣ ਦੇ ਜੰਗਲੀ ਲੋਕਾਂ (ਵਾਨਰ ਵਨਨਰਾਂ) ਦੀ ਸਹਾਇਤਾ ਨਾਲ ਮਾਰ ਕੇ ਸੀਤਾ ਸਹਿਤ ਅਯੋਧਯਾ ਆ ਕੇ ਰਾਜਸਿੰਘਸਨ ਤੇ ਵਿਰਾਜੇ।

(ਮਹਾਨ ਕੋਸ਼, ਸਫ਼ਾ ੧੦੩੨)

■

# ਭਾਈ ਸੱਤੇ ਬਲਵੰਡ ਦੀ ਵਾਰ ਦਾ ਵਿਸ਼ਾ-ਵਸਤੂ

*-ਸ. ਕੁਲਦੀਪ ਸਿੰਘ ਉਗਾਣੀ**

ਭਾਈ ਸੱਤੇ ਬਲਵੰਡ ਦੀ ਵਾਰ ਪਰੰਪਰਾਗਤ ਲੋਕ-ਵਾਰਾਂ ਅਤੇ ਗੁਰੂ-ਵਾਰਾਂ ਦੋਨਾਂ ਨਾਲੋਂ ਵਿਲੱਖਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੯੬੬ ਤੋਂ ੯੬੮ ਤੀਕ ੮੮ ਪੰਕਤੀਆਂ ਦੀ ਇਹ ਵਾਰ ਜਿੱਥੇ ਗੁਰੂ-ਸੰਸਥਾ ਦੇ ਆਸ਼ੇ 'ਤੇ ਖਰੀ ਉਤਰਦੀ ਹੈ ਉੱਥੇ ਸਿੱਖ ਇਤਿਹਾਸਕ ਨੁਕਤਿਆਂ ਦੀ ਪ੍ਰੋੜ੍ਹਤਾ ਵੀ ਕਰਦੀ ਹੈ। ਗੁਰਬਾਣੀ ਦੇ ਪ੍ਰੋੜ੍ਹ ਵਿਆਖਿਆਕਾਰ ਪ੍ਰੋ. ਸਾਹਿਬ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੀ ਸਤਵੀਂ ਪੋਥੀ ਵਿਚ ਪੰਨਾ ੧੯੬ ਤੋਂ ੨੨੧ ਤੀਕ ਭਾਈ ਸੱਤਾ ਤੇ ਭਾਈ ਬਲਵੰਡ ਦੇ ਜੀਵਨ ਤੇ ਰਚਨਾ ਬਾਰੇ ਭਰਪੂਰ ਚਰਚਾ ਕਰਦੇ ਹੋਏ ਇਸ ਸਿੱਟੇ 'ਤੇ ਪੁੱਜਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਦੋ ਕੀਰਤਨੀਏ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਸਨ। ਇਨ੍ਹਾਂ ਕਾਫੀ ਚਿਰ ਗੁਰੂ-ਘਰ ਦੀ ਸੇਵਾ ਕੀਤੀ। ਭਾਈ ਸੱਤਾ ਜੀ ਦੀ ਲੜਕੀ ਜਦੋਂ ਮੁਟਿਆਰ ਹੋ ਗਈ ਤਾਂ ਉਨ੍ਹਾਂ ਦੋਹਾਂ ਨੇ ਰਲ਼ ਕੇ ਲੜਕੀ ਦੇ ਹੱਥ ਪੀਲੇ ਕਰਨ ਲਈ ਗੁਰੂ ਜੀ ਪਾਸ ਮਾਇਆ ਲਈ ਬਿਨੈ ਕੀਤੀ ਕਿ ਉਨ੍ਹਾਂ ਨੂੰ ਵਿਸਾਖ ਦੀ ਸੰਗਰਾਂਦ ਦਾ ਚੜ੍ਹਾਵਾ ਦਿੱਤਾ ਜਾਵੇ। ਗੁਰੂ ਜੀ ਨੇ ਹਾਂ ਕਰ ਦਿੱਤੀ। ਕੁਦਰਤੀ ਚੜ੍ਹਾਵਾ ਥੋੜ੍ਹਾ ਚੜ੍ਹਿਆ ਤੇ ਭਾਈ ਸੱਤੇ-ਭਾਈ ਬਲਵੰਡ ਨੂੰ ਮਾਇਆ ਲੋੜ ਨਾਲੋਂ ਥੋੜ੍ਹੀ ਮਿਲੀ। ਨਤੀਜੇ ਵਜੋਂ ਦੋਵੇਂ ਕੀਰਤਨੀਏ ਗੁਰੂ-ਘਰ ਨਾਲੋਂ ਰੁੱਸ ਗਏ। ਗੁਰੂ ਜੀ ਕੀਰਤਨੀਆਂ ਦੇ ਸਤਿਕਾਰ ਲਈ ਉਨ੍ਹਾਂ ਪਾਸ ਗਏ ਤੇ ਕੀਰਤਨ ਕਰਨ ਲਈ ਆਖਿਆ ਪਰੰਤੂ ਉਨ੍ਹਾਂ ਕੋਈ ਪਰਵਾਹ ਨਾ ਕੀਤੀ। ਦੋ ਕੁ ਮਹੀਨੇ ਲੰਘੇ ਤਾਂ ਭਾਈ ਸੱਤਾ ਤੇ ਭਾਈ ਬਲਵੰਡ ਰੋਜ਼ਾਨਾ ਲੋੜਾਂ ਦੀ ਪੂਰਤੀ ਤੋਂ ਵੀ ਆਤੁਰ ਹੋ ਗਏ ਤਾਂ ਭਾਈ ਲੱਧਾ ਜੀ ਲਾਹੌਰ ਵਾਲਿਆਂ ਨੂੰ ਵਿੱਚ ਪਾ ਕੇ ਪੰਚਮ ਪਾਤਸ਼ਾਹ ਜੀ ਪਾਸੋਂ ਮੁਆਫੀ ਮੰਗੀ ਅਤੇ ਗੁਰੂ-ਘਰ ਦੀ ਉਸਤਤਿ ਕੀਤੀ ਤੇ ਰਾਮਕਲੀ ਰਾਗ ਵਿਚ ਇਹ ਵਾਰ ਉਚਾਰੀ।

ਇਸੇ ਵਾਰ ਵਿਚ ਭਾਈ ਸੱਤਾ ਤੇ ਭਾਈ ਬਲਵੰਡ ਦੁਆਰਾ ਗੁਰੂ-ਸੰਸਥਾ ਦੀ ਉਸਤਤ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੀਕ ਵੱਖ-ਵੱਖ ਗੁਰੂ-ਸ਼ਖ਼ਸੀਅਤਾਂ ਦੇ ਸਾਰੇ ਪੱਖਾਂ 'ਤੇ ਚਾਨਣਾ ਪਾਉਂਦੇ ਹੋਏ ਗੁਰੂ ਸੰਸਥਾ ਦਾ ਯਸ਼ ਗਾਉਂਦੇ ਹਨ। ਜਿੱਥੇ ਇੱਕੀ ਗੁਰੂ-ਵਾਰਾਂ ਗੁਰੁ-ਸੰਸਥਾ ਦਾ ਮਹਿਲ ਉਸਾਰਦੀਆਂ ਹਨ ਉਥੇ ਇਹ ਵਾਰ ਗੁਰੂ-ਸੰਸਥਾ ਦੀ ਅਤਿ ਭਾਵਭਿੰਨੀ ਸਿਫ਼ਤ ਕਰਦੀ ਹੋਈ ਸਿੱਖ-ਸਿਧਾਂਤਾਂ ਦਾ ਨਿਰੂਪਣ ਕਰਦੀ ਹੈ। ਕਰਤਾ ਪੁਰਖ ਦੀ ਪ੍ਰਭੂਸੱਤਾ ਤੇ ਮਹਾਨਤਾ ਦਾ ਪ੍ਰਗਟਾਵਾ ਕਰਦੇ ਹੋਏ ਭਾਈ ਬਲਵੰਡ ਜੀ ਕਹਿੰਦੇ ਹਨ:

** # ੫੪੯, ਅਮਰਦੀਪ ਕਾਲੋਨੀ, ਰਾਜਪੁਰਾ (ਪਟਿਆਲਾ) ਮੋ: ੯੮੭੨੨-੯੧੫੦੦*

*ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ॥* *(ਪੰਨਾ ੯੬੬)*

ਜਿਸ 'ਤੇ ਅਕਾਲ ਪੁਰਖ ਦੀ ਮਿਹਰ ਹੈ ਉਸ ਵਰਗਾ ਹੋਰ ਕੌਣ ਹੋ ਸਕਦਾ ਹੈ? ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਸੰਬੰਧੀ ਮਹੱਤਵਪੂਰਨ ਗੱਲ ਇਹੀ ਕਹਿੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਰਾਜ ਚਲਾਇਆ ਹੈ ਇਹ ਸੰਸਾਰਕ ਰਾਜ ਨਹੀਂ, ਇਹ ਧਰਮ ਦਾ ਰਾਜ ਹੈ ਜਿਸ ਦੀ ਨੀਂਹ ਸਤ ਦੇ ਬਲ ਉੱਤੇ ਹੈ। ਇਹ ਤਾਂ ਅਧਿਆਤਮਕ ਰਾਜ ਹੈ:

*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥*
*ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥* *(ਪੰਨਾ ੯੬੬)*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਗੁਣ ਬਾਣੀਕਾਰ 'ਅਕਥਨੀਯ' ਦੱਸਦਾ ਹੈ। ਇਸ ਦੈਵੀ ਸ਼ਖ਼ਸੀਅਤ ਵਿਚ ਸਤ ਵਰਗੇ ਗੁਣ ਸੁਭਾਵਕ ਹੀ ਸਮੋਏ ਹੋਏ ਹਨ:

*ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ॥* *(ਪੰਨਾ ੯੬੬)*

ਵਾਰ ਦਾ ਨਾਇਕ ਗੁਰ-ਸੰਸਥਾ ਦੀ ਜੀਵਨ-ਜੁਗਤ ਹੈ ਜਿਹੜੀ ਸਰਵਭੌਮਿਕ ਹੈ। ਇਸ ਜੀਵਨ-ਜੁਗਤ ਨਾਲ ਸੰਸਾਰ ਵਿਚ ਰਹਿੰਦਿਆਂ ਕਰਤਾ ਪੁਰਖ ਦੀ ਪ੍ਰਾਪਤੀ ਹੁੰਦੀ ਹੈ। ਬਾਣੀਕਾਰਾਂ ਦੁਆਰਾ ਗੁਰਮਤਿ ਜੀਵਨ-ਜੁਗਤ ਦਾ ਇਕ ਅਤਿ ਮਹੱਤਵਪੂਰਨ ਅਤੇ ਨਿਵੇਕਲਾ ਪੱਖ ਜਿਹੜਾ ਤਤਕਾਲੀਨ ਵਰਤਾਰੇ ਤੋਂ ਬਿਲਕੁਲ ਉਲਟ ਸੀ ਉਲਟੀ ਗੰਗਾ ਬਹਾਉਣ ਵਾਲਾ ਪ੍ਰਤੀਤ ਹੁੰਦਾ ਹੈ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਲਹਿਣਾ ਜੀ ਅੱਗੇ ਨਮਸਕਾਰ ਕੀਤੀ ਅਤੇ ਆਪਣੇ ਜਿਊਂਦਿਆਂ ਹੀ ਉਸ ਨੂੰ ਗੁਰਗੱਦੀ ਦਾ ਟਿੱਕਾ ਦਿੱਤਾ:

*ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥*
*ਸਹਿ ਟਿਕਾ ਦਿਤੋਸੁ ਜੀਵਦੈ॥* *(ਪੰਨਾ ੯੬੬)*

ਭਾਈ ਸੱਤਾ ਜੀ ਆਖਦੇ ਹਨ:

*ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥*
*ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ॥* *(ਪੰਨਾ ੯੬੭)*

ਇਸ ਵਾਰ ਵਿਚ ਗੁਰੂ ਤੇ ਪਾਰਬ੍ਰਹਮ ਅਭੇਦ ਹੋ ਗਏ ਹਨ। ਬਾਣੀਕਾਰ ਗੁਰੂ-ਸੰਸਥਾ ਦੀ ਸਿਫ਼ਤ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਦਾ ਈਸ਼ਵਰ ਤੇ ਨਾਥ ਸਵੀਕਾਰਦਾ ਹੈ। ਭਾਈ ਸੱਤਾ ਜੀ ਇਸ ਵਾਰ ਵਿਚ ਹਿੰਦੂ ਧਰਮ ਦੇ ਦੇਵਤਿਆਂ ਤੇ ਦੈਤਾਂ ਦੇ ਸਮੁੰਦਰ ਰਿੜਕਣ ਦਾ ਪ੍ਰਤੀਕ ਵਰਤਦੇ ਹਨ। ਗੁਰੂ ਜੀ ਨੇ ਉੱਚੀ ਸੁਰਤ ਦਾ ਮਾਧਾਣਾ ਪਾ ਕੇ ਮਨ ਰੂਪ ਸੱਪ ਦਾ ਨੇਤਰਾ ਪਾ ਕੇ ਸ਼ਬਦ ਰੂਪੀ ਸਮੁੰਦਰ ਨੂੰ ਰਿੜਕਿਆ ਤੇ ੧੪ ਰਤਨ ਕੱਢੇ। ਇਸ ਨਾਲ ਸਾਰਾ ਸੰਸਾਰ ਸੁਖ ਰੂਪ ਹੋ ਗਿਆ।

*ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ॥*
*ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥* *(ਪੰਨਾ ੯੬੭)*

ਗੁਰੂ-ਸੰਸਥਾ ਦੀ ਜੀਵਨ-ਜੁਗਤ ਦਾ ਨਿਵੇਕਲਾ ਲੱਛਣ ਜੋਤ ਦੀ ਏਕਤਾ ਹੈ ਜਿਹੜੀ ਕਾਇਆ ਪਲਟਣ ਨਾਲ ਬਦਲਦੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣਾ ਉੱਤਰਾਧਿਕਾਰੀ ਚੁਣਨ ਵੇਲੇ ਆਪਣੇ ਪੁੱਤਰਾਂ ਤੇ ਸੇਵਕਾਂ ਦੀ ਘੋਖ ਕਰਦੇ ਹਨ। ਜਦੋਂ ਇਹ ਪਰਪੱਕ ਹੋ ਗਿਆ ਕਿ ਭਾਈ ਲਹਿਣਾ ਜੀ ਹੀ ਇਸ ਜੀਵਨ-ਜੁਗਤ ਦੇ ਯੋਗ ਹਨ ਤਾਂ:

*ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥*
*ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥* *(ਪੰਨਾ ੯੬੭)*

ਭਾਈ ਗੁਰਦਾਸ ਜੀ ਵੀ ਗੁਰੂ-ਸੰਸਥਾ ਦੀ ਉਸਤਤ ਕਰਦੇ ਹੋਏ ਇਸ ਨੂੰ ਜੋਤ ਦਾ ਜੋਤ ਵਿਚ ਸਮਾਉਣਾ ਆਖਦੇ ਹਨ:

*ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ।*
*(ਵਾਰ ੨੪:੬)*

ਪ੍ਰੋ. ਸ਼ੇਰ ਸਿੰਘ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਨਾ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਹੀ ਸੀ ਸਗੋਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਕਾਰ-ਵਿਹਾਰ, ਖਿਆਲ ਤੇ ਕਰਮ ਸਭ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ ਸਨ।

ਗੁਰਮਤਿ ਵਿਚ ਗੁਰੂ ਦੀ ਖਾਸ ਮਹੱਤਤਾ ਹੈ। ਗੁਰੂ ਦਾ ਭਾਵ ਪ੍ਰਕਾਸ਼ ਕਰਨ ਵਾਲਾ ਜਾਂ ਰਹਿਨੁਮਾ ਹੈ। ਜਦੋਂ ਪੰਜ-ਭੂਤਕ ਸਰੀਰ ਨਹੀਂ ਰਹਿੰਦਾ ਤਾਂ ਉਸ ਗੁਰੂ ਦੇ ਮੁੱਖ ਦੁਆਰਾ ਉਚਰਤਿ 'ਬਚਨ' ਹੀ ਗੁਰੂ ਦਾ ਸਥਾਨ ਗ੍ਰਹਿਣ ਕਰਦੇ ਹਨ ਅਤੇ ਅਸਲ ਵਿਚ ਸ਼ਬਦ ਹੀ ਗੁਰੂ ਹੈ। ਜਿਵੇਂ ਕੋਠੇ ਦੀ ਛੱਤ ਨੂੰ ਥੰਮੀ ਦਾ ਸਹਾਰਾ ਹੁੰਦਾ ਹੈ ਇਵੇਂ ਹੀ ਗੁਰੂ ਦੇ ਸ਼ਬਦ ਦਾ ਸਹਾਰਾ ਮਨ ਨੂੰ ਹੁੰਦਾ ਹੈ:

*ਜਿਉ ਮੰਦਰ ਕਉ ਥਾਮੈ ਥੰਮਨੁ॥*
*ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥* *(ਪੰਨਾ ੨੮੨)*

ਗੁਰੂ ਜਿੱਥੇ ਅਧਿਆਤਮਿਕ ਮੰਡਲਾਂ ਦਾ ਪੱਥ-ਪ੍ਰਦਰਸ਼ਕ ਹੈ ਉੱਥੇ ਗੁਰੂ ਮਨੁੱਖ-ਮਾਤਰ ਨੂੰ ਸੰਸਾਰ ਵਿਚ ਰਹਿਣ ਦੇ ਯੋਗ ਵੀ ਬਣਾਉਂਦਾ ਹੈ। ਸੰਸਾਰ ਵਿਚ ਰਹਿਣ ਲਈ ਮਨੁੱਖ ਦਾ ਸਦਾਚਾਰ ਬਹੁਤ ਉੱਚਾ ਹੋਣਾ ਜ਼ਰੂਰੀ ਹੈ। ਇਹ ਸਦਾਚਾਰ ਗੁਰੂ ਦੀ ਕਿਰਪਾ, ਭਾਣਾ ਜਾਂ ਰਜ਼ਾ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਦਾ ਹੁਕਮ ਮੰਨਣਾ ਅਲੂਣੀ ਸਿਲ ਚੱਟਣ ਦੇ ਸਮਾਨ ਹੈ। ਭਾਈ ਬਲਵੰਡ ਜੀ ਗੁਰੂ ਦੇ ਹੁਕਮ ਦੀ ਮਨਉਤ 'ਤੇ ਬਲ ਦਿੰਦੇ ਹੋਏ ਕਹਿੰਦੇ ਹਨ:

*ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥*
*ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥*
*ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥*
*ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥*
*ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥*

*ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥* *(ਪੰਨਾ ੯੬੬-੬੭)*

ਗੁਰੂ-ਹੁਕਮ 'ਤੇ ਫੁੱਲ ਚੜ੍ਹਾਉਣੇ ਅਤੇ ਉਸ ਨੂੰ ਅਮਲੀ ਰੂਪ ਦੇਣਾ ਆਦਿ ਨੂੰ ਭਗਤ ਕਵੀ 'ਮਰਦਾਂ ਦੀ ਘਾਲ' ਕਹਿੰਦੇ ਹਨ। ਇਸ ਘਾਲ ਸਦਕਾ ਹੀ ਅਕਾਲ ਪੁਰਖ ਦੇ ਦਰ 'ਤੇ ਪ੍ਰਵਾਨ ਚੜ੍ਹ ਸਕੀਦਾ ਹੈ।

*ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥* *(ਪੰਨਾ ੯੬੭)*

ਅਸਲ ਵਿਚ ਮਨੁੱਖ ਦਾ ਮਨ ਹੀ ਅਸਲ ਵੈਰੀ ਹੈ। ਇਸ ਨੂੰ ਵੱਸ ਕਰਨਾ ਅਤਿ ਆਵੱਸ਼ਕ ਸਮਝਿਆ ਗਿਆ ਹੈ ਜਿਸ ਲਈ ਜਪ, ਤਪ ਤੇ ਸੰਜਮ ਆਦਿ ਗੁਣਾਂ ਦੀ ਪ੍ਰਾਪਤੀ 'ਤੇ ਜ਼ੋਰ ਦਿੱਤਾ ਗਿਆ ਹੈ। ਭਾਈ ਲਹਿਣਾ ਜੀ ਭਾਵ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਣਾਤਮਕ ਤੌਰ 'ਤੇ ਹੀ ਵਡਿਆਈ ਮਿਲਦੀ ਹੈ। ਸਦਾਚਾਰਕ ਪਰਪੱਕਤਾ ਤੋਂ ਬਾਅਦ ਸਿਮਰਨ ਤੇ ਸਾਧਨਾ ਨਾਲ ਨਾਮ ਜਪਿਆ ਜਾ ਸਕਦਾ ਹੈ। ਪਰੰਤੂ ਜਿੱਥੇ 'ਹਉਮੈ' ਹੋਵੇ ਉਥੇ ਨਾਮ ਨਹੀਂ ਟਿਕ ਸਕਦਾ ਇਸ ਲਈ ਪੰਜ ਦੂਤਾਂ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦਾ ਵਿਨਾਸ਼ ਅਤਿ ਆਵੱਸ਼ਕ ਹੈ। ਇਨ੍ਹਾਂ ਪੰਜ ਵਿਕਾਰਾਂ ਦੇ ਮੁਕਾਬਲੇ ਪੰਜ ਸ਼ੁਭ ਕਰਮ ਸਤਿ, ਸੰਤੋਖ, ਦਇਆ, ਧਰਮ ਤੇ ਸੱਚ ਹਨ। ਗੁਰਮਤਿ ਜੀਵਨ-ਜੁਗਤ ਵਿਚ ਇਨ੍ਹਾਂ ਦੋਵਾਂ ਦੀ ਟੱਕਰ ਵਿਚ ਸ਼ੁੱਭ ਕਰਮਾਂ ਦੀ ਜਿੱਤ ਹੁੰਦੀ ਹੈ। ਮੁਕਾਬਲੇ 'ਤੇ ਪਤਿਤ ਸੰਸਾਰ ਹਉਮੈ ਦੀ ਅੱਗ ਵਿਚ ਸੜਦਾ ਰਹਿੰਦਾ ਹੈ:

*ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ॥* *(ਪੰਨਾ ੯੬੭)*

ਅਹੰਕਾਰ ਨਾਲ ਮਨੁੱਖੀ ਆਚਰਨ ਪਤਿਤ ਹੋ ਜਾਂਦਾ ਹੈ। ਫਲਸਰੂਪ ਲੋਭ-ਲਾਲਚ ਵਰਗੇ ਵਿਕਾਰ ਮਨ ਵਿਚ ਪੈਦਾ ਹੋ ਜਾਂਦੇ ਹਨ। ਲਾਲਚ ਮਨੁੱਖ ਨੂੰ ਬਰਬਾਦ ਕਰ ਦਿੰਦਾ ਹੈ। ਮਾਨਸਿਕ ਅਸ਼ਾਂਤੀ ਉਤਪੰਨ ਹੋ ਕੇ ਪਦਾਰਥ ਇਕੱਤਰ ਕਰਨ ਦੀ ਲਾਲਸਾ ਹਮੇਸ਼ਾ ਚਿੰਬੜੀ ਰਹਿੰਦੀ ਹੈ। ਇਹ ਤ੍ਰਿਸ਼ਨਾ ਹੀ ਦੁੱਖਾਂ ਦਾ ਮੂਲ ਕਾਰਨ ਹੈ। ਭਾਈ ਸੱਤਾ ਜੀ ਮਨੁੱਖੀ ਮਨ ਨੂੰ ਫਿਟਕਾਰ ਪਾਉਂਦੇ ਹੋਏ ਆਖਦੇ ਹਨ:

*ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ॥* *(ਪੰਨਾ ੯੬੭)*

ਮਨੋਵਿਗਿਆਨਕ ਤੱਥ ਇਹ ਹੈ ਕਿ ਜਿਸ ਸੋਮੇ ਤੋਂ ਮਨੁੱਖੀ ਮਨ ਨੂੰ ਕੁਝ ਮਿਲਦਾ ਹੈ ਉਸ ਦੀ ਉਹ ਉਸਤਤ ਕਰਦਾ ਹੈ ਪਰੰਤੂ ਜਿਸ ਸੋਮੇ ਤੋਂ ਉਸ ਦੀ ਇੱਛਾ-ਪੂਰਤੀ ਨਹੀਂ ਹੁੰਦੀ ਉਸ ਦੀ ਨਿੰਦਾ ਕਰਨ ਲੱਗ ਪੈਂਦਾ ਹੈ। ਭਾਈ ਸੱਤਾ ਜੀ ਗੁਰੂ-ਘਰ ਤੋਂ ਲੋੜ ਅਨੁਸਾਰ ਮਾਇਆ ਪ੍ਰਾਪਤੀ ਨਹੀਂ ਕਰ ਸਕੇ ਜਿਸ ਕਰਕੇ ਉਹ ਗੁਰੂ ਸੰਸਥਾ ਦੀ ਨਿੰਦਾ ਕਰਨ ਲੱਗਦੇ ਹਨ ਪਰ ਫਿਰ ਸੱਚਾ ਪਛਤਾਵਾ ਕਰ ਕੇ ਭੁੱਲ ਬਖ਼ਸ਼ਾਉਂਦੇ ਹਨ:

*ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ॥* *(ਪੰਨਾ ੯੬੭)*

ਉੱਚੇ ਆਚਰਨ ਦਾ ਇਸ ਜੀਵਨ-ਜੁਗਤ ਨਾਲ ਘਨੇਰਾ ਸੰਬੰਧ ਹੈ। ਮਨ ਨੂੰ ਪੰਜ ਦੂਤ ਹਰ ਸਮੇਂ ਘੇਰੀ ਰੱਖਦੇ ਹਨ। ਕਾਮ ਦੀ ਸਰਦਾਰੀ ਇਨ੍ਹਾਂ ਦੂਤਾਂ (ਕ੍ਰੋਧ, ਲੋਭ, ਮੋਹ, ਅਹੰਕਾਰ) 'ਤੇ ਚੱਲਦੀ ਹੈ ਪਰੰਤੂ ਜੇ ਮਨੁੱਖੀ ਮਨ ਜਤਿ ਰੂਪੀ ਕਾਠੀ ਪਾ ਕੇ ਸਹਿਜ ਦੇ ਘੋੜੇ 'ਤੇ ਸਵਾਰੀ ਕਰੇ ਅਰਥਾਤ ਆਪਣੇ ਆਚਰਨ ਨੂੰ ਮਹਾਨ ਬਣਾਏ ਤਾਂ

ਹੁਕਮ ਬੁੱਝਿਆ ਜਾ ਸਕਦਾ ਹੈ। ਇਹ ਸ਼ੁਭ ਗੁਣ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਖ਼ਸੀਅਤ 'ਚ ਤੱਕ ਕੇ ਭਾਈ ਸੱਤਾ ਜੀ ਆਖਦੇ ਹਨ:

*ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥॥*
*ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ॥* (ਪੰਨਾ ੯੬੮)

ਜਿਸ ਆਚਰਨ ਵਿਚ ਦ੍ਰਿੜ੍ਹਤਾ ਤੇ ਸਥਿਰਤਾ ਹੈ ਵਿਸ਼ੇ-ਵਿਕਾਰ ਦੇ ਝੱਖੜ ਉਸ ਜੀਵਨ ਰੂਪੀ ਪਰਬਤ ਨੂੰ ਡੁਲ੍ਹਾ ਨਹੀਂ ਸਕਦੇ:

*ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥* (ਪੰਨਾ ੯੬੮)

ਗੁਰੂ-ਸੰਸਥਾ ਦੀ ਇਸ ਜੀਵਨ-ਜੁਗਤ ਦੇ ਨਾਇਕ ਨੂੰ ਸੱਚਾ ਪਾਤਸ਼ਾਹ ਆਖਿਆ ਗਿਆ ਹੈ ਜਿਸ ਦੇ ਦਰਸ਼ਨ ਕੀਤਿਆਂ ਜਨਮਾਂ-ਜਨਮਾਂ ਦੀ ਮੈਲ ਕੱਟੀ ਜਾਂਦੀ ਹੈ:

*ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥*
*ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥*
(ਪੰਨਾ ੯੬੭)

ਇਹ ਸੱਚਾ ਪਾਤਸ਼ਾਹ ਗੁਰੂ ਰੂਪ ਅਜਿਹਾ ਕਾਰਜ ਸਾਧਕ ਹੈ, ਇਸ ਦਾ ਕਿਹਾ ਤਾਂ ਉਹ ਵਾਹਿਗੁਰੂ ਆਪ ਕਰਦਾ ਹੈ:

*ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ॥* (ਪੰਨਾ ੯੬੭)

ਅਜਿਹਾ ਸਤਿਗੁਰੂ ਘਟ-ਘਟ ਦਾ ਜਾਨਣਹਾਰ ਹੈ:

*ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥* (ਪੰਨਾ ੯੬੮)

ਗੁਰੂ-ਸੰਸਥਾ ਦਾ ਇਕ ਹੋਰ ਬੁਨਿਆਦੀ ਅਤੇ ਮਹੱਤਵਪੂਰਨ ਪੱਖ ਲੰਗਰ ਦੀ ਪ੍ਰਥਾ ਹੈ। ਲੰਗਰ, ਪੰਗਤ ਤੇ ਸੰਗਤ ਨਾਲ ਗੁਰਮਤਿ ਜੀਵਨ-ਜੁਗਤ ਵਿਚ ਲੋਕਤੰਤਰੀ ਭਾਵਨਾ ਦਾ ਪ੍ਰਚੰਡ ਰੂਪ ਚਿਤਰਿਆ ਹੈ। ਦੁਨਿਆਵੀ ਜ਼ਰੂਰਤਾਂ ਲਈ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਹਮੇਸ਼ਾਂ ਅਤੁੱਟ ਲੰਗਰ ਵਰਤਦਾ ਹੈ:

*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥* (ਪੰਨਾ ੯੬੭)

ਨਿਰੀ ਪਦਾਰਥਕ ਤ੍ਰਿਪਤੀ ਮਨੁੱਖ ਨੂੰ ਸੰਤੁਸ਼ਟੀ ਨਹੀਂ ਦਿੰਦੀ। ਇਸ ਲਈ ਗੁਰੂ ਕੇ ਲੰਗਰ ਵਿਚ ਆਤਮਕ ਖੁਰਾਕ ਦੀ ਵੀ ਵਿਵਸਥਾ ਹੈ:

*ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥* (ਪੰਨਾ ੯੬੭)

ਅਜਿਹੇ ਲੰਗਰ ਦਾ ਦਾਤਾ ਕੋਈ ਸੁੰਨ ਸਮਾਧੀ ਲਾਈ ਚੁੱਪ ਨਹੀਂ ਬੈਠਾ। ਉਹ ਬੁੱਤ ਨਹੀਂ। ਅਧਿਆਤਮਕ ਪੁਰਖ ਹੈ ਅਤੇ ਸੁਘੜ-ਸੁਜਾਣ ਵੀ:

*ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ॥*
*ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥*
*ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥*
*ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥* (ਪੰਨਾ ੯੬੮)

ਅਜਿਹੇ ਗੁਰੂ ਪਾਤਸ਼ਾਹ ਨੂੰ ਸਿੱਖ-ਜਗਤ ਨੇ ਅਕਾਲ ਪੁਰਖ ਕਰਕੇ ਨਮਸਕਾਰ

ਕੀਤੀ। ਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ ਦੀ ਮਹਾਨਤਾ ਇਤਨੀ ਹੈ ਕਿ:

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥* *(ਪੰਨਾ ੯੬੮)*

ਗੁਰੂ ਜੀ ਦੀ ਅਲੌਕਿਕ ਸ਼ਖ਼ਸੀਅਤ ਨੂੰ ਜਾਣਨਾ ਸੌਖਾ ਨਹੀਂ:

*ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥* *(ਪੰਨਾ ੯੬੮)*

ਅਜਿਹੇ ਗੁਰੂ ਦੀ ਸੇਵਾ ਬਹੁਤ ਜ਼ਰੂਰੀ ਹੈ। ਸੇਵਕ ਦਾ ਕਾਰਜ ਸੇਵਾ ਕਰਨਾ ਹੀ ਹੈ। ਜਿਹੜੇ ਸੇਵਾ ਕਰਦੇ ਹਨ ਅਰਥਾਤ ਗੁਰੂ-ਹੁਕਮ ਦਾ ਪਾਲਣ ਕਰਦੇ ਹਨ ਉਹ ਗੁਰਮੁਖ ਹਨ। ਜਿਹੜੇ ਮਨ ਮਗਰ ਲੱਗ ਕੇ ਆਪਣੀ ਸੇਵਾ ਕਰਦੇ ਹਨ ਉਹ ਮਨਮੁਖ ਹਨ। ਗੁਰਮੁਖ ਸਫਲ ਹੋ ਜਾਂਦੇ ਹਨ ਕਿਉਂਕਿ ਗੁਰੂ ਉਨ੍ਹਾਂ ਉੱਤੇ ਆਪ ਬਖਸ਼ਿਸ਼ ਕਰਦਾ ਹੈ ਅਤੇ ਉਨ੍ਹਾਂ ਵਿੱਚੋਂ ਪੰਜ ਵਿਕਾਰ ਮਾਰ ਕੱਢਦਾ ਹੈ:

*ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥* *(ਪੰਨਾ ੯੬੮)*

ਜਿਹੜੇ ਆਪਣੇ ਲਈ ਜਿਉਂਦੇ ਹਨ ਉਹ ਪਰਉਪਕਾਰਾਂ ਤੋਂ ਵਾਂਝੇ ਰਹਿੰਦੇ ਹਨ। ਉਨ੍ਹਾਂ ਨੂੰ ਗੁਰੂ ਸਾਹਿਬਾਨ ਦੁਆਰਾ ਦੱਸੀ ਗਈ ਜੀਵਨ-ਜੁਗਤ ਵਿਚ ਕੋਈ ਥਾਂ ਨਹੀਂ ਮਿਲਦੀ। ਉਨ੍ਹਾਂ ਲਈ ਅੰਮ੍ਰਿਤ ਸਮਾਪਤ ਹੋ ਗਿਆ ਹੈ ਤੇ ਉਨ੍ਹਾਂ ਨੂੰ ਤਾਂ ਆਤਮਿਕ ਮੌਤ ਹੀ ਥਾਂ ਮਾਰੇਗੀ:

*ਜਿਨ੍ਹੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ॥* *(ਪੰਨਾ ੯੬੮)*

ਇਸ ਵਾਰ ਵਿਚ ਜਿਸ ਗੁਰੂ-ਸੰਸਥਾ ਦੀ ਮਹਿਮਾ ਦਾ ਗਾਇਨ ਕੀਤਾ ਗਿਆ ਹੈ ਉਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਹਨ। ਗੁਰੂ ਜੀ ਦਾ ਤੇਜ਼ ਪ੍ਰਤਾਪ ਇੰਨਾ ਚਮਕਦਾ ਹੈ ਜਿਵੇਂ ਚੰਨ ਚਮਕਦਾ ਹੈ। ਗੁਰੂ ਸ਼ਖ਼ਸੀਅਤ ਦਾ ਪ੍ਰਭਾਵ ਬਹੁਪੱਖੀ ਤੇ ਆਦਰਸ਼ਕ ਹੈ:

*ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥* *(ਪੰਨਾ ੯੬੮)*

ਸਮੁੱਚੇ ਰੂਪ ਵਿਚ ਭਾਈ ਸੱਤੇ ਬਲਵੰਡ ਦੀ ਵਾਰ ਦਾ ਵਿਸ਼ੈਗਤ ਅਧਿਐਨ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਾਰ ਦਾ ਵਿਸ਼ਾ ਪੰਜ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਅਤੇ ਗੁਰੂ-ਸੰਸਥਾ ਦੀ ਗੁਰਮਤਿ ਜੀਵਨ-ਜੁਗਤ ਦੀ ਮਹਿਮਾ, ਮਹੱਤਤਾ, ਵਿਲੱਖਣਤਾ ਅਤੇ ਸਾਰਥਕਤਾ ਹੈ। ਸਾਂਝੀ ਜੋਤਿ ਦੀ ਜੀਵਨ-ਜੁਗਤਿ ਦਾ ਇਸ ਵਾਰ ਵਿਚ ਸਪੱਸ਼ਟ ਸੰਕਲਪ ਸਥਾਪਤ ਕੀਤਾ ਗਿਆ ਹੈ। ਵਾਰ ਵਿਚ ਪੰਜ ਗੁਰੂ ਸਾਹਿਬਾਨ ਦੀ ਸਾਂਝੀ ਜੀਵਨ-ਜੁਗਤ 'ਤੇ ਹੀ ਬਲ ਹੈ ਵਿਲੱਖਣਤਾ 'ਤੇ ਨਹੀਂ। ਡਾ. ਗੁਰਚਰਨ ਸਿੰਘ ਅਨੁਸਾਰ ਵਾਰਕਾਰ ਪੰਜ ਗੁਰ ਸਾਹਿਬਾਨ ਦੀ ਉਸਤਤੀ ਪੇਸ਼ ਕਰਨ ਲਈ ਉਨ੍ਹਾਂ ਦੀ ਸਾਂਝੀ ਯੋਗਤਾ 'ਤੇ ਬਲ ਦਿੰਦੇ ਹਨ। ਇਉਂ ਭਾਈ ਸੱਤੇ ਅਤੇ ਭਾਈ ਬਲਵੰਡ ਦਾ ਬਲ ਗੁਰੂ ਨਾਨਕ ਸੰਸਥਾ ਦੇ ਗੁਰੂ ਸਾਹਿਬਾਨ ਦੇ ਵਿਹਾਰ ਦੇ ਸਾਂਝੇ ਨੇਮਾਂ ਉੱਪਰ ਹੈ।

■

# 'ਸੱਤੇ ਬਲਵੰਡ ਦੀ ਵਾਰ' ਦਾ ਇਤਿਹਾਸਕ ਪਰਿਪੇਖ

*-ਡਾ. ਜਤਿੰਦਰਪਾਲ ਸਿੰਘ ਜੌਲੀ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਰਾਮਕਲੀ ਵਿਚ ਦਰਜ 'ਰਾਇ ਬਲਵੰਡ ਤਥਾ ਸਤੈ ਡੂਮਿ' ਦੁਆਰਾ ਰਚੀ ਇਕ ਵਾਰ ਵੀ ਦਰਜ ਹੈ, ਜੋ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਉਸਤਤਿ ਕਰਦੀ ਹੈ। ਕੁੱਲ ਅੱਠ ਪਦਿਆਂ ਦੀ ਇਸ ਵਾਰ ਦੇ ਰਚੈਤਾ ਭਾਈ ਬਲਵੰਡ ਤੇ ਸੱਤੇ ਨੂੰ ਸਿੱਖ ਇਤਿਹਾਸ ਵਿਚ ਬਾਵਾ ਕ੍ਰਿਪਾਲ ਸਿੰਘ ਭੱਲਾ ਰਚਿਤ 'ਮਹਿਮਾ ਪ੍ਰਕਾਸ਼' ਵਿਚ ਪਿਉ ਪੁੱਤਰ ਅਤੇ ਭਾਈ ਸੰਤੋਖ ਸਿੰਘ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਭਰਾਵਾਂ ਦਾ ਦਰਜਾ ਦਿੱਤਾ ਹੈ। 'ਮਹਾਨ ਕੋਸ਼' ਦੇ ਪੰਨਾ ੯੪੪ ਉੱਤੇ ਇਹ ਦੋਵੇਂ ਰਿਸ਼ਤੇ ਹੀ ਦਰਜ ਹਨ। ਇਸ ਰਚਨਾ ਸੰਬੰਧੀ ਵਿਦਵਾਨਾਂ ਦਾ ਮੱਤ ਹੈ ਕਿ ਵਾਰ ਦੇ ਪਹਿਲੇ ਪਦੇ ਭਾਈ ਬਲਵੰਡ ਜੀ ਦੁਆਰਾ ਰਚੇ ਗਏ ਹਨ ਤੇ ਪਿਛਲੇ ਪਦੇ ਭਾਈ ਸੱਤਾ ਜੀ ਦੀ ਰਚਨਾ ਹੈ। ਇਹ ਅਨੁਮਾਨ ਏਸ ਲਈ ਲਾਇਆ ਗਿਆ ਹੈ ਕਿ ਤੀਸਰੇ ਪਦੇ ਵਿਚ 'ਬਲਵੰਡ ਖੀਵੀ ਨੇਕ ਜਨ' ਦਾ ਵਿਵਰਣ ਪ੍ਰਾਪਤ ਹੈ ਤੇ ਛੇਵੇਂ ਪਦੇ ਵਿਚ 'ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਨੁ॥੬॥' ਪਰ ਦੂਜੇ ਪਾਸੇ ਇਸ 'ਸਤੇ' ਤੋਂ ਮੁਰਾਦ 'ਸੱਚ ਦਾ ਦਾਨ' ਵੀ ਹੈ, ਜੋ ਗੁਰੂ ਨੂੰ ਸਦਾ ਭਾਉਂਦਾ ਹੈ, ਜਿਸ ਸਦਕਾ ਸੱਤਾ ਬਲਵੰਡ ਗੁਰੂ-ਘਰ ਦਾ ਨਿਰਾਦਰ ਕਰਕੇ ਪਰਉਪਕਾਰੀ ਭਾਈ ਲੱਧੇ ਦੀ ਵਿਚੋਲਗਿਰੀ ਕਾਰਨ ਬਖ਼ਸ਼ੇ ਗਏ ਤੇ ਇਸ ਵਾਰ ਦੀ ਰਚਨਾ ਕਰਕੇ ਅਮਰ ਹੋ ਗਏ। ਰਚਨਾਤਮਕ ਹਵਾਲਿਆਂ ਅਨੁਸਾਰ ਇਨ੍ਹਾਂ ਦਾ ਆਪਸੀ ਰਿਸ਼ਤਾ ਭਰਾਵਾਂ ਵਾਲਾ ਹੀ ਉਚਿਤ ਜਾਪਦਾ ਹੈ।

ਮੁਆਫ਼ੀ ਮਿਲਣ 'ਤੇ ਗੁਰੂ-ਉਸਤਤਿ ਵਿਚ ਭਾਈ ਬਲਵੰਡ ਜੀ ਨੇ ਪਹਿਲੀਆਂ ੩ ਅਤੇ ਭਾਈ ਸੱਤਾ ਜੀ ਨੇ ਅੰਤਲੀਆਂ ੫ ਪਉੜੀਆਂ ਦਾ ਉਚਾਰਣ, ਸਮੂਹ ਸੰਗਤ ਦੇ ਸਨਮੁਖ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਇਸ ਵਾਰ ਦੇ ਰੂਪ ਵਿਚ ਕੀਤਾ। ਸਤਿਗੁਰੂ ਜੀ ਨੇ ਬੀੜ ਬੰਨ੍ਹਣ ਵੇਲੇ ਇਹ ਬਾਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀਆਂ।

ਪ੍ਰੋ. ਸਾਹਿਬ ਸਿੰਘ ਇਨ੍ਹਾਂ ਬਾਣੀਆਂ ਨੂੰ ਸਿੱਖ ਧਰਮ ਦੇ ਇਤਿਹਾਸ ਵਿਚਲੇ ਅਮੁੱਲ ਦਸਤਾਵੇਜ਼ ਸਵੀਕਾਰਦੇ ਹਨ। ਉਨ੍ਹਾਂ ਦੀ ਜਾਚੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਸਤਾਰ ਬੰਦੀ ਸਮੇਂ ਬਾਬਾ ਪ੍ਰਿਥੀ ਚੰਦ ਜੀ ਨੇ ਜਦੋਂ ਧੱਕੇ ਨਾਲ ਦਸਤਾਰ ਖੋਹਣੀ ਚਾਹੀ ਤਾਂ ਉਹ ਸ੍ਰੀ ਗੁਰੂ ਨਾਨਕ ਸਾਹਿਬ ਦੇ 'ਪਵਿੱਤਰ ਦੀਨਿਆਵੀ ਅੰਮ੍ਰਿਤ ਪ੍ਰਵਾਹ' ਨੂੰ 'ਦੁਨਿਆਵੀ ਧੜੇ ਦੀ ਨਾਲੀ' ਵਿੱਚੋਂ ਲੰਘਾਉਣਾ ਚਾਹੁੰਦੇ ਸਨ। ਉਸ ਸਮੇਂ ਦੂਰੋਂ ਆਏ ਨਿਰਪੱਖ ਪਰਦੇਸੀ ਭੱਟਾਂ ਨੇ ਭਰੇ ਦਰਬਾਰ ਵਿਚ ਸਵੱਈਆਂ ਰਾਹੀਂ ਸੱਚਾਈ ਦਾ ਹੋਕਾ

** ਰੀਡਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ।*

ਦਿੱਤਾ। ਦੂਜੇ ਪਾਸੇ ਪ੍ਰਿਥੀ ਚੰਦ ਵੱਲੋਂ ਆਪਣੇ ਸਾਥੀਆਂ ਨਾਲ ਗੋਇੰਦਵਾਲ ਪਰਤ ਕੇ ਅੰਮ੍ਰਿਤਸਰ ਵਿਚ ਕੀਤੀ ਨਾਕਾਬੰਦੀ ਨਾਲ ਵੀ ਜਦੋਂ ਅੰਮ੍ਰਿਤ ਦੇ ਸੋਮੇ ਸੁੱਕੇ ਨਹੀਂ ਸਗੋਂ ਵਧੇਰੇ ਉਜਵੱਲ ਰੂਪ ਵਿਚ ਪ੍ਰਸਫੁਟਿਤ ਹੋਏ ਤਾਂ ਉਨ੍ਹਾਂ ਦੀ ਯਾਦ ਵਿਚ ਸੱਚੇ-ਸੁੱਚੇ ਭਾਵਾਂ ਭਿੱਜੀ ਉਚਾਰੀ 'ਰਾਮਕਲੀ ਕੀ ਵਾਰ' ਉਚਾਰੀ।

ਵਾਰ ਦਾ ਸੁਭਾਓ ਹੈ ਕਿ ਇਸ ਵਿਚ ਨਾਇਕ ਦਾ ਪੂਰਾ ਜੀਵਨ ਨਹੀਂ, ਸਗੋਂ ਉਸ ਦੀ ਕੋਈ ਉੱਘੀ ਝਾਕੀ ਹੀ ਵਿਖਾਈ ਜਾਂਦੀ ਹੈ। ਹਰੇਕ ਵਾਰ ਦਾ ਕੇਂਦਰੀ ਵਿਸ਼ਾ ਇਕ ਹੀ ਹੁੰਦਾ ਹੈ। ਸ਼ੁਰੂ ਵਿਚ ਸਾਰੀਆਂ ਵਾਰਾਂ ਸਿਰਫ਼ ਪਉੜੀਆਂ ਦੇ ਸੰਗ੍ਰਹਿ ਸਨ, ਸਲੋਕ ਇਨ੍ਹਾਂ ਦੇ ਮੌਜੂਦਾ ਸਰੂਪ ਵਿਚ, ਬਾਅਦ ਵਿਚ ਦਰਜ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ੨੨ ਅਧਿਆਤਮਕ ਵਾਰਾਂ ਵਿੱਚੋਂ ਸਿਰਫ਼ ੨ ਵਾਰਾਂ 'ਬਸੰਤ ਕੀ ਵਾਰ ਮ: ੫' ਅਤੇ 'ਸੱਤੇ ਬਲਵੰਡੇ ਕੀ ਵਾਰ' ਹੀ ਸਲੋਕ ਰਹਿਤ ਹਨ।

ਕੁੱਲ ੮ ਪਉੜੀਆਂ ਵਾਲੀ ਇਸ ਵਾਰ ਦੀ ਅੰਤਰੀਵ ਸੰਰਚਨਾ ਇਸ ਪ੍ਰਕਾਰ ਹੈ:

ਪਹਿਲੇ ਪਦੇ ਵਿਚ ਰਾਇ ਬਲਵੰਡ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਰਾਧਨਾ ਕਰਦਾ ਹੋਇਆ ਆਖਦਾ ਹੈ ਕਿ ਕਰਤਾ ਪੁਰਖ ਕਾਦਰ ਨੇ ਆਪ ਸ੍ਰੀ ਗੁਰੂ ਨਾਨਕ ਸਾਹਿਬ ਦੇ ਨਾਉਂ ਨੂੰ ਇਹ ਵਡਿਆਈ ਬਖ਼ਸ਼ੀ ਹੈ, ਜਿਸ ਨੂੰ ਮੇਰੇ ਬੋਲ ਕਿਵੇਂ ਜੋਖ ਜਾਂ ਤੋਲ ਸਕਦੇ ਹਨ। ਜਿਸ ਸਤਿਗੁਣੀ/ਸਦਗੁਣੀ ਅਵਸਥਾ ਰਾਹੀਂ ਪਾਰ ਲੰਘਿਆ ਜਾ ਸਕਦਾ ਹੈ, ਉਹ ਗੁਣ ਤਾਂ ਮੇਰੇ ਗੁਰੂ ਦੇ ਭੈਣ-ਭਰਾਵਾਂ ਸਮਾਨ ਹਨ, ਸਦਾ ਉਸ ਦੇ ਅੰਗ ਸੰਗ ਹਨ, ਕੁਟੰਬ ਵਿਚ ਸੁਭਾਵਕ ਹੀ ਸ਼ਾਮਲ ਹਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸੱਚ-ਰੂਪੀ ਕਿਲ੍ਹੇ ਦੀ ਉਸਾਰੀ ਮਜ਼ਬੂਤ ਨੀਹਾਂ ਉੱਪਰ ਕੀਤੀ ਹੈ। ਅਕਾਲ ਪੁਰਖ ਤੋਂ ਵਰੋਸਾਈ ਮਤ ਰੂਪੀ ਖੜਗ ਨਾਲ ਅੰਦਰੋਂ ਪਹਿਲਾ ਜੀਵਨ ਕੱਢ ਕੇ ਨਵਾਂ ਜੀਵਨ ਬਖ਼ਸ਼ਦਿਆਂ ਗੁਰਿਆਈ ਦਾ ਛਤਰ ਭਾਈ ਲਹਿਣਾ ਜੀ ਦੇ ਸੀਸ 'ਤੇ ਟਿਕਾ ਦਿੱਤਾ ਹੈ। ਮੁੜ ਗੁਰੂ ਨੇ ਚੇਲੇ ਨੂੰ ਨਮਸਕਾਰ ਕੀਤੀ, ਜਿਸ ਨਾਲ ਸ੍ਰੀ ਗੁਰੂ ਅੰਗਦ ਸਾਹਿਬ ਜੀ ਉਸ ਮਹਿਮਾ ਦੇ ਪਾਤਰ ਬਣੇ, ਜੋ ਮਹਿਮਾ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਧੁਰੋਂ ਪ੍ਰਾਪਤ ਹੋਈ ਸੀ। ਹੁਣ ਸ੍ਰੀ ਗੁਰੂ ਅੰਗਦ ਸਾਹਿਬ ਜੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਫ਼ਰਮਾਏ ਹੁਕਮ ਦੀ ਕਾਰ ਕਮਾ ਰਹੇ ਹਨ। ਗੁਰੂ ਦੇ ਹੁਕਮ ਨੂੰ ਕਮਾਉਣਾ ਅਲੂਣੀ ਸਿਲ ਚੱਟਣ ਵਾਂਗ ਹੈ। ਗੁਰੂ ਦਰਬਾਰ ਵਿਚ ਅਕਾਲ ਪੁਰਖ ਦੀ ਸਿਫ਼ਤ ਸਲਾਹ ਕਾਰਨ ਅਗੰਮੀ ਦੇਸ ਤੋਂ ਨੂਰ ਝਰ ਰਿਹਾ ਹੈ ਤੇ ਸਤਿਗੁਰਾਂ ਦੇ ਨੂਰਾਨੀ ਦੀਦਾਰਿਆਂ ਨਾਲ ਜਨਮਾਂ-ਜਨਮਾਂਤਰਾਂ ਦੀ ਮੈਲ ਕੱਟੀ ਜਾ ਰਹੀ ਹੈ। ਇਹ ਸਭ ਉਸ ਕਰਾਮਾਤ ਦਾ ਸਦਕਾ ਹੈ, ਜੋ ਸ੍ਰੀ ਗੁਰੂ ਅੰਗਦ ਸਾਹਿਬ ਨੇ ਸ੍ਰੀ ਗੁਰੂ ਨਾਨਕ ਸਾਹਿਬ ਦਾ ਹਰ ਹੁਕਮ ਮੰਨ ਕੇ ਕਮਾਈ। ਇਸ ਕਮਾਈ ਦੇ ਪਾਤਰ ਗੁਰੂ ਸਾਹਿਬ ਦੇ ਫਰਜ਼ੰਦ ਨਾ ਬਣ ਸਕੇ। ਇਸ ਪਦੇ ਵਿਚ 'ਕੋ ਸਾਲੁ ਜਿਵਾਹੇ ਸਾਲੀ' ਦੇ ਰੂਪਕ ਰਾਹੀਂ ਇਕ ਭੇਤ ਵੱਲ ਇਸ਼ਾਰਾ

ਕੀਤਾ ਗਿਆ ਹੈ ਕਿ 'ਜਿਵਾਹੇ' ਭਾਵ ਜਿਵਾਹਾਂ ਦੀ ਬੂਟੀ ਬੇਟ ਦੇ ਇਲਾਕੇ ਵਿਚ ਉਸ ਥਾਂ ਉੱਗਦੀ ਹੈ, ਜਿਥੇ ਦਰਿਆਂ ਦੇ ਹੜ੍ਹਾਂ ਨਾਲ ਭਲ ਪੈ ਕੇ ਥਾਂ ਉੱਚੀ ਹੋ ਜਾਂਦੀ ਹੈ। ਪਰ ਵਰਖਾ ਦੀ ਰੁੱਤ ਵਿਚ ਇਹ ਬੂਟੀ ਆਪੇ ਹੀ ਸੜ੍ਹ ਜਾਂਦੀ ਹੈ। ਦੂਜੇ ਪਾਸੇ 'ਸਾਲੀ' ਜਾਂ 'ਮੁੰਜੀ', ਉਹ ਬੂਟੀ ਹੈ, ਜੋ ਨੀਵੇਂ ਥਾਂ ਪਲਦੀ ਹੈ ਤੇ ਪ੍ਰਵਾਨ ਚੜ੍ਹ ਜਾਂਦੀ ਹੈ। ਸ੍ਰੀ ਗੁਰੂ ਅੰਗਦ ਸਾਹਿਬ ਜੀ ਨਿਰਮਾਣਤਾ ਵਿੱਚੋਂ ਪੱਲਰ ਕੇ ਅੱਜ ਜੀਵ-ਆਤਮਾ ਤੇ ਪਰਮ-ਆਤਮਾ ਵਿਚਕਾਰ ਵਿਚੋਲਗਿਰੀ ਕਰ ਰਹੇ ਹਨ। ਉਨ੍ਹਾਂ ਦਾ ਹਰ ਬੋਲ ਪੁੱਗ ਰਿਹਾ ਹੈ। ਅੰਤਲੇ ਬੰਦ ਵਿਚ ਰਾਇ ਬਲਵੰਡ ਜੀ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਸੁਪਤਨੀ ਮਾਤਾ ਖੀਵੀ ਜੀ ਦੀ ਭਲੀ ਛਾਂ ਦਾ ਵਿਵਰਣ ਪੇਸ਼ ਕਰਦਿਆਂ, ਉਨ੍ਹਾਂ ਦੇ ਲੰਗਰ ਵਿਚ ਵੰਡੀਦੀ 'ਖੀਰ ਘਿਆਲੀ' ਯਾਨੀ ਦੁੱਧ ਘਿਉ ਦੇ ਅਤੁੱਟ ਵਰਤਾਰੇ ਦੀ ਮਹਿਮਾ ਗਾਉਂਦਾ ਹੈ। ਜੋ ਸਰੀਰਿਕ ਤੇ ਆਤਮਿਕ ਉੱਚਤਾ ਦੇ ਜ਼ਾਮਨ ਹਨ।

ਚੌਥੇ ਬੰਦ ਵਿਚ ਫਿਰ ਸ੍ਰੀ ਗੁਰੂ ਨਾਨਕ ਸਾਹਿਬ ਦੀ ਮਹਿਮਾ ਤੋਂ ਗੱਲ ਆਰੰਭ ਹੋਣੀ ਹੀ ਸਿੱਧ ਕਰਦੀ ਹੈ ਕਿ ਵਾਰ ਦਾ ਇਹ ਹਿੱਸਾ ਭਾਈ ਸੱਤੇ ਜੀ ਦੁਆਰਾ ਰਚਿਆ ਹੋਇਆ ਹੈ, ਜੋ ਮੁੱਢੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਮਹਿਮਾ ਤੋਂ ਆਪਣੀ ਗੱਲ ਆਰੰਭਦੇ ਹਨ। ਉਨ੍ਹਾਂ ਦੀ ਗੱਲ ਕਲਜੁਗੀ ਦੌਰ ਵਿਚ ਸਤਿਜੁਗੀ ਪ੍ਰਵਾਹ ਚਲਾਉਣ ਵਾਲੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰ-ਘਰ ਦੀ ਮਹਿਮਾ ਤੋਂ ਆਰੰਭ ਹੁੰਦੀ ਹੈ, ਜਿਥੇ ਜਗਤ-ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਉੱਚੀ ਸੁਰ ਵਿਚ ਸੱਚ ਦਾ ਹੋਕਾ ਦੇ ਕੇ ਝੂਠੇ ਜਗਤ ਵਿਚ ਮਾਨੋ ਉਲਟੀ ਗੰਗਾ ਵਹਾ ਰਹੇ ਹਨ। ਪੌਰਾਣਿਕ ਹਵਾਲੇ ਮੂਜਬ ਜਿਵੇਂ ਦੇਵਤਿਆਂ ਨੇ ਪਰਬਤ ਨੂੰ ਬਾਸ਼ਕ ਨਾਗ ਦਾ ਨੇਤ੍ਰਾ ਪਾ ਕੇ ਸਾਗਰ-ਮੰਥਨ ਕਰਦਿਆਂ ੧੪ ਰਤਨ ਕੱਢ ਕੇ ਜਗਤ ਦਾ ਕਲਿਆਣ ਕੀਤਾ ਸੀ, ਉਵੇਂ ਹੀ ਸ੍ਰੀ ਗੁਰੂ ਨਾਨਕ ਸਾਹਿਬ ਨੇ ਸੁਮੇਰ ਜਿਹੀ ਉੱਚੀ-ਸੁਰਤਿ ਨੂੰ, ਮਧਾਣੀ ਪਾ ਕੇ, ਮਨ ਰੂਪੀ ਨਾਗ-ਰਾਜ ਬਾਸ਼ਕ ਦਾ ਨੇਤ੍ਰਾ ਪਾਇਆ ਅਤੇ ਉਸ ਨੂੰ ਕਾਬੂ ਕਰ ਕੇ ਸ਼ਬਦ-ਸਾਗਰ ਵਿੱਚੋਂ ਰੱਬੀ ਗੁਣਾਂ ਰੂਪੀ ੧੪ ਰਤਨ ਕੱਢ ਕੇ ਆਵਾਗਉਣ ਸੰਸਾਰ ਨੂੰ ਸੁੱਖਾਂ ਦੀ ਮਣੀ ਨਾਲ ਲਿਸ਼ਕਾ ਦਿੱਤਾ। ਇਹ ਉਸ ਦੀ ਕੁਦਰਤ ਭਾਵ ਕਮਾਲ ਦੀ ਸਿਖ਼ਰ ਸੀ, ਜਦੋਂ ਉਸ ਨੇ ਭਾਈ ਲਹਿਣੇ ਦਾ ਮਨ ਜਿੱਤ ਕੇ ਆਪਣੇ ਬਰਾਬਰ ਕੀਤਾ ਤੇ ਉਸ ਦੇ ਸਿਰ 'ਤੇ ਗੁਰਿਆਈ ਦਾ ਛਤ੍ਰ ਝੁਲਾ ਦਿੱਤਾ। ਜੋਤੀ ਜੋਤਿ ਰਲਾਉਣ ਵਾਲੇ ਇਸ ਅਨੂਠੇ ਕਾਰਜ ਵੇਲੇ ਗੁਰੂ ਜੀ ਨੇ ਆਪਣੇ ਹੋਰ ਸਿੱਖਾਂ ਤੇ ਪੁੱਤਰਾਂ ਦੀ ਪਰਖ ਵੀ ਕੀਤੀ ਪਰ ਸਿਵਾ ਲਹਿਣੇ ਦੇ ਉਸ ਦੀ ਪਰਖ ਵਿਚ ਸਾਹਵੇਂ ਕੋਈ ਨਾ ਟਿਕਿਆ। ਫੇਰ ਫੇਰੂ ਮੱਲ ਦੇ ਪੁੱਤਰ ਨੇ ਖਡੂਰ ਵਸਾ ਕੇ ਨਾਮ ਬਾਣੀ ਦਾ ਪ੍ਰਵਾਹ ਅਗਾਂਹ ਤੋਰਿਆ। ਪਰ ਉਸ ਵਿਚ ਹਉਂ ਦੀ ਕਣੀ ਮਾਤਰ ਵੀ ਪ੍ਰਵੇਸ਼ ਨਾ ਕੀਤੀ। ਲੋਭ ਆਮ ਮਨੁੱਖਾਂ ਦਾ ਉਵੇਂ ਹੀ ਨਾਸ਼ ਮਾਰ ਦੇਂਦਾ ਹੈ, ਜਿਵੇਂ ਖੜ੍ਹੇ ਪਾਣੀ ਉੱਪਰ ਬੂਰ ਜੰਮ ਜਾਂਦਾ ਹੈ ਪਰ ਤੇਰੀ ਦਰਗਾਹ ਵਿਚ ਨਾਮ ਦੀ ਵਰਖਾ ਹੋਣ ਕਾਰਨ ਰੱਬੀ ਨੂਰ ਦੀਆਂ ਡਲਕਾਂ ਸਦੀਵੀ ਹਨ। ਤੂੰ ਠਰੇ ਜਲ ਭਾਵ

ਸੀਤਲਤਾ ਦਾ ਅਜਿਹਾ ਸਾਗਰ ਹੈਂ, ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ। ਨਉਂ ਨਿਧੀਆਂ ਤੁੱਲ ਨਾਮ ਰੂਪੀ ਖ਼ਜ਼ਾਨਾ ਤੇਰੇ ਹਿਰਦੇ ਵਿਚ ਭਰਿਆ ਪਿਆ ਹੈ। ਜੋ ਮਨੁੱਖ ਤੇਰੀ ਨਿੰਦਾ ਕਰਦਾ ਹੈ, ਉਹ ਆਤਮਕ ਮੌਤੇ ਮਰ ਜਾਂਦਾ ਹੈ।

ਭਾਈ ਸੱਤਾ ਜੀ ਦੇ ਇਹ ਕੌਲ ਡੂੰਘੇ ਪਛਤਾਵੇ ਦੀ ਉਪਜ ਹਨ ਜੋ ਪੰਜਵੀਂ ਪਉੜੀ ਤੱਕ ਨਿਰੰਤਰ ਹਨ। ਛੇਵੀਂ ਪਉੜੀ ਵਿਚ ਉਹ ਤੀਜੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਦੀ ਤੀਜੀ ਪੀੜ੍ਹੀ ਭਾਵ ਪੋਤਰੇ ਵਜੋਂ ਪਛਾਣਦਾ ਸਪੱਸ਼ਟ ਕਹਿੰਦਾ ਹੈ ਕਿ ਇਸ ਦੇ ਮੱਥੇ ਦਾ ਨੂਰ ਟਿੱਕਾ, ਬਹਿਣ ਵਾਲਾ ਤਖ਼ਤ ਅਤੇ ਦਰਬਾਰ ਦੀ ਸ਼ੋਭਾ ਹੂ-ਬ-ਹੂ ਦਾਦੇ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਮੇਲ ਖਾਂਦੀ ਹੈ। ਇਥੋਂ ਤਕ ਇਸ ਦੀ ਸੁਰਤਿ ਵੀ ਉਨੀ ਹੀ ਉੱਚੀ ਅਤੇ ਸਾਗਰ-ਮੰਥਨ ਕਰਕੇ ੧੪ ਰਤਨ ਵਿਹਾਝਣ ਵਾਲੀ ਹੈ। ਉਸ ਕੋਲ ਸਹਿਜ ਅਵਸਥਾ ਦਾ ਘੋੜਾ ਅਤੇ ਜਤ-ਸਤ ਦੀ ਕਾਠੀ ਹੈ। ਸੱਚੇ-ਸੁੱਚੇ ਆਚਰਣ ਦਾ ਕਮਾਨ ਅਤੇ ਰੱਬੀ ਸਿਫ਼ਤਿ-ਸਾਲਾਹ ਦਾ ਤੀਰ ਹੈ। ਉਹ ਵਿਕਾਰੀ ਸੰਸਾਰ ਦੇ ਤਾਮਸਿਕ ਹਨੇਰੇ ਵਿਚ ਸਾਤਵਿਕ ਸੂਰਜ ਦੀਆਂ ਕਿਰਨਾਂ ਪ੍ਰਕਾਸ਼ਨ ਤੇ ਸਤਿ ਦੀ ਉੱਜੜੀ ਖੇਤੀ ਨੂੰ ਜਮਾਉਣ ਅਤੇ ਉਸ ਦੀ ਰਾਖੀ ਕਰਨਾ ਵਾਲਾ ਹੈ। ਉਸ ਦੀ ਰਸੋਈ ਵਿਚ ਵੀ ਰੋਜ਼ ਘਿਉ ਮੈਦੇ ਤੇ ਮਿੱਠੇ ਦੇ ਸੁਮਿਸ਼ਰਣ ਨਾਲ ਬਣਿਆ ਪ੍ਰਸ਼ਾਦ ਪਰੋਸਿਆ ਜਾਂਦਾ ਹੈ। ਉਸ ਦੀ ਬਖ਼ਸ਼ਿਸ਼ ਨਾਲ ਨਦਰੀ-ਨਦਰਿ ਨਿਹਾਲ ਹੋਏ ਮਨਾਂ ਵਿਚ ਨਾਮ ਟਿਕ ਜਾਂਦਾ ਹੈ ਤੇ ਆਵਾਗਉਣ ਮਿਟ ਜਾਂਦਾ ਹੈ। ਵਿਕਾਰ ਝੱਖੜਾਂ ਵਿਚ ਉਹ ਖ਼ੁਦ ਵੀ ਅਡੋਲ ਹੈ ਤੇ ਉਸਦੇ ਨਾਮ-ਲੇਵਾ ਵੀ। ਉਹ ਘਟ-ਘਟ ਦੀ ਵਿੱਥਿਆ ਜਾਨਣ ਵਾਲਾ ਹੈ। ਉਸ ਸੁੰਦਰ ਸੁਘੜ ਸੁਜਾਣ ਦੀ ਸਿਫ਼ਤ ਨਹੀਂ ਹੋ ਸਕਦੀ, ਬਸ ਉਸਦੀ ਰਜ਼ਾ ਵਿਚ ਰਾਜ਼ੀ ਰਹਿਣ ਵਿਚ ਹੀ ਭਲਾ ਹੈ। ਇਥੇ ਭਾਈ ਸੱਤੇ ਦੀ ਭਾਵਨਾ ਸਪੱਸ਼ਟ ਹੋ ਰਹੀ ਹੈ ਕਿ ਉਸ ਨੇ ਆਪਣੀ ਬੇਟੀ ਦੇ ਵਿਆਹ ਸਮੇਂ ਜੋ ਮੰਗ ਕੀਤੀ ਸੀ, ਉਸ ਦੀ ਮਨ ਇਛਿੱਤ ਪੂਰਤੀ ਨਾ ਹੋਣ 'ਤੇ ਜੋ ਵਕਤੀ ਨਰਾਜ਼ਗੀ ਉਪਜੀ ਸੀ, ਹੁਣ ਗੁਰੂ ਬਖ਼ਸ਼ਿਸ਼ ਸਦਕਾ ਦੂਰ ਹੋ ਚੁਕੀ ਹੈ। ਉਹ ਪਛਤਾਵੇ ਦੀ ਭਾਵਨਾ ਵਿੱਚੋਂ ਗੁਜ਼ਰ ਕੇ ਖ਼ੁਦ ਵੀ ਸਹਿਜ ਹੋ ਚੁੱਕਾ ਹੈ ਤੇ ਰਜ਼ਾ ਦੇ ਨੁਕਤੇ ਦੀ ਬਾਰੀਕੀ ਸਮਝ ਕੇ ਹੁਣ ਸਮੂਹ ਸੰਗਤ ਨੂੰ ਵੀ ਉਸ ਵਿਚਲੀ ਰਮਜ਼ ਬਿਆਨ ਰਿਹਾ ਹੈ। ਭਾਈ ਸੱਤਾ ਜੀ ਦਾ ਇਹ ਕਹਿਣਾ ਹੈ ਕਿ:

*ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ॥* *(ਪੰਨਾ ੯੬੮)*

ਭਾਵ ਮੈਨੂੰ (ਸੱਤੇ) ਸਤਿਗੁਰ ਦੀ ਉਹ ਬਖ਼ਸ਼ਿਸ਼ ਭਾਉਂਦੀ ਹੈ, ਜੋ ਤੂੰ (ਸੱਤੇ ਨੂੰ) ਦਾਨ ਵਜੋਂ ਦਿੱਤੀ। ਇਥੇ ਉਹ ਪਹਿਲੀਆਂ ਤਿੰਨਾਂ ਪਾਤਸ਼ਾਹੀਆਂ ਦੀ ਸਿਫ਼ਤ ਕਰਦਾ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਇਹ ਬੋਲ ਉਚਾਰਦਾ ਹੈ ਕਿ:

*ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥*

***(ਬਾਕੀ ਸਫ਼ਾ ੧੫੪ 'ਤੇ)***

# ਬ੍ਰਹਮ ਗਿਆਨੀ ਭਾਈ ਮਰਦਾਨਾ ਜੀ

*-ਡਾ. ਜੀਤ ਸਿੰਘ ਸੀਤਲ*

ਭਾਈ ਕਾਨ੍ਹ ਸਿੰਘ ਜੀ (ਗੁਰਸ਼ਬਦ ਰਤਨਾਕਰ-ਮਹਾਨ ਕੋਸ਼) ਦੇ ਕਥਨ ਅਨੁਸਾਰ ਭਾਈ ਮਰਦਾਨਾ ਜੀ ਦਾ ਜਨਮ ਬੀਬੀ ਲੱਖੋ ਦੇ ਉਦਰ ਤੋਂ ਭਾਈ ਬਦਰੇ (ਮਿਰਾਸੀ) ਦੇ ਘਰ ਰਾਇ ਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖੂਪਰਾ (ਪਾਕਿਸਤਾਨ) ਵਿਖੇ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਆਉਣ ਉਪਰੰਤ ਗੁਰੂ ਦਾ ਸਿੱਖ ਬਣਿਆ ਤੇ 'ਭਾਈ' ਪਦ ਦਾ ਅਧਿਕਾਰੀ ਹੋਇਆ। ਭਾਈ ਮਰਦਾਨਾ ਜੀ ਦੇਸ਼-ਦੇਸ਼ਾਂਤਰਾਂ ਵਿਚ ਜਗਤ-ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਰਹਿ ਕੇ ਕੀਰਤਨ ਕਰਦੇ ਰਹੇ। ਗੁਰੂ ਬਾਬੇ ਦੇ ਬਗ਼ਦਾਦ ਜਾਣ ਦੀ ਸਾਖੀ ਆਉਂਦੀ ਹੈ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ (ਪਉੜੀ ੩੫) ਵਿਚ ਇਸ ਪਾਸੇ ਸੰਕੇਤ ਕੀਤਾ ਹੈ:

*ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ।*
*ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।*
*ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।*

ਭਾਈ ਮਰਦਾਨਾ ਜੀ ਰਬਾਬ ਤੇ ਗੁਰੂ ਬਾਬੇ ਦਾ ਸ਼ਬਦ ਦੋਵੇਂ ਅਮਰ ਸਨ। ਇਹ ਸਾਧਨ ਸਨ, ਕਲਜੁਗ ਨੂੰ, ਕਲਿਜੁਗ ਦੇ ਹਨ੍ਹੇਰੇ ਨੂੰ ਅਤੇ ਮਨੁੱਖੀ ਭੈਅ ਨੂੰ ਦੂਰ ਕਰਨ ਦੇ। 'ਪੁਰਾਤਨ ਜਨਮ ਸਾਖੀ' ਵਿਚ ਆਉਂਦਾ ਹੈ ਕਿ ਕਲਿਜੁਗ ਗੁਰੂ ਬਾਬੇ ਨੂੰ ਮਨੁੱਖੀ ਰੂਪ ਵਿਚ ਮਿਲਣ ਆਇਆ, ਪਰ ਉਸ ਤੋਂ ਪਹਿਲਾਂ ਉਸ ਨੇ ਕਈ ਭਿਆਨਕ ਰੂਪ ਧਾਰੇ। ਪੁਰਾਤਨ ਜਨਮ ਸਾਖੀ ਵਿਚ ਇਸ ਪ੍ਰਕਾਰ ਆਉਂਦਾ ਹੈ:

"ਤਬਿ ਬਾਬਾ ਦੇਖੇ ਤਾਂ ਅੰਧੇਰੀ ਬਹੁਤ ਆਈ, ਦਰਖਤਿ ਲਗੇ ਉਡਣਿ। ਤਬ ਮਰਦਾਨਾ ਬਹੁਤ ਭੈ-ਮਾਨ ਹੋਇਆ, ਆਖਿਓ ਸੁ, 'ਜੀਓ ਪਾਤਿਸਾਹ, ਆਣਿ ਉਜਾੜ ਵਿਚ ਪਾਇ ਮਾਰਿਓ, ਗੋਰ ਖਫਣਹੁ ਭੀ ਗਏ।' ਤਬ ਗੁਰੂ ਬਾਬੇ ਕਹਿਆ 'ਮਰਦਾਨਿਆ ਕਾਹੁਲਾ ਹੋਹੇ ਨਾਹੀਂ....।' 'ਲੰਮੀ ਨਦਰ' ਰਚਿਤ ਡਾ. ਬਲਬੀਰ ਸਿੰਘ (ਰਬਾਬ) ਵਿਚ ਇਸ ਦਾ ਭਾਵ ਇਹ ਦੱਸਿਆ ਹੈ ਕਿ ਮਰਦਾਨੇ ਦਾ ਕਲਿਜੁਗ ਤੋਂ ਡਰਨਾ ਇਕ ਵਿਕਾਰਜਨਕ ਘਟਨਾ ਹੈ। ਮਰਦਾਨਾ ਕੀ ਆਖ ਤੇ ਡਰਨਾ ਕੀ ਆਖ, ਪਰ ਉਸ ਨੂੰ ਆਪਣੀ ਮਰਦਾਨਗੀ ਦਾ ਪਤਾ ਨਹੀਂ ਸੀ। ਉਹ ਆਪਣੀ ਸੂਰਮਤਾਈ ਦਾ ਸਾਖੀ ਨਹੀਂ ਸੀ। ਉਹ ਬਹਾਦਰ ਸੀ, ਮਰਦਾਨਾ ਸੀ, ਪਰ ਭੁੱਲ ਜਾਂਦਾ ਸੀ। ਉਸ ਕੋਲ ਉਹ ਵਿੱਦਿਆ ਸੀ, ਜਿਸ ਪ੍ਰਤਾਪ ਨਾਲ ਕਲਿਜੁਗ ਉੱਤੇ ਫਤਹਿ ਮਿਲ ਜਾਂਦੀ ਹੈ। ਕਲਿਜੁਗ ਵਿਚ ਕਮਜ਼ੋਰੀ ਹੈ। ਇਸ ਕਮਜ਼ੋਰੀ ਉੱਪਰ ਉਂਗਲ ਰੱਖਣ ਨਾਲ ਹੀ ਉਹ ਢਹਿ ਪੈਂਦਾ ਹੈ। ਇਹ ਗੱਲ ਦੁਨੀਆਂ ਭੁੱਲ ਗਈ ਸੀ। ਇਸ ਗੱਲ ਵਿਚ ਬਾਬਾ

ਭਾਈ ਮਰਦਾਨੇ ਨੂੰ ਸੁਚੇਤ ਕਰਨ ਲਈ ਆਇਆ ਸੀ ਤੇ ਭਾਈ ਮਰਦਾਨਾ ਜੀ ਦੇ ਬਹਾਨੇ ਸਾਰੀ ਲੋਕਾਈ ਨੂੰ ਬਾਬੇ ਬਗੈਰ ਹੋਰ ਕੋਈ ਨਹੀਂ ਸੀ, ਜੋ ਇਸ ਭੇਦ ਨੂੰ ਉਸ ਜ਼ਮਾਨੇ ਵਿਚ ਪ੍ਰਗਟ ਕਰਦਾ। ਇਸ ਭੇਦ ਵਿਚ ਕਲਿਜੁਗ ਦੀ ਕਮਜ਼ੋਰੀ ਦਾ ਰਾਜ਼ ਛਿਪਿਆ ਹੋਇਆ ਸੀ ਜੋ ਉਨ੍ਹਾਂ ਪ੍ਰਗਟ ਕਰ ਦਿੱਤਾ:

*ਕਲੀ ਕਾਲ ਮਹਿ ਇਕ ਕਲ ਰਾਖੀ॥*
*ਬਿਨੁ ਗੁਰ ਪੂਰੇ ਕਿਨੈ ਨ ਭਾਖੀ॥* *(ਪੰਨਾ ੧੦੨੪)*

ਇਹ ਕੀ 'ਕਲ' ਸੀ। ਗੁਰੂ ਅਮਰਦਾਸ ਜੀ ਨੇ ਏਸ ਗੱਲ ਨੂੰ ਖੋਲ੍ਹ ਦਿੱਤਾ। ਉਨ੍ਹਾਂ ਨੇ ਕਿਹਾ:

*ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ॥*
*ਗੁਰਮੁਖਿ ਕੋਈ ਉਤਰੈ ਪਾਰਿ॥* *(ਪੰਨਾ ੧੪੫)*

ਇਹ ਭੇਤ ਕੀਰਤਨ ਦੇ ਚਾਨਣੁ ਨਾਲ ਪ੍ਰਤੱਖ ਹੁੰਦਾ ਹੈ। ਪਰ ਇਹ ਅਮੁੱਲ ਰਤਨ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦਾ ਹੈ:

*ਜਿਸ ਨੋ ਨਦਰਿ ਕਰੇ ਤਿਸੁ ਦੇਵੈ॥*
*ਨਾਨਕ ਗੁਰਮੁਖਿ ਰਤਨੁ ਸੋ ਲੇਵੈ॥* *(ਪੰਨਾ ੧੪੫)*

ਇਹ ਭੇਤ ਗੁਰੂ ਬਾਬੇ ਨੇ ਭਾਈ ਮਰਦਾਨੇ ਨੂੰ ਦੱਸ ਦਿੱਤਾ ਤੇ ਕਿਹਾ, ਮਰਦਾਨਿਆ, ਰਬਾਬ ਫੜ ਤੇ ਸ਼ਬਦ ਦਾ ਕੀਰਤਨ ਕਰ। ਇਸ 'ਤੇ ਭਾਈ ਮਰਦਾਨਾ ਜੀ ਦਾ ਸਾਰਾ ਡਰ ਦੂਰ ਹੋ ਗਿਆ। ਕਲਿਜੁਗ ਉੱਡ-ਪੁੱਡ ਗਿਆ।

ਗੁਰੂ ਬਾਬੇ ਦੀ ਦੋਸਤੀ ਮਰਦਾਨਾ ਜੀ ਨਾਲ ਸੰਕੇਤ ਸੀ, ਸੁਰਤ ਤੇ ਸ਼ਬਦ ਦੇ ਮਿਲਾਪ ਦਾ। ਬਾਬਾ ਸ਼ਬਦ ਰੂਪ ਸੀ, ਭਾਈ ਮਰਦਾਨਾ ਸੁਰਤ ਸੀ। ਸੁਰਤ ਭੁੱਲ ਜਾਂਦੀ ਸੀ, ਕਲਿਜੁਗ ਆ ਜਾਂਦਾ ਸੀ। ਸੁਰਤ ਡਰ ਜਾਂਦੀ ਸੀ, ਸ਼ਬਦ ਦੀ ਤਾਰ ਟੁੱਟ ਜਾਂਦੀ ਸੀ, ਸ਼ੋਰ ਪਾਉਣ ਲੱਗ ਜਾਂਦੀ ਸੀ। ਬਾਬੇ ਨੇ ਭਾਈ ਮਰਦਾਨੇ ਨੂੰ ਇਹੋ ਗੱਲ ਸਮਝਾਈ ਕਿ 'ਡਰ ਨਾ' ਤੇ ਕਿਹਾ:

*ਡਰੀਐ ਜੇ ਡਰੁ ਹੋਵੈ ਹੋਰੁ॥*
*ਡਰਿ ਡਰਿ ਡਰਣਾ ਮਨ ਕਾ ਸੋਰੁ॥* *(ਪੰਨਾ ੧੫੧)*

ਗੁਰੂ ਨਾਨਕ ਸਾਹਿਬ ਦੀ ਦੋਸਤੀ ਭਾਈ ਮਰਦਾਨਾ ਜੀ ਨਾਲ ਕੋਈ ਮਾਇਆ ਦਾ ਸੰਬੰਧ ਨਹੀਂ ਸੀ। ਉਨ੍ਹਾਂ ਦੋਹਾਂ ਦੀ ਦੁਨੀਆਂ ਵੱਖਰੀ ਸੀ। ਉਹ ਹੁਨਰ ਦੇ ਘਰ ਵਿਚ ਇਕਸੁਰ ਸਨ। ਉਨ੍ਹਾਂ ਦਾ ਮਨ ਵੀ ਇਕਸੁਰ ਹੋ ਜਾਂਦਾ ਸੀ। ਉਨ੍ਹਾਂ ਦਾ ਸੰਬੰਧ 'ਸੁਰ ਸਨਬੰਦ' ਸੀ। ਫ਼ਰਕ ਕੇਵਲ ਇਤਨਾ ਸੀ ਕਿ ਗੁਰੂ ਨਾਨਕ ਸਾਹਿਬ ਸੁਰ ਤੋਂ ਉੱਪਰ ਉੱਠ ਜਾਂਦੇ ਸਨ। ਸ਼ਬਦ ਤੋਂ ਅਨਹਤ ਸ਼ਬਦ ਵੱਲ ਚਲੇ ਜਾਂਦੇ ਸਨ। ਹੁਨਰ ਤੋਂ ਉੱਠ ਕੇ ਸੁੰਨ ਵਿਚ ਪ੍ਰਵੇਸ਼ ਕਰਦੇ ਸਨ ਤੇ ਪਰਮ ਆਤਮਾ ਨਾਲ ਇਕਰੂਪ ਹੋ ਜਾਂਦੇ ਸਨ:

*ਅਨਹਤ ਸੁੰਨਿ ਰਤੇ ਸੇ ਕੈਸੇ॥*

*ਜਿਸ ਤੇ ਉਪਜੇ ਤਿਸ ਹੀ ਜੈਸੇ॥* (ਪੰਨਾ ੯੪੩)

ਗੁਰੂ ਨਾਨਕ ਸਾਹਿਬ ਨੇ ਇਸੇ ਅਨਹਤ ਸ਼ਬਦ ਨਾਲ ਭਾਈ ਮਰਦਾਨਾ ਜੀ ਦੇ ਮਨ ਨੂੰ ਬ੍ਰਹਮ ਨਾਲ ਇਕਸੁਰ ਕਰ ਦਿੱਤਾ ਸੀ। ਭਾਈ ਮਰਦਾਨਾ ਜੀ ਸੇਵਕ ਸਨ, ਸਿੱਖ ਸਨ, ਚੇਲਾ ਸਨ, ਰਬਾਬੀ ਸਨ, ਬਚਪਨ ਦੇ ਸਾਥੀ ਸਨ, ਪਰ ਜੋ ਕੁਝ ਵੀ ਸਨ, ਉਨ੍ਹਾਂ ਨੂੰ ਇਸ ਗੱਲ ਦਾ ਮਾਣ ਜ਼ਰੂਰ ਸੀ ਕਿ ਉਹ ਗੁਰੂ ਨਾਨਕ ਸਾਹਿਬ ਦੇ ਦੋਸਤ ਸਨ। ਗੁਰੂ ਨਾਨਕ ਸਾਹਿਬ ਵੀ ਉਨ੍ਹਾਂ ਨੂੰ ਜੀਵਨ ਸਾਥੀ ਸਮਝਦੇ ਸਨ। ਭਾਈ ਮਰਦਾਨਾ ਜੀ ਨਾਲ ਇਥੇ ਗੁਰੂ ਨਾਨਕ ਸਾਹਿਬ ਦਾ ਦਿਲ ਇਕਸੁਰ ਹੋ ਚੁੱਕਾ ਸੀ:

*ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥*

(ਪੰਨਾ ੭੨੫)

ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਦੋਸਤੀ ਲਈ ਇਕ ਨੀਵੀਂ ਜਾਤ 'ਚੋਂ ਚੁਣਿਆ ਤੇ ਗੁਰੂ ਨਾਨਕ ਸਾਹਿਬ ਨੀਚੋਂ ਊਚ ਕਰਨ ਵਾਲੇ ਗੋਬਿੰਦ ਸਨ। ਗੁਰੂ ਨਾਨਕ ਸਾਹਿਬ ਨੇ ਕਲਿਜੁਗ ਵਿਚ ਨਾਮ ਕੀਰਤਨ ਨੂੰ ਸੁਰਜੀਤ ਕੀਤਾ, ਜਿਸ ਨੇ ਸਭ ਦਾ ਉਧਾਰ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਦਾ ਵਾਕ ਹੈ:

*ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ*
*ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ॥* (ਪੰਨਾ ੧੨੯੭)

ਭਾਈ ਮਰਦਾਨਾ ਜੀ ਨੇ ਅਖ਼ੀਰ ਤਕ ਗੁਰੂ ਨਾਨਕ ਸਾਹਿਬ ਜੀ ਦਾ ਸਾਥ ਦਿੱਤਾ। ਭਾਈ ਮਰਦਾਨਾ ਜੀ ਦੇ ਅੰਤ ਬਾਰੇ ਕਈ ਖ਼ਿਆਲ ਹਨ, ਕਈ ਵੱਖ-ਵੱਖ ਰਾਵਾਂ ਹਨ, ਪਰ ਇਸ ਗੱਲ ਨਾਲ ਕਿ ਗੁਰੂ ਨਾਨਕ ਸਾਹਿਬ ਨੇ ਉਸ ਪਾਰਬ੍ਰਹਮ ਨਾਲ ਅਭੇਦ ਕਰ ਦਿੱਤਾ, ਕਿਸੇ ਨੂੰ ਮੱਤਭੇਦ ਨਹੀਂ। ਮੈਕਾਲਿਫ ਨੇ "ਸਿੱਖ ਰਿਲੀਜ਼ਨ' ਵਿਚ ਇਸ ਬਾਰੇ ਇਸ ਪ੍ਰਕਾਰ ਲਿਖਿਆ ਹੈ:

"ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, 'ਬ੍ਰਾਹਮਣ ਦੀ ਦੇਹੀ ਜਲ ਪ੍ਰਵਾਹ ਕੀਤੀ ਜਾਂਦੀ ਹੈ, ਖੱਤਰੀ ਦੀ ਅੱਗ ਵਿਚ ਸਾੜੀ ਜਾਂਦੀ ਹੈ, ਵੈਸ਼ ਦੀ ਪੌਣ ਵਿਚ ਸੁੱਟੀ ਜਾਂਦੀ ਹੈ ਅਤੇ ਸ਼ੂਦਰ ਦੀ ਦਬਾਈ ਜਾਂਦੀ ਹੈ। ਤੇਰੀ ਦੇਹੀ ਦਾ ਜਿਸ ਤਰ੍ਹਾਂ ਤੂੰ ਕਹੇਂ, ਤੇਰੀ ਇੱਛਾ ਅਨੁਸਾਰ, ਅੰਤਮ ਸਸਕਾਰ ਕੀਤਾ ਜਾਵੇਗਾ।' ਭਾਈ ਮਰਦਾਨੇ ਨੇ ਉੱਤਰ ਦਿੱਤਾ, 'ਮਹਾਰਾਜ! ਤੁਹਾਡੇ ਉਪਦੇਸ਼ ਨਾਲ ਮੇਰਾ ਦੇਹ ਅਭਿਮਾਨ ਉੱਕਾ ਹੀ ਨਾਸ ਹੋ ਗਿਆ ਹੈ। ਚੌਹਾਂ ਵਰਣਾਂ ਦੀਆਂ ਦੇਹੀਆਂ ਦੇ ਅੰਤਮ ਸੰਸਕਾਰ ਦੇ ਢੰਗ ਵੀ ਹੰਕਾਰ ਨਾਲ ਸੰਬੰਧ ਰੱਖਦੇ ਹਨ। ਮੈਂ ਤਾਂ ਆਪਣੀ ਆਤਮਾ ਨੂੰ ਕੇਵਲ ਆਪਣੇ ਸਰੀਰ ਦਾ ਸਾਖੀ ਸਮਝਦਾ ਹਾਂ। ਅਤੇ ਮੈਨੂੰ ਦੇਹੀ ਦਾ ਖਿਆਲ ਹੀ ਨਹੀਂ। ਮਹਾਰਾਜ ਜਿਵੇਂ ਇੱਛਾ ਹੋਵੇ, ਤਿਵੇਂ ਹੀ ਕਰੋ।' ਤਦ ਗੁਰੂ ਬਾਬੇ ਨੇ ਕਿਹਾ, 'ਤੇਰੀ ਸਮਾਧੀ ਬਣਾ ਕੇ ਤੈਨੂੰ ਜਗਤ ਵਿਚ ਮਸ਼ਹੂਰ ਕਰ ਦੇਈਏ?' ਭਾਈ ਮਰਦਾਨੇ ਨੇ ਕਿਹਾ, 'ਮਹਾਰਾਜ! ਜਦ ਮੇਰੀ ਆਤਮਾ ਸਰੀਰ ਰੂਪੀ ਸਮਾਧ ਵਿੱਚੋਂ ਨਿਕਲ ਜਾਵੇਗੀ ਤਾਂ ਉਸ ਨੂੰ ਫਿਰ

ਪੱਥਰ ਜਾਂ ਇੱਟਾਂ ਗਾਰੇ ਦੀ ਸਮਾਧ ਵਿਚ ਕਿਉਂ ਬੰਦ ਕਰਦੇ ਹੋ?' ਗੁਰੂ ਜੀ ਨੇ ਕਿਹਾ, 'ਮਰਦਾਨਿਆ! ਤੂੰ ਬ੍ਰਹਮ ਨੂੰ ਪਛਾਣ ਲਿਆ ਹੈ, ਅੰਮ੍ਰਿਤ ਵੇਲੇ ਉਸ ਦੀ ਆਤਮਾ ਬ੍ਰਹਮ ਵਿਚ ਜਾ ਮਿਲੀ। ਗੁਰੂ ਜੀ ਨੇ ਆਪਣੇ ਕਰ-ਕਮਲਾਂ ਨਾਲ ਸਿੱਖ ਸੇਵਕਾਂ ਦੀ ਸਹਾਇਤਾ ਨਾਲ ਭਾਈ ਮਰਦਾਨੇ ਦੀ ਦੇਹ ਦਾ ਅੰਤਿਮ ਸੰਸਕਾਰ ਕਰ ਦਿੱਤਾ। ਫਿਰ ਸੋਹਿਲੇ ਦਾ ਪਾਠ ਕੀਤਾ ਅਤੇ ਕੜਾਹ ਪ੍ਰਸ਼ਾਦਿ ਵਰਤਾਇਆ''।

ਕਿਸ ਨੂੰ ਨਸੀਬ ਹੁੰਦਾ ਹੈ ਅਜਿਹਾ ਅੰਤ ਕਿ ਉਸ ਦੀ ਦੇਹ ਨੂੰ ਦੋ ਜਹਾਨ ਦਾ ਵਾਲੀ ਪਾਤਸ਼ਾਹ ਆਪਣੇ ਹਸਤ ਕਮਲਾਂ ਨਾਲ ਜਲਧਾਰਾ ਸਪੁਰਦ ਕਰੇ। ਭਾਗਾਂ ਵਾਲਾ ਸੀ ਭਾਈ ਮਰਦਾਨਾ। ਆਖ਼ਰ ਗੁਰੂ ਨਾਨਕ ਸਾਹਿਬ ਦਾ ਜੀਵਨ ਭਰ ਸਾਥੀ ਰਿਹਾ ਸੀ, ਦੋਸਤ ਸੀ, ਸਖਾ ਸੀ। ਗੁਰੂ ਨਾਨਕ ਸਾਹਿਬ ਆਪ ਸੱਚੇ ਦਰਬਾਰ ਦੇ ਢਾਡੀ ਸਨ ਤੇ ਭਾਈ ਮਰਦਾਨਾ ਜੀ ਉਨ੍ਹਾਂ ਦੇ ਰਬਾਬੀ। ਗੁਰੂ ਨਾਨਕ ਸਾਹਿਬ ਦੀ ਦੋਸਤੀ ਦਾ ਮਾਣ ਉਨ੍ਹਾਂ ਨੂੰ ਪ੍ਰਾਪਤ ਸੀ। ਉਨ੍ਹਾਂ ਦਾ ਜੰਮਣ-ਮਰਨ ਕੱਟਿਆ ਗਿਆ:

*ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥*
*ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥* *(ਪੰਨਾ ੧੪੨੧)*

ਭਾਈ ਕਾਨ੍ਹ ਸਿੰਘ ਜੀ 'ਮਹਾਨਕੋਸ਼' ਵਿਚ ਲਿਖਦੇ ਹਨ ਕਿ ਭਾਈ ਮਰਦਾਨਾ ਜੀ ਦਾ ਅੰਤ ਅਫਗਾਨਿਸਤਾਨ ਵਿਚ ਦਰਿਆ ਕੁੱਰਮ ਕੰਢੇ ਹੋਇਆ। ਮੈਕਾਲਿਫ ਤੇ ਹੋਰ ਕਈ ਇਤਿਹਾਸਕਾਰ ਭਾਈ ਮਰਦਾਨਾ ਜੀ ਦਾ ਅੰਤ ਕਰਤਾਰਪੁਰ ਵਿਖੇ ਦਰਿਆ ਰਾਵੀ ਦੇ ਕੰਢੇ ਹੋਇਆ ਦੱਸਦੇ ਹਨ। ਮੈਕਾਲਿਫ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਅੰਤ ਵੇਲੇ ਭਾਈ ਮਰਦਾਨਾ ਜੀ ਦੇ ਸਪੁੱਤਰ ਸ਼ਾਹਜ਼ਾਦੇ ਤੇ ਦੂਜੇ ਸਾਕਾਂ ਸਨਬੰਧੀਆਂ ਨੂੰ ਬੁਲਾਇਆ ਤੇ ਕਿਹਾ, 'ਰੋਣਾ ਬਿਲਕੁਲ ਨਹੀਂ, ਸਗੋਂ ਮੰਗਲਮਈ ਵਕਤ ਹੈ' (ਗਿਆਨ ਰਤਨਾਵਲੀ)। ਕਹਿੰਦੇ ਹਨ, ਸ਼ਾਹਜ਼ਾਦਾ ਗੁਰੂ ਸਾਹਿਬ ਦੇ ਬਾਕੀ ਦੇ ਸਾਲਾਂ ਵਿਚ ਉਨ੍ਹਾਂ ਨਾਲ ਕਰਤਾਰਪੁਰ ਹੀ ਰਿਹਾ ਤੇ ਨਿਰੰਤਰ ਕੀਰਤਨ ਕਰਦਾ ਰਿਹਾ।

ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਜੀ ਦੇ ਵਿਛੋੜੇ ਨੂੰ ਕਿਵੇਂ ਮਹਿਸੂਸ ਕੀਤਾ, ਕੌਣ ਦੱਸ ਸਕਦਾ ਹੈ, ਪਰ ਅਨੁਭਵ ਨਾਲ ਕਿਹਾ ਜਾ ਸਕਦਾ ਹੈ ਕਿ ਭਾਈ ਮਰਦਾਨਾ ਜੀ ਦੀ ਦੇਹ ਨਿਰਜਿੰਦ ਪਈ ਹੈ, ਕੋਲ ਰਬਾਬ ਹੈ ਤੇ ਗੁਰੂ ਨਾਨਕ ਸਾਹਿਬ ਕਹਿ ਰਹੇ ਹਨ:

*ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ॥* *(ਪੰਨਾ ੯੩੪)*

ਤੇ ਇਸ ਵਿਛੋੜੇ ਦੀ ਸ਼ਿੱਦਤ ਨੂੰ ਘਟਾਉਣ ਲਈ ਗੁਰੂ ਨਾਨਕ ਸਾਹਿਬ ਕਹਿ ਰਹੇ ਹਨ:

*ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ॥*
*ਗੁਰ ਪਰਸਾਦੀ ਤਿਸੁ ਸੰਮ੍ਲਾ ਤਾ ਤਨਿ ਦੂਖੁ ਨ ਹੋਇ॥* *(ਪੰਨਾ ੯੩੪)*

ਡਾ. ਬਲਬੀਰ ਸਿੰਘ (ਲੰਮੀ ਨਦਰ) ਦੇ ਸ਼ਬਦਾਂ ਵਿਚ ਕੀ ਭਾਈ ਮਰਦਾਨਾ

ਰਬਾਬੀ ਸੀ? ਨਹੀਂ, ਉਹ ਆਪ ਰਬਾਬ ਹੀ ਸੀ, ਉਸ ਦੀ ਦੇਹ ਰਬਾਬ ਦੀ ਤਾਰ ਸੀ, ਉਸ ਦਾ ਮਰਨਾ ਕੇਵਲ ਰਬਾਬ ਦੀ ਤਾਰ ਟੁੱਟਣੀ ਸੀ। ਰਬਾਬ ਸਾਬਤ ਹੈ। ਚਾਹੇ ਤਾਰ ਟੁੱਟਣ ਕਰਕੇ ਵੱਜਦੀ ਨਹੀਂ। ਪਰ ਤਾਰ ਦਾ ਟੁੱਟਣਾ ਤਾਂ ਮਾਮੂਲੀ ਗੱਲ ਹੈ:

*ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ॥*
*ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ॥* *(ਪੰਨਾ ੯੩੪)*

ਭਾਈ ਮਰਦਾਨਾ ਰਬਾਬ ਰੂਪ ਹੋ ਕੇ ਵੱਜ ਗਿਆ ਸੀ। ਉਸ ਦਾ ਕੀਰਤਨ ਜੁੱਗ ਪਲਟਾ ਗਿਆ ਸੀ। ਉਸ ਦੀ ਰਬਾਬ ਤੇ ਗੁਰੂ ਨਾਨਕ ਸਾਹਿਬ ਦੇ ਸ਼ਬਦ ਨੇ ਕਲਿਜੁਗ ਨੂੰ ਸਤਿਜੁਗ ਬਣਾ ਦਿੱਤਾ ਸੀ। ਭਾਈ ਮਰਦਾਨਾ ਜੀ ਦੀ ਰਬਾਬ ਵਿਚ ਇਕ ਵਿਸ਼ੇਸ਼ ਪੜਦਾ (ਧੁਨਿ) ਸੀ। ਇਹ ਪੜਦਾ ਅਨਹਦ ਦੀ ਗਤਿ ਨਾਲ ਸੁਰ ਅਭੇਦ ਹੋ ਕੇ ਵੱਜ ਉੱਠਦਾ ਸੀ, ਨਹੀਂ ਸਗੋਂ ਅਨਹਦ ਸ਼ਬਦ ਹੀ ਏਸ ਰਬਾਬ ਨੂੰ ਵਜਾਉਣ ਹਾਰਾ ਸੀ:

*ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥* *(ਪੰਨਾ ੩੮੧)*

ਗੁਰੂ ਨਾਨਕ ਸਾਹਿਬ ਨੂੰ ਭਾਈ ਮਰਦਾਨਾ ਜੀ ਕਿੰਨੇ ਕੁ ਪਿਆਰੇ ਸਨ, ਇਸ ਦਾ ਅਨੁਮਾਨ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਪਿਆਰੇ ਦੋਸਤ, ਜੀਵਨ ਸਾਥੀ ਨੂੰ (ਬਿਹਾਗੜੇ ਕੀ ਵਾਰ ਮ: ੪) ਤਿੰਨ ਸਲੋਕ ਸਮਰਪਣ ਕੀਤੇ ਹਨ।

*ਸਲੋਕੁ ਮਰਦਾਨਾ ੧॥*
*ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥*
*ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥*
*ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥*
*ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ॥*
*ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ॥*
*ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ॥੧॥*
*ਮਰਦਾਨਾ ੧॥*
*ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥*
*ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥*
*ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥*
*ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ॥*
*ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ॥੨॥*
*ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥*
*ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ*
*ਪੀ ਪੀ ਕਟਹਿ ਬਿਕਾਰ॥੩॥* *(ਪੰਨਾ ੫੫੩)*

ਇਸ ਤਰ੍ਹਾਂ ਭਾਈ ਮਰਦਾਨਾ ਜੀ ਪ੍ਰਤੀਕ ਹਨ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਗ-ਸਾਥ ਦਾ, ਮਰਦਾਨਗੀ ਦਾ, ਨਿਰਭੈਤਾ ਦਾ, ਜੋ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੀ ਸੰਗਤਿ ਤੋਂ ਪ੍ਰਾਪਤ ਹੋਈ। ਸੁਰਤ ਦਾ, ਆਤਮਾ ਦਾ ਤੇ ਗੁਰਬਾਣੀ ਦੇ ਅਲਾਪ ਦਾ, ਜਿਸ ਦਾ ਗੁਰਮਤਿ ਸਾਹਿਤ ਵਿਚ, ਸਿੱਖ ਇਤਿਹਾਸ ਵਿਚ ਤੇ ਸੰਸਾਰ-ਯਾਤਰਾ ਦੀ ਅਮਰ ਗਾਥਾ ਵਿਚ ਵਿਸ਼ੇਸ਼ ਮਹੱਤਵਪੂਰਨ ਅਸਥਾਨ ਹੈ, ਜਿਸ ਨੂੰ ਕੋਈ ਵੀ ਗੁਰੂ ਬਾਬੇ ਦਾ ਅਨੁਯਾਈ ਅੱਖੋਂ ਓਹਲੇ ਨਹੀਂ ਕਰ ਸਕਦਾ। ਨਿਰਸੰਦੇਹ ਭਾਈ ਮਰਦਾਨਾ ਜੀ ਸਮੁੱਚੇ ਸਿੱਖ-ਜਗਤ ਦੇ ਮਾਨ-ਸਤਿਕਾਰ ਦੇ ਪਾਤਰ ਹਨ, ਉਨ੍ਹਾਂ ਅੱਗੇ ਸਾਡਾ ਸਭਨਾਂ ਦਾ ਸੀਸ ਝੁਕ ਜਾਂਦਾ ਹੈ।

■

---

## 'ਸੱਤੇ ਬਲਵੰਡ ਦੀ ਵਾਰ' ਦਾ ਇਤਿਹਾਸਕ.. *(ਸਫ਼ਾ ੧੪੮ ਦਾ ਬਾਕੀ ਹਿੱਸਾ)*

*ਗੁਰੁ ਡਿਠਾ ਤਾਂ ਮਨੁ ਸਾਧਾਰਿਆ॥* *(ਪੰਨਾ ੯੬੮)*

ਗੁਰੂ ਦੀ ਬਖ਼ਸ਼ਿਸ਼ ਨਾਲ ਸਾਧੇ ਹੋਏ ਮਨ ਵਿੱਚੋਂ ਹੀ ਉਹ ਇਸ ਵਾਰ ਦੀ ਅੰਤਲੀ ਪਉੜੀ ਉਚਾਰਦਾ ਸਪੱਸ਼ਟ ਕਰਦਾ ਹੈ ਕਿ ਚਾਰੇ ਪਾਤਸ਼ਾਹੀਆਂ ਆਪੋ-ਆਪਣੇ ਵੇਲੇ ਦੇ ਰੌਸ਼ਨ ਮੀਨਾਰ ਹੋਏ, ਜਿਨ੍ਹਾਂ ਵਿਚ ਅਕਾਲ ਪੁਰਖ ਪ੍ਰਤੱਖ ਵਰਤਿਆ ਤੇ ਕਲਿਜੁਗੀ ਜੀਵਾਂ ਦੇ ਉਧਾਰ ਲਈ ਨਰੋਏ ਪੂਰਨੇ ਪਾਏ। ਹੁਣ ਉਸੇ ਤਖ਼ਤ 'ਤੇ ਸ੍ਰੀ ਗੁਰੂ ਅਰਜਨ ਸਾਹਿਬ ਬਿਰਾਜਮਾਨ ਹੋ ਕੇ ਸੂਰਜ ਉੱਗਣ ਤੋਂ ਅਸਤਣ ਤਾਈਂ ਚਹੁੰ ਕੂੰਟਾਂ ਵਿਚ ਨਾਮ ਦਾ ਪ੍ਰਕਾਸ਼ ਫੈਲਾ ਰਹੇ ਹਨ। ਜੋ ਮਨਮੁੱਖਤਾ ਤਹਿਤ ਉਸ ਦੇ ਬਚਨ ਤੋਂ ਫਿਰੇ, ਉਹ ਆਤਮਕ ਮੌਤੇ ਮਰੇ। ਜਿਨ੍ਹਾਂ ਉਸ ਦਾ ਬੋਲ ਪੁਗਾਇਆ, ਉਸ ਦੀ ਬਖ਼ਸ਼ਿਸ਼ ਦੇ ਪਾਤਰ ਬਣੇ। ਉਸ ਦੀ ਵਡਿਆਈ ਨਿਰੰਤਰ ਚਹੁੰ ਕੂੰਟਾਂ ਵਿਚ ਫੈਲ ਰਹੀ ਹੈ। ਇਸ ਸ੍ਰਿਸ਼ਟੀ ਲਈ ਉਹ ਸੱਚੇ ਦੇ ਦਰ ਤੋਂ ਆਈ ਸੱਚੀ ਸੌਗਾਤ ਹੈ।

ਗਹੁ ਕਰੀਏ ਤਾਂ ਵਾਰ ਦੀ ਬਣਤਰ ਮੂਜਬ ਇਹ ਆਪਣੇ ਨਾਇਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਖ਼ਸੀਅਤ ਨੂੰ ਉਸਾਰਨ ਹਿੱਤ ਹਰੇਕ ਪਉੜੀ ਵਿਚ ਅਗੰਮੀ ਜੋਤ ਦੇ ਝਲਕਾਰਿਆਂ ਨੂੰ ਉਭਾਰਨ ਦੇ ਰੱਦੇ ਹੀ ਉਸਾਰੇ ਗਏ ਹਨ, ਜੋ ਅੰਤਲੀ ਅੱਠਵੀਂ ਪਉੜੀ ਵਿਚ ਆਪਣੀ ਸਿਖ਼ਰ ਨੂੰ ਪੁੱਜਦੇ ਹਨ। ਰਾਇ ਬਲਵੰਡ ਜੀ ਨੇ ਪਹਿਲੀਆਂ ਤਿੰਨਾਂ ਪਉੜੀਆਂ ਵਿਚ ਕੇਵਲ ਪਹਿਲੇ ਦੋ ਸਤਿਗੁਰਾਂ ਦੀ ਮਹਿਮਾ ਗਾਈ ਹੈ ਅਤੇ ਭਾਈ ਸੱਤਾ ਜੀ ਨੇ ਅਗਲੀਆਂ ੪ ਪਉੜੀਆਂ ਵਿਚ ਚਹੁੰ ਸਤਿਗੁਰਾਂ ਦੀ, ਅੰਤਲੀ ਪਉੜੀ ਵਿਚ ਇਹ ਵਾਰ ਉਸ ਨਾਇਕ ਦੀ ਪ੍ਰਤਿਸ਼ਠਾ ਉਜਾਗਰ ਕਰਦੀ ਹੈ, ਜੋ ਅਜੇ ਜੱਗ-ਜ਼ਾਹਰ ਹੋ ਰਿਹਾ ਹੈ ਅਤੇ ਜਿਸ ਸ੍ਰੀ ਗੁਰੂ ਰਾਮਦਾਸ ਜੀ ਦੇ ਸਿੰਘਾਸਨ 'ਤੇ ਬਹਿਣ ਦਾ ਸ਼ਰਫ਼ ਹਾਸਲ ਹੋਇਆ ਹੈ।

■

# ਢਾਡੀ-ਕਵੀਸ਼ਰ ਵੀਰੋ! ਭਾਈ ਮਰਦਾਨਾ ਜੀ ਦੇ ਮਹਾਨ ਕਿਰਦਾਰ ਦੀ ਕਦਰ-ਘਟਾਈ ਨਾ ਕਰੋ!

*-ਗਿ. ਪਰਸੋਤਮ ਸਿੰਘ ਪਾਰਸ (ਢਾਡੀ)**

*ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।*

*(ਵਾਰ ੧)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਰਮ-ਸ਼ਰਧਾਲੂ ਤੇ ਪਰਮ-ਸਨੇਹੀ ਮਿੱਤਰ ਉਨ੍ਹਾਂ ਦੇ ਰੱਬੀ ਰਬਾਬੀ, ਪਿਆਰੇ ਭਾਈ ਸਾਹਿਬ ਭਾਈ ਮਰਦਾਨਾ ਜੀ ਦੇ ਵੱਡਿਆਂ ਦੇ ਪੀੜ੍ਹੀ-ਦਰ-ਪੀੜ੍ਹੀ ਗੁਰੂ ਸਾਹਿਬ ਦੀ ਵੰਸ (ਖਾਨਦਾਨ) ਨਾਲ ਘਰੇਲੂ ਸੰਬੰਧ ਸਨ। ਭਾਈ ਸਾਹਿਬ ਦੇ ਪਿਤਾ ਬਦਰਾ ਜੀ ਗੁਰੂ ਸਾਹਿਬ ਦੀ ਵੰਸ਼ ਦੇ ਡੂਮ ਸਨ। ਜਦ ਰਾਏ ਭੁਇ ਨੇ ਸੰਮਤ ੧੪੯੨ ਬਿਕਰਮੀ ਨੂੰ ਇਸਲਾਮ ਗ੍ਰਹਿਣ ਕੀਤਾ, ਉਸ ਵੇਲੇ ਦੇ ਹਾਕਮ ਦੌਲਤ ਰਾਏ ਨੇ ਆਪਣੀ ਬੇਟੀ ਦਾ ਰਿਸ਼ਤਾ ਕਰ ਦਿੱਤਾ। ਦੌਲਤ ਰਾਏ ਨੇ ਸਰਕਪੁਰ ਪਰਗਨਾ ਆਪਣੀ ਪਤਨੀ ਨੂੰ ਮੇਹਰ ਵਜੋਂ ਦਿੱਤਾ। ਜਿਥੇ ਰਾਏ ਨੇ ੧੪੯੨ ਬਿ. ਨੂੰ ਇਕ ਨਗਰ ਆਪਣੇ ਨਾਂ 'ਤੇ ਰਾਏ ਭੁਇ ਦੀ ਤਲਵੰਡੀ ਵਸਾਇਆ।(ਯਾਦ ਰੱਖਣਾ ਆਪ ਨੂੰ ਜਿਥੇ ਵੀ ਤਲਵੰਡੀ ਨਾਂ ਦਾ ਨਗਰ ਮਿਲੇਗਾ, ਉਸ ਨੂੰ ਵਸਾਉਣ ਵਾਲੇ ਭੱਟੀ ਰਾਜਪੂਤ ਹੀ ਹੋਣਗੇ।)

ਜਦ ਤਲਵੰਡੀ ਵੱਸ ਗਈ ਤਾਂ ਰਾਏ ਆਪਣੇ ਪਰਵਾਰ ਸਹਿਤ ਆਪਣੇ ਪਰਮ-ਮਿੱਤਰ ਰਾਮ ਨਰੈਣ ਮਹਿਤਾ ਦੇ ਪਰਵਾਰ ਨੂੰ ਭੀ ਸੱਦ ਲਿਆ ਤੇ ਰਾਮ ਨਰੈਣ ਦੇ ਨਾਲ ਹੀ ਭਾਈ ਬਧਰਾ ਜੀ ਵੀ ਆਣ ਵੱਸੇ। ਇਥੇ ਹੀ ਭਾਈ ਬਦਰਾ ਦੇ ਘਰ ਮਾਤਾ ਲੱਖੋ ਦੀ ਕੁੱਖੋਂ ਸੰਮਤ ੧੫੧੬ ਬਿ. ਨੂੰ ਜਿਸ ਬੱਚੇ ਦਾ ਜਨਮ ਹੋਇਆ ਅੱਗੇ ਚੱਲ ਕੇ ਉਹ ਮਹਾਨ ਰੱਬੀ ਰਬਾਬੀ ਭਾਈ ਮਰਦਾਨਾ ਜੀ ਦੇ ਨਾਂ ਨਾਲ ਸੰਸਾਰ ਪ੍ਰਸਿੱਧ ਸੰਗੀਤ ਸ਼ਾਸਤਰੀ ਤਾਨਸੈਨ ਦੇ ਗੁਰੂ ਹਰਬਲਭ ਦੇ ਪੂਜਨੀਕ ਉਸਤਾਦ ਬਣੇ।

'ਮਰਦਾਨਾ' ਨਾਮ ਕਿਵੇਂ ਪਿਆ ? ਜਦ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਮੋਦੀਖਾਨੇ, ਮੋਦੀ ਦੀਆਂ ਜ਼ੁੰਮੇਵਾਰੀਆਂ ਨਿਭਾ ਰਹੇ ਸਨ ਤਾਂ ਪਿਤਾ ਬਾਬਾ ਕਲਿਆਣ ਚੰਦ ਜੀ ਨੇ ਭਾਈ ਬਦਰੇ ਨੂੰ ਸੁਲਤਾਨਪੁਰ ਤੋਂ ਬਾਬੇ ਨਾਨਕ ਜੀ ਦੀ ਭਾਈ ਬਦਰਾ ਜੀ ਨੇ ਅੱਗੋਂ ਆਪਣੇ ਪੁੱਤਰ ਦਾਨੇ ਦੀ ਇਹ ਜ਼ੁੰਮੇਵਾਰੀ ਲਾ ਦਿੱਤੀ, ਜਦ

**੩੨, ਫਰੈਂਡਜ਼ ਕਾਲੋਨੀ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ-੧੪੩੦੦੬*

ਭਾਈ ਜੀ ਪੁੱਜੇ, ਘਰੋਂ ਬੇਬੇ ਨਾਨਕੀ ਜੀ ਤੋਂ ਪਤਾ ਲੱਗਾ ਕਿ ਸਤਿਗੁਰ ਵੇਈਂ ਇਸ਼ਨਾਨ 'ਤੇ ਗਏ ਹਨ ਤਾਂ ਦਾਨਾ ਜੀ ਵੀ ਵੇਈਂ (ਹੁਣ ਗੁਰਦੁਆਰਾ ਸੰਤ ਘਾਟ ਸਾਹਿਬ) ਵਾਲੀ ਥਾਂ ਪੁੱਜੇ। ਤਾਂ ਸਤਿਗੁਰੂ ਸਮਾਧੀ ਸਥਿਤ ਸਨ, ਪੈਰਾਂ ਦਾ ਖੜਾਕ ਸੁਣ ਕੇ ਬੋਲੇ, 'ਕੌਣ?' ਤਾਂ ਅੱਗੋਂ ਆਉਣ ਵਾਲੇ ਨੇ ਕਿਹਾ, 'ਜੀ ਮੈਂ ਦਾਨਾ ਡੂਮ।' ਜਗਤ ਗੁਰੂ ਨੇ ਹੱਸ ਕੇ ਕਿਹਾ, 'ਦਾਨਾ ਡੂਮ ਨਾ ਬਣੋ, ਮਰਦ ਬਣੋ।' ਬਸ ਉਸੇ ਦਿਨ ਤੋਂ ਭਾਈ ਸਾਹਿਬ ਮਰਦਾਨਾ ਨਾਂ ਨਾਲ ਜਗਤ ਪ੍ਰਸਿੱਧੀ ਦੇ ਗਗਨ ਮੰਡਲ ਦੇ ਧਰੂ ਵਜੋਂ ਜਾਣੇ ਗਏ ਤੇ ਸਾਰੀ ਜ਼ਿੰਦਗੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਰਦਾਂ ਵਾਂਗ ਬਿਤਾ ਦਿੱਤੀ। ਹਰ ਦੁੱਖ, ਕਸ਼ਟ ਨੂੰ ਸੁਖ, ਰਹਿਮਤ ਤੇ ਰੱਬੀ ਦਾਤ ਜਾਣਿਆ।

ਕੀ ਭਾਈ ਮਰਦਾਨਾ ਜੀ ਵਾਸਤਵ ਵਿਚ ਭੁੱਖੇ ਹੀ ਰਹੇ ਜਿਵੇਂ ਕਿ ਸਾਡੇ ਢਾਡੀ, ਰਾਗੀ, ਕਵੀਸ਼ਰ ਸਟੇਜਾਂ 'ਤੇ ਦੱਸਦੇ ਹਨ? ਦੁਨੀਆਂ 'ਤੇ ਕਦੇ ਕਿਸੇ ਨੇ ਆਪਣੇ ਵੱਡੇ ਪਿਤਾ-ਪਿਤਾਮਾ ਨੂੰ ਭੁੱਖਾ-ਨੰਗਾ ਡੂਮ ਨਹੀਂ ਕਿਹਾ (ਕੇਵਲ ਸਿੱਖ ਪ੍ਰਚਾਰਕਾਂ ਤੋਂ ਬਿਨਾਂ) ਉਹ ਆਪ ਮੰਗਤੇ ਨੇ, ਇਸ ਲਈ ਭਾਈ ਜੀ ਨੂੰ ਵੀ ਆਪਣੇ ਵਰਗਾ ਹੀ ਸਮਝਦੇ ਨੇ, ਕਈ ਤਾਂ ਇਹੋ-ਜਿਹੇ ਵੀ ਨੇ ਜਿਨ੍ਹਾਂ ਨੇ ਕਦੇ ਸਕੂਲ ਦੇ ਦਰਸ਼ਨ ਹੀ ਨਹੀਂ ਕੀਤੇ। ਉਹ ਜਿਨ੍ਹਾਂ ਨੂੰ ਤਿੰਨ-ਚਾਰ ਹਜ਼ਾਰ ਰੁਪਏ ਤਨਖਾਹ ਮਿਲਦੀ ਹੈ। ਉਹ ਤਾਂ ਭਾਈ ਸਾਹਿਬ ਨੂੰ ਡੂਮ ਭੁੱਖਾ ਕਹਿਣਗੇ ਹੀ!

ਕੀ ੫੫ ਸਾਲ ਦੇ ਲਾਗੇ-ਚਾਗੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਰਹਿ ਕੇ ਵੀ ਭਾਈ ਮਰਦਾਨਾ ਜੀ ਦੀ ਭੁੱਖ ਨਹੀਂ ਗਈ, ਤਾਂ ਗੁਰੂ 'ਤੇ ਸ਼ੱਕ ਹੈ ਮਰਦਾਨੇ 'ਤੇ ਨਹੀਂ। ਇਹ ਉਨ੍ਹਾਂ ਲੋਕਾਂ ਦੀ ਕਾਢ ਹੈ, ਜੋ ਖੁਦ ਭੁੱਖ-ਨੰਗੇ ਨੇ।

ਭਾਈ ਮਰਦਾਨਾ ਜੀ ਉਨ੍ਹਾਂ ਲੋਕਾਂ ਦੇ ਉਧਾਰ ਦਾ ਵਸੀਲਾ ਸੀ ਜੋ ਜੀਵਨ ਰਾਹ ਤੋਂ ਥਿੜਕੇ ਕੁਰਾਹੇ ਪਏ ਫਿਰਦੇ ਸਨ, ਜੇ ਭਾਈ ਮਰਦਾਨਾ ਜੀ ਰੁੱਸਦੇ ਨਾ ਤਾਂ ਸ਼ਾਇਦ ਕੌਡੇ ਦਾ ਉਧਾਰ ਨਾ ਹੁੰਦਾ, ਨੂਰਾਂ ਆਪਣੀ ਭੈੜੀ ਕਾਰ ਨਾ ਛੱਡਦੀ, ਵਲੀ ਦੇ ਵਲ-ਛਲ ਦੀ ਜ਼ਿੰਦਗੀ ਸਿੱਧੀ ਸੜਕ 'ਤੇ ਨਾ ਪੈਂਦੀ, ਹਮਜ਼ਾ ਹਕੀਕਤ ਵਿਚ ਗੌਂਸ ਨਾ ਬਣਦਾ, ਸੱਜਣ ਸੱਜਣ ਹੋ ਕੇ ਵੀ ਠੱਗ ਹੀ ਰਹਿ ਜਾਂਦਾ! ਇਨ੍ਹਾਂ ਸਭਨਾਂ ਵਾਸਤੇ ਭਾਈ ਮਰਦਾਨਾ ਜੀ ਇਕ ਰੱਬੀ ਬਖਸ਼ਿਸ਼ ਸਨ, ਉਧਾਰ ਦਾ ਵਸੀਲਾ ਸਨ। ਐਸੇ ਮਹਾਂ-ਪਰਉਪਕਾਰੀ ਲਈ ਜੋ ਅਸੀਂ ਪ੍ਰਚਾਰਕ ਲੋਕ ਮੂਰਖਤਾ ਦੇ ਪ੍ਰਸੰਗ ਕੱਢ ਕੇ ਸੁਣਾਉਂਦੇ ਹਾਂ, ਸਾਨੂੰ ਉਨ੍ਹਾਂ ਤੋਂ ਸੰਕੋਚ ਕਰਨਾ ਚਾਹੀਦਾ ਹੈ ਤੇ ਭਾਈ ਸਾਹਿਬ ਜੀ ਦੀ ਨਿਸ਼ਕਾਮ ਮਨੁੱਖੀ ਸੇਵਾ ਤੇ ਗੁਰੂ ਪ੍ਰਤੀ ਪਿਆਰ ਨੂੰ ਸੰਸਾਰ ਸਾਹਮਣੇ ਇਕ ਆਦਰਸ਼ ਵਜੋਂ ਪੇਸ਼ ਕਰਨਾ ਚਾਹੀਦਾ ਹੈ।

■

# ਬਾਬਾ ਸੁੰਦਰ ਜੀ : ਜੀਵਨ ਤੇ ਬਾਣੀ

*-ਡਾ. ਸ਼ਮਸ਼ੇਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੂੰ ਵਿਦਵਾਨਾਂ ਨੇ ਮੁੱਖ ਤੌਰ 'ਤੇ ਚਾਰ ਭਾਗਾਂ ਵਿਚ ਵੰਡਿਆ ਹੈ। ਇਹ ਵੰਡ ਹੇਠ ਲਿਖੇ ਅਨੁਸਾਰ ਹੈ:

(ੳ) ਗੁਰੂ ਸਾਹਿਬਾਨ ਦੀ ਬਾਣੀ।

(ਅ) ਭਗਤ ਸਾਹਿਬਾਨ ਦੀ ਬਾਣੀ।

(ੲ) ਭੱਟ ਸਾਹਿਬਾਨ ਦੀ ਬਾਣੀ।

(ਸ) ਗੁਰੂ-ਘਰ ਦੇ ਨਿਕਟਵਰਤੀ ਸਿੱਖ ਸ਼ਰਧਾਲੂਆਂ ਦੀ ਬਾਣੀ। ਬਾਬਾ ਸੁੰਦਰ ਜੀ ਨੂੰ ਵਿਦਵਾਨਾਂ ਨੇ ਚੌਥੇ ਭਾਗ ਵਿਚ ਰੱਖਿਆ ਹੈ।

**ਬਾਬਾ ਸੁੰਦਰ ਜੀ: ਜਾਣ ਪਛਾਣ**

ਸ਼ਬਦਾਰਥ ਪੋਥੀ ਤੀਸਰੀ ਪੰਨਾ ੯੨੩-੯੨੪, ਫੁਟ ਨੋਟ ਅਨੁਸਾਰ ਬਾਬਾ ਸੁੰਦਰ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਪੜੋਤੇ (ਮੋਹਰੀ ਜੀ ਦੇ ਪੋਤਰੇ ਤੇ ਅਨੰਦ ਜੀ ਦੇ ਸਪੁੱਤਰ) ਸਨ।

ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੇ ਇਕ ਖੋਜ ਪੱਤਰ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਇਤਿਹਾਸਕ ਪ੍ਰਸੰਗਾਂ ਵਿਚ" ਜਿਹੜਾ ਸਿੰਘ ਸਭਾ ਪਤ੍ਰਿਕਾ ਦੇ ਗੁਰੂ ਗ੍ਰੰਥ ਵਿਚਾਰ ਸੰਮੇਲਨ ਅੰਕ (੧) ਵਿਚ ਛਪਿਆ ਹੈ ਦੇ ਅਨੁਸਾਰ:-

"ਭਾਦਰੋਂ ਸੁਦੀ ੧੫ ਸੰਮਤ ੧੬੩੧ ਬਿ. ਮੁਤਾਬਕ (੧ ਸਤੰਬਰ, ੧੫੭੪ ਈ.) ਨੂੰ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਤਾਂ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਤੋਂ ਗੋਇੰਦਵਾਲ ਗਏ ਤੇ ਉਨ੍ਹਾਂ ਦੇ ਪੁੱਛਣ 'ਤੇ ਗੁਰੂ ਅਮਰਦਾਸ ਜੀ ਪੜੋਤੇ ਬਾਬਾ ਸੁੰਦਰ ਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਅੰਤਮ ਸਮੇਂ ਦਾ ਉਪਦੇਸ਼ ਦੱਸਦਿਆਂ 'ਸਦੁ' ਨਾਮਕ ਬਾਣੀ ਉਚਾਰਨ ਕਰ ਕੇ ਸੁਣਾਈ।" ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ—

ਇਸ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਉਹ ਸਿੱਖਿਆ ਦਰਜ ਹੈ, ਜੋ ਉਨ੍ਹਾਂ ਨੇ ਆਪ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਸਾਰੇ ਪਰਵਾਰ, ਪੁੱਤਰਾਂ, ਮਿੱਤਰਾਂ ਤੇ ਸਿੱਖਾਂ ਨੂੰ ਸੁਣਾਈ ਇਸ ਵਿਚ ਸਾਫ਼ ਲਿਖਿਆ ਹੈ ਕਿ:

*ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ॥*

*(ਪੰਨਾ ੯੨੩)*

** # ੧੧੩੩, ਸ਼ੇਖਪੁਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

**ਬਾਣੀ-ਸਿਰਲੇਖ ਪ੍ਰੀਚੈ**

ਇਸ ਬਾਣੀ ਦਾ ਸਿਰਲੇਖ 'ਸਦੁ' ਰੱਖਿਆ ਗਿਆ ਹੈ। 'ਸਦੁ' ਦਾ ਅਰਥ ਹੈ 'ਮੌਤ ਦਾ ਬੁਲਾਵਾ'। ਸਦੁ ਦੀਆਂ ਛੇ ਪਉੜੀਆਂ ਹਨ, ਜਿਨ੍ਹਾਂ ਅੰਦਰ ਗੁਰੂ ਅਮਰਦਾਸ ਜੀ ਦੇ ਅੰਤਮ ਸਮੇਂ ਦੇ ਉਪਦੇਸ਼ ਨੂੰ ਬਾਬਾ ਸੁੰਦਰ ਜੀ ਨੇ ਆਪਣੇ ਕਾਵਿਕ ਅਨੁਭਵ ਦੁਆਰਾ ਅੰਕਿਤ ਕੀਤਾ ਹੈ। ਇਸ ਦਾ ਵਰਣਨ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਦਾ ਹੈ। ਇਸ ਰਚਨਾ ਤੋਂ ਭਾਵੇਂ ਸੰਕੇਤ ਤਾਂ ਇਹੀ ਮਿਲਦਾ ਹੈ ਕਿ ਗੁਰੂ ਜੀ ਨੇ ਇਹ ਉਪਦੇਸ਼ ਆਪਣੇ ਪਰਵਾਰ ਨੂੰ ਦਿੱਤਾ, ਪਰੰਤੂ ਜਿੱਥੇ ਸਿੱਖ ਸੰਗਤ ਦਾ ਵਰਣਨ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਉਪਦੇਸ਼ ਸਰਵਜਨਕ ਹੈ। ਗੁਰਬਾਣੀ ਵਿਚ ਕਥਨ ਹੈ ਕਿ ਗੁਰੂ ਸਾਹਿਬ ਭਾਵੇਂ ਉਪਦੇਸ਼ ਕਿਸੇ ਪ੍ਰਥਾਏ ਕਰਦੇ ਹਨ, ਪਰੰਤੂ ਇਹ ਸਾਰੇ ਜਹਾਨ ਦੇ ਲੋਕਾਂ ਵਾਸਤੇ ਸਾਂਝਾ ਹੈ—

*ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥ (ਪੰਨਾ ੬੪੭)*

ਅੱਜ ਕਿਸੇ ਗੁਰੂ-ਪਿਆਰੇ ਦੇ ਅਕਾਲ-ਚਲਾਣੇ ਦੇ ਭੋਗ 'ਤੇ ਇਸ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਇਸ ਬਾਣੀ ਅੰਦਰ ਗੁਰਮਤਿ ਅਨੁਸਾਰ ਮੌਤ ਦੀ ਵਿਚਾਰਧਾਰਾ ਨੂੰ ਸਮਝਾਇਆ ਗਿਆ ਹੈ। ਮੌਤ ਦੇ ਰੱਹਸ ਨੂੰ ਸਰਲ ਢੰਗ ਨਾਲ ਸਮਝਾਉਣ ਦਾ ਯਤਨ ਕੀਤਾ ਗਿਆ ਹੈ।

ਇਸ ਰਚਨਾ ਦਾ ਪਉੜੀਆਂ ਅਨੁਸਾਰ ਵਰਣਨ ਕਰਨ ਤੋਂ ਪਹਿਲਾਂ ਅਸੀਂ ਇਸ ਰਚਨਾ ਦੇ ਪ੍ਰਮੁੱਖ ਅੰਸ਼ ਇਸ ਪ੍ਰਕਾਰ ਵਰਣਨ ਕਰ ਸਕਦੇ ਹਾਂ:

— ਗੁਰੂ ਜੀ ਨੇ ਸਾਰੇ ਪਰਵਾਰ ਨੂੰ ਸੱਦ ਕੇ ਉਪਦੇਸ਼ ਕੀਤਾ ਕਿ ਮੇਰੇ ਪਿੱਛੋਂ ਕਿਸੇ ਨੇ ਰੋਣਾ ਨਹੀਂ। ਰੋਣ ਵਾਲਾ ਉਨ੍ਹਾਂ ਨੂੰ ਉੱਕਾ ਹੀ ਚੰਗਾ ਨਹੀਂ ਲੱਗੇਗਾ ਭਾਵ ਉਹ ਪ੍ਰਭੂ-ਭਾਣੇ ਨੂੰ ਸਵੀਕਾਰ ਨਹੀਂ ਕਰ ਰਿਹਾ।

— ਮੇਰੇ ਪਿੱਛੋਂ ਗੁਰਬਾਣੀ ਦਾ ਇਕਰਸ ਕੀਰਤਨ ਕਰਨਾ, ਹਰੀ ਪ੍ਰਭੂ ਕਥਾ-ਕਹਾਣੀਆਂ ਸੁਣਨੀਆਂ ਤੇ ਕਹਿਣੀਆਂ।

— ਪਿੰਡ, ਪਤਲ, ਕ੍ਰਿਆ, ਦੀਵਾ ਆਦਿ ਅਨਮਤੀ ਤੇ ਮਨਮਤੀ ਕਰਮਕਾਂਡ ਨਹੀਂ ਕਰਨੇ।

— ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਗੁਰਗੱਦੀ ਦਾ ਤਿਲਕ ਦਿੱਤਾ ਤੇ ਆਪਣੇ ਪੁੱਤਰ ਮੋਹਰੀ ਜੀ ਨੂੰ ਬੁਲਾ ਕੇ, ਗੁਰੂ ਰਾਮਦਾਸ ਦੇ ਪੈਰੀਂ ਪੁਆਇਆ।

— ਹੋਰ ਸਭ ਸਿੱਖ ਸੰਗਤਾਂ ਤੋਂ ਵੀ ਗੁਰੂ ਰਾਮਦਾਸ ਜੀ ਦੇ ਚਰਨੀਂ ਹੱਥ ਲਗਵਾਇਆ, ਭਾਵ ਗੁਰੂ ਅਮਰਦਾਸ ਜੀ ਨੇ ਆਪਣਾ ਅਧਿਆਤਮਿਕ ਆਪਾ (Inner Self) ਭਾਈ ਜੇਠਾ (ਰਾਮਦਾਸ) ਜੀ ਵਿਚ ਰੱਖ ਕੇ ਗੁਰੂ-ਪਦਵੀ ਦਿੱਤੀ।

— ਗੁਰੂ ਜੀ ਨੇ ਸਭ ਸਿੱਖ ਸੰਗਤਾਂ ਤਾਈਂ ਸਮਝਾਇਆ ਕਿ ਅਸੀਂ ਹਰੀ ਪ੍ਰਭੂ

ਦੇ ਭਾਣੇ ਅੰਦਰ ਉਸ ਪਾਸ ਜਾ ਰਹੇ ਹਾਂ, ਪ੍ਰਭੂ ਦਾ ਭਾਣਾ ਮੰਨਣਾ ਜ਼ਰੂਰੀ ਹੈ, ਉਹ ਅਟੱਲ ਹੈ, ਉਸ ਦੇ ਭਾਣੇ ਅੰਦਰ ਹੀ ਭਲਾ ਹੈ।

— ਉਸ ਦੇ ਭਾਣੇ ਅੰਦਰ ਹੀ ਜੀਵ ਆਉਂਦਾ ਹੈ ਤੇ ਭਾਣੇ ਅੰਦਰ ਹੀ ਜਾਂਦਾ ਹੈ। ਗੁਰਬਾਣੀ ਕਥਨ ਹੈ:

*– ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥* *(ਪੰਨਾ ੧੨੩੯)*

*– ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥*
*ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥* *(ਪੰਨਾ ੧੨)*

'ਸਦੁ' ਦੀ ਪਹਿਲੀ ਪਉੜੀ ਉਥਾਨਕਾ ਦੇ ਰੂਪ ਵਿਚ ਹੈ। ਇਸ ਉਥਾਨਕਾ ਅੰਦਰ ਗੁਰਮਤਿ-ਸਿਧਾਂਤਾਂ ਦਾ ਵਰਣਨ ਹੈ। ਮੌਤ ਦੀ ਫ਼ਿਲਾਸਫ਼ੀ ਨੂੰ ਬਾਬਾ ਸੁੰਦਰ ਜੀ ਨੇ ਸਰਲ ਰੂਪ ਵਿਚ ਉਪਸਥਿਤ ਕੀਤਾ ਹੈ।

ਸਭ ਤੋਂ ਪਹਿਲਾਂ ਜਗਤ ਦੇ ਸਿਰਜਨਹਾਰ ਪ੍ਰਭੂ ਬਾਰੇ ਹੈ, ਜੋ ਸੰਸਾਰ ਨੂੰ ਪੈਦਾ ਕਰਦਾ ਹੈ ਤੇ ਇਸ ਦੀ ਸੰਭਾਲ ਕਰਦਾ ਹੈ। ਹਰੀ ਪ੍ਰਭੂ ਤਿੰਨਾਂ ਲੋਕਾਂ (ਆਕਾਸ਼, ਪਾਤਾਲ ਤੇ ਮਾਤ-ਲੋਕ) ਵਿਚ ਆਪਣੇ ਭਗਤਾਂ ਦਾ ਪਿਆਰਾ ਹੈ। ਉਸ ਨੂੰ ਭਗਤ ਪਿਆਰੇ ਹਨ। ਉਹ ਸ਼ਬਦ (ਗੁਰਬਾਣੀ) ਵਿਚ ਸਮਾਇਆ ਹੋਇਆ ਹੈ। ਸ਼ਬਦ ਦੁਆਰਾ ਹੀ ਉਹ ਜਾਣਿਆ ਜਾ ਸਕਦਾ ਹੈ। ਸ਼ਬਦ ਦੀ ਸ਼ਕਤੀ ਦੁਆਰਾ ਹੀ ਅਗਾਧ-ਬੋਧ ਪ੍ਰਭੂ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਸ਼ਬਦ ਪ੍ਰਭੂ ਦੇ ਅਜਿਹੇ ਬੋਲ ਹੁੰਦੇ ਹਨ, ਜਿਹੜੇ ਸਮੇਂ-ਸਮੇਂ ਸੰਸਾਰ ਦੇ ਲੋਕਾਂ ਦੇ ਕਲਿਆਣ ਹਿਤ, ਉਨ੍ਹਾਂ ਦੀ ਭਾਸ਼ਾ ਵਿਚ ਨਾਜ਼ਲ ਹੁੰਦੇ ਹਨ। ਸ਼ਬਦ ਦੇ ਰਹੱਸ ਰਾਹੀਂ ਪ੍ਰਭੂ ਨੂੰ ਅੰਤਰ-ਆਤਮੇ ਅਨੁਭਵ ਕੀਤਾ ਜਾਂਦਾ ਹੈ। ਇਹ ਅਨੁਭਵਤਾ ਸ਼ਬਦ ਵਿਚ ਸੁਰਤਿ ਨੂੰ ਇਕਾਗਰ ਕਰ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਪ੍ਰਕਾਰ ਦੇ ਅਨਿੰਨ (ਭਗਤੀ), (ਸ਼ਰਧਾ-ਵਿਸ਼ਵਾਸ, ਨਿਮਰਤਾ, ਆਤਮ-ਸਮਰਪਣ) ਦੁਆਰਾ ਹੀ ਪਰਮ ਪਦਵੀ, ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੀ ਕਿਰਪਾ ਦੁਆਰਾ ਗੁਰੂ ਅਮਰਦਾਸ ਜੀ ਨੂੰ ਪਾਪਤ ਹੋਈ। ਜਿਹੜੀ ਭਗਤੀ-ਨਾਮ ਸਿਮਰਨ, ਗੁਰਮਤਿ ਨੇ ਦ੍ਰਿੜ੍ਹ ਕਰਵਾਇਆ ਹੈ, ਉਸ ਅੰਦਰ ਬਾਕੀ ਸਾਰੇ ਸਾਧਨ ਸਮੋਏ ਹੋਏ ਹਨ— ਭਾਵ ਗੁਰਬਾਣੀ ਅੰਦਰ ਭਗਤੀ (ਨਿਰਗੁਣ ਭਗਤੀ) ਨੂੰ ਹੀ ਪ੍ਰਮੁੱਖਤਾ ਦਿੱਤੀ ਹੈ ਜਿਹੜੀ ਹਰ ਬਾਣੀ ਦੀ ਮੁੱਖ ਸਾਰ ਹੈ:

*ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ॥*
*ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ॥*
*ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ॥*
*ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ॥*
*ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮਿ ਸਮਾਇਆ॥*
*ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ॥* *(ਪੰਨਾ ੯੨੩)*

ਦੂਜੇ ਬੰਦ ਵਿਚ ਸਿਰਲੇਖ ਨਾਲ ਸੰਬੰਧਿਤ ਵਿਸ਼ਾ ਅਰੰਭ ਹੁੰਦਾ ਹੈ। ਪ੍ਰਭੂ ਨੂੰ ਆਪਣੇ ਭਗਤ ਪਿਆਰੇ ਹੁੰਦੇ ਹਨ। ਅੰਤਿਮ ਸਮੇਂ ਆਪਣੇ ਭਗਤਾਂ ਨੂੰ ਆਪਣੇ ਪਾਸ ਬੁਲਾਉਂਦਾ ਹੈ। ਪ੍ਰਭੂ ਦੇ ਹੁਕਮ ਅਧੀਨ ਗੁਰੂ (ਅਮਰਦਾਸ ਜੀ) ਜਾਣ ਲਈ ਤਿਆਰ ਹੁੰਦੇ ਹਨ ਤੇ ਨਾਮ ਦੀ ਦਾਤ ਦੀ ਜਾਚਨਾ ਕਰਦੇ ਹਨ। ਨਾਮ ਹੀ ਅੰਤਿਮ ਸਮੇਂ ਨਾਲ ਜਾਣ ਵਾਲੀ ਵਸਤ ਹੈ। ਨਾਮ ਹੀ ਕਾਲ ਨੂੰ ਨਿਕੰਮਾ ਕਰਨ ਦੇ ਸਮਰੱਥ ਹੈ। ਨਾਮੀ ਦੀ ਨਾਮ (ਪ੍ਰਭੂ ਦਾ ਸੂਖ਼ਮ ਰੂਪ) ਨਾਲ ਅਭੇਦਤਾ ਮਨੁੱਖੀ ਜੀਵਨ ਦਾ ਸਿਖਰ ਹੈ:

*ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥*
*ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ॥*
*ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ॥*
*ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ॥*
*ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ॥*
*ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ॥*

*(ਪੰਨਾ ੯੨੩)*

ਤੀਸਰੇ ਬੰਦ ਅਨੁਸਾਰ ਬਾਬਾ ਸੁੰਦਰ ਜੀ ਨੇ ਤਿੰਨ ਗੱਲਾਂ ਸਪੱਸ਼ਟ ਕੀਤੀਆਂ ਹਨ ਕਿ ਗੁਰੂ ਜੀ ਨੇ ਇਕ ਤਾਂ ਆਪਣੇ ਜੀਉਂਦਿਆਂ ਹੀ ਆਪਣੀ ਗੱਦੀ ਦਾ ਉਤਰਾਧਿਕਾਰੀ ਚੁਣਨ ਦੇ ਨਾਲ-ਨਾਲ ਸਭ ਸਾਕ ਸਨਬੰਧੀਆਂ ਨੂੰ ਗੁਰੂ ਦੇ ਪੈਰੀਂ ਪੁਆਇਆ ਭਾਵ ਗੁਰਗੱਦੀ ਦੀ ਸਵੀਕਾਰਤਾ ਸਪੱਸ਼ਟ ਕਰ ਦਿੱਤੀ। ਦੂਸਰਾ ਸਭ ਪਰਵਾਰ ਨੂੰ ਸਪੱਸ਼ਟ ਕਰ ਦਿੱਤਾ ਕਿ ਮੇਰੇ ਜਾਣ ਤੋਂ ਬਾਅਦ ਤੁਸੀਂ ਕੀ-ਕੀ ਕਰਨਾ ਹੈ ਤੇ ਕੀ-ਕੀ ਨਹੀਂ ਕਰਨਾ। ਤੀਸਰਾ ਇਹ ਵੀ ਸਪੱਸ਼ਟ ਕੀਤਾ ਕਿ ਇਹ ਉਪਦੇਸ਼, ਸਿੱਖ ਸੰਗਤਾਂ ਤਾਈਂ ਭੀ ਸਾਂਝਾ ਹੈ:

*ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥*

*(ਪੰਨਾ ੯੨੩)*

ਚੌਥੇ ਤੇ ਪੰਜਵੇਂ ਬੰਦ ਵਿਚ ਗੁਰੂ ਜੀ ਨੇ ਅਕਾਲ ਪੁਰਖ ਦੇ ਅਟੱਲ ਹੁਕਮ ਨੂੰ ਵਰਣਨ ਕਰਦਿਆਂ, ਇਹ ਸਪੱਸ਼ਟ ਕੀਤਾ ਹੈ ਕਿ ਹੁਕਮ ਅਟੱਲ ਹੁੰਦਾ ਹੈ, ਇਹ ਟਲਦਾ ਨਹੀਂ ਤੇ ਨਾ ਹੀ ਇਸ ਨੂੰ ਟਾਲ ਕੇ ਹੁਕਮਅਦੂਲੀ ਕਰਨੀ ਚਾਹੀਦੀ ਹੈ। ਪ੍ਰਭੂ-ਹੁਕਮ ਉਸ ਨਾਲ ਅਭੇਦਤਾ ਦਾ ਸੱਦਾ ਹੈ। ਹੁਕਮ ਨੂੰ ਸਵੀਕਾਰ ਕਰਨ ਲਈ ਤੇ ਮੁੜ ਪ੍ਰਭੂ ਕੋਲ ਜਾਣ ਨੂੰ ਸਵੀਕਾਰ ਕਰਦਿਆਂ ਆਪਣੇ ਪਰਵਾਰ ਤੇ ਸਿੱਖ ਸੇਵਕਾਂ ਨੂੰ ਪਿੱਛੋਂ ਕਿਸੇ ਪ੍ਰਕਾਰ ਦਾ ਸੋਗ, ਰੋਣਾ ਪਿੱਟਣਾ ਤੇ ਕਰਮਕਾਂਡ ਕਰਨ ਤੋਂ ਵਿਵਰਜਿਤ ਕੀਤਾ। ਇਹ ਸਭ ਦੁਨਿਆਵੀ ਵਿਵਹਾਰ ਹਨ, ਗੁਰਮਤਿ ਇਨ੍ਹਾਂ ਵਿਚ ਵਿਸ਼ਵਾਸ ਨਹੀਂ ਰੱਖਦੀ। ਗੁਰੂ ਜੀ ਦਾ ਕਹਿਣਾ ਹੈ ਕਿ ਗੁਰੂ ਦਾ ਸੱਚਾ ਮਿੱਤਰ ਉਹ ਹੈ, ਜੋ ਇਸ ਮੌਤ ਦੇ ਸੱਦੇ ਨੂੰ ਪ੍ਰਭੂ-ਹੁਕਮ ਸਮਝ ਕੇ ਖੁਸ਼ ਹੋਵੇਗਾ ਨਾ ਕਿ ਦੁਖੀ ਕਿਉਂਕਿ ਗੁਰੂ ਜੀ ਨੇ

ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੂੰ ਪ੍ਰਭੂ ਦਰਗਾਹ ਅੰਦਰ ਵਡਿਆਈ ਮਿਲਣੀ ਹੈ। ਪ੍ਰਭੂ ਇੱਜ਼ਤ ਦਾ ਸਿਰੋਪਾ ਬਖ਼ਸ਼ੇਗਾ। ਮੌਤ ਉਪਰੰਤ ਅਰਥੀ ਦਾ ਬਿਬਾਨ ਆਦਿ ਕੱਢਣਾ ਸਭ ਵਿਅਰਥ ਹੈ। ਕੇਵਲ ਪ੍ਰਭੂ-ਉਸਤਤੀ ਭਾਵ ਕਥਾ-ਕੀਰਤਨ ਕਰਨਾ ਹੀ ਸਰਬ-ਸ੍ਰੇਸ਼ਟ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਆਸਾ ਰਾਗ' ਵਿਚ ਇਕ ਸ਼ਬਦ ਰਾਹੀਂ, ਮੌਤ ਉਪਰੰਤ ਸਭ ਪ੍ਰਕਾਰ ਦੇ ਕਰਮਕਾਂਡਾਂ ਦੀ ਨਿਖੇਧੀ ਕਰਦਿਆਂ ਇਹੀ ਸਪੱਸ਼ਟ ਕੀਤਾ ਹੈ ਕਿ ਪ੍ਰਭੂ ਭਾਣੇ ਨੂੰ ਸਵੀਕਾਰ ਕਰਦਿਆਂ ਕੀਰਤਨ, ਕਥਾ ਆਦਿ ਹਰੀ-ਜਸ ਹੀ ਸ੍ਰੇਸ਼ਟ ਹੈ। ਇਹ ਸ਼ਬਦ ਗੁਰੂ ਨਾਨਕ ਜੀ ਨੇ ਗਯਾ (ਬਿਹਾਰ) ਵਿਖੇ ਕਰਮਕਾਂਡੀ ਲੋਕਾਂ ਪ੍ਰਤੀ ਉਚਾਰਨ ਕਰਦਿਆਂ ਕਿਹਾ ਸੀ:

*ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥*
*ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥੧॥*
*ਲੋਕਾ ਮਤ ਕੋ ਫਕੜਿ ਪਾਇ॥*
*ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ ਰਹਾਉ॥*
*ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥*
*ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥੨॥*
*ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥*
*ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥੩॥*
*ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥*
*ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥* *(ਪੰਨਾ ੩੫੮)*

ਗੁਰਮਤਿ ਅਨੁਸਾਰ ਰੱਬ ਦਾ ਨਾਉਂ ਹੀ ਦੀਵਾ ਹੈ— ਦੁਨੀਆਂ ਦਾ ਦੁੱਖ ਤੇਲ ਹੈ। ਜਦ ਇਸ ਦੁੱਖ ਰੂਪੀ ਤੇਲ ਨੂੰ ਨਾਮ ਰੂਪੀ ਦੀਵੇ ਵਿਚ ਪਾਈਏ- ਦੁੱਖ ਸਹਿ ਕੇ ਵੀ ਨਾਮ ਜਪੀਏ ਤਾਂ ਆਤਮਿਕ ਚਾਨਣ ਨਾਲ ਦੁੱਖ-ਤੇਲ ਸੜ ਜਾਂਦਾ ਹੈ।

ਗੁਰੂ ਜੀ ਦਾ ਕਹਿਣਾ ਹੈ ਕਿ ਪਰਮਾਤਮਾ ਦੇ ਸੰਤ ਜਨਾਂ ਤੇ ਹਰੀ ਨਾਮ ਦੀ ਕਥਾ ਕਰਨੀ ਤੇ ਹਰੀ ਨਾਮ ਦੇ ਪ੍ਰੇਮ ਦਾ ਬਿਬਾਣ ਕੱਢਣਾ ਤੇ ਸੰਗਤ ਰੂਪੀ ਸਰੋਵਰ ਵਿਚ ਬੈਠ ਕੇ ਹਰੀ-ਜੱਸ ਕਰਨਾ ਹੀ ਫੁੱਲਾਂ ਦਾ ਪਾਉਣਾ ਹੈ ਕਿਉਂਕਿ ਉਸ ਵਕਤ ਬ੍ਰਾਹਮਣ ਨਾਲ ਵੱਖ-ਵੱਖ ਪ੍ਰਕਾਰ ਦੀਆਂ ਰਸਮਾਂ ਸੰਬੰਧਿਤ ਸਨ, ਉਨ੍ਹਾਂ ਸਭ ਰਸਮਾਂ ਦਾ ਖੰਡਨ ਕੀਤਾ ਗਿਆ ਹੈ ਕਿਉਂਕਿ ਪ੍ਰੋਹਤ ਇਹ ਸਭ ਕੁਝ ਪਿੱਤਰਾਂ ਦੇ ਨਾਂ 'ਤੇ ਆਪਣੇ ਲਈ ਹੀ ਕਰਦੇ ਸਨ। ਇਹ ਦਾਨ ਮਿਰਤਕ ਸਰੀਰ ਨੂੰ ਨਹੀਂ ਸੀ ਲੱਗਦਾ, ਗੁਰਬਾਣੀ ਵਿਚ ਆਇਆ ਹੈ ਕਿ ਪਿਤਰਾਂ ਜਾਂ ਹੋਰ ਕਿਸੇ ਪ੍ਰਥਾਇ ਦਾਨ ਸਭ ਪ੍ਰੋਹਤਾਂ ਦਾ ਹੁੰਦਾ ਸੀ:

*ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥*
*ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥*

*(ਪੰਨਾ ੪੩੫)*

'ਹਰਿ ਸਰੁ' ਸ਼ਬਦ ਨੂੰ ਗੁਰਬਾਣੀ ਵਿਚ ਸਪੱਸ਼ਟ ਕਰਦਿਆਂ ਕਿਹਾ ਗਿਆ ਹੈ ਕਿ ਹਰਿ ਸਰੁ ਵਾਹਿਗੁਰੂ ਦੇ ਚਰਨ, ਹਜ਼ੂਰੀ ਤੋਂ ਹੈ, ਨਾ ਕਿ ਹਰਿਦੁਆਰ ਤੋਂ। ਪ੍ਰਭੂ ਦੀ ਸਰਨ-ਸਤਿਸੰਗ ਲਈ 'ਸਤਸਰ' ਸ਼ਬਦ ਵੀ ਵਰਤਿਆ ਗਿਆ ਹੈ। ਗੁਰੂ ਅਮਰਦਾਸ ਜੀ ਨੇ ਹੀ 'ਹਰਿ ਸਰੁ' ਦੀ ਵਰਤੋਂ ਇਸ ਪ੍ਰਕਾਰ ਕੀਤੀ ਹੈ:

*ਹਰਿ ਸਰੁ ਸਾਗਰੁ ਨਿਰਮਲੁ ਸੋਈ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ॥*
*ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ॥ (ਪੰਨਾ ੧੨੮)*

ਸ੍ਰੀ ਗੁਰੂ ਅਮਰਦਾਸ ਜੀ ਦੀ ਔਲਾਦ ਵਿਚ ਹੁਣ ਤਕ ਦੀਵੇ ਦੀ ਰਸਮ ਨਹੀਂ ਹੈ ਭਾਵ ਕਿਸੇ ਪ੍ਰਾਣੀ ਦੇ ਮਰਨ ਉਪਰੰਤ ਦੀਵਾ ਨਹੀਂ ਜਲਾਇਆ ਜਾਂਦਾ, ਜਿਹੜਾ ਪਰੰਪਰਾਗਤ ਹਿੰਦੂ ਸਮਾਜ ਵਿਚ ਸੀ। ਗੁਰਬਾਣੀ ਅੰਦਰ ਇਸ ਪ੍ਰਕਾਰ ਦੇ ਸਭ ਵਹਿਮਾਂ-ਭਰਮਾਂ ਦਾ ਖੰਡਨ ਇਸ ਪ੍ਰਕਾਰ ਮਿਲਦਾ ਹੈ:

*ਨਿਰਮਲ ਹੰਸਾ ਪ੍ਰੇਮ ਪਿਆਰਿ॥ ਹਰਿ ਸਰਿ ਵਸੈ ਹਉਮੈ ਮਾਰਿ॥*
*ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ॥ (ਪੰਨਾ ੧੨੮-੨੯)*

ਅੰਤਲੀ ਛੇਵੀਂ ਪਉੜੀ ਵਿਚ ਗੁਰੂ ਜੀ ਨੇ ਘਰ ਦੀ ਗੁਰਗੱਦੀ ਦੀ ਮਰਯਾਦਾ ਦੇ ਸਿਧਾਂਤ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਇਹ ਦੁਨਿਆਵੀ ਜੀਵਨ ਅਨੁਸਾਰ ਵਿਰਾਸਤ ਵਾਲੀ ਗੁਰਗੱਦੀ ਨਹੀਂ, ਭਾਵ ਪਿਉ ਦੇ ਅਕਾਲ-ਚਲਾਣਾ ਕਰਨ ਉਪਰੰਤ, ਉਸ ਖ਼ਾਨਦਾਨ ਦਾ ਪੁੱਤਰ ਹੀ ਗੁਰਗੱਦੀ ਦਾ ਮਾਲਕ ਹੁੰਦਾ ਹੈ। ਗੁਰੂ-ਘਰ ਵਿਚ ਗੁਰਗੱਦੀ ਦੀ ਇਹ ਵੱਡੀ ਜ਼ਿੰਮੇਵਾਰੀ ਹੈ, ਭਾਰੀ ਪੰਡ ਚੁੱਕਣੀ ਅਤਿ ਮੁਸ਼ਕਲ ਹੈ, ਇਹ ਯੋਗ ਵਿਅਕਤੀ ਨੂੰ ਹੀ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਅਪਣੇ ਪੁੱਤਰਾਂ (ਸ੍ਰੀ ਚੰਦ ਜੀ ਅਤੇ ਲਖਮੀ ਦਾਸ ਜੀ) ਨੂੰ ਛੱਡ ਕੇ ਅਨਿੰਨ ਸਿੱਖ ਭਾਈ ਲਹਿਣਾ ਜੀ ਨੂੰ ਗੁਰਗੱਦੀ ਦਿੱਤੀ, ਗੁਰੂ ਅੰਗਦ ਸਾਹਿਬ ਜੀ ਨੇ ਆਪਣੇ ਪੁੱਤਰਾਂ (ਦਾਤੂ ਜੀ ਤੇ ਦਾਸੂ ਜੀ) ਨੂੰ ਛੱਡ ਕੇ ਅਨਿੰਨ ਸੇਵਕ (ਸ੍ਰੀ ਗੁਰੂ ਅਮਰਦਾਸ ਜੀ) ਨੂੰ ਗੁਰਗੱਦੀ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪੁੱਤਰਾਂ ਮੋਹਨ ਜੀ, ਮੋਹਰੀ ਜੀ ਨੂੰ ਛੱਡ ਕੇ ਭਾਈ ਜੇਠਾ ਜੀ ਨੂੰ ਗੁਰਗੱਦੀ ਦੇਣ ਦਾ ਫੈਸਲਾ ਕੀਤਾ ਅਤੇ ਇਸ ਬਾਰੇ ਮੋਹਰੀ ਪੁੱਤਰ ਨੂੰ ਬੁਲਾ ਕੇ ਸਮਝਾਉਂਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਪੈਰੀਂ ਪੈਣ, ਭਾਵ ਗੁਰੂ ਮੰਨਣ ਦਾ ਵੀ ਉਪਦੇਸ਼ ਕਰਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਸਪੱਸ਼ਟ ਕਰਦੇ ਹਨ ਕਿ ਗੁਰੂ ਨੇ ਆਪਣੇ ਅਧਿਆਤਮਿਕ ਅੰਤਰੀਵ ਆਪਾ (Spiritual Inner Self) ਸ੍ਰੀ ਗੁਰੂ ਰਾਮਦਾਸ ਜੀ ਅੰਦਰ ਰੱਖ ਦਿੱਤਾ ਹੈ। ਇਹ ਵੀ ਇਕ ਵਿਲੱਖਣਤਾ ਸੀ, ਜਿਹੜੀ ਗੁਰਗੱਦੀ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਲਈ ਇਕ ਜੋਤ ਦਾ ਦੂਸਰੇ ਸਰੀਰ ਅੰਦਰ ਹਲੂਲ (ਪ੍ਰਵੇਸ਼) ਕਰਨਾ ਹੁੰਦਾ ਹੈ। ਗੁਰਮਤਿ ਨੇ ਇਸ ਨੂੰ ਦੀਪਕ ਗੁਰੂ ਦਾ ਨਾਮ ਦਿੱਤਾ ਹੈ ਭਾਵ ਇਕ ਦੀਵੇ ਤੋਂ ਦੂਸਰੇ ਦੀਵੇ ਨੂੰ ਜਗਾਉਣਾ,

ਗੁਰਬਾਣੀ ਅੰਦਰ ਆਇਆ ਹੈ:

*ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ॥ (ਪੰਨਾ ੯੦੭)*

ਇਸੇ ਪਉੜੀ ਅੰਦਰ ਇਕ ਹੋਰ ਗੱਲ ਸਾਹਮਣੇ ਆਉਂਦੀ ਹੈ, ਉਹ ਇਹ ਕਿ ਗੁਰੂ-ਘਰ ਵਿਚ ਨਿੰਦਾ ਚੁਗਲੀ ਨਹੀਂ ਚੱਲਦੀ। ਗੁਰੂ-ਘਰ ਅੰਦਰ ਗੁਰਗੱਦੀ ਪ੍ਰਤੀ ਨਿੰਦਾ ਚੁਗਲੀ ਪ੍ਰਵਾਨ ਨਹੀਂ ਤੇ ਨਾ ਹੀ ਨਿੰਦਕ ਕੁਝ ਪ੍ਰਾਪਤ ਕਰਦਾ ਹੈ ਸਗੋਂ ਆਪਣਾ ਆਪਾ ਗੁਆ ਲੈਂਦਾ ਹੈ। ਇਸ ਅੰਤਲੀ ਪਉੜੀ ਵਿਚ ਸਾਰੀ ਗੱਲ ਸਪੱਸ਼ਟ ਹੋ ਜਾਂਦੀ ਹੈ:

*ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥*
*ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥*
*ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥*
*ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥*
*ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥*
*ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ॥ (ਪੰਨਾ ੯੨੪)*

ਅੰਤ ਵਿਚ ਅਸੀਂ ਇਹੀ ਕਹਿ ਸਕਦੇ ਹਾਂ ਕਿ 'ਸਦੁ' ਬਾਣੀ ਰਚਨਾ ਬਾਬਾ ਸੁੰਦਰ ਜੀ ਨੇ ਗੁਰੂ-ਸਿਧਾਂਤਾਂ ਨੂੰ ਆਪਣੇ ਕਾਵਿਕ ਅਨੁਭਵ ਦੁਆਰਾ ਅੰਕਿਤ ਕੀਤਾ ਹੈ। ਜਿੱਥੇ ਮੌਤ ਵਰਗੇ ਦੁਖਦਾਇਕ ਸੰਕਲਪ ਨੂੰ ਪ੍ਰਭੂ ਹੁਕਮ-ਭਾਣਾ ਸਵੀਕਾਰ ਕਰ ਕੇ ਸਿੱਖ ਸੰਗਤਾਂ ਤਾਈਂ ਉਪਦੇਸ਼ ਕੀਤਾ ਹੈ, ਉਥੇ ਨਾਲ ਹੀ ਸਮਕਾਲੀ ਸਮਾਜ ਅੰਦਰ ਪ੍ਰਚਲਿਤ ਕਰਮਕਾਂਡਾਂ ਦਾ ਵੀ ਖੰਡਨ ਕਰ ਕੇ, ਉਨ੍ਹਾਂ ਦਾ ਸਮਾਧਾਨ ਵੀ ਦਿੱਤਾ ਭਾਵ ਨਵੇਂ ਸਿਧਾਂਤ ਸਾਹਮਣੇ ਲਿਆਂਦੇ। ਇਨ੍ਹਾਂ ਸਿਧਾਂਤਾਂ ਕਰਕੇ ਹੀ ਸਿੱਖ ਧਰਮ ਆਪਣੇ ਆਪ ਵਿਚ ਵਿਲੱਖਣ ਹੈ।

■

## ਸ਼ਾਹਬਾਦ ਅਤੇ ਧਮਤਾਨ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਸ. ਕਿਰਪਾਲ ਸਿੰਘ ਮੀਤ ਸਕੱਤਰ ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੱਲੋਂ ਪੁੱਜੀ ਰੀਪੋਰਟ ਅਨੁਸਾਰ ਗੁਰਦੁਆਰਾ ਮਰਦੋਂ ਸਾਹਿਬ ਸ਼ਾਹਬਾਦ ਅਤੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਧਮਤਾਨ ਸਾਹਿਬ ਵਿਖੇ ਮਿਤੀ ੬-੪-੦੮ ਨੂੰ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਵਿਚ ਕ੍ਰਮਵਾਰ ੬੦ ਅਤੇ ੭੧ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਕਕਾਰਾਂ ਦੀ ਸੇਵਾ ਧਰਮ ਪ੍ਰਚਾਰ ਕਮੇਟੀ (ਹਰਿਆਣਾ ਸਿੱਖ ਮਿਸ਼ਨ ਕੁਰੂਕਸ਼ੇਤਰ) ਵੱਲੋਂ ਭੇਟਾ ਰਹਿਤ ਕੀਤੀ ਗਈ।

# ਰਾਮਕਲੀ ਸਦੁ (ਬਾਬਾ ਸੁੰਦਰ ਦਾਸ ਜੀ)

*-ਬੀਬੀ ਰਵਿੰਦਰ ਕੌਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਬੁਨਿਆਦੀ ਤੌਰ 'ਤੇ ਪਵਿੱਤਰ ਧਾਰਮਿਕ ਗ੍ਰੰਥ ਹੈ ਅਤੇ ਸਿੱਖ ਸਮਾਜ ਲਈ ਆਤਮਕ ਗੁਰੂ, ਸ਼ਬਦ ਗੁਰੂ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਆਦਾਤਰ ਬਾਣੀਆਂ ਅਧਿਆਤਮਿਕਵਾਦ ਨਾਲ ਸੰਬੰਧਤ ਹਨ। ਪਰ ਕੁਝ ਕੁ ਬਾਣੀਆਂ ਅਜਿਹੀਆਂ ਹਨ, ਜਿਨ੍ਹਾਂ ਵਿੱਚੋਂ ਸਾਨੂੰ ਉਸ ਸਮੇਂ ਸਮਾਜਿਕ ਅਤੇ ਰਾਜਨੀਤਿਕ ਹਾਲਾਤ ਦੀ ਜਾਣਕਾਰੀ ਮਿਲਦੀ ਹੈ। ਸਮਾਜਿਕ ਤੌਰ 'ਤੇ ਅਗਵਾਈ ਕਰਨ ਵਾਲੀਆਂ ਇਨ੍ਹਾਂ ਬਾਣੀਆਂ ਵਿੱਚੋਂ 'ਸਦੁ' ਬਾਣੀ ਸਿੱਖ ਮੱਤ ਦਾ ਅਨਿੱਖੜਵਾਂ ਅੰਗ ਹੈ। ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਨਾਲ ਸੰਬੰਧਤ ਹੈ। ਇਸ ਬਾਣੀ ਦੇ ਰਚਿਤਾ ਬਾਬਾ ਸੁੰਦਰ ਦਾਸ ਜੀ ਹਨ ਜੋ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਪੜਪੋਤੇ ਅਤੇ ਬਾਬਾ ਮੋਹਰੀ ਜੀ ਦੇ ਪੋਤੇ ਸਨ। ਬਾਬਾ ਸੁੰਦਰ ਜੀ ਸ਼ੁਰੂ ਤੋਂ ਹੀ ਬੜੇ ਭਗਤੀ ਭਾਵ ਤੇ ਸੇਵਾ ਭਾਵ ਵਾਲੇ ਸਨ। ਉਹ ਗੁਰੂ-ਘਰ ਦੀ ਬਹੁਤ ਸੇਵਾ ਕਰਦੇ ਤੇ ਸੱਦਾਂ ਜੋੜ-ਜੋੜ ਕੇ ਗਾਉਂਦੇ ਰਹਿੰਦੇ ਸਨ। ਜਦੋਂ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਉਣ ਲੱਗੇ ਤਾਂ ਉਨ੍ਹਾਂ ਨੇ ਬਹੁਤ ਸਾਰਾ ਉਪਦੇਸ਼ ਕੀਤਾ। ਉਸ ਉਪਦੇਸ਼ ਨੂੰ ਯਾਦ ਰੱਖ ਕੇ ਬਾਬਾ ਸੁੰਦਰ ਦਾਸ ਜੀ ਨੇ ਇਕ 'ਸਦੁ' ਉਚਾਰੀ। ਇਹ 'ਸਦੁ' ਹਰ ਸਿੱਖ ਘਰ ਵਿਚ ਕਿਸੇ ਪ੍ਰਾਣੀ ਦੇ ਅਕਾਲ ਚਲਾਣੇ ਦੇ ਭੋਗ 'ਤੇ ਪੜ੍ਹੀ ਜਾਂਦੀ ਹੈ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪੈਂਦਾ ਹੈ ਤਾਂ ਇਸ 'ਸਦੁ' ਦਾ ਪਾਠ ਜ਼ਰੂਰ ਹੁੰਦਾ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੯੨੩-੯੨੪ 'ਤੇ ਦਰਜ ਹੈ। 'ਸਦੁ' ਬਾਣੀ ਜੋ ਕਿ ਬਾਬਾ ਸੁੰਦਰ ਦਾਸ ਜੀ ਦੁਆਰਾ ਰਾਮਕਲੀ ਰਾਗ ਵਿਚ ਉਚਾਰੀ ਗਈ ਹੈ ਇਸ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਸਾਨੂੰ 'ਸਦੁ' ਸ਼ਬਦ ਦੇ ਅਰਥਾਂ ਬਾਰੇ ਵਿਚਾਰ ਕਰ ਲੈਣੀ ਬਣਦੀ ਹੈ। 'ਸਦੁ' ਪੰਜਾਬੀ ਦਾ ਪ੍ਰਚਲਿਤ ਸ਼ਬਦ ਹੈ। ਵੱਖ-ਵੱਖ ਵਿਦਵਾਨਾਂ ਨੇ ਇਸ ਦੇ ਹੇਠ ਲਿਖੇ ਅਨੁਸਾਰ ਅਰਥ ਕੀਤੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਸਦੁ' ਦਾ ਅਰਥ ਹੈ ਉਪਦੇਸ਼, ਪੁਕਾਰ, ਹਾਕ, ਆਵਾਜ਼, ਗੁਹਾਰ, ਆਦਿ।

ਡਾ. ਰਤਨ ਸਿੰਘ ਜੱਗੀ ਵੀ ਇਨ੍ਹਾਂ ਅਰਥਾਂ ਨਾਲ ਸਹਿਮਤ ਹਨ। ਉਨ੍ਹਾਂ ਅਨੁਸਾਰ, 'ਸਦੁ' ਦੇ ਕੋਸ਼ੀ ਅਰਥ ਹਨ, ਪੁਕਾਰ, ਹਾਕ, ਆਵਾਜ਼ ਜਾਂ ਉੱਚੀ ਆਵਾਜ਼ ਵਿਚ ਕਿਸੇ (ਪ੍ਰਿਯ) ਨੂੰ ਪੁਕਾਰਨਾ 'ਸਦੁ' ਹੈ। ਇਹ ਇਕ ਪੁਰਾਤਨ ਪੰਜਾਬੀ ਕਾਵਿ ਰੂਪ ਵੀ ਹੈ, ਜਿਸ ਵਿਚ ਪੇਂਡੂ ਲੰਮੀ ਹੇਕ ਲਾ ਕੇ ਪਿਆਰੇ ਨੂੰ ਸੰਬੋਧਨ ਕਰਦੇ ਹਨ,

** ਲੈਕਚਰਾਰ, ਖ਼ਾਲਸਾ ਕਾਲਜ ਫਾਰ ਵੂਮੈਨ, ਸ੍ਰੀ ਅੰਮ੍ਰਿਤਸਰ।*

ਜਿਵੇਂ "ਮਿਰਜ਼ਿਆ ਜੱਟਾ ਹੋ।"

ਗੁਰਬਾਣੀ ਵਿਚ 'ਸਦੁ' ਸ਼ਬਦ ਦੇ ਕਈ ਰੂਪ ਵਰਤੇ ਗਏ ਹਨ ਜਿਵੇਂ:

- *ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥* *(ਪੰਨਾ ੭੩੦)*
- *ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥* *(ਪੰਨਾ ੧੨)*
- *ਜਾਂ ਸਦੇ ਤਾਂ ਢਿਲ ਨ ਪਾਇ॥* *(ਪੰਨਾ ੧੩੨੭)*

ਸੋ 'ਸਦੁ' ਤੋਂ ਹੀ 'ਸਦੜਾ, ਸਦੜੇ ਤੇ ਸਦੇ' ਸ਼ਬਦ ਬਣੇ ਹਨ।

ਗੁਰਮਤਿ ਅਨੁਸਾਰ 'ਸਦੁ' ਤੋਂ ਭਾਵ ਹੈ ਅਕਾਲ ਪੁਰਖ ਪਰਮਾਤਮਾ ਵੱਲੋਂ ਆਇਆ ਮੌਤ ਰੂਪੀ ਸੱਦਾ, ਸੰਦੇਸ਼, ਬੁਲਾਵਾ, ਆਦਿ।

ਸੋ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਉਸ ਅਕਾਲ ਪੁਰਖ ਵੱਲੋਂ ਗੁਰੂ ਸ਼ਬਦ ਵਿਚ ਸਮਾ ਜਾਣ ਦਾ ਸੱਦਾ ਆਉਂਦਾ ਹੈ ਤਾਂ ਉਹ ਸਮੂਹ ਸਿੱਖਾਂ, ਸੇਵਕਾਂ, ਪੁੱਤਰਾਂ ਤੇ ਪਰਿਵਾਰਾਂ ਦੇ ਹੋਰ ਸੰਬੰਧੀਆਂ ਨੂੰ ਆਪਣੇ ਸਰੀਰ ਤਿਆਗਣ ਤੋਂ ਪਹਿਲਾਂ ਆਪਣੇ ਪਾਸ ਬੁਲਾ ਕੇ ਉਪਦੇਸ਼ ਤੇ ਆਦੇਸ਼ ਦਿੰਦੇ ਹਨ। ਜਿਸ ਨੂੰ ਬਾਬਾ ਸੁੰਦਰ ਜੀ ਨੇ:

*ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥* *(ਪੰਨਾ ੯੨੩)*

ਇਸ 'ਸਦੁ' ਨਾਂ ਦੀ ਬਾਣੀ ਛੇ ਪਉੜੀਆਂ ਵਿਚ ਦਰਜ ਹੈ।

'ਰਾਮਕਲੀ ਸਦੁ' ਦੀ ਪਹਿਲੀ ਪਉੜੀ ਵਿਚ ਹੀ ਬਾਬਾ ਸੁੰਦਰ ਜੀ ਨੇ ਉਸ ਪ੍ਰਭੂ ਪਰਮਾਤਮਾ ਨੂੰ ਪ੍ਰਗਟ ਕਰ ਦਿੱਤਾ ਹੈ ਕਿ ਜਗਤ ਵਿਚ ਕੇਵਲ ਉਹ ਇਕ ਪਰਮਾਤਮਾ ਹੀ ਹੈ ਜੋ ਤਿੰਨਾਂ ਲੋਕਾਂ ਵਿਚ ਭਗਤੀ ਨੂੰ ਪਿਆਰ ਕਰਨ ਵਾਲਾ ਹੈ। ਭਾਵ ਪਰਮਾਤਮਾ ਸਿਰਫ਼ ਤੇ ਸਿਰਫ਼ ਭਗਤੀ ਕਰਨ ਵਾਲੇ ਭਗਤਾਂ ਨੂੰ ਹੀ ਪਿਆਰ ਕਰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਸਮੇਂ ਗੁਰੂ-ਸ਼ਬਦ ਵਿਚ ਸਮਾ ਰਹੇ ਹਨ ਅਤੇ ਗੁਰੂ-ਸ਼ਬਦ ਵਿਚ ਲੀਨ ਹੋਣ ਤੋਂ ਬਿਨਾਂ ਬਾਕੀ ਸਭ ਵਿਅਰਥ ਜਾਂਦਾ ਹੈ:

*ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ॥* *(ਪੰਨਾ ੯੨੩)*

ਇਹ ਉੱਚ ਪਦਵੀ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਿਰਪਾ ਨਾਲ ਪ੍ਰਾਪਤ ਹੋ ਰਹੀ ਹੈ। ਜਿਸ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਉਸ ਪ੍ਰਭੂ ਦੇ ਨਾਮ ਵਿਚ ਲੀਨ ਸਨ ਉਸ ਵਕਤ ਉਨ੍ਹਾਂ ਨੂੰ ਇਸ ਦੁਨੀਆਂ ਤੋਂ ਚੱਲਣ ਦਾ ਰੱਬੀ ਸੱਦਾ ਆ ਗਿਆ। ਸੋ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਜਗਤ ਵਿਚ ਵਿਚਰਦਿਆਂ ਹੀ ਉਹ ਅਮਰ, ਅਟੱਲ ਤੇ ਅਤੋਲ ਪ੍ਰਭੂ ਨੂੰ ਭਗਤੀ ਰਾਹੀਂ ਪ੍ਰਾਪਤ ਕਰ ਲਿਆ:

*ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ॥* *(ਪੰਨਾ ੯੨੩)*

ਇਸ ਬਾਣੀ ਦੀ ਦੂਜੀ ਪਉੜੀ ਵਿਚ ਬਾਬਾ ਸੁੰਦਰ ਜੀ ਨੇ ਜੋ ਸੁਖ ਭਾਵ ਅੰਕਿਤ ਕੀਤੇ ਹਨ ਉਹ ਇਹ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਚਲਾਣੇ ਵਕਤ ਪਰਮਾਤਮਾ ਤੋਂ ਕਿਸੇ ਦੁਨਿਆਵੀ ਚੀਜ਼ ਵਸਤੂ ਦੀ ਮੰਗ ਨਹੀਂ ਕੀਤੀ ਸਗੋਂ ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਆਪਣਾ ਨਾਮ ਦਾਨ ਦੇ ਕੇ ਉਨ੍ਹਾਂ ਦੀ ਲਾਜ ਰੱਖ ਲਵੋ ਤੇ ਪਰਮਾਤਮਾ

ਨੇ ਉਨ੍ਹਾਂ ਦੀ ਅਰਦਾਸ ਸੁਣ ਲਈ ਤੇ ਆਪਣੇ ਨਾਲ ਇਕ-ਮਿਕ ਕਰ ਲਿਆ:

*ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ॥*
*ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ॥ (ਪੰਨਾ ੯੨੩)*

ਤੀਸਰੀ ਪਉੜੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਸਾਰੇ ਪਰਿਵਾਰ, ਸਿੱਖਾਂ, ਸੰਬੰਧੀਆਂ, ਪੁੱਤਰਾਂ ਤੇ ਭਰਾਵਾਂ ਨੂੰ ਪ੍ਰਭੂ ਦਾ ਅਟੱਲ ਹੁਕਮ ਮੰਨਣ ਦੀ ਨਸੀਹਤ ਦੀ ਪੇਸ਼ਕਾਰੀ ਕੀਤੀ ਗਈ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰਿਆਂ ਨੂੰ ਬੁਲਾ ਕੇ ਕਿਹਾ ਕਿ ਮੈਨੂੰ ਪਰਮਾਤਮਾ ਨੇ ਆਪਣੇ ਕੋਲ ਬੁਲਾ ਲਿਆ ਹੈ ਤੇ ਮੈਂ ਉਸ ਦਾ ਭਾਣਾ ਮੰਨ ਲਿਆ ਹੈ ਜਿਸ ਕਰਕੇ ਮੈਨੂੰ ਸ਼ਾਬਾਸ਼ ਮਿਲ ਰਹੀ ਹੈ। ਤੁਸੀਂ ਵੀ ਨਿਰਣਾ ਕਰ ਕੇ ਵੇਖ ਲਉ ਪ੍ਰਭੂ ਦਾ ਹੁਕਮ ਕਦੇ ਟਲਦਾ ਨਹੀਂ, ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਪ੍ਰਭੂ ਦੇ ਚਰਨਾਂ ਵਿਚ ਜਾ ਰਹੇ ਹਨ:

*ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥ (ਪੰਨਾ ੯੨੩)*

ਇਸ ਬਾਣੀ ਦੀ ਚੌਥੀ ਪਉੜੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਆਪਣੇ ਸਿੱਖਾਂ, ਸੰਬੰਧੀਆਂ, ਪੁੱਤਰਾਂ ਤੇ ਭਰਾਵਾਂ ਨੂੰ ਮੌਤ ਦੀ ਅਟੱਲ ਸੱਚਾਈ ਨੂੰ ਪਰਮਾਤਮਾ ਦਾ ਭਾਣਾ ਮੰਨ ਕੇ ਸਹਿਣ ਕਰਨ ਦਾ ਉਪਦੇਸ਼ ਦਿੱਤਾ ਤੇ ਕਿਹਾ ਕਿ ਮੇਰੇ ਪ੍ਰਲੋਕ ਗਮਨ ਪਿੱਛੋਂ ਕੋਈ ਰੋਵੇ ਨਾ, ਇਹ ਗੱਲ ਮੈਨੂੰ ਚੰਗੀ ਨਹੀਂ ਲੱਗੇਗੀ। ਤੁਸੀਂ ਮੇਰੀ ਖੁਸ਼ੀ ਵਿਚ ਖੁਸ਼ ਹੋਵੋ ਕਿਉਂਕਿ ਪਰਮਾਤਮਾ ਮੈਨੂੰ ਇਸ ਸਮੇਂ ਸਿਰੋਪਾ ਬਖ਼ਸ਼ਿਸ਼ ਕਰ ਰਿਹਾ ਹੈ ਤੇ ਨਾਲ ਹੀ ਇਸ ਸਮੇਂ ਆਪਣੇ ਜਿਉਂਦਿਆਂ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਰੀਰਕ ਜਾਮੇ ਵਿਚ ਹੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਬਖ਼ਸ਼ ਦਿੱਤੀ ਤੇ ਸਭਨਾਂ ਨੂੰ ਉਨ੍ਹਾਂ ਦੇ ਚਰਨੀਂ ਲਾ ਦਿੱਤਾ:

*ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥*
*ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥ (ਪੰਨਾ ੯੨੩)*

ਇਸ ਬਾਣੀ ਦੀ ਪੰਜਵੀਂ ਪਉੜੀ ਵਿਚ ਬਾਬਾ ਸੁੰਦਰ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਦਿੱਤੀ ਨਸੀਹਤ ਨੂੰ ਸ਼ਬਦਾਂ ਦਾ ਰੂਪ ਦਿੱਤਾ ਹੈ, ਜੋ ਕਿ ਸਿੱਖ ਸਮਾਜ ਲਈ ਯੋਗ ਅਗਵਾਈ ਦਾ ਕੰਮ ਕਰਦੀ ਹੈ। ਸਿੱਖ ਸਮਾਜ ਜੋ ਕਿ ਬ੍ਰਹਮਵਾਦ ਦੇ ਪ੍ਰਭਾਵ ਹੇਠ ਪ੍ਰਾਣ ਤਿਆਗਣ ਉਪਰੰਤ ਕਈ ਵਿਅਰਥ ਕਰਮਕਾਂਡ ਕਰਦਾ ਹੈ, ਸ੍ਰੀ ਗੁਰੂ ਅਮਰਦਾਸ ਜੀ ਨੇ ਕਰਮਕਾਂਡ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ। ਅੰਤ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਿੱਖਾਂ, ਪੁੱਤਰਾਂ, ਭਗਤਾਂ ਤੇ ਸੰਬੰਧੀਆਂ ਨੂੰ ਕਿਹਾ ਕਿ ਮੇਰੇ ਜਾਣ ਪਿੱਛੋਂ ਸਿਰਫ਼ ਅਖੰਡ ਕੀਰਤਨ ਚੱਲੇ ਤੇ ਸੰਗਤਾਂ ਵਿਦਵਾਨਾਂ ਤੋਂ ਗਰੁੜ ਪੁਰਾਣ ਦੀ ਕਥਾ ਦੀ ਜਗ੍ਹਾ ਹਰੀ ਦੇ ਨਾਮ ਦਾ ਜੱਸ ਗਾਇਨ ਹੋਵੇ। ਮੇਰਾ ਬੇਬਾਨ ਬਨਾਵਟੀ ਸਜਾਵਟਾਂ ਦੀ ਜਗ੍ਹਾ ਪ੍ਰਭੂ ਦੇ ਪ੍ਰੇਮ ਨਾਲ ਸਜਾਇਆ ਜਾਵੇ। ਹੋਰ ਵਿਅਰਥ ਕਰਮਕਾਂਡ ਪਿੰਡ, ਪਤਲ, ਕਿਰਿਆ, ਦੀਵਾ ਤੇ ਫੁੱਲ ਪ੍ਰਵਾਹਨ ਦੀ ਥਾਂ ਸਤਿਸੰਗਤ ਕੀਤੀ ਜਾਵੇ।

ਪਰਮਾਤਮਾ ਨੂੰ ਚੰਗਾ ਲੱਗ ਗਿਆ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਬਖਸ਼ ਕੇ ਗੁਰੂ ਦਾ ਸ਼ਬਦ ਰੂਪ ਸਦਾ ਥਿਰ ਰਹਿਣ ਵਾਲਾ ਨਿਸ਼ਾਨ ਬਖ਼ਸ਼ ਦਿੱਤਾ:

*ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥ (ਪੰਨਾ ੯੨੩)*

ਪੁੱਤਰ ਮੋਹਰੀ ਸਾਹਮਣੇ ਹੋਇਆ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ 'ਤੇ ਢਹਿ ਪਿਆ। ਫਿਰ ਸਾਰੀ ਸੰਗਤ ਗੁਰੂ ਜੀ ਦੇ ਪੈਰੀਂ ਪੈ ਗਈ ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਜੋਤ ਰੱਖੀ ਸੀ। ਜੇਕਰ ਕੋਈ ਈਰਖਾ ਵੱਸ ਸ੍ਰੀ ਗੁਰੂ ਰਾਮਦਾਸ ਜੀ ਅੱਗੇ ਨਹੀਂ ਨਿਵਦਾ ਸੀ ਉਸ ਨੂੰ ਵੀ ਸਤਿਗੁਰੂ ਜੀ ਨੇ ਨਿਵਾ ਦਿੱਤਾ। ਇਸ ਤਰ੍ਹਾਂ ਪਰਮਾਤਮਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਜੋ ਚੰਗਾ ਲੱਗਾ ਉਹੀ ਹੋਇਆ ਤੇ ਸਾਰਾ ਜਗਤ ਸ੍ਰੀ ਗੁਰੂ ਰਾਮਦਾਸ ਜੀ ਦੇ ਪੈਰੀਂ ਪੈ ਗਿਆ ਕਿਉਂਕਿ ਇਹ ਰੱਬੀ ਹੁਕਮ ਸੀ:

*ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥*
*ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ॥ (ਪੰਨਾ ੯੨੪)*

ਸੋ ਇਸ ਬਾਣੀ ਵਿਚ ਬਾਬਾ ਸੁੰਦਰ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਆਪਣੇ ਅਕਾਲ ਚਲਾਣਾ ਕਰਨ ਸਮੇਂ ਦਿੱਤੇ ਕੁਝ ਵਡਮੁੱਲੇ ਉਪਦੇਸ਼ ਤੇ ਆਦੇਸ਼ਾਂ ਨੂੰ ਅੰਕਿਤ ਕੀਤਾ ਹੈ। ਸ੍ਰੀ ਗੁਰੂ ਅਮਰਦਾਸ ਜੀ ਆਪਣੇ ਪੁੱਤਰਾਂ, ਭਰਾਵਾਂ, ਸਿੱਖਾਂ ਤੇ ਹੋਰ ਪਰਿਵਾਰ ਦੇ ਸੰਬੰਧੀਆਂ ਨੂੰ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਕਿ ਮੌਤ ਦੇ ਸਮੇਂ ਵਾਤਾਵਰਣ ਸੋਗੀ ਨਹੀਂ ਹੋਣਾ ਚਾਹੀਦਾ। ਮੌਤ ਤਾਂ ਅਟੱਲ ਹੈ, ਪ੍ਰਭੂ ਦਾ ਭਾਣਾ ਹੈ ਉਸ ਦੀ ਰਜ਼ਾ ਹੈ ਜਿਸ ਨੂੰ ਨਾ ਕੋਈ ਅੱਜ ਤਕ ਟਾਲ ਸਕਿਆ ਹੈ ਤੇ ਨਾ ਹੀ ਟਾਲ ਸਕੇਗਾ। ਇਸ ਲਈ ਜਦੋਂ ਪ੍ਰਭੂ ਪਤੀ ਦਾ ਮੌਤ ਰੂਪੀ ਸੱਦਾ ਆਉਂਦਾ ਹੈ ਤਾਂ ਉਸ ਨੂੰ ਉਸ ਦਾ ਹੁਕਮ ਸਮਝ ਕੇ ਮੰਨਣਾ ਚਾਹੀਦਾ ਹੈ ਤੇ ਉਸ ਦੇ ਨਾਮ ਵਿਚ ਲੀਨ ਹੋ ਕੇ ਉਸ ਨਾਲ ਇਕਮਿਕਤਾ ਪ੍ਰਾਪਤ ਕਰ ਲੈਣੀ ਚਾਹੀਦੀ ਹੈ, ਪਿੱਛੇ ਪਰਵਾਰ ਵਿਚ ਮਾਹੌਲ ਸੋਗੀ ਰੱਖਣ ਦੀ ਥਾਂ ਖੁਸ਼ਗਵਾਰ ਰੱਖਣਾ ਚਾਹੀਦਾ ਹੈ। ਜਿਵੇਂ:

*ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥*
*ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥ (ਪੰਨਾ ੯੨੩)*

ਮੌਤ ਉਪਰੰਤ ਉਸ ਪ੍ਰਭੂ ਦਾ ਹਰੀ ਜੱਸ ਕਰਨਾ ਚਾਹੀਦਾ ਹੈ। ਨਿਰਬਾਣ ਕੀਰਤਨ ਕਰਕੇ ਸੰਗਤਾਂ ਇਕ ਹਰੀ ਨਾਮ ਦੀ ਕਥਾ ਕਰਨਾ ਸੱਚੀ ਸ਼ਰਧਾ ਹੈ। ਹੋਰ ਸਾਰੇ ਕਰਮਕਾਂਡ ਨੂੰ ਨਕਾਰਨਾ ਚਾਹੀਦਾ ਹੈ।

ਸੋ ਸਿੱਖ ਸਮਾਜ ਨੂੰ ਬਾਬਾ ਸੁੰਦਰ ਜੀ ਦੀ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਦਿੱਤੇ ਉਪਦੇਸ਼ਾਂ ਨੂੰ ਅਪਣਾ ਕੇ ਪਰਮਾਤਮਾ ਦਾ ਭਾਣਾ ਮੰਨ ਕੇ, ਮੌਤ ਦੀ ਅਟੱਲ ਸੱਚਾਈ ਨੂੰ ਸਮਝ ਕੇ, ਕਰਮਕਾਂਡਾਂ ਤੋਂ ਕਿਨਾਰਾ ਕਰਕੇ ਗੁਰਮਤਿ ਅਨੁਸਾਰ ਵਿਵਹਾਰ ਕਰਨਾ ਚਾਹੀਦਾ ਹੈ। ਇਹੀ ਸਾਡੀ ਗੁਰੂਆਂ ਪ੍ਰਤੀ ਸ਼ਰਧਾ ਹੈ ਤੇ ਇਹੀ ਸਾਡਾ ਫਰਜ਼ ਹੈ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਤੀਸਰੀ ਦਹਿਸਦੀ ਦੀ ਵਿਸ਼ਵ-ਸਭਿਅਤਾ

*-ਡਾ. ਜਸਬੀਰ ਸਿੰਘ (ਸਾਬਕਾ ਉਪ-ਕੁਲਪਤੀ)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਭਾਵੇਂ ਦੂਸਰੀ ਦਹਿਸਦੀ ਵਿਚ ਹੋਈ ਪਰ ਤੀਸਰੀ ਦਹਿਸਦੀ (third millennium) ਲਈ ਇਸ ਪਾਵਨ ਗ੍ਰੰਥ ਸਾਹਿਬ ਦੀ ਵਧੇਰੇ ਅਹਿਮੀਅਤ ਹੈ। ੨੦ਵੀਂ ਸਦੀ ਦੇ ਇਕ ਮਹਾਨ ਇਤਿਹਾਸਕਾਰ ਆਰਨਲਡ ਟਾਇਨਬੀ ਅਨੁਸਾਰ ਸਿੱਖ ਮਜ਼੍ਹਬ ਅੰਦਰ ਵਿਸ਼ਵ-ਵਿਆਪੀ ਰਾਜਤੰਤਰ (universal state) ਅਤੇ ਵਿਸ਼ਵ-ਵਿਆਪੀ ਧਰਮਤੰਤਰ (universal church) ਦੇ ਨਿਰਮਾਣ ਦੇ ਬੀਜ ਮੌਜੂਦ ਹਨ। ਖ਼ਾਸਕਰ ਭਾਰਤ ਵਿਚ ਇੰਡਿਕ ਸਭਿਅਤਾ ਅਤੇ ਹਿੰਦੂ ਸਭਿਅਤਾ ਤੋਂ ਵੱਖ ਅਤੇ ਉਚੇਰੀ ਸਭਿਅਤਾ ਦੇ ਵਿਕਾਸ ਦੇ ਬੀਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੇਖੇ ਜਾ ਸਕਦੇ ਹਨ। ਪਰ ਕੁੱਝ ਇਤਿਹਾਸਕ ਕਾਰਨਾਂ ਕਰਕੇ ਨਵੀਂ ਵਿਸ਼ਵ-ਸਭਿਅਤਾ ਦੇ ਰੂਪ ਵਿਚ ਇਹ ਬੀਜ ਹਾਲੇ ਤੱਕ ਪ੍ਰਫੁਲਿੱਤ ਨਹੀਂ ਹੋ ਸਕੇ। ਹੁਣ ਜਦਕਿ ਤੀਸਰੀ ਦਹਿਸਦੀ ਦੀ ਵਿਸ਼ਵ-ਸਭਿਅਤਾ ਦੇ ਵਿਕਾਸ ਦਾ ਰਾਹ ਤਿਆਰ ਹੋ ਰਿਹਾ ਹੈ ਤਾਂ ਇਸ ਵਿਕਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੇ ਰੋਲ ਅਤੇ ਇਸ ਵਿਚਲੀਆਂ ਵਿਸ਼ਵ-ਵਿਆਪੀ ਕਦਰਾਂ-ਕੀਮਤਾਂ ਦੀ ਅਹਿਮ ਭੂਮਿਕਾ ਨਿਭਾਉਣ ਦਾ ਅਵਸਰ ਆਣ ਪਹੁੰਚਿਆ ਹੈ।

ਪਿਛਲੇ ਕੁਝ ਸਾਲਾਂ ਵਿਚ ਨਵੀਂ ਵਿਸ਼ਵ-ਸਭਿਅਤਾ ਦੀ ਜੋ ਰੂਪ-ਰੇਖਾ ਉੱਭਰ ਕੇ ਸਾਹਮਣੇ ਆਈ ਹੈ ਉਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਨਵੀਂ ਵਿਸ਼ਵ-ਸਭਿਅਤਾ ਦੇ ਨਿਰਮਾਣ ਵਿਚ ਮਜ਼੍ਹਬ ਦਾ ਵਿਸ਼ੇਸ਼ ਰੋਲ ਹੋਵੇਗਾ। ਮਜ਼੍ਹਬ ਦੇ ਉਭਾਰ ਦੀਆਂ ਇਕ-ਦੋ ਮਿਸਾਲਾਂ ਹੀ ਕਾਫ਼ੀ ਹੋਣਗੀਆਂ; ਤੁਰਕੀ ਨੂੰ ਮੁਸਤਫ਼ਾ ਕਿਮਾਲ ਅਤਾਤੁਰਕ ਦੇ ਨੇਤ੍ਰਤਵ ਹੇਠਾਂ ਪੱਛਮੀਕਰਨ ਦਾ ਇਸ ਹੱਦ ਤਕ ਝੱਲ ਚੜ੍ਹਿਆ ਸੀ ਕਿ ਆਪਣੇ ਇਸਲਾਮੀ ਵਿਰਸੇ ਨੂੰ ਵੀ ਬੇਦਾਵਾ ਦੇ ਦਿੱਤਾ ਸੀ। ਪਰ ਪਿਛਲੇ ਇਕ-ਦੋ ਦਹਾਕਿਆਂ ਵਿਚ ਤੁਰਕੀ ਵਿਚ ਨਵੇਂ ਸਿਰੇ ਤੋਂ, ਹੋਰਨਾਂ ਇਸਲਾਮੀ ਕਦਮਾਂ ਦੇ ਨਾਲ-ਨਾਲ, ਮਸੀਤਾਂ ਬਣਾਉਣ ਦਾ ਸਿਲਸਿਲਾ ਜਾਰੀ ਹੈ। ਅਕਤੂਬਰ ੨੦੦੭ ਵਿਚ ਚੀਨ ਦੀ ਕਮਿਊਨਿਸਟ ਪਾਰਟੀ ਨੇ ਆਪਣੀ ੧੭ਵੀਂ ਕਾਂਗਰਸ ਵਿਚ ਆਪਣੇ ਸੰਵਿਧਾਨ ਵਿਚ ਸੋਧ ਕਰਕੇ ਪਹਿਲੀ ਵਾਰ ਧਰਮ ਨੂੰ ਮਾਨਤਾ ਪ੍ਰਦਾਨ ਕੀਤੀ ਹੈ। ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ ਕਿ ਅਜੋਕੇ ਚੀਨ ਵਿਚ ਸੋਲਾਂ ਸਾਲ ਤੋਂ ਵੱਧ ਉਮਰ ਦੇ ੩੦ ਕਰੋੜ ਤੋਂ ਵੀ ਜ਼ਿਆਦਾ ਚੀਨੀ ਆਸਤਕ ਹੋ ਗਏ ਹਨ ਜਦਕਿ ਕਮਿਊਨਿਸਟ ਪਾਰਟੀ

** ਪ੍ਰਧਾਨ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਗੁਰੂ ਗੋਬਿੰਦ ਸਿੰਘ ਭਵਨ, ਸੈਕਟਰ ੧੫-ਏ, ਚੰਡੀਗੜ੍ਹ।*

ਦੇ ਮੈਂਬਰਾਂ ਦੀ ਗਿਣਤੀ ੭ ਕਰੋੜ ੩੦ ਲੱਖ ਹੈ। ਇਸ ਪੱਖੋਂ ਨਵੀਂ ਵਿਸ਼ਵ ਸਭਿਅਤਾ ਪਿਛਲੇ ੩੦੦ ਸਾਲਾਂ ਦੀ ਪੱਛਮੀ ਸਭਿਅਤਾ ਤੋਂ ਬੁਨਿਆਦੀ ਤੌਰ 'ਤੇ ਵੱਖਰੀ ਹੋਵੇਗੀ। ਪਿਛਲੀਆਂ ਤਿੰਨ ਸਦੀਆਂ ਤੋਂ ਪ੍ਰਧਾਨ ਚਲੀ ਆ ਰਹੀ ਆਧੁਨਿਕ ਪੱਛਮੀ ਸਭਿਅਤਾ ਦੇ, ਇਸ ਪ੍ਰਸੰਗ ਵਿਚ, ਦੋ ਵਿਸ਼ੇਸ਼ ਲੱਛਣਾਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ੧੭ਵੀਂ ਸਦੀ ਵਿਚ ਡੇਕਾਰਟੇ (Descartes) ਨੇ ਸਮੁੱਚੇ ਯਥਾਰਥ ਨੂੰ ਦੋ ਵਿਭਿੰਨ ਖੰਡਾਂ ਵਿਚ ਦੋਫਾੜ ਕਰ ਦਿੱਤਾ ਸੀ; ਦਿਸ ਆਉਂਦੇ ਪਦਾਰਥਕ (ਭੌਤਿਕ) ਯਥਾਰਥ ਨੂੰ ਪਰਮਾਰਥਕ (ਪਰਾ ਭੌਤਿਕ) ਯਥਾਰਥ ਤੋਂ ਵਖਰਾ ਕਰ ਦਿੱਤਾ; ਇੰਦ੍ਰੀ-ਸੰਸਾਰ ਨੂੰ ਪਰਾਇੰਦ੍ਰੀ ਸੰਸਾਰ ਤੋਂ ਅਲੱਗ-ਥਲੱਗ ਕਰ ਦਿੱਤਾ; ਜ਼ਿੰਦਗੀ ਵਿਚ ਤਨ ਅਤੇ ਮਨ ਨੂੰ ਖੰਡਿਤ ਕਰਕੇ ਦੋਹਾਂ ਵਿਚਕਾਰ ਇਕ ਲਕੀਰ ਖਿੱਚ ਦਿੱਤੀ। ਯਥਾਰਥ ਵੱਲ ਅਜਿਹੀ ਦ੍ਵੰਦਾਤਮਿਕ ਦ੍ਰਿਸ਼ਟੀ ਆਧੁਨਿਕ ਪੱਛਮੀ ਸਭਿਅਤਾ ਦੀ ਮੂਲ ਦ੍ਰਿਸ਼ਟੀ ਚਲੀ ਆ ਰਹੀ ਹੈ। ਦਿਨ-ਬ-ਦਿਨ ਵਿਗਠਿਤ ਹੋ ਰਹੀ ਆਧੁਨਿਕ ਪੱਛਮੀ ਸਭਿਅਤਾ ਦਾ ਦੂਸਰਾ ਮੁਖ ਪੂਰਵ-ਸੰਕਲਪ ਇਹ ਰਿਹਾ ਹੈ ਕਿ ਪਦਾਰਥਕ ਯਥਾਰਥ ਦਾ ਸਾਰ ਤਰਕ (reason) ਹੈ ਜੋ ਸਮੁੱਚੇ ਪਦਾਰਥਕ ਯਥਾਰਥ ਵਿਚ ਰਮ ਰਿਹਾ ਹੈ ਅਰਥਾਤ ਸਮੁੱਚੇ ਪਦਾਰਥਕ ਯਥਾਰਥ ਵਿਚ ਬ੍ਰਹਮ, ਦੈਵੀ ਸ਼ਕਤੀ, ਅਕਾਲ ਜੋਤ, ਆਦਿ ਕੋਈ ਅਲੌਕਿਕ ਰਹੱਸ ਨਹੀਂ ਵਿਚਰ ਰਿਹਾ। ਇਸ ਸੰਕਲਪ ਦੇ ਸਹਿ-ਕਦਮੀਂ ਇਕ ਹੋਰ ਸੰਕਲਪ ਇਹ ਸੀ ਕਿ ਕਿਉਂਕਿ ਸਮੁੱਚੇ ਪਦਾਰਥਕ ਯਥਾਰਥ ਦੇ ਤਾਣੇ-ਪੇਟੇ ਵਿਚ ਤਰਕ ਹੀ ਵਿਦਮਾਨ ਹੈ ਇਸ ਲਈ ਤਰਕ ਰਾਹੀਂ ਸਾਰੇ ਦੇ ਸਾਰੇ ਪਦਾਰਥਕ ਯਥਾਰਥ ਦੀ ਅੰਤ੍ਰੀਵ ਗਹਿਰਾਈ ਤਕ ਪਹੁੰਚਿਆ ਜਾ ਸਕਦਾ ਹੈ; ਤਰਕ ਰਾਹੀਂ ਅਥਵਾ ਤਰਕ-ਪੂਰਨ ਬੁੱਧੀ ਰਾਹੀਂ ਮਨੁੱਖ ਪਦਾਰਥਕ ਯਥਾਰਥ ਅਰਥਾਤ ਕੁਦਰਤ ਦੇ ਅੰਦਰਲੇ ਨਿਯਮਾਂ ਨੂੰ ਜਾਣ ਸਕਦਾ ਹੈ ਅਤੇ ਇਸ ਤਰ੍ਹਾਂ ਪਦਾਰਥਕ ਯਥਾਰਥ ਨੂੰ ਇਸ ਦੇ 'ਜਿਵੇਂ ਹੈ ਤਿਵੇਂ' ਰੂਪਾਂ ਵਿਚ ਸੰਪੂਰਨ ਤੌਰ 'ਤੇ ਤਰਕ-ਪੂਰਨ ਬੁੱਧੀ ਦੀ ਪਕੜ ਵਿਚ ਲਿਆ ਸਕਦਾ ਹੈ। ਪਰ ੨੦ਵੀਂ ਸਦੀ ਦੇ ਦੂਸਰੇ ਅੱਧ ਵਿਚ ਹੀ ਇਹ ਮਹਿਸੂਸ ਹੋਣ ਲੱਗ ਪਿਆ ਕਿ ਆਧੁਨਿਕ ਪੱਛਮੀ ਸਭਿਅਤਾ ਦੇ ਉਪਰੋਕਤ ਦਰਸਾਏ ਦੋਵੇਂ ਦਾਰਸ਼ਨਿਕ ਅਧਾਰ - 'ਪੂਰਵ ਸੰਕਲਪ' - ਸਾਰਥਿਕ ਸਿੱਧ ਨਹੀਂ ਹੋ ਰਹੇ। ਇਕ ਪਾਸੇ ਦ੍ਵੰਦਾਤਮਿਕ ਦ੍ਰਿਸ਼ਟੀ ਦੀਆਂ ਧਾਰਨੀ ਵਿਚਾਰਧਾਰਾਵਾਂ (ਰਾਸ਼ਟਰਵਾਦ; ਉਦਾਰਮਈ ਲੋਕਤੰਤਰਵਾਦ; ਸਮਾਜਵਾਦ; ਸਾਮਵਾਦ ਆਦਿ) ਇਕ-ਇਕ ਕਰਕੇ ਨਿਹਫਲ ਸਿੱਧ ਹੋਣ ਲੱਗੀਆਂ। ਦੂਸਰੇ ਪਾਸੇ ਆਪਣੇ ਆਪ ਨੂੰ ਸਰਬ ਸਮਰੱਥ ਸਮਝਣ ਵਾਲੀ ਤਰਕ-ਪੂਰਨ ਬੁੱਧੀ, ਜੋ ਪਦਾਰਥ ਦੇ, ਪ੍ਰਕਿਤੀ ਦੇ, ਵੱਡੇ ਤੋਂ ਵੱਡੇ ਅਤੇ ਛੋਟੇ ਤੋਂ ਛੋਟੇ ਆਕਾਰ-ਰੂਪਾਂ ਨੂੰ ਸਮਝਣ ਦਾ ਦਾਅਵਾ ਕਰਦੀ ਸੀ, ਉਹ ਬੁੱਧੀ (reason) ਨਿਊਨਤਮ ਅਣੂਆਂ (micro particles) ਦੇ ਵਿਵਹਾਰ ਨੂੰ ਸਮਝਣ ਵਿਚ ਅਸਫ਼ਲ ਹੋ ਗਈ। ਇਨ੍ਹਾਂ ਨਿਊਨਤਮ ਅਣੂਆਂ ਦੇ ਵਿਵਹਾਰ ਨੂੰ ਨਿਯਮਬੱਧ ਤਸੱਵਰ ਕਰਕੇ ਇਨ੍ਹਾਂ ਦੇ ਵਰਤਾਰੇ ਨੂੰ ਜਾਣਨ ਦੇ ਯਤਨਾਂ ਦੀ ਅਸਫ਼ਲਤਾ ਨੂੰ ਅਨਿਸ਼ਚਿਤਤਾਵਾਦ ਕਰਾਰ ਦੇ ਕੇ

ਵਿਗਿਆਨੀਆਂ ਨੇ ਆਪਣੀ ਹਾਰ ਨੂੰ ਕਬੂਲ ਕੀਤਾ। ਦਾਰਸ਼ਨਿਕ ਤੌਰ 'ਤੇ ਤਰਕ-ਪ੍ਰਧਾਨ ਬੁੱਧੀ ਦੀ ਇਹ ਅਸਫ਼ਲਤਾ ਆਧੁਨਿਕ ਪੱਛਮੀ ਸਭਿਅਤਾ ਦੀ ਅਸਫ਼ਲਤਾ ਹੀ ਸੀ ਕਿਉਂਕਿ ਇਹ ਸਭਿਅਤਾ ਤਰਕ-ਪ੍ਰਧਾਨ ਬੁੱਧੀ 'ਤੇ ਆਧਾਰਿਤ ਸੀ।

ਆਧੁਨਿਕ ਪੱਛਮੀ ਸਭਿਅਤਾ ਨੇ ਆਪਣੀ ਦ੍ਵੈਤਮਈ, ਦ੍ਵੰਦਾਤਮਿਕ ਪਹੁੰਚ-ਵਿਧੀ ਕਾਰਨ ਪਦਾਰਥ ਅਤੇ ਪਰਮਾਰਥ ਵਿਚਕਾਰ ਜੋ ਲਕੀਰ ਖਿੱਚੀ ਸੀ ਉਸਦੇ ਸਿੱਟੇ ਵਜੋਂ ਇਸ ਸਭਿਅਤਾ ਨੇ ਅੱਗੋਂ ਚਲ ਕੇ ਸੈਕੂਲਰਤਾ (secularism) ਅਤੇ ਧਾਰਮਿਕਤਾ ਨੂੰ ਵੀ ਇਕ ਦੂਸਰੇ ਤੋਂ ਨਿਖੇੜ ਦਿੱਤਾ। ਸਮਾਜਕ ਜੀਵਨ ਵਿਚ ਮਜ਼੍ਹਬ ਦੀ ਕੋਈ ਗੁੰਜਾਇਸ਼ ਨਾ ਛੱਡੀ; ਧਰਮ ਨੂੰ ਮਨੁੱਖ ਦੇ ਵਿਅਕਤੀਗਤ ਜੀਵਨ ਤਕ ਹੀ ਮਹਿਦੂਦ ਕਰ ਦਿੱਤਾ, ਮਜ਼੍ਹਬ ਦੇ ਸਮਾਜਕ ਪੱਧਰ 'ਤੇ ਕਲਿਆਣਕਾਰੀ ਰੋਲ ਨੂੰ ਉੱਕਾ ਹੀ ਨਕਾਰ ਦਿੱਤਾ ਗਿਆ।

ਹੁਣ ਜਦਕਿ ਆਧੁਨਿਕ ਪੱਛਮੀ ਸਭਿਅਤਾ ਆਪਣੇ ਆਖ਼ਰੀ ਸਾਹਾਂ 'ਤੇ ਹੈ ਅਤੇ ਤੀਸਰੀ ਦਹਿਸਦੀ ਦੀ ਨਵੀਂ ਵਿਸ਼ਵ-ਸਭਿਅਤਾ ਦੇ ਪੂਰਨੇ ਪਾਏ ਜਾ ਰਹੇ ਹਨ ਤਾਂ ਵਿਗਠਿਤ ਹੋ ਰਹੀ ਪੱਛਮੀ ਸਭਿਅਤਾ ਦੇ ਮੂਲ ਸੰਕਲਪ ਵੀ ਅਪ੍ਰਸੰਗਕ ਬਣਦੇ ਜਾ ਰਹੇ ਹਨ। ਡੇਕਾਰਟੇ ਦੇ ਦੋਫਾੜਵਾਦ ਦੇ ਮੁਕਾਬਲੇ ਹੁਣ ਸਮੂਹਮਈ, ਸਮੁੱਚਵਾਦੀ ਦ੍ਰਿਸ਼ਟੀ ਦਾ ਬੋਲ-ਬਾਲਾ ਹੋ ਰਿਹਾ ਹੈ। ਸਮੁੱਚੇ ਯਥਾਰਥ ਵਿਚ (ਭਾਵੇਂ ਉਹ ਪਦਾਰਥਕ ਹੋਵੇ ਜਾਂ ਪਰਮਾਰਥਕ) ਇਹ ਆਂਤ੍ਰਿਕ ਸੰਜੋਗ, ਇਕ ਅੰਦਰੂਨੀ ਸਮੁੱਚਤਾ (wholeness) ਦਾ ਅਹਿਸਾਸ ਦਿਨ-ਬ-ਦਿਨ ਵਧ ਰਿਹਾ ਹੈ, ਜਿਸ ਪਹੁੰਚ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਿੰਬਾਤਮਿਕ ਰੂਪ ਵਿਚ ਇਨ੍ਹਾਂ ਸ਼ਬਦਾਂ ਵਿਚ ਪ੍ਰਗਟਾਇਆ ਹੈ:

- *ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥* *(ਪੰਨਾ ੨੬੮)*
- *ਸਗਲ ਸਮਗ੍ਰੀ ਸੂਤਿ ਤੁਮਾਰੇ॥* *(ਪੰਨਾ ੭੪੦)*

ਨਵੀਂ ਉਭਰ ਰਹੀ ਵਿਸ਼ਵ-ਸਭਿਅਤਾ ਦੇ ਵਿਚਾਰਵਾਨਾਂ ਅਨੁਸਾਰ ਤਰਕ ਤੋਂ ਅੱਗੇ ਜਾਣ ਦੀ ਲੋੜ ਹੈ। ਇਸ ਦਾ ਅਰਥ ਤਰਕ ਤੋਂ ਪਿੱਛੇ ਹਟਣਾ ਜਾਂ ਤਰਕ ਨੂੰ ਲਾਂਭੇ ਕਰਨਾ ਨਹੀਂ ਸਗੋਂ ਭਾਵ ਇਹ ਹੈ ਕਿ ਤਰਕ ਤੋਂ ਅਗਲੇ ਪੜਾਅ 'ਤੇ ਜਾਣ ਦੀ ਲੋੜ ਹੈ। ਨਵੇਂ ਵਿਚਾਰਵਾਨਾਂ ਅਨੁਸਾਰ ਬ੍ਰਹਿਮੰਡ ਵਿਚ ਤਰਕ ਦੀ ਥਾਂ ਕੋਈ ਹੋਰ ਰਹੱਸ ਵਿਚਰ ਰਿਹਾ ਹੈ ਜੋ ਤਰਕ-ਪ੍ਰਧਾਨ ਬੁੱਧੀ ਦੀ ਪਕੜ ਤੋਂ ਪਰ੍ਹੇ ਹੈ। ਤਰਕ ਅਥਵਾ ਤਰਕ-ਪ੍ਰਧਾਨ ਬੁੱਧੀ ਦੀ ਪਦਾਰਥਕ ਯਥਾਰਥ ਵੱਲ ਵਿਗਿਆਨਕ ਪਹੁੰਚ ਖੰਡਤਕਾਰੀ (reductive) ਰਹੀ ਹੈ। ਇਸਦੇ ਉਲਟ ਨਵੀਂ ਵਿਗਿਆਨਕ ਪਹੁੰਚ ਯਥਾਰਥ ਨੂੰ, ਇਸਦੇ ਕਣ-ਕਣ ਨੂੰ, ਸਮੂਹਮਈ, ਸਮੁਚਵਾਦੀ ਦ੍ਰਿਸ਼ਟੀ ਤੋਂ ਗ੍ਰਹਿਣ ਕਰਨ ਦਾ ਯਤਨ ਕਰਦੀ ਹੈ। ਸਮੁੱਚੇ ਯਥਾਰਥ ਵਿਚ 'ਤਰਕ' ਦੀ ਥਾਂ ਵਿਚਰ ਰਹੇ ਰਹੱਸ ਨੂੰ ਕੁਝ ਵਿਚਾਰਵਾਨ ਸਪਿਰਿਟ (spirit) ਦਰਸਾਉਂਦੇ ਹਨ। ਗੁਰਬਾਣੀ ਦੇ ਮੁਹਾਵਰੇ ਵਿਚ ਸਮੁੱਚੇ ਬ੍ਰਹਿਮੰਡ ਵਿਚ ਇਲਾਹੀ ਜੋਤ (Divine Spirit) ਰਮ ਰਹੀ ਹੈ:

- *ਚੰਦੁ ਸੂਰਜੁ ਗੈਣਾਰੇ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ॥* *(ਪੰਨਾ ੧੦੩੭)*

*– ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥* *(ਪੰਨਾ ੫੯੬)*

ਨਿਰੰਕਾਰੀ ਜੋਤ ਖੰਡ-ਬ੍ਰਹਿਮੰਡ, ਪਾਤਾਲਾਂ-ਪਾਤਾਲ, ਸਗਲ ਬਨਸਪਤੀ, ਸਮੂਹ ਜੀਆ-ਜੰਤ ਵਿਚ ਵਿਚਰ ਰਹੀ ਹੈ:

*– ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥* *(ਪੰਨਾ ੧੪੦੯)*

*– ਸਭ ਮਹਿ ਜੋਤਿ ਜੋਤਿ ਹੈ ਸੋਇ॥* *(ਪੰਨਾ ੧੩)*

*– ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ॥*

*(ਪੰਨਾ ੫੯੭)*

ਸ੍ਰੀ ਗੁਰੂ ਨਾਨਕ ਸਾਹਿਬ ਅਨੁਸਾਰ ਅਕਾਲ ਪੁਰਖ ਖੁਦ 'ਜੋਤ ਸਰੂਪ' ਹੈ। ਅਕਾਲ ਪੁਰਖੀ ਜੋਤ (spirit) ਪ੍ਰਕ੍ਰਿਤੀ (space) ਵਿਚ ਹੀ ਵਿਦਮਾਨ ਨਹੀਂ ਸਗੋਂ ਗੁਰੂ-ਮਾਧਿਅਮ ਰਾਹੀਂ ਕਾਲ ਅਥਵਾ ਇਤਿਹਾਸ (time) ਵਿਚ ਵੀ ਕ੍ਰਿਆਸ਼ੀਲ ਹੈ। ਗੁਰੂ-ਮਾਧਿਅਮ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ, ਅਕਾਲ ਪੁਰਖੀ ਜੋਤ ਕਾਲ ਅਥਵਾ ਇਤਿਹਾਸ ਵਿਚ ਪ੍ਰਵੇਸ਼ ਕਰਦੀ ਹੈ:

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥* *(ਪੰਨਾ ੧੪੦੮)*

ਅੱਗੋਂ ਇਹੋ ਰੱਬੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਪ੍ਰਕਾਸ਼ਮਾਨ ਹੁੰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਅਦ ਇਹੋ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਸਾਕਾਰ ਹੁੰਦੀ ਹੈ:

*ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥*

*(ਪੰਨਾ ੧੪੦੯)*

ਇਹੋ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਾਕਾਰ ਰੂਪ ਵਿਚ ਪ੍ਰਤੱਖ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਗੁਰੂਤ੍ਵ ਵਿਚ ਵਿਦਮਾਨ ਅਕਾਲ ਜੋਤ (Divine Spirit) ਦੀ ਪਲਤਮੁਖੀ ਪ੍ਰਭੁਤਾ ਗੁਰ-ਸ਼ਬਦ ਵਿਚ ਲੀਨ ਹੁੰਦੀ ਹੈ ਅਤੇ ਇਸ ਅਲਾਹੀ ਜੋਤ ਦੀ ਹਲਤਮੁਖੀ ਪ੍ਰਭੁਤਾ ਖਾਲਸਾ ਪੰਥ, ਗੁਰੂ-ਪੰਥ ਵਿਚ ਸਾਕਾਰ ਹੁੰਦੀ ਹੈ।

ਸਪਿਰਿਟ-ਮੁਖੀ ਮਜ਼੍ਹਬ ਹੋਣ ਕਾਰਨ ਤੀਸਰੀ ਦਹਿ-ਸਦੀ ਦੀ ਨਵੀਂ ਸਭਿਅਤਾ ਦੇ ਨਿਰਮਾਣ ਵਿਚ ਸਿੱਖ-ਮਤ ਦੀ ਵਿਸ਼ੇਸ਼ ਭੂਮਿਕਾ ਬਣਦੀ ਹੈ ਕਿਉਂਕਿ ਨਵੀਂ ਸਭਿਅਤਾ ਦਾ ਮੂਲ ਸੰਕਲਪ, ਵਿਚਾਰਵਾਨਾਂ ਅਨੁਸਾਰ, ਜੋਤ (spirit) ਹੋਵੇਗਾ, ਉਵੇਂ ਹੀ ਜਿਵੇਂ ਆਧੁਨਿਕ ਪੱਛਮੀ ਸਭਿਅਤਾ ਦਾ ਆਧਾਰ-ਰੂਪੀ ਸੰਕਲਪ ਤਰਕ (reason) ਸੀ, ਜੋ ਸਮੁੱਚੇ ਪਦਾਰਥਕ ਸੰਸਾਰ ਦਾ ਤਾਣਾ-ਪੇਟਾ ਤਸੱਵਰ ਹੁੰਦਾ ਸੀ ਅਤੇ ਜਿਸ ਦੀ ਨਿਖੇੜਮਈ, ਖੰਡਤਕਾਰੀ ਪਹੁੰਚ ਵਿਧੀ ਪਦਾਰਥ ਦੇ ਧੁਰ ਅੰਦਰਲੇ ਰਹੱਸ ਤਕ ਪਹੁੰਚਣ ਦਾ ਦਾਅਵਾ ਕਰਦੀ ਸੀ। ਜਿਵੇਂ ਕਿ ਉੱਪਰ ਦਰਸਾਇਆ ਗਿਆ ਹੈ ਆਧੁਨਿਕ ਪੱਛਮੀ ਸਭਿਅਤਾ ਲਈ ਕਲਿਆਣਕਾਰੀ ਵਿਚਾਰਧਾਰਾਵਾਂ ਵੀ ਅਜਿਹੇ ਤਰਕ ਦੇ ਆਧਾਰ 'ਤੇ ਉਸਰੀਆਂ ਹੋਈਆਂ ਸਨ ਅਤੇ ਜਿਨ੍ਹਾਂ ਦਾ ਟੀਚਾ ਤਰਕਮਈ

ਸਮਾਜ (rational society) ਸਥਾਪਿਤ ਕਰਨਾ ਸੀ ਭਾਵੇਂ ਇਸ ਟੀਚੇ ਤਕ ਪਹੁੰਚਣ ਦੇ ਰਾਹ ਵੱਖ-ਵੱਖ ਵਿਚਾਰਧਾਰਾਵਾਂ (ਮਾਨਵਵਾਦ, ਉਦਾਰਮਈ ਲੋਕਤੰਤਰਵਾਦ, ਰਾਸ਼ਟਰਵਾਦ, ਸਮਾਜਵਾਦ ਅਤੇ ਸਾਮਵਾਦ) ਦੇ ਆਪਣੇ-ਆਪਣੇ ਸਨ।

ਪਿਛਲੀਆਂ ਤਿੰਨ ਸਦੀਆਂ ਦੀ ਪੱਛਮੀ ਸਭਿਅਤਾ ਨੇ ਇਸ ਸੰਸਾਰ ਵਿਚ ਮਜ਼੍ਹਬ ਦੇ ਕਲਿਆਣਕਾਰੀ ਸਮਾਜਕ ਰੋਲ ਨੂੰ ਬਿਲਕੁਲ ਹੀ ਪ੍ਰਵਾਨ ਨਹੀਂ ਸੀ ਕੀਤਾ। ਸਗੋਂ ਮਜ਼੍ਹਬ ਨੂੰ ਇਕ ਪਾਸੇ ਅਗਲੀ ਦੁਨੀਆਂ ਵਿਚ ਆਤਮਾ ਦੀ ਮੁਕਤੀ ਅਤੇ ਇਸ ਸੰਸਾਰ ਵਿਚ ਕੇਵਲ ਵਿਅਕਤੀ ਜੀਵਨ ਵਿਚ ਨਿੱਜੀ ਸਰੋਕਾਰਾਂ ਤਕ ਮਹਿਦੂਦ ਕਰ ਦਿੱਤਾ ਸੀ। ਇਹ ਪੱਛਮੀ ਸਭਿਅਤਾ ਇਸ ਵਿਚਾਰ ਦੀ ਧਾਰਨੀ ਸੀ ਕਿ ਮਜ਼੍ਹਬ ਤੋਂ ਅਲੱਗ-ਥਲੱਗ ਅਖੌਤੀ ਸੈਕੂਲਰ ਯਾਨੀ ਧਰਮ-ਨਿਰਪੇਖ ਵਿਚਾਰਧਾਰਾਵਾਂ ਰਾਹੀਂ ਹੀ ਸਮਾਜ ਦਾ ਕਲਿਆਣ ਸੰਭਵ ਹੈ। ਪਿਛਲੇ ਕੁਝ ਦਹਾਕਿਆਂ ਵਿਚ ਪੱਛਮੀ ਸਭਿਅਤਾ ਦਾ ਇਹ ਭਰਮ-ਭੁਲੇਖਾ ਦੂਰ ਹੋ ਚੁੱਕਿਆ ਹੈ। ਹੁਣ ਸੰਸਾਰ ਭਰ ਦੇ ਚਿੰਤਕ ਇਸ ਵਿਚਾਰ ਦੇ ਧਾਰਨੀ ਹੋ ਰਹੇ ਹਨ ਕਿ ਮਜ਼੍ਹਬ ਦੀ ਭੂਮਿਕਾ ਤੋਂ ਬਿਨਾਂ ਮਨੁੱਖ, ਸਮਾਜ ਅਤੇ ਰਾਸ਼ਟਰ ਦਾ ਕਲਿਆਣ ਮੁਮਕਿਨ ਨਹੀਂ। ਇਸ ਲਈ ਹੁਣ ਧਰਮ ਦੇ ਸਮਾਜੀ ਰੋਲ 'ਤੇ ਜ਼ੋਰ ਦਿੱਤਾ ਜਾਣ ਲੱਗ ਪਿਆ ਹੈ, ਜਿਸ ਵਿਚਾਰ ਉੱਪਰ ਅੱਜ ਤੋਂ ੫੦੦ ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਲ ਦਿੱਤਾ ਸੀ। ਏਸੇ ਲਈ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਇਸ ਤਰ੍ਹਾਂ ਦਰਸਾਇਆ ਸੀ:

*ਚੜ੍ਹਿਆ ਸੋਧਣ ਧਰਤਿ ਲੁਕਾਈ॥*

ਨਵੇਂ ਸਮਾਜ, ਨਵੇਂ ਤੰਤਰ ਨੂੰ ਸਿਰਜਣ ਵਿਚ ਮਜ਼੍ਹਬ ਦੀ ਕੁੱਖ ਵਿੱਚੋਂ ਇਨਕਲਾਬੀ ਵਿਚਾਰਧਾਰਾਵਾਂ ਅਤੇ ਲਹਿਰਾਂ ਉੱਠ ਰਹੀਆਂ ਹਨ ਜਿਸ ਦੀ ਇਕ ਮਿਸਾਲ ਮਿਆਂਮਾਰ (ਬਰਮਾ) ਵਿਚ ਲੋਕਤੰਤਰ ਦੀ ਬਹਾਲੀ ਲਈ ਬੋਧੀ ਭਿਕਸ਼ੂਆਂ ਦਾ ਜ਼ਬਰਦਸਤ ਰੋਲ ਵੇਖਿਆ ਜਾ ਸਕਦਾ ਹੈ।

ਨਵੀਂ ਵਿਸ਼ਵ ਸਭਿਅਤਾ ਦੇ ਵਿਕਾਸ ਵਿਚ, ਨਵੇਂ ਵਿਸ਼ਵ ਤੰਤਰ ਨੂੰ ਘੜਨ ਵਿਚ, ੨੧ਵੀਂ ਸਦੀ ਦੇ ਸਮਾਜ ਦੇ ਨਿਰਮਾਣ ਵਿਚ, ਸਿੱਖ-ਮਤ ਦੇ ਚਾਰ ਵਿਸ਼ੇਸ਼ ਸੰਕਲਪਾਂ ਦਾ ਇਤਿਹਾਸਕ ਯੋਗਦਾਨ ਹੋਵੇਗਾ।

ਪਹਿਲਾ ਸੰਕਲਪ ਸਿੱਖ-ਮਤ ਦਾ ਕ੍ਰਾਂਤੀਕਾਰੀ ਮਾਨਵਵਾਦੀ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ, ਜਨਮ ਸਾਖੀ ਅਨੁਸਾਰ, ਸੱਚਖੰਡ ਵਸਦੇ ਨਿਰੰਕਾਰ ਤੋਂ ਸਿੱਧਾ ਸੰਦੇਸ਼ ਪ੍ਰਾਪਤ ਕਰਕੇ ਇਸ ਸੰਦੇਸ਼ ਨੂੰ, ਵੇਈਂ ਨਦੀ 'ਚੋਂ ਬਾਹਰ ਆ ਇਨ੍ਹਾਂ ਸ਼ਬਦਾਂ ਰਾਹੀਂ ਸੰਸਾਰ ਅੱਗੇ ਰੱਖਿਆ:

*ਨ ਕੋ ਹਿੰਦੂ ਨਾ ਮੁਸਲਮਾਨ॥*

ਇਸ ਦਾ ਭਾਵ ਇਹ ਹੈ ਕਿ ਹਰ ਵਿਅਕਤੀ ਭਾਵੇਂ ਉਹ ਹਿੰਦੂ ਹੈ, ਮੁਸਲਮਾਨ ਹੈ ਜਾਂ ਕਿਸੇ ਹੋਰ ਧਰਮ ਦਾ ਪੈਰੋਕਾਰ, ਸਭ ਤੋਂ ਪਹਿਲਾਂ ਮਨੁੱਖ ਹੈ, ਮਾਨਵ ਹੈ। ਉਸ ਦੀ ਮਨੁੱਖਤਾ ਹੀ ਉਸ ਦੀ ਮੁੱਢਲੀ ਅਤੇ ਬੁਨਿਆਦੀ ਪਛਾਣ ਹੈ, ਭਾਵੇਂ ਮਜ਼੍ਹਬ,

ਸਭਿਆਚਾਰ, ਇਲਾਕੇ ਆਦਿ ਨਾਲ ਸਬੰਧ ਰੱਖਦੀਆਂ ਪਛਾਣਾਂ ਵੀ ਜ਼ਰੂਰੀ ਹਨ। ਸ੍ਰੀ ਗੁਰੂ ਨਾਨਕ ਸਾਹਿਬ ਦੇ ਇਸ ਸੰਦੇਸ਼ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਦਰਸਾਇਆ ਹੈ:

*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥*

ਇਸ ਸ੍ਰਿਸ਼ਟੀ ਤੋਂ ਧਾਰਮਿਕ ਅਕੀਦੇ, ਜਾਤ-ਪਾਤ, ਇਲਾਕੇ, ਊਚ-ਨੀਚ ਜਾਂ ਲਿੰਗ ਦੇ ਆਧਾਰ 'ਤੇ ਕਿਸੇ ਕਿਸਮ ਦੇ ਵਿਤਕਰੇ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਇਹ ਸੱਚਾਈ ਦ੍ਰਿੜ੍ਹ ਕਰਵਾਈ ਹੈ ਕਿ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਦਾ ਆਪਣਾ-ਆਪਣਾ ਵੱਖਰਾ ਧਰਮ ਨਹੀਂ ਹੋ ਸਕਦਾ। ਰੱਬੀ ਸੰਦੇਸ਼ ਸਾਰਿਆਂ ਲਈ ਸਾਂਝਾ ਹੈ:

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ (ਪੰਨਾ ੭੪੭)*

ਅੱਜ ਦੁਨੀਆਂ ਭਰ ਦੇ ਧਾਰਮਿਕ ਨੇਤਾ ਜਿਸ global ethic ਦੀ ਅਭਿਲਾਸ਼ਾ ਕਰ ਰਹੇ ਹਨ ਉਸ ਦਾ ਭਾਵ ਵੀ ਇਕ ਤਰ੍ਹਾਂ ਨਾਲ ਉਹੀ ਹੈ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਮਹਾਂਵਾਕ ਵਿਚ ਰਮ ਰਿਹਾ ਹੈ।

ਵਿਸ਼ਵ-ਵਿਆਪਕਤਾ (universalism) ਯਾਨੀ ਵਿਸ਼ਵ-ਵਿਆਪੀ ਸਰੋਕਾਰ ਸਿੱਖ-ਮਤ ਦਾ ਦੂਸਰਾ ਸੰਕਲਪ ਹੈ ਜਿਸ ਦੀ ਨਵੀਂ ਵਿਸ਼ਵ ਸਭਿਅਤਾ ਦੇ ਨਿਰਮਾਣ ਵਿਚ ਅਹਿਮ ਭੂਮਿਕਾ ਬਣਦੀ ਹੈ। ਹਰ ਸਿੱਖ ਅਰਦਾਸ ਵਿਚ ਸਵੇਰੇ-ਸ਼ਾਮ ਸਰਬੱਤ ਦੇ ਭਲੇ ਲਈ ਅਰਦਾਸ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਰਤ ਦੇ ਵੱਖ-ਵੱਖ ਇਲਾਕਿਆਂ ਅਤੇ ਵੱਖ-ਵੱਖ ਜਾਤਾਂ ਨਾਲ ਸਬੰਧ ਰੱਖਦੇ ਹਿੰਦੂ ਭਗਤਾਂ ਅਤੇ ਮੁਸਲਿਮ ਸੂਫ਼ੀਆਂ ਦੀ ਬਾਣੀ ਦਰਜ ਹੈ। ਦੁਨੀਆਂ ਦੇ ਧਾਰਮਿਕ ਇਤਿਹਾਸ 'ਤੇ ਜੇ ਨਜ਼ਰ ਮਾਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਵੱਖ-ਵੱਖ ਸਮੇਂ ਜੋ ਵੱਖ-ਵੱਖ ਮਜ਼੍ਹਬ ਉਭਰੇ ਉਨ੍ਹਾਂ ਵਿੱਚੋਂ ਕਿਸੇ ਦਾ ਸਬੰਧ ਕਿਸੇ ਕਬੀਲੇ ਨਾਲ ਸੀ, ਕਿਸ ਜਾਤ ਨਾਲ ਸੀ, ਕਿਸੇ ਵਰਣ ਨਾਲ ਸੀ, ਕਿਸੇ ਨਸਲ ਨਾਲ ਸੀ ਜਾਂ ਕਿਸੇ ਖ਼ਾਸ ਇਲਾਕੇ ਨਾਲ ਸੀ। ਪਰ ਸਿੱਖ ਮੱਤ ਦਾ ਸਬੰਧ ਸਮੁੱਚੀ ਮਨੁੱਖਤਾ ਨਾਲ ਹੈ, ਸਮੁੱਚੇ ਵਿਸ਼ਵ ਨਾਲ ਹੈ, ਸਮੁੱਚੀ ਧਰਤ ਨਾਲ ਹੈ। ਇਸੇ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਹੀ 'ਮਾਤਾ ਧਰਤਿ ਮਹਤੁ' ਦੇ ਵਿਚਾਰ 'ਤੇ ਜ਼ੋਰ ਦਿੱਤਾ ਹੈ। ਦੂਸਰੇ ਸ਼ਬਦਾਂ ਵਿਚ ਸਿੱਖ ਮੱਤ ਵਿਚ ਧਰਤੀ ਦੇ ਕਿਸੇ ਵਿਸ਼ੇਸ਼ ਟੁੱਕੜੇ ਉੱਪਰ ਦੈਵੀ ਦਾਅਵਾ ਹੈ ਨਾ ਕਿਸੇ ਖ਼ਾਸ ਅਤੇ ਕੇਵਲ ਉਸੇ ਖ਼ਾਸ ਹਿੱਸੇ ਨੂੰ ਪਵਿੱਤਰ ਥਾਂ ਕਿਹਾ ਗਿਆ ਹੈ। ਸਿੱਖ ਮਜ਼੍ਹਬ ਦੀ ਇਹ ਵਿਸ਼ੇਸ਼ਤਾਈ ਹੈ ਕਿ ਇਸ ਵਿਚ promised land ਜਾਂ holy land ਵਰਗਾ ਕੋਈ ਸੰਕਲਪ ਨਹੀਂ।

ਅੱਜ ਫਿਰ ਜਗਤ-ਜਲੰਦੇ ਨੂੰ ਕਈ ਪ੍ਰਕਾਰ ਦੇ ਵਿਸ਼ਵ-ਵਿਆਪੀ ਸਰੋਕਾਰ ਦਰਪੇਸ਼ ਹਨ, ਜਿਵੇਂ ਕਿ ਰੰਗ-ਰੂਪ, ਨਸਲ ਆਦਿ ਦੇ ਭੇਦ-ਭਾਵ, ਮਨੁੱਖੀ ਹੱਕਾਂ ਦੀ

ਖ਼ੁਦ ਰਾਜ ਸ਼ਕਤੀ ਵੱਲੋਂ ਉਲੰਘਣਾ, ਧਾਰਮਿਕ ਅਕੀਦਿਆਂ ਅਤੇ ਧਾਰਮਿਕ ਫ਼ਿਰਕਿਆਂ ਵਿਚਕਾਰ ਤਨਾਓ, ਇਕ ਬਲਵਾਨ ਦੇਸ਼ ਦਾ ਨਿਰਬਲ ਦੇਸ਼ ਉੱਪਰ ਜ਼ੋਰ-ਜਬਰ, ਬਹੁ ਗਿਣਤੀ ਸਭਿਆਚਾਰ ਦਾ ਘੱਟ ਗਿਣਤੀ ਸਭਿਆਚਾਰਾਂ ਉੱਪਰ ਸਿੱਧੇ ਅਤੇ ਅਸਿੱਧੇ ਵਾਰ, ਵਾਤਾਵਰਣ ਦਾ ਸੰਕਟ। ਅਜਿਹੇ ਸਾਰੇ ਮਸਲੇ ਸਿੱਖ-ਮਤ ਦੇ ਵਿਸ਼ਵ-ਵਿਆਪੀ ਸਰੋਕਾਰਾਂ ਦੇ ਘੇਰੇ ਵਿਚ ਆਉਂਦੇ ਹਨ। ਸਿੱਖ-ਮਤ ਦੀਆਂ ਕਦਰਾਂ ਕੀਮਤਾਂ ਇਨ੍ਹਾਂ ਵਿਸ਼ਵ-ਵਿਆਪੀ ਸਰੋਕਾਰਾਂ ਦੇ ਨਿਵਾਰਣ ਵਿਚ ਸਹਾਈ ਹੋ ਸਕਦੀਆਂ ਹਨ।

ਸਿੱਖ-ਮਤ ਦੀ ਉਦਾਰਮਈ ਸਪਿਰਿਟ (liberlaism) ਦੀ ਵੀ ਅੱਜ ਸੰਸਾਰ ਨੂੰ ਬਹੁਤ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ, ਹਿੰਦੂ ਭਗਤਾਂ, ਮੁਸਲਿਮ ਸੂਫੀਆਂ ਦੀ ਬਾਣੀ ਨੇ ਮਨੁੱਖ ਨੂੰ ਫ਼ੋਕੀਆਂ ਰਹੁ-ਰੀਤਾਂ (ritualism) ਤੋਂ ਮੁਕਤ ਕੀਤਾ ਹੈ। ਅੰਧ-ਵਿਸ਼ਵਾਸ ਤੋਂ ਨਿਜਾਤ ਦਿਵਾਈ ਹੈ, ਅੰਦਰਲੇ ਭਾਵ ਤੋਂ ਸੱਖਣੇ ਬਾਹਰਲੇ ਭੇਖਾਂ ਨੂੰ ਨਕਾਰਿਆ ਹੈ, ਖਾਣ-ਪੀਣ ਅਤੇ ਪਹਿਰਾਵੇ ਦੀਆਂ ਬੰਦਿਸ਼ਾਂ ਵੀ ਸਿੱਖ-ਮਤ ਵਿਚ ਪ੍ਰਵਾਨ ਨਹੀਂ ਕੀਤੀਆਂ। ਖਾਣ-ਪੀਣ ਅਤੇ ਪਹਿਰਾਵੇ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕੋ ਹੀ ਟੈਸਟ ਰੱਖਿਆ ਹੈ:

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥* *(ਪੰਨਾ ੧੬)*

ਸਿੱਖ-ਮਤ ਆਪਣੀ ਉਦਾਰਮਈ ਸਪਿਰਿਟ ਕਾਰਨ ਇਕ ਅਜਿਹਾ ਨਿਵੇਕਲਾ ਬੂਟਾ ਹੈ ਜੋ ਹਰ ਭੌਂ ਵਿਚ, ਹਰ ਮੌਸਮ ਵਿਚ, ਹਰ ਵਾਤਾਵਰਨ ਵਿਚ ਪੁੰਗਰਦਾ ਹੈ, ਪ੍ਰਵਾਨ ਚੜ੍ਹਦਾ ਹੈ, ਪ੍ਰਫੁਲਿਤ ਹੁੰਦਾ ਹੈ ਤੇ ਆਪਣੀ ਸੁਗੰਧੀ ਚਾਰ ਦਿਸ਼ਾਵੀਂ ਫੈਲਾਉਂਦਾ ਹੈ।

ਉਦਾਰਮਈ ਸਪਿਰਿਟ ਦੇ ਆਧਾਰ 'ਤੇ ਹੀ ਵੱਖ-ਵੱਖ ਧਰਮ, ਵੱਖ-ਵੱਖ ਧਾਰਮਿਕ ਫ਼ਿਰਕੇ ਇਕ-ਦੂਸਰੇ ਦੇ ਨੇੜੇ ਆ ਸਕਦੇ ਹਨ, ਇਕ ਦੂਸਰੇ ਦੇ ਸਹਿਯੋਗੀ ਬਣ ਸਕਦੇ ਹਨ ਅਤੇ ਆਪਸੀ ਸਹਿਯੋਗ ਨਾਲ ਵਿਸ਼ਵ-ਸਭਿਅਤਾ ਦੇ ਵਿਕਾਸ ਵਿਚ ਆਪਣਾ-ਆਪਣਾ ਯੋਗਦਾਨ ਪਾ ਸਕਦੇ ਹਨ।

ਸਮਾਜਕ, ਸਭਿਆਚਾਰਕ, ਧਾਰਮਿਕ, ਰਾਜਨੀਤਿਕ ਬਹੁਦੇਵਵਾਦ, ਬਹੁ-ਰੂਪਤਾ (pluralism) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਲੀਕੀਆਂ ਸਿੱਖ-ਮਤ ਦੀਆਂ ਕਦਰਾਂ-ਕੀਮਤਾਂ ਦੀ ਖ਼ਾਸ ਅਹਿਮੀਅਤ ਹੈ। ਪਿਛਲੇ ੩੦੦ ਸਾਲਾਂ ਦੀ ਪੱਛਮੀ ਸਭਿਅਤਾ ਇਕ-ਰੂਪੀ ਸਮਾਜ, ਇਕ ਕੇਂਦਰੀ ਰਾਜ-ਸੱਤਾ ਅਤੇ ਇਕ-ਭਾਂਤੀ ਸਭਿਆਚਾਰ ਹੋਂਦ ਵਿਚ ਲਿਆਉਣ ਵੱਲ ਉਲਾਰ ਚੱਲੀ ਆ ਰਹੀ ਹੈ। ਇਸ ਪਰਵਿਰਤੀ ਕਾਰਨ ਧਾਰਮਿਕ ਮੂਲਵਾਦ, ਮੂਲਵਾਦੀ ਹਿੰਸਾ, ਬਹੁ-ਗਿਣਤੀ ਫ਼ਿਰਕੇ ਦੀ ਘੱਟ-ਗਿਣਤੀ ਫ਼ਿਰਕਿਆਂ ਉੱਪਰ ਸਾਮਰਾਜੀ ਧੌਂਸ, ਘੱਟ-ਗਿਣਤੀ ਭਾਈਚਾਰਿਆਂ ਦੀਆਂ ਸਵੈ-ਪਛਾਣਾਂ ਨੂੰ ਗੰਭੀਰ ਖ਼ਤਰਾ ਤੇ ਇਸ ਕਾਰਨ ਸੰਪਰਦਾਇਕ ਤਨਾਓ, ਸਭਿਆਤਾਵਾਂ ਦਾ ਟਕਰਾਓ (clash of civilization) ਅਤੇ ਇਸ ਕਿਸਮ ਦੇ

ਹੋਰ ਝੁਕਾਅ ਪੈਦਾ ਹੋਏ ਸਨ। ਇਨ੍ਹਾਂ ਸੰਕਟਾਂ ਦੇ ਨਿਵਾਰਣ ਲਈ ਪੱਛਮੀ ਸਭਿਅਤਾ ਪਿਛਲੇ ੩੦੦ ਸਾਲਾਂ ਦੇ ਮਾਡਲ ਤੋਂ ਵੱਖਰਾ ਇਕ ਨਵਾਂ ਮਾਡਲ ਵਿਕਸਿਤ ਕਰਨ ਦੀ ਲੋੜ ਹੈ, ਜਿਸ ਦਾ ਧੁਰਾ ਸਮਾਜਕ, ਸਭਿਆਚਾਰਕ, ਧਾਰਮਿਕ, ਰਾਜਨੀਤਿਕ ਬਹੁਵਾਦ ਹੋਵੇਗਾ ਅਤੇ ਜਿਸ ਮਾਡਲ ਦੇ ਪੂਰਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ। ਸ੍ਰੀ ਗੁਰੂ ਨਾਨਕ ਸਾਹਿਬ ਨੇ ਰਚਨਾ ਦੀ ਅਨੇਕਤਾ ਅਤੇ ਭਿੰਨਤਾ ਨੂੰ ਇਨ੍ਹਾਂ ਸ਼ਬਦਾਂ ਵਿਚ ਦਰਸਾ ਕੇ ਨਵੇਂ ਮਾਡਲ ਦਾ ਤਸੱਵਰ ਪੇਸ਼ ਕੀਤਾ ਹੈ:

*ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ (ਪੰਨਾ ੯)*

ਕਰਤਾ-ਪੁਰਖ ਦੀ ਰਚੀ ਰਚਨਾ ਬਹੁ-ਰੰਗੀ, ਬਹੁ-ਰੂਪੀ, ਬਹੁ-ਭਾਂਤੀ, ਬਹੁ-ਪ੍ਰਕਾਰੀ ਹੈ। ਅਕਾਲ-ਪੁਰਖ ਦੇ ਰਚੇ ਭਾਂਤ-ਭਾਂਤ ਦੇ ਜੀਅ-ਜੰਤ ਹਨ, ਭਾਂਤ-ਭਾਂਤ ਦੀ ਬਨਸਪਤੀ ਹੈ, ਭਾਂਤ-ਭਾਂਤ ਦੇ ਨਦੀ-ਨਾਲੇ, ਟੋਏ-ਟਿੱਬੇ ਤੇ ਪਹਾੜ ਹਨ, ਵੰਨ-ਸੁਵੰਨੇ ਕੁਦਰਤ ਦੇ ਨਜ਼ਾਰੇ ਹਨ, ਬ੍ਰਹਿਮੰਡ ਵਿਚ ਲੱਖ ਆਗਾਸਾਂ-ਆਗਾਸ, ਲੱਖ ਪਾਤਾਲਾਂ-ਪਤਾਲ ਹਨ। ਕੁਦਰਤ ਦੀ ਇਹ ਅਨੇਕਤਾ ਅਤੇ ਭਿੰਨਤਾ ਸਮਾਜਕ, ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਬਹੁਵਾਦ ਦਾ ਕੁਦਰਤੀ ਨਿਯਮ ਪ੍ਰਦਾਨ ਕਰਦੀ ਹੈ।

ਪਿਛਲੇ ੩੦੦ ਸਾਲਾਂ ਦੀ ਪੱਛਮੀ ਸਭਿਅਤਾ ਨੇ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਬੰਨ੍ਹਿਆ ਹੋਇਆ ਹੈ। ਇਸ ਸਭਿਅਤਾ ਨੇ ਪੱਛਮ ਅਤੇ ਪੂਰਬ ਦੇ ਸਾਰੇ ਦੇਸ਼ਾਂ ਵਿਚ ਇਕ-ਰੂਪੀ ਸਮਾਜ (homogenized society) ਵਿਕਸਿਤ ਕਰਨ ਦਾ ਨਾਕਾਮ ਯਤਨ ਕੀਤਾ ਹੈ; ਇਕ-ਸੁਰ ਸਮਾਜ ਉਤਪੰਨ ਕਰਨ ਦੀ ਥਾਂ ਇਕ-ਸਾਰ ਸਮਾਜ ਢਾਲਣ ਦੀ ਕੋਸ਼ਿਸ਼ ਰਹੀ ਹੈ, ਜਿਸ ਵਿਚ ਮਜ਼੍ਹਬ, ਭਾਸ਼ਾ, ਲਿੱਪੀ, ਸਭਿਆਚਾਰ, ਇਲਾਕੇ ਨਾਲ ਸਬੰਧ ਰੱਖਦੇ ਵੱਖ-ਵੱਖ ਫ਼ਿਰਕਿਆਂ ਦੀਆਂ ਸਮੂਹਕ ਪਛਾਣਾਂ (corporate identities) ਲਈ ਕੋਈ ਥਾਂ ਨਹੀਂ। ਸਾਰੇ ਫ਼ਿਰਕਿਆਂ ਨੂੰ ਇੱਕੋ ਸਭਿਆਚਾਰਕ ਰੰਗ ਵਿਚ ਰੰਗਣ ਦਾ ਯਤਨ ਰਿਹਾ ਹੈ ਅਤੇ ਇਹ ਰੰਗ ਬਹੁ-ਗਿਣਤੀ ਸਭਿਆਚਾਰ ਦਾ ਰੰਗ ਹੀ ਰਿਹਾ ਹੈ। ਇਸ ਝੁਕਾਅ ਦੇ ਕਾਰਨ ਹੀ ਵੱਖ-ਵੱਖ ਫ਼ਿਰਕਿਆਂ ਅਤੇ ਸੰਪਰਦਾਵਾਂ ਵਿਚਕਾਰ ਤਨਾਓ ਵਧਦਾ ਜਾ ਰਿਹਾ ਹੈ ਜੋ ਕਈ ਵਾਰ ਮੂਲਵਾਦੀ ਹਿੰਸਾ ਦਾ ਰੂਪ ਵੀ ਧਾਰਨ ਕਰ ਲੈਂਦਾ ਹੈ। ਅੱਜ ਇਹ ਇਕ ਗੰਭੀਰ ਖ਼ਤਰਾ ਬਣ ਚੁੱਕਿਆ ਹੈ, ਜਿਸ ਦੇ ਨਿਵਾਰਨ ਲਈ ਸਮਾਜਕ ਬਹੁਵਾਦ (social pluralism) ਲਾਜ਼ਮੀ ਹੈ। ਇਸ ਤਰ੍ਹਾਂ ਹੀ ਸਮੁੱਚਾ ਸਮਾਜ ਮਾਲਾ ਦੇ ਮਣਕਿਆਂ ਵਾਂਗ ਇਕ ਸੂਤ ਵਿਚ ਪਰੋਇਆ ਰਹਿ ਸਕਦਾ ਹੈ— ਇਕ ਅਜਿਹੀ ਮਾਲਾ ਜਿਸ ਵਿਚ ਹਰ ਮਣਕੇ ਦੀ ਆਪਣੀ ਹਸਤੀ, ਆਪਣੀ ਪਛਾਣ ਬਰਕਰਾਰ ਰਹਿੰਦੀ ਹੈ।

ਬਹੁ-ਰੰਗੀ, ਬਹੁ-ਭਾਂਤੀ, ਬਹੁ-ਸਭਿਆਚਾਰੀ ਸਮਾਜ ਦਾ ਤਕਾਜ਼ਾ ਹੈ ਕਿ ਰਾਜ-ਸੱਤਾ ਨੂੰ ਵੀ ਇਸੇ ਬਹੁਵਾਦੀ ਅਸੂਲ (political pluralism) ਅਨੁਸਾਰ ਢਾਲਿਆ ਜਾਵੇ, ਯਾਨੀ ਰਾਜ-ਸੱਤਾ ਨੂੰ ਸਹੀ ਫ਼ੈਡਰਲ ਰੂਪ ਦਿੱਤਾ ਜਾਵੇ, ਤਾਂਕਿ

ਸਮਾਜ ਦੀਆਂ ਸਾਰੀਆਂ ਕੌਮੀਅਤਾਂ, ਸਾਰੇ ਵਰਗ, ਸਾਰੇ ਫ਼ਿਰਕੇ, ਸਾਰੇ ਭਾਈਚਾਰੇ ਰਾਜ-ਸੱਤਾ ਵਿਚ ਬਰਾਬਰ ਦੇ ਭਾਗੀਦਾਰ ਬਣ ਸਕਣ। ਇਸ ਤਰ੍ਹਾਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਂਵਾਕ *ਸਭੇ ਸਾਂਝੀਵਾਲ ਸਦਾਇਨਿ* ਅਮਲੀ ਰੂਪ ਧਾਰਨ ਕਰ ਸਕਦਾ ਹੈ। ਅਜਿਹੇ ਰਾਜਤੰਤਰ ਵਿਚ ਕਿਸ ਇਕ ਵਿਚਾਰਧਾਰਾ ਦੀ ਅਜਾਰਾਦਾਰੀ ਨਹੀਂ ਹੋ ਸਕਦੀ, ਭਾਵੇਂ ਉਹ ਵਿਚਾਰਧਾਰਾ ਪੂੰਜੀਵਾਦ ਹੋਵੇ ਜਾਂ ਸਮਾਜਵਾਦ। ਵਿਚਾਰਧਾਰਾਵਾਂ ਦਾ ਸਾਗਰ ਮੰਥਨ ਹੁੰਦੇ ਰਹਿਣਾ ਚਾਹੀਦਾ ਹੈ।

ਸਮਾਜਕ-ਸਭਿਆਚਾਰਕ-ਰਾਜਨੀਤਿਕ ਬਹੁਵਾਦ ਸਿੱਕੇ ਦੇ ਇਕ ਪਾਸੇ ਵਾਂਗ ਹੈ ਜਿਸ ਦਾ ਦੂਸਰਾ ਪਾਸਾ ਧਾਰਮਿਕ ਬਹੁਵਾਦ (religious pluralism) ਹੈ ਜਿਸ ਉੱਪਰ ਸਿੱਖ-ਮਤ ਨੇ ਵਿਸ਼ੇਸ਼ ਬਲ ਦਿੱਤਾ ਹੈ। ਸਿੱਖ ਫ਼ਲਸਫ਼ੇ ਅਨੁਸਾਰ ਕੋਈ ਵੀ ਮੱਤ-ਮਤਾਂਤ ਪਰਮ ਹਸਤੀ ਦੇ ਹਮੇਸ਼-ਹਮੇਸ਼ ਲਈ ਸੰਪੂਰਣ ਪ੍ਰਗਟਾਅ ਜਾਂ ਇਲਹਾਮ (full and final revelation) ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਕੋਈ ਵੀ ਮਜ਼੍ਹਬ ਪਰਮ-ਸਤਿ ਦੇ ਹਮੇਸ਼-ਹਮੇਸ਼ ਲਈ ਮੁਕੰਮਲ ਇਜ਼ਹਾਰ ਦਾ ਦਾਅਵਾ ਨਹੀਂ ਕਰ ਸਕਦਾ। ਸ੍ਰੀ ਗੁਰੂ ਨਾਨਕ ਸਾਹਿਬ ਨੇ ਫ਼ਰਮਾਇਆ ਹੈ:

*ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥* *(ਪੰਨਾ ੧੨)*

ਇਸ ਪੱਖ ਤੋਂ ਸੱਚਖੰਡ ਨੂੰ ਜਾਂਦੇ ਰਾਹ ਵੀ ਵੱਖ-ਵੱਖ ਹੋ ਸਕਦੇ ਹਨ। ਹਰੇਕ ਰਾਹ, ਆਪਣੀ-ਆਪਣੀ ਸਹੀ ਭਾਵਨਾ ਅਨੁਸਾਰ, ਮੰਜ਼ਿਲ ਤੱਕ ਪਹੁੰਚਾ ਸਕਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪਣੀ ਬਾਣੀ ਵਿਚ ਅਕਾਲ ਪੁਰਖ ਨੂੰ ਬੇਨਤੀ ਕੀਤੀ ਹੈ ਕਿ ਹੇ ਅਕਾਲ ਪੁਰਖ! ਜਗਤ-ਜਲੰਦੇ ਨੂੰ ਜਿਸ ਵੀ ਰਸਤੇ ਰਾਹੀਂ ਬਚਾ ਸਕਦਾ ਹੈਂ ਬਚਾ:

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥* *(ਪੰਨਾ ੮੫੩)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਮੰਦਰ ਅਤੇ ਮਸਜਿਦ, ਪੂਜਾ ਅਤੇ ਨਮਾਜ਼ ਵਿਚ ਕੋਈ ਫ਼ਰਕ ਨਹੀਂ:

*ਦੇਹਰਾ ਮਸੀਤ ਸੋਈ*
*ਪੂਜਾ ਔ ਨਿਵਾਜ ਓਈ...॥*

ਜੇਕਰ ਵਿਸ਼ਵ ਦੇ ਧਰਮਾਂ ਦੇ ਲੰਬੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਹ ਗੱਲ ਪ੍ਰਤੱਖ ਹੁੰਦੀ ਹੈ ਕਿ ਵੱਖ-ਵੱਖ ਮਜ਼੍ਹਬਾਂ ਵਿਚਕਾਰ ਆਪਸੀ ਤਨਾਓ ਅਤੇ ਵਿਵਾਦਾਂ ਦਾ ਇਕ ਵੱਡਾ ਕਾਰਨ ਇਹ ਰਿਹਾ ਹੈ ਕਿ ਹਰੇਕ ਮਜ਼੍ਹਬ ਆਪਣੇ ਆਪ ਨੂੰ ਉਚੇਰਾ ਸਾਬਤ ਕਰਨ ਲਈ ਦਾਅਵਾ ਕਰਦਾ ਆਇਆ ਹੈ ਕਿ ਉਹ ਅਤੇ ਕੇਵਲ ਉਹ ਮਜ਼੍ਹਬ ਹੀ ਪਰਮ ਹਸਤੀ ਦਾ ਇੱਕੋ ਇਕ ਸਦੀਵੀ ਇਲਹਾਮ ਹੈ, ਪ੍ਰਗਟਾਅ ਹੈ, ਇਜ਼ਹਾਰ ਹੈ। ਉਸੇ ਮਜ਼੍ਹਬ ਦਾ ਦਰਸਾਇਆ ਮਾਰਗ ਹੀ ਕੇਵਲ ਇਕੋ ਇਕ ਸਹੀ ਮਾਰਗ ਹੈ। ਸਿੱਖ-ਮਤ ਦਾ ਅਜਿਹਾ ਕੋਈ ਦਾਅਵਾ ਨਹੀਂ। **(ਬਾਕੀ ਸਫ਼ਾ ੧੮੨ 'ਤੇ)**

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸਿੱਖ ਧਰਮ ਦੇ ਇਤਿਹਾਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਹ ਸ਼ਹਾਦਤ ਸਿਰਫ ਗੁਰੂ ਅਰਜਨ ਦੇਵ ਜੀ ਤਕ ਹੀ ਸੀਮਿਤ ਨਹੀਂ ਸੀ ਸਗੋਂ ਸਮੁੱਚੇ ਸਿੱਖ ਧਰਮ ਦੇ ਵਿਰੁੱਧ ਸੋਚਿਆ-ਸਮਝਿਆ ਹਮਲਾ ਸੀ। ਇਸ ਸ਼ਹਾਦਤ ਦੇ ਕਾਰਨਾਂ ਨੂੰ ਸਮਝਣ ਲਈ ਸਿੱਖ ਧਰਮ ਦੇ ਸਿਧਾਂਤਾਂ ਦੀ ਵਿਲੱਖਣਤਾ ਅਤੇ ਉਸ ਸਮੇਂ ਦੀਆਂ ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਆਰਥਕ ਪ੍ਰਸਥਿਤੀਆਂ 'ਤੇ ਝਾਤੀ ਮਾਰਨੀ ਜ਼ਰੂਰੀ ਹੋਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਧਰਮ ਦਾ ਜੋ ਨਵਾਂ ਮਾਰਗ ਸੰਸਾਰ ਨੂੰ ਵਿਖਾਇਆ ਇਹ ਮਾਰਗ ਆਰਥਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਪੱਖ ਤੋਂ ਬਹੁਤ ਕ੍ਰਾਂਤੀਕਾਰੀ ਸੀ। ਗੁਰੂ ਜੀ ਦੇ ਸਮੇਂ ਇਨ੍ਹਾਂ ਸਾਰੇ ਖੇਤਰਾਂ ਵਿਚ ਬਹੁਤ ਗਿਰਾਵਟ ਆ ਚੁਕੀ ਸੀ। ਸਮਾਜ ਵਿਚ ਅਨਪੜ੍ਹਤਾ ਅਤੇ ਅਗਿਆਨਤਾ ਸਿਖਰ 'ਤੇ ਸੀ। ਲੋਕਾਈ ਨੂੰ ਕੋਈ ਸੱਚ ਦਾ ਮਾਰਗ ਦਿਖਾਉਣ ਵਾਲਾ ਨਹੀਂ ਸੀ। ਆਸਾ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਰਣਨ ਕੀਤਾ ਹੈ:

*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥*
*(ਪੰਨਾ ੪੬੮-੬੯)*

ਧਰਮ ਦੇ ਖੇਤਰ ਵਿਚ ਚਾਰੇ ਪਾਸੇ ਝੂਠ ਪੱਸਰਿਆ ਹੋਇਆ ਸੀ। ਧਾਰਮਿਕ ਵਿਅਕਤੀ ਕਪਟੀ ਤੇ ਪਾਖੰਡੀ ਸਨ। ਉਹ ਲੋਕਾਂ ਦਾ ਭਲਾ ਕਰਨ ਦੀ ਥਾਂ ਉਨ੍ਹਾਂ ਦੀ ਲੁੱਟ-ਖਸੁੱਟ ਕਰਨ ਵਿਚ ਲੱਗੇ ਹੋਏ ਸਨ। ਇਸ ਪੱਖ ਤੋਂ ਹਿੰਦੂ ਮੁਸਲਮਾਨ ਦੋਵਾਂ ਧਰਮਾਂ ਦੇ ਵਿਅਕਤੀ ਘੱਟ ਨਹੀਂ ਸਨ। ਬ੍ਰਾਹਮਣ, ਕਾਜ਼ੀ ਤੇ ਜੋਗੀ ਸਭ ਪਰਜਾ ਦਾ ਸ਼ੋਸ਼ਣ ਕਰ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:

*ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (ਪੰਨਾ ੬੬੨)*

ਬਾਬੇ ਕਿਆਂ ਅਤੇ ਬਾਬਰ ਕਿਆਂ ਦਾ ਵਿਰੋਧ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਗਿਆ ਸੀ। ਇਸ ਦੇ ਪ੍ਰਤੱਖ ਪ੍ਰਮਾਣ ਬਾਬਰ ਬਾਣੀ ਵਾਲੇ ਸ਼ਬਦ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਬਾਬਰ ਦੇ ਹਮਲੇ ਦਾ ਅਤੇ ਲੋਕਾਂ ਉੱਤੇ ਅਤਿਆਚਾਰ ਕਰਨ

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਦਾ ਸਖ਼ਤ ਸ਼ਬਦਾਂ ਵਿਚ ਵਿਰੋਧ ਕੀਤਾ ਹੈ। ਬਾਬਰ ਨੂੰ ਜਮ ਦਾ ਰੂਪ ਦੱਸਿਆ ਹੈ:

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*

*(ਪੰਨਾ ੩੬੦)*

ਸਾਧਾਰਨ ਤੌਰ 'ਤੇ ਵੀ ਸ਼ਾਸਕ ਵਰਗ ਦਾ ਪਰਜਾ ਪ੍ਰਤੀ ਵਰਤਾਉ ਨਿਖੇਧਾਤਮਕ ਸੀ। ਰਾਜੇ ਤੋਂ ਲੈ ਕੇ ਨਿੱਕੇ ਤੋਂ ਥੱਲੇ ਤਕ ਸਭ ਅਹਿਲਕਾਰ ਅਤੇ ਅਧਿਕਾਰੀ ਪਰਜਾ ਦਾ ਖ਼ੂਨ ਪੀਣ 'ਤੇ ਲੱਗੇ ਹੋਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਲੋਕਾਂ ਦੇ ਕਿਰਦਾਰ ਦੀ ਨੀਚਤਾ ਨੂੰ ਬਿਆਨ ਕਰਨ ਵਿਚ ਨਾ ਤਾਂ ਕੋਈ ਕਸਰ ਛੱਡੀ ਹੈ ਤੇ ਨਾ ਕੋਈ ਲੁਕਾਅ ਰੱਖਿਆ ਹੈ। ਇਨ੍ਹਾਂ ਨੂੰ ਸਪੱਸ਼ਟ ਨਕਾਰਿਆ ਹੈ:

*ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥*
*ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥*

*(ਪੰਨਾ ੧੨੮੮)*

ਇਹ ਸ਼ਬਦ ਸਿਰਫ ਉਦਾਹਰਨ ਵਜੋਂ ਦਿੱਤੇ ਗਏ ਹਨ। ਉਂਵ ਗੁਰਬਾਣੀ ਵਿਚ ਥਾਂ-ਥਾਂ ਵੇਲੇ ਦੀ ਸਥਿਤੀ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਹਨ। ਬ੍ਰਾਹਮਣਾਂ, ਕਾਜ਼ੀਆਂ ਅਤੇ ਭੇਖੀ ਲੋਕਾਂ ਦੇ ਦੰਭ ਨੂੰ ਉਘਾੜਿਆ ਗਿਆ ਹੈ। ਰਾਜਿਆਂ ਦੇ ਜ਼ੁਲਮਾਂ ਪ੍ਰਤੀ ਲੋਕਾਂ ਵਿਚ ਚੇਤਨਾ ਪੈਦਾ ਕੀਤੀ ਗਈ ਹੈ। ਆਸਾ ਦੀ ਵਾਰ ਵਿਚ ਇਨ੍ਹਾਂ ਸਾਰੇ ਪੱਖਾਂ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਕੀਤਾ ਗਿਆ ਹੈ। ਹਿੰਦੂ, ਇਸਲਾਮ, ਜੈਨ ਧਰਮ, ਯੋਗ ਮੱਤ ਆਦਿ ਦੇ ਸਮਾਜ-ਵਿਰੋਧੀ ਬੁਨਿਆਦੀ ਨਿਯਮਾਂ ਅਤੇ ਰਹੁ-ਰੀਤਾਂ ਦਾ ਖੰਡਨ ਕੀਤਾ ਗਿਆ ਹੈ:

*ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥*
*ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥*
*ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥* *(ਪੰਨਾ ੪੬੪)*
*ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥*
*ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥*
*ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥*
*ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥੨॥*

*(ਪੰਨਾ ੪੬੬)*

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਨਿਰਭੈ ਹੋ ਕੇ 'ਸਚ ਕੀ ਬਾਣੀ' ਸੁਣਾਈ ਸੀ ਅਤੇ ਆਖਿਆ ਸੀ :

*...ਸਚੁ ਸੁਣਾਇਸੀ ਸਚ ਕੀ ਬੇਲਾ॥* *(ਪੰਨਾ ੭੨੩)*

ਉਸ ਵੇਲੇ ਕੂੜ ਪ੍ਰਧਾਨ ਸੀ। ਗੁਰੂ ਜੀ ਨੂੰ ਇਹ ਪਤਾ ਸੀ ਕਿ ਕੂੜ ਦੀਆਂ ਸ਼ਕਤੀਆਂ 'ਸਚ ਕੀ ਬਾਣੀ' ਨੂੰ ਬਰਦਾਸ਼ਤ ਨਹੀਂ ਕਰ ਸਕਣਗੀਆਂ। ਇਸ ਸੱਚ

ਧਰਮ ਨੂੰ ਸਥਾਪਤ ਕਰਨ ਲਈ ਸੰਘਰਸ਼ ਕਰਨਾ ਹੋਵੇਗਾ। ਕੂੜ ਸੱਚ ਨੂੰ ਮਿਟਾਉਣ ਲਈ ਹਰ ਸੰਭਵ ਯਤਨ ਕਰੇਗਾ। ਸਿੱਖ ਧਰਮ ਵਿਚ ਸ਼ਹੀਦੀਆਂ ਦਾ ਬੀਜ ਸਿੱਖ ਫ਼ਲਸਫ਼ੇ ਵਿਚ ਹੀ ਮੌਜੂਦ ਸੀ। ਇਹ ਇੰਨਾ ਮੁਕੰਮਲ, ਵਿਸ਼ਾਲ ਤੇ ਡੂੰਘਾ ਇਨਕਲਾਬ ਸੀ ਕਿ ਇਸ ਲਈ ਕੁਰਬਾਨੀਆਂ ਅਵੱਸ਼ ਦੇਣੀਆਂ ਪੈਣੀਆਂ ਸਨ। ਇਹ ਮਾਰਗ ਇੰਨਾ ਕਠਿਨ ਸੀ ਕਿ ਸਿਰ ਦਿੱਤੇ ਬਿਨਾਂ ਸਫਲਤਾ ਨਹੀਂ ਮਿਲ ਸਕਦੀ ਸੀ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਮਾਰਗ 'ਤੇ ਚੱਲਣ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥੨੦॥* *(ਪੰਨਾ ੧੪੧੨)*

ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਇਸ ਮਾਰਗ ਦੀ ਪੁਸ਼ਟੀ ਕੀਤੀ ਹੈ:

*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥*
*(ਪੰਨਾ ੭੫੭)*

ਸਿੱਖ ਧਰਮ ਦਾ ਮੂਲ ਆਧਾਰ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਸੀ। ਇਸ ਵਿਚ ਸੇਵਾ ਤੇ ਸਿਮਰਨ ਦੀ ਮਹੱਤਤਾ ਮੰਨੀ ਗਈ ਸੀ। ਮਨੁੱਖਾਂ ਦੀ ਬਰਾਬਰੀ ਤੇ ਰੱਬ ਦੀ ਏਕਤਾ, ਜੀਉਂਦੇ-ਜੀਅ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਜੀਣ ਦਾ ਸੰਕਲਪ ਪੇਸ਼ ਕੀਤਾ ਗਿਆ ਸੀ। ਮਨੁੱਖ ਦੇ ਸਾਹਮਣੇ ਨਿਰਭਉ ਤੇ ਨਿਰਵੈਰ ਹੋ ਕੇ ਵਿਚਰਨ ਦਾ ਆਦਰਸ਼ ਰੱਖਿਆ ਗਿਆ ਸੀ। ਉਸ ਨੂੰ ਅਣਖ ਨਾਲ ਤੇ ਗੌਰਵ ਨਾਲ ਜੀਣ ਦੀ ਜਾਚ ਸਿਖਾਈ ਗਈ ਸੀ:

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*
*(ਪੰਨਾ ੧੪੨)*

ਗੁਰੂ ਜੀ ਨੇ ਇਕ ਨਵੇਂ ਧਰਮ ਦੀ ਬੁਨਿਆਦ ਰੱਖੀ ਸੀ। ਇਸ ਦਾ ਦ੍ਰਿਸ਼ਟੀਕੋਣ ਵਿਗਿਆਨਕ ਸੀ ਅਤੇ ਇਹ ਮਨੁੱਖਤਾ ਦੀ ਸਾਂਝੀਵਾਲਤਾ ਵਿਚ ਵਿਸ਼ਵਾਸ ਰੱਖਦਾ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਇਹ ਜਾਤ-ਪਾਤ ਦੇ ਭੇਦ ਨੂੰ ਨਹੀਂ ਮੰਨਦਾ ਸੀ। ਇਹ ਮਨੁੱਖਤਾ ਉੱਤੇ ਕਿਸੇ ਵੀ ਪ੍ਰਕਾਰ ਦੇ ਜ਼ੁਲਮ ਦਾ ਵਿਰੋਧੀ ਸੀ। ਇਹ ਸਰਬੱਤ ਦਾ ਭਲਾ ਮੰਗਦਾ ਸੀ। ਇਸ ਦੇ ਅਸੂਲ ਉਚੇਰੇ ਤੇ ਚੰਗੇਰੇ ਸਨ। ਇਹ ਧਰਮ ਨਿਆਰਾ ਸੀ, ਜਿਵੇਂ:

*ਵਰਤ ਨ ਰਹਉ ਨ ਮਹ ਰਮਦਾਨਾ॥ ਤਿਸੁ ਸੇਵੀ ਜੋ ਰਖੈ ਨਿਦਾਨਾ॥੧॥*
*ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ਰਹਾਉ॥*
*ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥੨॥*

*ਪੂਜਾ ਕਰਉ ਨ ਨਿਵਾਜ ਗੁਜਾਰਉ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥*
*ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥੪॥*
*(ਪੰਨਾ ੧੧੩੬)*

ਸਿੱਖ ਧਰਮ ਦੇ ਸੁਨਿਹਰੀ ਅਸੂਲਾਂ ਨੂੰ ਵੇਖ ਕੇ ਲੋਕੀ ਧੜਾ-ਧੜ ਸਿੱਖ ਧਰਮ ਨੂੰ ਅਪਣਾਉਣ ਲੱਗੇ। ਗੁਰੂ ਸਾਹਿਬਾਨ ਦੀ ਬਾਣੀ ਘਰ-ਘਰ ਪੜ੍ਹੀ ਜਾਣ ਲੱਗੀ। ਲੋਕਾਂ ਦੇ ਮਨਾਂ ਉੱਤੋਂ ਕਾਜ਼ੀਆਂ, ਬ੍ਰਾਹਮਣਾਂ, ਜੋਗੀਆਂ ਦਾ ਭਰਮ ਉਤਰਨ ਲੱਗਾ। ਗੁਰਬਾਣੀ ਦੇ ਸੁਣਨ ਨਾਲ ਉਨ੍ਹਾਂ ਦੇ ਮਨਾਂ ਵਿਚ ਪ੍ਰਕਾਸ਼ ਹੋਣ ਲੱਗਾ।

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤਕ ਸਿੱਖ ਧਰਮ ਦਾ ਕਾਫੀ ਪ੍ਰਚਾਰ ਹੋ ਗਿਆ ਸੀ। ਹਿੰਦੂ ਮੁਸਲਮਾਨਾਂ ਨੂੰ ਇਸ ਧਰਮ ਦੇ ਨਿਯਮਾਂ ਦੀ ਜਾਣਕਾਰੀ ਹੋ ਚੁਕੀ ਸੀ। ਕੱਟੜ ਹਿੰਦੂ ਤੇ ਮੁਸਲਮਾਨ ਇਸ ਲਹਿਰ ਤੋਂ ਅੰਦਰੋਂ ਅੰਦਰ ਕੁਝ ਔਖੇ ਸਨ। ਪਰ ਸਿੱਖ ਧਰਮ ਨੂੰ ਅਜੇ ਸੰਤਾਂ ਮਹਾਤਮਾਂ ਦਾ ਇਕ ਫਿਰਕਾ ਹੀ ਸਮਝਿਆ ਜਾਂਦਾ ਸੀ। ਇਸ ਲਈ ਰਾਜ-ਸ਼ਕਤੀ ਵੱਲੋਂ ਇਸ ਦਾ ਬਹੁਤਾ ਵਿਰੋਧ ਨਹੀਂ ਸੀ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਆਪਣੇ ਵੱਖਰੇ ਤੇ ਪੂਰੇ ਜਲੌ ਵਿਚ ਉਭਰ ਕੇ ਸਾਹਮਣੇ ਆਇਆ। ੧੫੮੮ ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਗਈ। ਇਸ ਦੇ ਮੁਕੰਮਲ ਹੋਣ ਨਾਲ ਸਿੱਖ ਧਰਮ ਦਾ ਇਕ ਕੇਂਦਰੀ ਅਸਥਾਨ ਬਣ ਚੁੱਕਾ ਸੀ। ਇਥੇ ਸਭ ਨੂੰ ਆਉਣ-ਜਾਣ ਦੀ ਖੁਲ੍ਹ ਸੀ। ਇਥੇ ਵੱਡੀ ਗਿਣਤੀ ਵਿਚ ਹਿੰਦੂ ਮੁਸਲਮਾਨ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੇ। ਗੁਰੂ ਜੀ ਨੇ ੧੬੦੪ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰ ਦਿੱਤਾ। ਇਸ ਦਾ ਪ੍ਰਕਾਸ਼ ਵੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਸੱਚ ਧਰਮ ਨਾਲ ਜੁੜੇ ਹਿੰਦੁਸਤਾਨ ਦੇ ਹੋਰ ਸੰਤਾਂ ਮਹਾਤਮਾਂ ਤੇ ਫਕੀਰਾਂ ਦੀ ਬਾਣੀ ਸ਼ਾਮਲ ਕੀਤੀ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੀ ਕਿਸਮ ਦਾ ਇਕ ਵਿਲੱਖਣ ਤੇ ਵੱਡਾ ਕਾਰਜ ਸੀ। ਗੁਰੂ ਜੀ ਦੇ ਇਨ੍ਹਾਂ ਦੋਵਾਂ ਮਹਾਨ ਕਾਰਜਾਂ ਨਾਲ ਸਿੱਖ ਧਰਮ ਹੁਣ ਅਹਿਲ-ਏ-ਮੁਕਾਮ 'ਤੇ ਸੀ। ਇਹ ਇਕ ਨਵੇਂ-ਨਵੇਲੇ ਧਰਮ ਦੇ ਰੂਪ ਵਿਚ ਪ੍ਰਗਟ ਹੋ ਗਿਆ ਸੀ। ਗੁਰਬਾਣੀ ਦਾ ਸਿਧਾਂਤ ਹੁਣ ਲਿਖਤੀ ਰੂਪ ਵਿਚ ਲੋਕਾਂ ਦੇ ਸਾਹਮਣੇ ਪ੍ਰਤੱਖ ਸੀ।

ਸਿੱਖ ਧਰਮ ਦੇ ਪ੍ਰਚਾਰ ਨਾਲ ਬ੍ਰਾਹਮਣਾਂ, ਕਾਜ਼ੀਆਂ ਤੇ ਰਾਜਨੀਤਕ ਹਸਤੀਆਂ ਦਾ ਸਾਰਾ ਪਾਜ ਹੀ ਉਘੜ ਗਿਆ ਸੀ। ਲੋਕਾਂ ਦੇ ਮਨਾਂ ਵਿੱਚੋਂ ਉਨ੍ਹਾਂ ਦਾ ਸਤਿਕਾਰ ਅਤੇ ਉਚਤਾ ਦੀ ਭਾਵਨਾ ਘਟ ਰਹੀ ਸੀ। ਇਸ ਕਰਕੇ ਇਹ ਸਾਰੇ ਵਰਗ ਸਿੱਖ ਧਰਮ ਦੇ ਵਿਕਾਸ ਤੋਂ ਤਿਲਮਿਲਾ ਉੱਠੇ ਸਨ। ਇਨ੍ਹਾਂ ਦੀ ਵੈਰ ਭਾਵਨਾ ਕਰਕੇ ਸ਼ਾਂਤੀ ਦੇ ਪੁੰਜ ਅਤੇ ਸਰਬੱਤ ਦਾ ਭਲਾ ਚਾਹੁਣ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ। ੧੬੦੬ ਈ. ਵਿਚ ਜਹਾਂਗੀਰ ਨੇ ਉਨ੍ਹਾਂ ਨੂੰ ਲਾਹੌਰ ਬੁਲਾਇਆ। ਉਨ੍ਹਾਂ ਨੂੰ ੨

ਲੱਖ ਰੁਪਇਆ ਜ਼ੁਰਮਾਨਾ ਭਰਨ ਲਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਸਿਫਤ ਸ਼ਾਮਲ ਕਰਨ ਲਈ ਆਖਿਆ ਗਿਆ। ਪਰ ਉਨ੍ਹਾਂ ਨੇ ਇਸ ਤੋਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਨੂੰ ਮੌਤ ਦਾ ਭੈ ਨਹੀਂ ਸੀ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਕੁਰਬਾਨੀ ਦੇਣੀ ਠੀਕ ਸਮਝੀ ਪਰ ਉਹ ਸੱਚ ਦੇ ਮਾਰਗ ਤੋਂ ਪਿੱਛੇ ਨਹੀਂ ਹਟੇ।

ਸਿੱਖ ਧਰਮ ਦੇ ਪਿਛੋਕੜ ਤੇ ਸੰਦਰਭ ਨੂੰ ਮੁੱਖ ਰੱਖਦਿਆਂ ਇਹ ਨਹੀਂ ਮੰਨਿਆ ਜਾ ਸਕਦਾ ਕਿ ਉਨ੍ਹਾਂ ਦੀ ਸ਼ਹੀਦੀ ਦਾ ਕਾਰਨ ਸਿਰਫ ਚੰਦੂ ਹੀ ਸੀ। ਇਸ ਵਿਚ ਇਸਲਾਮੀ ਰਾਜ-ਸ਼ਕਤੀ ਦੀ ਸਹਿਮਤੀ ਸੀ। ਚੰਦੂ ਨੇ ਬਲਦੀ 'ਤੇ ਤੇਲ ਪਾਇਆ ਸੀ। ਅੱਗੇ ਜਾ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਿਚ ਇਸੇ ਤਰ੍ਹਾਂ ਦੀ ਭੂਮਿਕਾ ਸੁੱਚਾ ਨੰਦ ਨੇ ਵੀ ਨਿਭਾਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਖੁਦ ਜਹਾਂਗੀਰ ਨੇ ਜਾਰੀ ਕੀਤਾ ਸੀ। 'ਤੁਜ਼ਕਿ ਜਹਾਂਗੀਰੀ' ਵਿਚ ਦਿੱਤਾ ਹਵਾਲਾ ਜਹਾਂਗੀਰ ਦੀ ਭਾਵਨਾ ਨੂੰ ਪ੍ਰਗਟ ਕਰਦਾ ਹੈ। ਇਸ ਵਿਚ ਦਰਜ ਹੈ *"ਉਸ ਨੂੰ ਲੋਕ ਗੁਰੂ ਆਖਦੇ ਸਨ। ਹਰ ਪਾਸਿਓਂ ਮੂਰਖ ਅਤੇ ਮੂਰਖਾਂ ਦੇ ਪੁਜਾਰੀ ਉਸ ਵੱਲ ਧਾਹ ਕੇ ਆਉਂਦੇ ਸਨ ਅਤੇ ਉਸ ਉੱਤੇ ਪੂਰਾ ਈਮਾਨ ਲਿਆਉਂਦੇ ਸਨ। ਤਿੰਨ-ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਮੁਦਤਾਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿੱਤਾ ਜਾਵੇ ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਲਿਆਂਦਾ ਜਾਵੇ।"*

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਅਤਿ ਸ਼ਾਂਤਮਈ ਸੀ। ਉਨ੍ਹਾਂ ਦੀ ਬਾਣੀ ਵਿਚ ਸੁਖ ਸ਼ਾਂਤੀ ਦੇ ਭਾਵ ਪ੍ਰਧਾਨ ਹਨ। ਸੁਖਮਨੀ ਸਾਹਿਬ ਦੀ ਬਾਣੀ ਮਨੁੱਖਤਾ ਵਿਚ ਸੁਖ ਦੀ ਵਰਖਾ ਕਰਦੀ ਹੈ। ਇਸ ਦੇ ਬਾਵਜੂਦ ਗੁਰੂ ਜੀ ਨੂੰ ਯਾਸਾ ਦੇ ਅਧੀਨ ਤਸੀਹੇ ਦੇ ਕੇ ਮੌਤ ਦੀ ਸਜ਼ਾ ਦਾ ਹੁਕਮ ਕੀਤਾ ਗਿਆ ਸੀ। ਸਪੱਸ਼ਟ ਹੈ ਕਿ ਇਸ ਦਾ ਉਦੇਸ਼ ਸਿੱਖ ਧਰਮ ਦੇ ਵਿਕਾਸ ਨੂੰ ਰੋਕਣਾ ਅਤੇ ਗੁਰੂ ਸਾਹਿਬਾਨ ਤੋਂ ਲੋਕਾਂ ਦੇ ਵਿਸ਼ਵਾਸ ਨੂੰ ਖ਼ਤਮ ਕਰਨਾ ਸੀ। ਇਸ ਹੁਕਮ ਪਿੱਛੇ ਇਸਲਾਮ ਦੇ ਅਖੌਤੀ ਧਾਰਮਿਕ ਲੋਕਾਂ ਦੀ ਸੰਮਤੀ ਵੀ ਨਾਲ ਸੀ। ਇਸ ਵਿਚ ਕਾਜ਼ੀਆਂ ਮੁੱਲਾਂ ਤੋਂ ਇਲਾਵਾ ਸ਼ੇਖ ਅਹਿਮਦ ਨਕਸ਼ਬੰਦੀ ਸਰਹੰਦੀ ਵਰਗੀਆਂ ਧਾਰਮਕ ਹਸਤੀਆਂ ਦਾ ਵੀ ਹੱਥ ਹੋਣ ਦੇ ਸਬੂਤ ਵੀ ਮਿਲਦੇ ਹਨ।

ਗੁਰੂ ਜੀ ਨੂੰ ਅਤਿ ਕਸ਼ਟਦਾਇਕ ਤਸੀਹੇ ਦਿੱਤੇ ਗਏ। ਸਾਂਈਂ ਮੀਆਂ ਮੀਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ ਗਏ ਤਸੀਹਿਆਂ ਨੂੰ ਦੇਖ ਕੇ ਬਹੁਤ ਦੁਖੀ ਹੋਏ। ਉਨ੍ਹਾਂ ਨੇ ਗੁਰੂ ਜੀ ਤੋਂ ਦਿੱਲੀ ਸਰਕਾਰ ਅੱਗੇ ਰੋਸ ਪ੍ਰਗਟ ਕਰਨ ਦੀ ਮੰਗ ਕੀਤੀ। ਪਰ ਗੁਰੂ ਜੀ ਤੱਤੀ ਤਵੀ 'ਤੇ ਬੈਠ ਕੇ ਵੀ ਸ਼ਾਂਤਚਿਤ ਅਤੇ ਅਡੋਲ ਸਨ। ਉਨ੍ਹਾਂ ਨੇ ਸਾਂਈਂ ਮੀਆਂ ਮੀਰ ਜੀ ਨੂੰ ਕਿਹਾ ਕਿ ਇਹ ਸਭ ਕੁਝ ਰੱਬ ਦੇ ਭਾਣੇ ਵਿਚ ਹੈ। ਭਾਣੇ ਵਿਚ ਰਹਿਣ ਵਿਚ ਹੀ ਪਰਮਾਤਮਾ ਦੀ ਖੁਸ਼ੀ ਹੈ। ਉਨ੍ਹਾਂ ਨੇ ਸੰਸਾਰ ਨੂੰ ਭਾਣੇ ਵਿਚ ਰਹਿਣ ਦਾ ਸੰਦੇਸ਼

ਦਿੱਤਾ ਅਤੇ ਪ੍ਰਤੱਖ ਰੂਪ ਵਿਚ ਭਾਣਾ ਮੰਨ ਕੇ ਗੁਰਮੁਖ ਦੇ ਆਦਰਸ਼ ਨੂੰ ਸਾਕਾਰ ਕੀਤਾ:

*ਗੁਰਮੁਖਿ ਤੇਰਾ ਭਾਣਾ ਭਾਵੈ॥ ਸਹਜੇ ਹੀ ਸੁਖੁ ਸਚੁ ਕਮਾਵੈ॥*

*(ਪੰਨਾ ੧੦੬੩)*

*ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥*

*(ਪੰਨਾ ੩੯੪)*

ਗੁਰੂ ਜੀ ਦੀ ਸ਼ਹੀਦੀ ਇਕ ਆਦਰਸ਼ਕ ਅਤੇ ਮਹਾਨ ਸ਼ਹੀਦੀ ਸੀ। ਉਨ੍ਹਾਂ ਨੇ ਮਨੁੱਖਤਾ ਦੀ ਭਲਾਈ ਹਿਤ ਸ਼ਹੀਦੀ ਦਿੱਤੀ। ਉਨ੍ਹਾਂ ਨੇ ਰੱਬ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ ਤੇ ਧੀਰਜ ਰੱਖਦਿਆਂ ਤੇ ਸ਼ਾਂਤ ਰਹਿੰਦਿਆਂ ਅਸਹਿ ਤੇ ਅਕਹਿ ਕਸ਼ਟ ਸਹਾਰੇ। ਭਾਰਤੀ ਪਰੰਪਰਾ ਵਿਚ ਇਹ ਪਹਿਲੀ ਸ਼ਹਾਦਤ ਸੀ ਜੋ ਕਿਸੇ ਮਹਾਂਪੁਰਖ ਨੇ ਧਰਮ ਦੀ ਖਾਤਰ ਦਿੱਤੀ ਸੀ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਆਖਿਆ ਜਾਂਦਾ ਹੈ।

ਸਾਡਾ ਵੀ ਇਹ ਫਰਜ਼ ਹੈ ਕਿ ਅਸੀਂ ਗੁਰੂ-ਚਰਨਾਂ ਵਿਚ ਆਪਣਾ ਤਨ, ਮਨ, ਧਨ ਅਰਪਨ ਕਰ ਕੇ ਸਿੱਖ-ਸਿਧਾਂਤਾਂ ਦਾ ਪ੍ਰਚਾਰ ਕਰੀਏ ਤੇ ਗੁਰਬਾਣੀ ਦਾ ਚਾਨਣ ਜੱਗ ਵਿਚ ਫੈਲਾਈਏ। ■

## ...ਤੀਸਰੀ ਦਹਿਸਦੀ ਦੀ ਵਿਸ਼ਵ-ਸਭਿਅਤਾ*(ਸਫ਼ਾ ੧੭੬ ਦਾ ਬਾਕੀ ਹਿੱਸਾ)*

ਅੱਜ ਦੁਨੀਆਂ ਭਰ ਦੇ ਚਿੰਤਕ ਅਤੇ ਵਿਦਵਾਨ ਇਸ ਗੱਲ ਦਾ ਯਤਨ ਕਰ ਰਹੇ ਹਨ ਕਿ ੨੧ਵੀਂ ਸਦੀ ਦੇ ਗਲੋਬਲ ਸਮਾਜ ਵਿਚ ਅਤੇ ਤੀਸਰੀ ਦਹਿਸਦੀ ਦੀ ਨਵੀਂ ਸਭਿਅਤਾ ਵਿਚ ਵੱਖ-ਵੱਖ ਦੇਸ਼ਾਂ ਵਿਚਕਾਰ, ਵੱਖ-ਵੱਖ ਸਭਿਆਤਾਵਾਂ ਅਤੇ ਸਭਿਆਚਾਰਾਂ ਵਿਚਕਾਰ, ਵੱਖ-ਵੱਖ ਮਜ਼੍ਹਬਾਂ ਵਿਚਕਾਰ, ਵੱਖ-ਵੱਖ ਕੌਮਾਂ ਵਿਚਕਾਰ, ਵੱਖ-ਵੱਖ ਕੌਮੀਅਤਾਂ ਵਿਚਕਾਰ ਵੱਖ-ਵੱਖ ਫ਼ਿਰਕਿਆਂ ਵਿਚਕਾਰ ਅਤੇ ਮਨੁੱਖੀ ਪੱਧਰ 'ਤੇ ਵੱਖ-ਵੱਖ ਵਿਅਕਤੀਆਂ ਵਿਚਕਾਰ ਸਦਭਾਵਨਾ ਸਾਕਾਰ ਹੋਵੇ। ਵੈਰ-ਵਿਰੋਧ ਅਤੇ ਬੇਗਾਨਗੀ ਦੀ ਕੋਈ ਗੁੰਜਾਇਸ਼ ਨਾ ਰਹੇ। ਇਸ ਪ੍ਰਸੰਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਸੁਨੇਹਾ ੨੧ਵੀਂ ਸਦੀ ਦੇ ਗਲੋਬਲ ਸਮਾਜ ਅਤੇ ਤੀਸਰੀ ਦਹਿਸਦੀ ਦੀ ਨਵੀਂ ਉੱਭਰ ਰਹੀ ਸਭਿਅਤਾ ਲਈ ਬਹੁਤ ਅਹਿਮੀਅਤ ਰੱਖਦਾ ਹੈ:

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*

*(ਪੰਨਾ ੧੨੯੯)*

ਸਾਲ ੨੦੦੮ (ਸੀ.ਈ.) ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਿਧੀਵੱਤ ਰੂਪ ਵਿਚ ਗੁਰਗੱਦੀ ਸੌਂਪਣ ਦੀ ਤੀਜੀ ਸ਼ਤਾਬਦੀ ਮਨਾਉਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸੁਨੇਹੇ ਨੂੰ ਮਾਨਵਤਾ ਦੇ ਕਲਿਆਣ ਲਈ ਵਿਸ਼ਵ ਭਰ ਵਿਚ ਉਜਾਗਰ ਕਰਨ ਦੀ ਲੋੜ ਹੈ। ■

# ਸ੍ਰੀ ਹਰਿਮੰਦਰ ਸਾਹਿਬ ਅਤੇ ਜੂਨ ੧੯੮੪

*-ਸ. ਵਰਿਆਮ ਸਿੰਘ**

ਸ੍ਰੀ ਹਰਿਮੰਦਰ ਸਾਹਿਬ ਜੀ ਅਰੰਭ ਤੋਂ ਹੀ ਜਗਿਆਸੂਆਂ ਦੀ ਖਿੱਚ ਦਾ ਕੇਂਦਰ ਰਿਹਾ ਹੈ। ਬੇਅੰਤ ਜਿਊੜੇ ਇਥੋਂ ਦੀ ਅੰਮ੍ਰਿਤ-ਬੂੰਦ ਪ੍ਰਾਪਤ ਕਰ ਕੇ ਅਮਰ ਹੋਏ, ਅਨੇਕਾਂ ਜਗਿਆਸੂਆਂ ਨੇ ਆਪਣੇ ਹਿਰਦੇ ਅੰਦਰ ਗੁਪਤ ਵੱਸ ਰਹੇ ਨਾਮ ਨੂੰ ਇਸ ਥਾਂ ਤੋਂ ਜਾਗ ਲਾ ਕੇ ਪ੍ਰਗਟ ਕੀਤਾ। ਗੁਰੂ ਜੀ ਦਾ ਨਿਸ਼ਾਨਾ ਹੀ ਇਹ ਸੀ ਕਿ ਇਕ ਐਸੇ ਅਸਥਾਨ ਦੀ ਰਚਨਾ ਕਰਨੀ ਹੈ ਜਿੱਥੋਂ ਦੇ ਦਰਸ਼ਨ ਕਰ ਕੇ ਪ੍ਰਾਣੀ ਆਪਣੇ ਆਪੇ ਦੀ ਪਹਿਚਾਣ ਕਰ ਸਕੇ।

ਮਨੁੱਖ ਦਾ ਸਰੀਰ ਵੀ ਹਰੀ ਦਾ ਮੰਦਰ ਹੈ। ਹਰ ਪ੍ਰਾਣੀ ਦੇ ਅੰਦਰ ਹਰੀ ਵੱਸਦਾ ਹੈ। ਇਸ ਸਰੀਰ ਰੂਪੀ ਮੰਦਰ ਵਿਚ ਬ੍ਰਹਮ ਵੀਚਾਰ ਦਾ ਜਵਾਹਰ ਪ੍ਰਗਟ ਹੁੰਦਾ ਹੈ। ਗੁਰੂ ਅਮਰਦਾਸ ਜੀ ਦੇ ਬਚਨ ਹਨ:

*ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥*
*ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥* *(ਪੰਨਾ ੧੩੪੬)*

ਹਰਿਮੰਦਰ ਵਿਚ ਵਸ ਰਹੇ ਹਰੀ ਦੀ ਸੂਝ ਸਿਆਣ ਲਈ ਹੀ ਗੁਰਦੇਵ ਜੀ ਦਾ ਮਨੁੱਖਤਾ ਉੱਪਰ ਇਹ ਪਰਉਪਕਾਰ ਹੈ ਕਿ ਉਨ੍ਹਾਂ ਇਸ ਧਰਤੀ 'ਪਰ ਐਸਾ ਹਰਿਮੰਦਰ ਪ੍ਰਗਟ ਕਰ ਦਿੱਤਾ ਜਿਸ ਦੇ ਦਰਸ਼ਨ ਕਰ, ਅੰਮ੍ਰਿਤ-ਸਰੋਵਰ ਵਿਚ ਟੁੱਭੀ ਲਾ, ਅਲਾਹੀ ਬਾਣੀ ਦਾ ਕੀਰਤਨ ਸੁਣ ਅਤੇ ਪੰਗਤ ਸੰਗਤ ਦੀ ਹੱਥੀਂ ਸੇਵਾ ਕਰ ਜਗਿਆਸੂ ਨੇ ਇਥੇ ਹਰੀ ਦੇ ਪ੍ਰਤੱਖ ਦਰਸ਼ਨ ਕਰਦਿਆਂ ਆਪਣੇ ਅੰਦਰ ਵੀ ਹਰੀ ਪਰਮਾਤਮਾ ਦੀ ਹੋਂਦ ਨੂੰ ਮਹਿਸੂਸ ਕਰ ਲੈਣਾ ਹੈ ਅਤੇ ਫਿਰ ਨਾਮ, ਦਾਨ, ਇਸ਼ਨਾਨ ਦੀ ਇਹ ਬਖਸ਼ਿਸ਼ ਜੋ ਹਰਿਮੰਦਰ ਸਾਹਿਬ ਆ ਕੇ ਪ੍ਰਾਣੀ ਨੇ ਪ੍ਰਾਪਤ ਕੀਤੀ ਹੁੰਦੀ ਹੈ, ਉਸ ਉੱਪਰ ਅਮਲ ਜਾਰੀ ਰਖਦਿਆਂ ਪ੍ਰਭੂ ਪਰਮਾਤਮਾ ਨਾਲ ਸਦੀਵ ਜੁੜੇ ਰਹਿਣਾ ਹੈ।

ਸੋ ਮਾਨਵਤਾ ਦੇ ਭਲੇ ਲਈ ਗੁਰਦੇਵ ਜੀ ਨੇ ਰਾਮਦਾਸਪੁਰੇ ਵਿਖੇ ਹਰਿਮੰਦਰ ਪ੍ਰਗਟ ਕਰ ਦਿੱਤਾ, ਜਿੱਥੇ ਬਿਨਾਂ ਕਿਸੇ ਊਚ-ਨੀਚ, ਛੂਆ-ਛੂਤ ਜਾਂ ਭਿੰਨ-ਭੇਦ ਦੀ ਰੋਕ-ਟੋਕ ਦੇ ਹਰ ਜਗਿਆਸੂ ਨੇ ਜਾ ਕੇ ਹਰੀ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਕਰਦਿਆਂ ਆਪਣੇ ਹਿਰਦੇ ਵਿਚ ਵੱਸਦੇ ਹਰੀ ਨੂੰ ਪ੍ਰਗਟ ਕਰ ਕੇ ਵਿਸਮਾਦਤ ਹੋ, ਅਨੰਦ ਮਾਣਨਾ ਹੈ। ਇਥੋਂ ਦਾ ਮਾਹੌਲ, ਨਿਰੰਤਰ ਨਾਮ ਦਾ ਪ੍ਰਵਾਹ, ਅੰਮ੍ਰਿਤ-ਸਰੋਵਰ, ਲੰਗਰ ਪੰਗਤ ਪ੍ਰਬੰਧ, ਇਹ ਸਭ ਮਨੁੱਖ ਨੂੰ ਆਪਣੇ ਪਰਮ ਸੋਮੇ ਨਾਲ ਜੁੜਨ ਲਈ ਸਹਾਈ ਹੁੰਦੇ ਹਨ। ਇਸ ਦਾ ਸਿੱਟਾ ਕੀ ਨਿਕਲਦਾ ਹੈ? ਪ੍ਰਾਪਤੀ ਕੀ ਹੁੰਦੀ ਹੈ? ਭਾਵ ਇਸ ਹਰਿਮੰਦਰ ਦੇ ਦਰਸ਼ਨ ਨਾਲ ਮਨੁੱਖ ਦੇ ਜੀਵਨ ਵਿਚ ਕੀ ਤਬਦੀਲੀ

** ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੮-੯੮੩੬੫*

ਆਉਂਦੀ ਹੈ? ਉਹ ਤਬਦੀਲੀ ਇਹ ਹੈ ਕਿ ਮਨੁੱਖ ਇਕ ਸਰਬਵਿਆਪਕ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਕਰਦਾ ਹੈ, ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਵੀ ਉਸੇ ਪਰਮਾਤਮਾ ਦੀ ਅੰਸ਼ ਵਿਦਮਾਨ ਹੈ ਅਤੇ ਉਹ ਅੰਸ਼ ਸਦੀਵ ਹੈ ਭਾਵ ਕਿ ਮਰਦੀ ਨਹੀਂ, ਅਮਰ ਹੈ। ਇਸ ਤਰ੍ਹਾਂ ਮਨੁੱਖ ਉੱਪਰ ਛਾਇਆ ਸਭ ਤੋਂ ਵੱਡਾ ਮੌਤ ਦਾ ਡਰ ਸਦਾ ਲਈ ਖ਼ਤਮ ਹੋ ਜਾਂਦਾ ਹੈ ਅਤੇ ਉਹ ਸਚਾਈ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦਾ ਹੈ; ਝੂਠ ਵਿਰੁੱਧ ਡਟ ਜਾਣ ਦੀ ਉਸ ਵਿਚ ਦਲੇਰੀ ਆ ਜਾਂਦੀ ਹੈ। ਉਹ ਨਾ ਕਿਸੇ ਉੱਪਰ ਜ਼ੁਲਮ ਕਰਦਾ ਹੈ, ਨਾ ਕਿਸੇ ਦਾ ਜ਼ੁਲਮ ਸਹਾਰਦਾ ਹੈ। ਉਹ ਗਰੀਬ ਮਜ਼ਲੂਮ ਦੀ ਰਖਿਆ ਲਈ ਢਾਲ ਬਣ ਜਾਂਦਾ ਹੈ ਅਤੇ ਦੁਸ਼ਟ ਬਿਰਤੀ ਵਾਲਿਆਂ ਨਾਲ ਟੱਕਰ ਲੈਣ ਲਈ ਮੈਦਾਨ ਵਿਚ ਵੀ ਨਿੱਤਰ ਪੈਂਦਾ ਹੈ। ਜਗਿਆਸੂ ਦੀ ਸ਼ਖ਼ਸੀਅਤ ਵਿਚ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ-ਇਸ਼ਨਾਨ ਨਾਲ ਇਹ ਤਬਦੀਲੀ ਆਉਣੀ ਕੁਦਰਤੀ ਹੈ ਅਤੇ ਇਹ ਤਬਦੀਲੀ ਹੈ ਵੀ ਉਸਾਰੂ, ਭਾਵ ਮਨੁੱਖ ਨੂੰ ਉਚੇਰੇ ਪਾਸੇ ਲਿਜਾਣ ਵਾਲੀ। ਪਰ ਹਕੂਮਤਾਂ, ਸਰਕਾਰਾਂ, ਸਮੇਂ ਦੇ ਹਾਕਮਾਂ ਉਨ੍ਹਾਂ ਦੇ ਮੁਕੱਦਮਾਂ ਜਾਂ ਹਮਲਾਵਰਾਂ, ਜਰਵਾਣਿਆਂ ਸਭਨਾਂ ਨੂੰ ਮਨੁੱਖੀ ਸੁਭਾਅ ਵਿਚ ਆਈ ਇਹ ਤਬਦੀਲੀ, ਮਨੁੱਖ ਦੀ ਸ਼ਖ਼ਸੀਅਤ ਵਿਚ ਚੰਗੇ ਗੁਣਾਂ ਦਾ ਹੋਇਆ ਵਾਧਾ ਕਦਾਚਿਤ ਨਹੀਂ ਭਾਇਆ।

ਇਤਿਹਾਸ ਗਵਾਹ ਹੈ ਕਿ ਐਸਾ ਵਾਪਰਦਾ ਜਗਤ ਨੇ ਇਕ ਤੋਂ ਵੱਧ ਵਾਰ ਡਿੱਠਾ ਹੈ। ਮਨੁੱਖਤਾ ਨੂੰ ਨਵਾਂ ਜੀਵਨ ਦਾਨ ਦੇਣ ਵਾਲੇ ਇਸ ਸੋਮੇ ਨੂੰ ਖ਼ਤਮ ਕਰਨ ਦੇ ਘਿਨਾਉਣੇ ਯਤਨ ਜ਼ਰਵਾਣਿਆਂ ਵੱਲੋਂ ਇਸ ਦੇ ਪ੍ਰਗਟ ਹੋਣ ਦੇ ਸਮੇਂ ਤੋਂ ਹੀ ਸ਼ੁਰੂ ਕਰ ਦਿੱਤੇ ਗਏ ਸਨ। ਸੁਲਹੀ ਖਾਂ, ਸੁਲਬੀ ਖਾਂ ਤੇ ਬੀਰਬਲ ਵਰਗਿਆਂ ਦਾ ਹਰਿਮੰਦਰ ਸਾਹਿਬ ਵੱਲ ਹਮਲਾਵਰ ਬਣ, ਚੜ੍ਹ ਆਉਣ ਦੇ ਮਨਸੂਬੇ ਬਣਾਉਣੇ ਤੇ ਫਿਰ ਚੜ੍ਹ ਵੀ ਆਉਣਾ; ਇਹ ਵੱਖਰੀ ਗੱਲ ਹੈ ਕਿ ਉਹ ਇਥੇ ਪਹੁੰਚਣ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦੇ ਰਹੇ, ਪਰ ਇਹ ਇਤਿਹਾਸਕ ਘਟਨਾਵਾਂ ਪ੍ਰਗਟ ਕਰਦੀਆਂ ਹਨ ਕਿ ਇਹ ਲੋਕ ਇਸ ਅੰਮ੍ਰਿਤ ਦੇ ਸੋਮੇ ਨੂੰ ਇਸ ਦੇ ਪ੍ਰਗਟ ਹੋਣ ਦੇ ਸਮੇਂ ਤੋਂ ਹੀ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਸਨ। ਕੇਵਲ ਇਤਨਾ ਹੀ ਨਹੀਂ ਬਲਕਿ ਹਕੂਮਤ ਵੱਲੋਂ ਕੁਝ ਲੋਕਾਂ ਨੂੰ ਸ਼ਹਿ ਦੇ ਕੇ ਹਰਿਮੰਦਰ ਸਾਹਿਬ ਦੀ ਤਰਜ਼ ਦਾ ਹੋਰ ਅਸਥਾਨ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਯਤਨ ਵੀ ਹੋਏ ਸਨ। ਪ੍ਰਿਥੀ ਚੰਦ ਨੇ ਹੋਰੀਂ ਇਸ ਬਦਨੀਯਤੀ ਨਾਲ ਹੀ ਐਸਾ ਕੀਤਾ ਸੀ, ਪਰ ਉਹ ਵੀ ਅਸਫਲ ਹੋਇਆ। ਸੱਚ ਦੀ ਹੀ ਹਮੇਸ਼ਾ ਜੈ ਹੁੰਦੀ ਹੈ।

੧੮ਵੀਂ ਸਦੀ ਵਿਚ ਤਾਂ ਹਮਲਾਵਰਾਂ ਤੇ ਹਾਕਮਾਂ ਦੀ ਨਿਗ੍ਹਾ ਵਿਸ਼ੇਸ਼ ਤੌਰ 'ਤੇ ਇਸ ਅਸਥਾਨ ਉੱਪਰ ਹੀ ਰਹੀ। ਜਦ ਵਾਪਸ ਜਾਂਦੇ ਨਾਦਰ ਨੂੰ ਸਿੰਘਾਂ ਨੇ ਆਪਣੇ ਕਰੜੇ ਹੱਥ ਦਿਖਾਏ ਤਾਂ ਨਾਦਰ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਉਸ ਨੇ ਸਿੰਘਾਂ ਦੇ ਇਸ ਬਹਾਦਰੀ ਤੇ ਦਲੇਰਾਨਾ ਕਾਰਨਾਮੇ ਨੂੰ ਦੇਖ ਜ਼ਕਰੀਆ ਖਾਂ ਤੋਂ ਸਿੱਖਾਂ ਬਾਰੇ ਪੁੱਛਿਆ ਤਾਂ ਜ਼ਕਰੀਆ ਖਾਂ ਨੇ ਸਿੰਘਾਂ ਦੇ ਆਚਰਨ ਤੇ ਬਾਕੀ ਗੁਣਾਂ ਬਾਰੇ ਵਿਸਥਾਰ ਨਾਲ ਦੱਸਿਆ। ਨਾਦਰ ਸ਼ਾਹ ਨੇ ਜ਼ਕਰੀਆ ਖਾਂ ਨੂੰ ਸੁਚੇਤ ਕੀਤਾ ਕਿ ਜ਼ਕਰੀਆ ਖਾਂ! ਖਿਆਲ ਰੱਖ,

ਇਹ ਲੋਕ ਇਕ ਦਿਨ ਜ਼ਰੂਰ ਰਾਜ-ਭਾਗ ਦੇ ਮਾਲਕ ਬਣਨਗੇ। ਜ਼ਕਰੀਆ ਖਾਂ ਪਹਿਲਾਂ ਵੀ ਕਾਫ਼ੀ ਸੁਚੇਤ ਸੀ। ਪਰ ਨਾਦਰ ਸ਼ਾਹ ਦੀ ਇਸ ਭਵਿੱਖ- ਬਾਣੀ ਉਸ ਨੇ ਪੱਲੇ ਬੰਨ੍ਹ ਲਈ ਅਤੇ ਸਿੱਖਾਂ ਨੂੰ ਖ਼ਤਮ ਕਰਨ ਦੀ ਪੱਕੀ ਧਾਰ ਲਈ। ਸਿੰਘਾਂ ਉੱਪਰ ਸਭ ਤਰ੍ਹਾਂ ਦੀਆਂ ਸਖ਼ਤੀਆਂ ਕਰ ਦਿੱਤੀਆਂ ਗਈਆਂ। ਪਰ ਸਖ਼ਤੀਆਂ ਦੇ ਬਾਵਜੂਦ ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਦੇਖ ਕੇ ਜ਼ਕਰੀਆ ਖਾਂ ਬਹੁਤ ਘਬਰਾ ਗਿਆ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਸਿੰਘਾਂ ਨਾਲ ਕਿਵੇਂ ਨਜਿੱਠਿਆ ਜਾਵੇ? ਇਸ 'ਤੇ ਕੁਝ ਮੌਲਵੀਆਂ, ਕਾਜ਼ੀਆਂ ਨੇ ਉਸ ਨੂੰ ਯਕੀਨ ਦਿਵਾਇਆ ਕਿ ਸਿੰਘਾਂ ਦੀ ਸ਼ਕਤੀ ਦਾ ਰਾਜ਼ ਹਰਿਮੰਦਰ ਸਾਹਿਬ ਅਤੇ ਉਥੋਂ ਦੇ ਸਰੋਵਰ ਦਾ ਜਲ ਉਨ੍ਹਾਂ ਲਈ ਆਬੇ-ਹਯਾਤ (ਅੰਮ੍ਰਿਤ) ਦੀ ਤਰ੍ਹਾਂ ਹੈ ਜਿਸ ਨੂੰ ਪੀ ਕੇ ਅਤੇ ਜਿਸ ਵਿਚ ਇਸ਼ਨਾਨ ਕਰ ਕੇ ਇਹ ਮੌਤ ਨੂੰ ਵੀ ਕੁਝ ਨਹੀਂ ਸਮਝਦੇ। ਇਸ ਲਈ ਜ਼ਕਰੀਆ ਖਾਨ! ਜੇ ਤੂੰ ਸਿੰਘਾਂ ਨੂੰ ਖ਼ਤਮ ਕਰਨਾ ਚਾਹੁੰਦਾ ਹੈਂ ਤਾਂ ਪਹਿਲਾਂ ਇਨ੍ਹਾਂ ਦੀ ਸ਼ਕਤੀ ਦੇ ਸੋਮੇ ਨੂੰ ਬੰਦ ਕਰ। ਮੌਲਵੀਆਂ ਦੀ ਇਸ ਸਲਾਹ 'ਤੇ ਯਕੀਨ ਕਰ ਕੇ ਜ਼ਕਰੀਆ ਖਾਨ ਨੇ ਕਾਜ਼ੀ ਅਬਦੁਲ ਰਜ਼ਾਕ ਤੇ ਮੁਹੰਮਦ ਬਖਸ਼ ਨੂੰ ਦੋ ਹਜ਼ਾਰ ਦੀ ਫੌਜ ਦੇ ਕੇ ਹਰਿਮੰਦਰ ਸਾਹਿਬ ਦੇ ਚੁਫੇਰੇ ਚੌਂਕੀਆਂ ਬਣਾਉਣ ਲਈ ਇਹ ਆਦੇਸ਼ ਦੇ ਕੇ ਭੇਜਿਆ ਸੀ ਕਿ ਕਿਸੇ ਵੀ ਸੂਰਤ ਵਿਚ ਇਸ ਸਰੋਵਰ ਵਿੱਚੋਂ ਨਾ ਕਿਸੇ ਸਿੰਘ ਨੂੰ ਇਸ਼ਨਾਨ ਕਰਨ ਦਿੱਤਾ ਜਾਵੇ ਅਤੇ ਨਾ ਹੀ ਇਥੇ ਇਕੱਠੇ ਹੋਣ ਦਿੱਤਾ ਜਾਵੇ।

'ਮੈਲਕਮ' ਆਪਣੀ ਪੁਸਤਕ 'ਸਕੈਚ ਆਫ਼ ਦੀ ਸਿੱਖਜ਼' ਵਿਚ ਲਿਖਦਾ ਹੈ ਕਿ—

> "ਇਤਨੀਆਂ ਸਖ਼ਤੀਆਂ ਅਤੇ ਹਰਿਮੰਦਰ ਸਾਹਿਬ ਦੁਆਲੇ ਇਤਨੇ ਸਖ਼ਤ ਘੇਰੇ ਦੇ ਬਾਵਜੂਦ; 'ਸਿੱਖ ਸਵਾਰ ਆਪਣੇ ਤੇਜ਼ ਤਰਾਰ ਘੋੜਿਆਂ 'ਤੇ ਅਸਵਾਰ ਹੋ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਤੇ ਸਰੋਵਰ ਦੇ ਇਸ਼ਨਾਨ ਲਈ ਆਉਂਦੇ ਸਨ। ਇਸ ਕੋਸ਼ਿਸ਼ ਵਿਚ ਉਹ ਕਈ ਵਾਰ ਸ਼ਹੀਦ ਵੀ ਹੋ ਜਾਂਦੇ ਸਨ, ਕਈ ਵੇਰ ਫੜੇ ਵੀ ਜਾਂਦੇ ਸਨ ਪਰ ਅਜਿਹੇ ਮੌਕਿਆਂ 'ਤੇ ਆਪਣੀ ਜਾਨ ਬਚਾਉਣ ਦੀ ਥਾਂ ਉਹ ਸ਼ਹੀਦੀ ਨੂੰ ਹੱਸ-ਹੱਸ ਪ੍ਰਵਾਨ ਕਰਦੇ ਸਨ।"

ਖੁਸ਼ਵਕਤ ਰਾਇ ਵੀ ਲਿਖਦਾ ਹੈ ਕਿ—

> "ਜ਼ਕਰੀਆ ਖਾਂ ਦੀ ਇਤਨੀ ਸਖ਼ਤੀ ਅਤੇ ਅੰਮ੍ਰਿਤਸਰ ਦੇ ਦੁਆਲੇ ਸਖ਼ਤ ਪਹਿਰੇ ਦੇ ਬਾਵਜੂਦ ਸਿੰਘ ਜਿਸ ਵੇਲੇ ਵੀ ਸਮਾਂ ਲੱਗੇ ਸਰੋਵਰ ਵਿਚ ਛੇਤੀ-ਛੇਤੀ ਇਸ਼ਨਾਨ ਕਰ ਜਾਂਦੇ ਸਨ। ਇਸ ਨੱਠ-ਭੱਜ ਵਿਚ ਜਿਹੜਾ ਵੀ ਮੰਦਭਾਗਾ ਕਿਸੇ ਸਿੰਘ ਨੂੰ ਰੋਕਣ ਦਾ ਯਤਨ ਕਰਦਾ ਸੀ, ਉਹ ਆਪਣੀ ਜਾਨ ਗੁਆ ਬੈਠਦਾ ਸੀ।"

ਇਸ ਉਪਰੰਤ ਇਸ ਪਵਿੱਤਰ ਅਸਥਾਨ ਨੂੰ ਢਾਹੁਣ ਤੇ ਅਪਵਿੱਤਰ ਕਰਨ ਦੇ ਲਈ ਕਈ ਯਤਨ ਹੋਏ, ਪਰ ਉਹ ਸਿੰਘਾਂ ਨੂੰ ਇਸ ਅਸਥਾਨ ਤੋਂ ਸ਼ਕਤੀ ਪ੍ਰਾਪਤ ਕਰਨ ਤੋਂ ਰੋਕ ਨਾ ਸਕੇ, ਬਲਕਿ ਸਿੰਘ ਹਰ ਹਮਲੇ ਦੌਰਾਨ ਪਹਿਲਾਂ ਤੋਂ ਵੱਧ ਸ਼ਕਤੀ

ਨਾਲ ਉੱਠੇ, ਦੂਣੇ-ਚੋਣੇ ਹੋ ਵਿਚਰਦੇ ਰਹੇ ਅਤੇ ਉਨ੍ਹਾਂ ਇਸ ਅਸਥਾਨ ਦੀ ਬੇਹੁਰਮਤੀ ਕਰਨ ਵਾਲੇ ਹਰ ਪਾਪੀ ਨੂੰ ਸਬਕ ਵੀ ਸਿਖਾਇਆ। ਜੂਨ ੧੯੮੪ ਦੇ ਮਨਹੂਸ ਦਿਨ, ਜਦ ਇਸ ਧਰਤੀ ਦੇ ਸਭ ਜੀਵਾਂ ਨੂੰ ਆਤਮਿਕ ਸ਼ਾਂਤੀ ਅਤੇ ਅੰਮ੍ਰਿਤ ਜੀਵਨ ਪ੍ਰਦਾਨ ਕਰਨ ਵਾਲੇ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਲੱਗੀਆਂ, ਤਾਂ ਹਰ ਸਿੱਖ ਅਤੇ ਹਰ ਧਰਮੀ ਪੁਰਖ ਦਾ ਸਰੀਰ ਪੱਛਿਆ ਗਿਆ, ਆਤਮਾ ਵਿੰਨ੍ਹੀ ਗਈ ਅਤੇ ਫਿਰ ਇਸ ਸਾਲ ਦਾ ਹਰ ਪਲ ਇੰਵ ਬੀਤਿਆ ਜਿਵੇਂ ਵੱਢੇ-ਫੱਟੇ ਸਰੀਰ ਨੂੰ ਕਿਸੇ ਲੂਣ ਦੀ ਖਾਨ ਵਿਚ ਘੜੀਸਿਆ ਜਾਂਦਾ ਰਿਹਾ ਹੋਵੇ।

ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਅਤੇ ਪੰਜਾਬ ਦੀ ਆਰਥਕ ਹਾਲਤ ਨੂੰ ਬਿਹਤਰ ਬਣਾਉਣ ਲਈ ਜੋ ਧਰਮ ਯੁੱਧ ਮੋਰਚਾ ਚਲਾਇਆ ਸੀ ਉਸ ਵਿਚ ਦੋ ਲੱਖ ਤੋਂ ਉੱਪਰ ਸ਼ਾਂਤਮਈ ਗ੍ਰਿਫ਼ਤਾਰੀਆਂ ਅਤੇ ਦੋ ਸੌ ਤੋਂ ਉੱਪਰ ਸ਼ਹਾਦਤਾਂ ਦੇ ਕੇ ਦੁਨੀਆਂ ਦੇ ਇਤਿਹਾਸ ਵਿਚ ਇਕ ਐਸੀ ਉਦਾਹਰਣ ਕਾਇਮ ਕੀਤੀ ਗਈ ਸੀ ਕਿ ਲੋਕਤੰਤਰੀ ਵਿਧਾਨਾਂ ਦੀਆਂ ਕਦਰਾਂ-ਕੀਮਤਾਂ ਜਾਣਨ ਵਾਲੇ ਲੋਕ ਦੰਗ ਰਹਿ ਗਏ। ਮੋਰਚੇ ਦਾ ਹਰ ਪੜਾਅ ਬੇਸ਼ੱਕ ਉਹ ਰੇਲ ਰੋਕੋ, ਸੜਕ ਰੋਕੋ, ਕੰਮ ਰੋਕੋ ਆਦਿ ਸੀ, ਇਤਨੇ ਸ਼ਾਂਤਮਈ ਅਤੇ ਸਫਲ ਹੋਏ ਕਿ ਮੌਕੇ ਦੀ ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਪਰ ਸਰਕਾਰ ਨੇ ਹਰ ਮੁਹਾਜ਼ 'ਤੇ ਪੰਜਾਬ ਦਾ ਮਸਲਾ ਹੱਲ ਕਰਨ ਦੀ ਬਜਾਏ ਬਦ-ਨੀਯਤੀ ਵਰਤੀ। ਸਰਕਾਰੀ ਪ੍ਰਚਾਰ-ਪ੍ਰਸਾਰ ਸਾਧਨਾਂ ਰਾਹੀਂ ਅਤੇ ਨੈਸ਼ਨਲ ਪ੍ਰੈਸ ਰਾਹੀਂ ਸਿੱਖਾਂ ਵਿਰੁੱਧ ਪ੍ਰਚਾਰ ਕੀਤਾ ਗਿਆ। ਸਿੱਖਾਂ ਉੱਪਰ 'ਅੱਤਵਾਦੀ' ਅਤੇ 'ਵੱਖਵਾਦੀ' ਹੋਣ ਦੇ ਗ਼ਲਤ ਇਲਜ਼ਾਮ ਲਗਾ ਕੇ ਦੇਸ਼ ਦੀ ਬਹੁਗਿਣਤੀ ਦੇ ਮਨਾਂ ਵਿਚ ਸਿੱਖਾਂ ਪ੍ਰਤੀ ਨਫ਼ਰਤ, ਈਰਖਾ ਅਤੇ ਸਾੜੇ ਦੇ ਐਸੇ ਬੀਜ ਬੀਜ ਦਿੱਤੇ ਗਏ ਕਿ ਸਦੀਆਂ ਤੋਂ ਇਕੱਠੇ ਰਹਿ ਰਹੇ ਲੋਕ ਇਕ ਦੂਸਰੇ ਦੇ ਖ਼ੂਨ ਦੇ ਪਿਆਸੇ ਬਣ ਬੈਠੇ। ਕਿੰਨੇ ਦੁੱਖ ਦੀ ਗੱਲ ਹੈ ਕਿ ਜਿਸ ਦੇਸ਼ ਦੀ ਰੱਖਿਆ ਤੇ ਆਜ਼ਾਦੀ ਲਈ ਬਹਾਦਰ ਸਿੱਖ ਕੌਮ ਨੇ ਸਦੀਆਂ ਕੁਰਬਾਨੀਆਂ ਕੀਤੀਆਂ, ਘਰ-ਘਾਟ ਛੱਡ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜ਼ਾਂ ਨਾਲ ਟੱਕਰਾਂ ਲਈਆਂ, ਜਿਨ੍ਹਾਂ ਨੂੰ ਅੰਗਰੇਜ਼ ਇਥੋਂ ਜਾਣ ਵੇਲੇ ਵੱਖਰਾ ਦੇਸ਼ ਲੈਣ ਦੀਆਂ ਖੁੱਲ੍ਹੀਆਂ ਪੇਸ਼ਕਸ਼ਾਂ ਕਰਦੇ ਰਹੇ, ਪਰ ਉਨ੍ਹਾਂ ਠੁਕਰਾ ਕੇ ਹਮੇਸ਼ਾ ਦੇਸ਼ ਭਗਤੀ ਦਾ ਸਬੂਤ ਪੇਸ਼ ਕੀਤਾ। ਉਨ੍ਹਾਂ ਨਾਲ ਜੋ ਸਲੂਕ ਕੀਤਾ ਗਿਆ ਉਹ ਬਹੁਤ ਦੁਖਦਾਈ ਅਤੇ ਮੰਦਭਾਗਾ ਹੋ ਨਿਬੜਿਆ।

ਜੂਨ '੮੪ ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੀਘਟਨਾ ਦੁਨੀਆਂ ਭਰ ਦੇ ਅਮਨਪਸੰਦ ਲੋਕਾਂ ਦੇ ਲੂੰ-ਕੰਡੇ ਖੜ੍ਹੇ ਕਰਨ ਵਾਲੀ -ਸੀ। ਇਸ ਹਮਲੇ ਦੌਰਾਨ ਜੋ ਕਤਲੋਗਾਰਤ ਕੀਤੀ ਗਈ, ਧਾਰਮਿਕ ਅਸਥਾਨ ਤੋਪਾਂ, ਟੈਂਕਾਂ ਨਾਲ ਢਾਹੇ ਗਏ, ਸਭਿਆਚਾਰਕ ਵਿਰਸਾ, ਧਾਰਮਿਕ ਗ੍ਰੰਥ ਅਗਨ ਭੇਂਟ ਕੀਤੇ ਗਏ, ਲੁੱਟਮਾਰ ਕੀਤੀ ਗਈ, ਇਹ ਸਿੱਖਾਂ ਨੂੰ ਆਪਣੇ ਹੀ ਦੇਸ਼ ਵਿਚ ਬੇਗਾਨੇ ਹੋਣ ਦਾ ਅਹਿਸਾਸ ਕਰਵਾ ਰਹੀ ਸੀ। ਐਸਾ ਤਾਂ ਹੁਕਮਰਾਨ ਦੇਸ਼ ਦੀ ਫੌਜ ਵੀ ਆਪਣੇ ਅਧੀਨ ਮੁਲਕ ਉੱਪਰ ਨਹੀਂ ਕਰਦੀ। ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਘਟਨਾ ਸੀ ਜਦੋਂ ਆਪਣੇ ਹੀ

ਦੇਸ਼ ਦੀ ਫੌਜ ਆਪਣੇ ਦੇਸ਼ ਵਾਸੀਆਂ 'ਤੇ ਚੜ੍ਹ ਆਈ ਸੀ ਜਿਵੇਂ ਕਿਸੇ ਦੁਸ਼ਮਣ ਦੇਸ਼ 'ਤੇ ਜਿੱਤ ਪ੍ਰਾਪਤ ਕਰਦੀ ਹੈ। ਸਭ ਤੋਂ ਵੱਡੀ ਗੱਲ ਇਹ ਕਿ ਸਰਕਾਰ ਨੇ ਆਪਣੀ ਇਸ ਨਾਦਰਸ਼ਾਹੀ ਕਾਰਗੁਜ਼ਾਰੀ ਨੂੰ ਆਪਣੀ ਗਲਤੀ ਮੰਨਣ ਦੀ ਬਜਾਏ ਇਸ ਨੂੰ ਬੜੀ ਵੱਡੀ ਜਿੱਤ ਸਮਝਿਆ। ਸ੍ਰੀ ਦਰਬਾਰ ਸਾਹਿਬ 'ਤੇ ਮਹੀਨਿਆਂ ਬੱਧੀ ਫੌਜੀ ਕਬਜ਼ਾ ਰੱਖਿਆ ਗਿਆ ਅਤੇ ਇਸ ਕਬਜ਼ੇ ਨੂੰ ਹਟਾਉਣ ਲਈ ਵੀ ਮੋਰਚਾ ਲਾਉਣਾ ਪਿਆ। ਫੌਜੀ ਹਮਲੇ ਤੋਂ ਬਾਅਦ ਫੌਜ, ਨੀਮ ਫੌਜੀ ਦਸਤਿਆਂ ਅਤੇ ਰਾਜ ਦੀ ਪੁਲੀਸ ਨੇ ਸ਼ਹਿਰਾਂ ਅਤੇ ਵਿਸ਼ੇਸ਼ ਤੌਰ 'ਤੇ ਪਿੰਡਾਂ ਵਿਚ ਜੋ ਦਮਨਕਾਰੀ ਚੱਕਰ ਚਲਾਇਆ ਇਸ ਨੇ ਅੰਗਰੇਜ਼, ਅਬਦਾਲੀ, ਜਸਪਤ, ਲਖਪਤਿ ਅਤੇ ਮੀਰ ਮੰਨੂੰ, ਜ਼ਕਰੀਆ ਆਦਿ ਸਭ ਦੇ ਜ਼ੁਲਮਾਂ ਨੂੰ ਮਾਤ ਕਰ ਦਿੱਤਾ। ਰਾਤ ਸਮੇਂ ਪਿੰਡ ਨੂੰ ਘੇਰਾ ਪਾਇਆ ਜਾਂਦਾ, ਸਾਰੇ ਪਿੰਡ ਵਿਚ ਦਹਿਸ਼ਤ ਪਾਉਣ ਲਈ ਇਕ ਦੋ ਨੌਜੁਆਨ ਅੰਮ੍ਰਿਤਧਾਰੀ ਸਿੱਖਾਂ ਨੂੰ ਪਕੜਿਆ ਜਾਂਦਾ, ਨੇੜੇ ਹੀ ਕਿਤੇ ਬਣਾਈ ਕਤਲਗਾਹ ਬੁੱਚੜਖਾਨਾ (ਇੰਟੈਰੋਗੇਸ਼ਨ ਸੈਂਟਰ) ਵਿਚ ਲਜਾਇਆ ਜਾਂਦਾ। ਫਿਰ ਬੇਹੱਦ ਜ਼ੁਲਮ ਤਸ਼ੱਦਦ ਕਰ ਕੇ, ਚਰਖੜ੍ਹੀ ਚਾੜ੍ਹਨ ਦੀ ਤਰ੍ਹਾਂ ਹੱਡੀ-ਹੱਡੀ, ਅੰਗ-ਅੰਗ ਤੋੜ ਦਿੱਤਾ ਜਾਂਦਾ। ਜੇ ਕੋਈ ਫੇਰ ਵੀ ਬਚ ਗਿਆ ਤਾਂ ਸੱਤ-ਅੱਠ ਕੇਸ ਬਣਾ ਜੇਲ੍ਹ ਭੇਜ ਦਿੱਤਾ ਜਾਂਦਾ, ਜੇ ਚੜ੍ਹਾਈ ਕਰ ਜਾਂਦਾ ਤਾਂ ਕਿਸੇ ਨਹਿਰ ਦੇ ਕੰਢੇ ਜਾਂ ਚੌਂਕ ਵਿਚ ਮੁਕਾਬਲਾ ਬਣਾ ਕੇ ਮਰਿਆ ਪ੍ਰਗਟ ਕਰ ਦਿੱਤਾ ਜਾਂਦਾ। ਇਨ੍ਹਾਂ ਜ਼ੁਲਮਾਂ-ਤਸ਼ੱਦਦਾਂ ਦੀਆਂ ਕਹਾਣੀਆਂ ਸੁਣ, ਅਨੇਕਾਂ ਨੌਜਵਾਨ ਘਬਰਾ ਕੇ ਘਰਾਂ ਤੋਂ ਭੱਜ ਗਏ, ਲੁਕ-ਛਿਪ ਗਏ। ਜੇਲ੍ਹੀਂ ਡੱਕੇ ਨਿਰਦੋਸ਼ ਸਿੱਖ ਨੌਜੁਆਨਾਂ ਨੂੰ ਵੱਧ ਤੋਂ ਵੱਧ ਕੈਦ ਅਤੇ ਮੌਤ ਆਦਿ ਦੀਆਂ ਸਜ਼ਾਵਾਂ ਦੇਣ ਲਈ ਨਿਤ ਦਿਹਾੜੇ ਨਵੇਂ ਤੋਂ ਨਵੇਂ ਕਾਨੂੰਨ ਬਣਾਏ ਜਾਂਦੇ ਰਹੇ, ਜਿਵੇਂ ਰਾਸ਼ਟਰੀ ਸੁਰੱਖਿਆ ਕਾਨੂੰਨ, ਇਸ ਵਿਚ ਕੀਤੀਆਂ ਸੋਧਾਂ, ਗੜਬੜੀ ਵਾਲਾ ਖੇਤਰ, ਵਿਸ਼ੇਸ਼ ਅਦਾਲਤਾਂ ਬਣਾਉਣ ਦਾ ਕਾਨੂੰਨ ਅਤੇ ਆਤੰਕਵਾਦ ਵਿਰੋਧੀ ਕਾਨੂੰਨ। ਇਨ੍ਹਾਂ ਕਾਨੂੰਨਾਂ ਅਨੁਸਾਰ ਪਕੜੇ ਗਏ ਸਿੱਖ ਨੌਜਆਨਾਂ ਨੂੰ ਅੱਤਵਾਦੀ ਗਰਦਾਨਦਿਆਂ ਉਮਰ ਕੈਦ ਜਾਂ ਫਾਂਸੀ ਦੀ ਸਜ਼ਾਵਾਂ ਤੱਕ ਦਿੱਤੀਆਂ ਗਈਆਂ। ਦੋਸ਼ੀ ਕੌਣ ਹੈ ਅਤੇ ਨਿਰਦੋਸ਼ ਕੌਣ, ਇਸ ਦਾ ਫੈਸਲਾ ਵਿਸ਼ੇਸ਼ ਅਦਾਲਤਾਂ ਵਿਚ ਹੋਣਾ ਸੀ ਜਿਨ੍ਹਾਂ ਦੀ ਕਾਰਵਾਈ ਤਕਰੀਬਨ ਇਕ-ਪਾਸੜ ਅਤੇ ਗੁਪਤ ਹੋਇਆ ਕਰਦੀ ਸੀ।

੧੯੮੪ ਦੇ ਸਾਲ ਦੀਆਂ ਘਟਨਾਵਾਂ ਵਿਚ ਅਤਿਆਚਾਰ ਤੇ ਜ਼ੁਲਮ ਦੀ ਕੋਈ ਹੱਦ ਨਹੀਂ ਸੀ ਰਹੀ। ਸਿੱਖ ਇਤਿਹਾਸ ਮੁਗ਼ਲਾਂ ਦੇ ਅੱਤਿਆਚਾਰਾਂ ਨਾਲ ਭਰਿਆ ਪਿਆ ਹੈ, ਪਰ ਇਸ ਵਿਚ ਜੂਨ ੧੯੮੪ ਦੇ ਇਸ ਘੱਲੂਘਾਰੇ ਨਾਲ ਜਿਸ ਚੈਪਟਰ ਦਾ ਵਾਧਾ ਹੋਇਆ ਹੈ, ਇਹ ਪਹਿਲੇ ਜ਼ੁਲਮਾਂ, ਅਤਿਆਚਾਰਾਂ ਨੂੰ ਮਾਤ ਪਾਉਣ ਵਾਲਾ ਸਾਬਤ ਹੋਇਆ। ਇਸਦੇ ਨਾਲ ਹੀ ਇਸ ਘੱਲੂਘਾਰੇ ਦੌਰਾਨ ਜਿਨ੍ਹਾਂ ਗੁਰਸਿੱਖ ਪਰਵਾਨਿਆਂ ਨੇ ਆਪਣੇ ਪਵਿੱਤਰ ਗੁਰਧਾਮਾਂ ਦੀ ਰੱਖਿਆ ਲਈ ਸ਼ਹਾਦਤਾਂ ਪ੍ਰਾਪਤ ਕਰਕੇ ਸੂਰਮਗਤੀ ਦੇ ਜੌਹਰ ਦਿਖਾਏ, ਇਹ ਸਾਰੀ ਲੋਕਾਈ ਨੂੰ ਅਚੰਭਤ ਕਰ ਦੇਣ ਵਾਲੇ ਹਨ। ■

# ਮੇਰਾ ਗੁਰੂ ਗ੍ਰੰਥ ਮਹਾਨ

*-ਸ. ਸੁਰਜੀਤ ਸਿੰਘ ਮਰਜਾਰਾ**

ਮੇਰਾ ਗੁਰੂ ਗ੍ਰੰਥ ਮਹਾਨ, ਜੋ ਮੰਗੋ ਓਹੀਓ ਕੁਝ ਦੇਵੇ,
ਇਹ ਅਚਰਜ ਹੈ ਖਾਨ।

ਦਸਮ ਪਿਤਾ ਗੋਬਿੰਦ ਗੁਰੂ ਨੇ ਮੁੱਖੋਂ ਬਚਨ ਅਲਾਏ,
ਸੱਚਖੰਡ ਵਾਸੀ, ਸੱਚਖੰਡ ਵਿਚ ਜਦ, ਜੋਤੀ ਜੋਤ ਸਮਾਏ।
ਗ੍ਰੰਥ, ਗੁਰੂ ਵਿਚ ਭੇਤ ਨਾ ਕੋਈ, ਸੱਚੀ ਗੱਲ ਲਓ ਜਾਣ।
ਮੇਰਾ ਗੁਰੂ ਗ੍ਰੰਥ ਮਹਾਨ...

ਪਿਆਰੇ ਭਗਤ-ਜਨਾਂ ਦੀ ਬਾਣੀ, ਸਾਹਿਬ ਵਿਚ ਸਮੋਈ,
ਗੁਰੂਆਂ ਦੀ ਬਾਣੀ ਵੀ ਇਥੇ, ਵੰਡਦੀ ਹੈ ਖੁਸ਼ਬੋਈ।
ਜੇ ਕੋਈ ਪੜ੍ਹੇ, ਸੁਣੇ ਤੇ ਗਾਵੇ, ਉਪਜੇ ਨਵਾਂ ਗਿਆਨ।
ਮੇਰਾ ਗੁਰੂ ਗ੍ਰੰਥ ਮਹਾਨ....

ਪਿਆਰ, ਮੁਹੱਬਤ ਦਾ ਇਹ ਸੋਮਾ, ਕੱਟੇ ਰੋਗ ਹਜ਼ਾਰਾਂ।
ਰੋਗ-ਰਹਿਤ, ਮੈਂ ਹੁੰਦੇ ਦੇਖੇ, ਤਾਹੀਉਂ ਇਸ ਨੂੰ ਪਿਆਰਾਂ।
ਬਾਣੀ ਗੁਰੂ, ਗੁਰੂ ਹੈ ਬਾਣੀ, ਕਰਦੀ ਹੈ ਕਲਿਆਣ।
ਮੇਰਾ ਗੁਰੂ ਗ੍ਰੰਥ ਮਹਾਨ...

ਮਨ ਦਾ ਫੁੱਲ ਜਦ ਵੀ ਮੁਰਝਾਏ, ਇਸ ਦਰ ’ਤੇ ਆ ਖਿਲਦਾ।
ਇਥੋਂ ਜੇ ਕੋਈ ਲੈਣਾ ਚਾਹੇ, ਰਾਜ ਸ੍ਰਿਸ਼ਟ ਦਾ ਮਿਲਦਾ।
ਇਥੇ ਤਾਂ ਰਾਗਾਂ ਦਾ ਜਾਦੂ, ਹੋਵੇ ਵੱਸ ਜਹਾਨ।
ਮੇਰਾ ਗੁਰੂ ਗ੍ਰੰਥ ਮਹਾਨ...

ਜੇ ਕੋਈ ਰਾਗ ਸੁਣੇ ਤੇ ਗਾਵੇ, ਮਿਲਦਾ ਚੈਨ ਗੁਆਚਾ।
ਪਰ ਜੇ ਬਾਣੀ ਮਨ ਵਸਾਵੇ, ਮਿਲ ਜਾਏ ਸਾਹਿਬ ਸਾਚਾ।
ਇਥੋਂ ਹੀ ‘ਸੁਰਜੀਤ’ ਸ਼ਬਦ ਦੀ, ਤੂੰ ਵੀ ਕਰੀਂ ਪਛਾਣ।
ਮੇਰਾ ਗੁਰੂ ਗ੍ਰੰਥ ਮਹਾਨ...

■

**ਵੈਦ ਧਰਮ ਸਿੰਘ ਸਟਰੀਟ, ਗੁਰੂ ਕੀ ਨਗਰੀ, ਵਾਰਡ ਨੰ: ੧, ਮੰਡੀ ਗੋਬਿੰਦਗੜ੍ਹ-੧੪੭੩੦੧*

ਖ਼ਬਰਨਾਮਾ

## ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਖ-ਵੱਖ ਸੂਬਿਆਂ 'ਚ ਗੁਰਮਤਿ ਕੈਂਪ

ਅੰਮ੍ਰਿਤਸਰ ੬ ਮਈ-ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਿਸ਼ਨ ਨੂੰ ਵੱਡੇ ਪੱਧਰ 'ਤੇ ਉਜਾਗਰ ਕਰਨ ਲਈ ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਵਿਸ਼ੇਸ਼ ਕਰਕੇ ਉੱਤਰੀ ਬਿਹਾਰ ਦੇ ਮੁਜ਼ੱਫਰ ਨਗਰ, ਗਯਾ ਤੇ ਪਟਨਾ ਆਦਿ ਨਗਰਾਂ ਅਤੇ ਛੱਤੀਸਗੜ੍ਹ ਦੇ ਵੱਖ-ਵੱਖ ਨਗਰਾਂ 'ਚ ਇਕ ਮਹੀਨੇ ਲਈ ਵਿਦਿਆਰਥੀਆਂ ਦੇ ਗੁਰਮਤਿ ਕੈਂਪ ਲਗਾਏ ਗਏ।

ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਵਰਿਆਮ ਸਿੰਘ ਜੀ ਨੇ ਦੱਸਿਆ ਕਿ ਸਿੱਖ ਮਿਸ਼ਨ ਰਾਏਗੜ੍ਹ (ਛੱਤੀਸਗੜ੍ਹ), ਉੱਤਰੀ ਬਿਹਾਰ ਰਾਏਪੁਰ, (ਛੱਤੀਸਗੜ੍ਹ) ਅਤੇ ਉੱਤਰੀ ਬਿਹਾਰ ਦੇ ਗਯਾ, ਗੋਰਖਪੁਰ, ਪਟਨਾ ਆਦਿ ਇਲਾਕਿਆਂ 'ਚ ਵਿਦਿਆਰਥੀਆਂ ਦੇ ਗੁਰਮਤਿ ਕੈਂਪਾਂ ਦਾ ਆਯੋਜਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉੜੀਸਾ 'ਚ ਸੰਬਲਪੁਰ ਨੂੰ ਹੈਡ ਕੁਆਰਟਰ ਬਣਾ ਕੇ ਸੂਬੇ ਦੇ ਵੱਖ-ਵੱਖ ਸ਼ਹਿਰਾਂ 'ਚ ਸਿੱਖੀ ਦੇ ਪ੍ਰਚਾਰ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਯੂ.ਪੀ. 'ਚ ਹਾਪੜ ਨੂੰ ਹੈਡਕੁਆਰਟਰ ਬਣਾ ਕੇ ਸੂਬੇ ਦੇ ਵੱਖ-ਵੱਖ ਸ਼ਹਿਰਾਂ 'ਚ ਸਿੱਖੀ ਦੇ ਪ੍ਰਚਾਰ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਜੀਆਂ ਪ੍ਰਚਾਰਕ ਟੀਮਾਂ ਵੱਲੋਂ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਉਣ/ਸਿਖਾਉਣ ਲਈ ਪੰਜਾਬੀ ਦਾ ਸਾਹਿਤ, ਸਿੱਖ ਰਹਿਤ ਮਰਯਾਦਾ ਤੇ ਗੁਰਬਾਣੀ ਦੇ ਗੁਟਕੇ ਵੀ ਦਿੱਤੇ ਗਏ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਸਕੂਲਾਂ 'ਚ ਕਿਸੇ ਪ੍ਰਕਾਰ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ-ਪ੍ਰਧਾਨ

ਅੰਮ੍ਰਿਤਸਰ ੧ ਮਈ- ਸਿੱਖ ਜਗਤ ਦੀ ਨੁਮਾਇੰਦਾ ਪ੍ਰਤੀਨਿਧ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਪ੍ਰਬੰਧਾਂ ਦੇ ਨਾਲ-ਨਾਲ ਵਿੱਦਿਆ ਦੇ ਖੇਤਰ 'ਚ ਵੀ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਪੰਜਾਬ ਦੇ ਵੱਖ-ਵੱਖ ੯ ਜ਼ਿਲ੍ਹਿਆਂ 'ਚ ਸੀ.ਬੀ.ਐਸ.ਈ. ਨਾਲ ਸੰਬੰਧਿਤ ਉਚ ਪਾਏ ਦੇ, ਸ਼ਾਨਦਾਰ ਇਮਾਰਤਾਂ ਵਾਲੇ ਨਵੇਂ ਸਕੂਲ ਸਥਾਪਤ ਕੀਤੇ ਹਨ ਜਿੱਥੇ ਅਕਾਦਮਿਕ ਸਿੱਖਿਆ ਦੇ ਨਾਲ ਵਿਦਿਆਰਥੀਆਂ ਨੂੰ ਸਿੱਖ ਧਰਮ, ਗੁਰ-ਇਤਿਹਾਸ ਤੇ ਸਿੱਖ ਇਤਿਹਾਸ ਤੋਂ ਵੀ ਜਾਣੂ ਕਰਾਇਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਨ੍ਹਾਂ ਸਕੂਲਾਂ ਦੇ ਪ੍ਰਿੰਸੀਪਲਾਂ, ਡਾਇਰੈਕਟਰ ਐਜੂਕੇਸ਼ਨ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਸਥਾਨਕ ਗੁਰੂ ਨਾਨਕ ਨਿਵਾਸ ਇਕੱਤਰਤਾ ਹਾਲ 'ਚ ਇਕ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਇਕੱਤਰਤਾ ਨੂੰ ਡਾਇਰੈਕਟਰ ਐਜੂਕੇਸ਼ਨ ਸ. ਗੁਰਮੋਹਨ ਸਿੰਘ ਸਿੰਘ (ਵਾਲੀਆ), ਸਕੱਤਰ ਸ. ਹਰਬੇਅੰਤ ਸਿੰਘ ਅਤੇ ਐਡੀ: ਸਕੱਤਰ ਸ. ਜੋਗਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਜਥੇਦਾਰ ਅਵਤਾਰ ਸਿੰਘ ਨੇ ਅਰਦਾਸ ਉਪਰੰਤ ਵੱਖ-ਵੱਖ ਸਕੂਲਾਂ ਲਈ ਜੈਕਾਰਿਆਂ ਦੀ ਗੂੰਜ 'ਚ ਬੱਚਿਆਂ ਨੂੰ ਲਿਆਉਣ ਤੇ ਲਿਜਾਣ ਲਈ ਨਵੀਆਂ ਸਕੂਲ ਬੱਸਾਂ ਸਕੂਲ ਅਧਿਕਾਰੀਆਂ ਦੇ ਸਪੁਰਦ ਕੀਤੀਆਂ।

# ਦੀਵਾਨ ਟੋਡਰ ਮੱਲ ਦੀ ਹਵੇਲੀ ਦੀ ਸਾਂਭ-ਸੰਭਾਲ ਲਈ ਮਾਹਰਾਂ ਦੀ ਕਮੇਟੀ ਦਾ ਗਠਨ

ਅੰਮ੍ਰਿਤਸਰ ੩੦ ਅਪ੍ਰੈਲ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਗੁਰੂ ਘਰ ਦੇ ਅਨਿਨ ਸੇਵਕ ਦੀਵਾਨ ਟੋਡਰ ਮੱਲ ਦੀ ਹਵੇਲੀ ਸਬੰਧਤਾਂ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤੇ ਜਾਣ ਦਾ ਜ਼ੋਰਦਾਰ ਸਵਾਗਤ ਕਰਦਿਆਂ, ਇਸ ਨੂੰ 'ਸਿੱਖ ਜਗਤ ਦੀ ਵਿਰਾਸਤ' ਵਜੋਂ ਸਾਂਭਣ ਲਈ ਪੁਰਾਤਤਵ ਵਿਭਾਗ ਤੇ ਹੋਰ ਤਕਨੀਕੀ ਮਾਹਰਾਂ 'ਤੇ ਅਧਾਰਤ ੫-ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ।

ਜਥੇਦਾਰ ਅਵਤਾਰ ਸਿੰਘ, ਨੇ ਆਪਣੀ ਅਗਵਾਈ 'ਚ ਡਾਇਰੈਕਟਰ ਇਨਟੈਕ ਦਿੱਲੀ, ਡਾਇਰੈਕਟਰ ਨੈਸ਼ਨਲ ਮਿਊਜ਼ੀਅਮ ਦਿੱਲੀ, ਸਕੂਲ ਆਫ ਪਲੈਨਿੰਗ ਬੋਰਡ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਦੇ ਪ੍ਰੋ: ਡਾ: ਬਲਵਿੰਦਰ ਸਿੰਘ ਅਤੇ ਸ. ਨਵਜੋਤ ਪਾਲ ਸਿੰਘ (ਰੰਧਾਵਾ) 'ਤੇ ਆਧਾਰਤ ੫ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਦਲਮੇਘ ਸਿੰਘ ਕੋਆਰਡੀਨੇਟ ਕਰਨਗੇ।

ਉਨ੍ਹਾਂ ਦੱਸਿਆ ਕਿ ਕੁਝ ਪੁਸਤਕਾਂ 'ਚ ਇਸ ਹਵੇਲੀ ਦੀਆਂ ਛਪੀਆਂ ਤਸਵੀਰਾਂ ਦੇ ਆਧਾਰ ਪੁਰ ਇਸ ਹਵੇਲੀ ਨੂੰ ਹੂ-ਬ-ਹੂ ਸਾਂਭਿਆ ਜਾਵੇਗਾ। ਜ਼ਿਕਰਯੋਗ ਹੈ ਕਿ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੀ ਸ਼ਹਾਦਤ ਉਪਰੰਤ ਉਨ੍ਹਾਂ ਦੇ ਸਸਕਾਰ ਲਈ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਦੀਆਂ ਸ਼ਰਤਾਂ ਅਨੁਸਾਰ ਦੀਵਾਨ ਟੋਡਰ ਮੱਲ ਨੇ ਲੋੜੀਂਦੀ ਜ਼ਮੀਨ ਪੁਰ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਰੱਖ ਕੇ ਜਗ੍ਹਾ ਪ੍ਰਾਪਤ ਕੀਤੀ ਸੀ, ਜਿਸ ਕਾਰਨ ਦੀਵਾਨ ਟੋਡਰ ਮੱਲ ਦਾ ਸਿੱਖ ਜਗਤ 'ਚ ਭਾਰੀ ਸਤਿਕਾਰ ਹੈ।

# ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਸਬੰਧੀ ਪੰਜਾਬ ਸਰਕਾਰ ਵਲੋਂ ਕਾਨੂੰਨ ਪਾਸ ਕੀਤੇ ਜਾਣ ਦਾ ਧੰਨਵਾਦ

ਅੰਮ੍ਰਿਤਸਰ ੨੮ ਅਪ੍ਰੈਲ-ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਸਮੇਂ ਅਦਬ-ਸਤਿਕਾਰ ਬਹਾਲ ਰੱਖਣ, ਗੁਰਮਤਿ ਮਰਯਾਦਾ ਅਨੁਸਾਰ ਛਪਾਈ ਕਰਨ ਅਤੇ ਪਾਵਨ ਸਰੂਪਾਂ ਦਾ ਵਪਾਰੀਕਰਨ ਰੋਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਡੇ ਪੱਧਰ 'ਤੇ ਕੀਤੀਆਂ ਕੋਸ਼ਿਸ਼ਾਂ ਨੂੰ ਉਸ ਸਮੇਂ ਭਰਪੂਰ ਸਫਲਤਾ ਮਿਲੀ ਜਦੋਂ ਪੰਜਾਬ ਸਰਕਾਰ ਨੇ ਇਕ ਕਾਨੂੰਨ ਪਾਸ ਕਰ ਕੇ ਪਾਵਨ ਸਰੂਪਾਂ ਦੀ ਛਪਾਈ ਦੇ ਹੱਕ ਸਿੱਖ ਜਗਤ ਦੀ ਨੁਮਾਇੰਦਾ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇ ਕੇ ਸਿੱਖ ਜਗਤ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ। ਪਾਵਨ ਸਰੂਪਾਂ ਦੀ ਛਪਾਈ ਲਈ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਸਥਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਇਮਾਰਤ 'ਚ ਗੋਲਡਨ ਆਫਸੈੱਟ ਪ੍ਰਿੰਟਿੰਗ ਪ੍ਰੈਸ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਨੇ ਦੱਸਿਆ ਕਿ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਦੀ ਬੇਸਮੈਂਟ ਦਾ ਵਿਸਥਾਰ ਕਰਕੇ ਆਧੁਨਿਕ ਕਿਸਮ ਦੀਆਂ ਪ੍ਰਿੰਟਿੰਗ ਮਸ਼ੀਨਾਂ ਸਥਾਪਤ ਕੀਤੀਆਂ ਜਾਣਗੀਆਂ। ■

# ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ

## ਨਵਾਂ ਪਿੰਡ ਕਿਸ਼ਨਪੁਰਾ (ਲੁਧਿਆਣਾ) ਵਿਖੇ ਭਾਰੀ ਗੁਰਮਤਿ ਸਮਾਗਮ ਅਤੇ ਅੰਮ੍ਰਿਤ-ਸੰਚਾਰ

ਜਥੇਦਾਰ ਅਵਤਾਰ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ੩੦੦ ਸਾਲਾ ਗੁਰਗੱਦੀ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਕਰਨ ਦੇ ਲਈ ਹੋਏ ਫੈਸਲਿਆਂ ਨੂੰ ਅਮਲੀ ਰੂਪ ਦੇਣ ਹਿਤ, ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦੇ ਜਥੇ. ਸਿੰਘ ਸਾਹਿਬ ਭਾਈ ਬਲਵੰਤ ਸਿੰਘ ਨੰਦਗੜ੍ਹ ਅਤੇ ਜਥੇ. ਭਰਪੂਰ ਸਿੰਘ ਖਾਲਸਾ, ਮੈਂਬਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਨਵਾਂ ਪਿੰਡ ਕਿਸ਼ਨਪੁਰਾ ਨੂੰ ਪ੍ਰਚਾਰ ਕੇਂਦਰ ਬਣਾ ਕੇ ਆਸ-ਪਾਸ ਦੇ ੧੨ ਪਿੰਡਾਂ ਵਿਚ ਗੁਰਮਤਿ ਸਮਾਗਮ ਕੀਤੇ ਗਏ।

ਮਿਤੀ ੨੯-੩-੦੮ ਤੋਂ ੬-੪-੦੮ ਤਕ ਕੀਤੇ ਸਮਾਗਮਾਂ ਵਿਚ ਭਾਈ ਸੁਖਵੀਰ ਸਿੰਘ ਫਲੌਂਡ ਪ੍ਰਚਾਰਕ, ਭਾਈ ਜਸਬੀਰ ਸਿੰਘ ਪ੍ਰਚਾਰਕ ਕਥਾ ਕਰ ਕੇ ਸ਼ਾਮ ਦੇ ਦੀਵਾਨਾਂ ਵਿਚ ਭਾਈ ਜਗਦੀਸ਼ ਸਿੰਘ ਤਿਹਾੜਾ ਦਾ ਢਾਡੀ ਜਥਾ ਅਤੇ ਭਾਈ ਜੱਸਾ ਸਿੰਘ ਜੌਹਰੀ ਦਾ ਕਵੀਸ਼ਰੀ ਜਥਾ ਗੁਰ-ਇਤਿਹਾਸ ਸੁਣਾ ਕੇ ਅੰਮ੍ਰਿਤ ਛਕਣ ਦੀ ਪ੍ਰੇਰਨਾ ਕਰਦੇ ਰਹੇ। ਸਾਰੇ ਸਮਾਗਮ ਵਿਚ ਜਥੇ. ਹਰਪਾਲ ਸਿੰਘ ਜੱਲ੍ਹਾ ਮੈਂਬਰ ਜਨਰਲ ਕੌਂਸਲ ਸ਼੍ਰੋਮਣੀ ਅਕਾਲੀ ਦਲ, ਭਾਰੀ ਇਕੱਠਾਂ ਨੂੰ ਸੰਬੋਧਨ ਹੁੰਦੇ ਰਹੇ।

ਸ਼ਾਮ ਦੇ ਦੀਵਾਨ ਦੀ ਸਮਾਪਤੀ ਉਪਰੰਤ ਫਿਲਮ ਦਿਖਾਈ ਜਾਂਦੀ ਰਹੀ। 'ਸਿੰਘ ਸੂਰਮੇ' ਨਾਟਕ ਦਿਖਾ ਕੇ ਅੰਮ੍ਰਿਤ ਦੀ ਸ਼ਕਤੀ ਤੋਂ ਜਾਣੂ ਕਰਵਾਇਆ ਗਿਆ।

ਮਿਤੀ ੬-੪-੦੮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੀ ਸਮਾਪਤੀ ਉਪਰੰਤ ਦੀਵਾਨ ਸਜਾਏ ਗਏ। ਗੁਰਦੁਆਰਾ ਸਾਹਿਬ ਕਿਸ਼ਨਪੁਰਾ ਵਿਖੇ ਗੁਰਬਾਣੀ ਦੀ ਸੰਥਿਆ ਕਰ ਰਹੇ ਅਤੇ ਕੀਰਤਨ ਸਿੱਖ ਰਹੇ ਬੱਚਿਆਂ ਨੇ ਕੀਰਤਨ ਕੀਤਾ। ਭਾਈ ਸੋਹਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸਾਹਿਬ ਕਿਸ਼ਨਪੁਰਾ ਤੇ ਜਥੇ. ਭਰਪੂਰ ਸਿੰਘ ਖਾਲਸਾ ਮੈਂਬਰ ਧਰਮ ਪ੍ਰਚਾਰ ਕਮੇਟੀ ਨੇ ਹਾਜ਼ਰ ਸੰਗਤਾਂ ਨੂੰ ਸਮਾਜ ਵਿਚ ਫੈਲ ਚੁਕੀਆਂ ਕੁਰੀਤੀਆਂ ਤੋਂ ਦੂਰ ਰਹਿਣ ਅਤੇ ਗੁਰੂ ਜੀ ਦੇ ਅੰਤਿਮ ਬਚਨ 'ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ' ਨਾਲ ਜੁੜਨ, ਅੰਮ੍ਰਿਤ ਛਕ ਕੇ ਦਸਮੇਸ਼ ਪਿਤਾ ਦੇ ਪੁੱਤਰ ਧੀਆਂ ਬਣਨ ਦੀ ਪ੍ਰੇਰਨਾ ਕੀਤੀ। ਜਥੇ. ਹਰਪਾਲ ਸਿੰਘ ਜੱਲਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਸਮਾਪਤੀ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਆਏ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ। ੮੪ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਸਮਾਗਮ ਦੀ ਸਫ਼ਲਤਾ ਲਈ ਸ. ਸੋਹਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸਾਹਿਬ ਕਿਸ਼ਨਪੁਰਾ, ਸ. ਰਣਜੋਧ ਸਿੰਘ ਸਰਪੰਚ ਗ੍ਰਾਮ ਪੰਚਾਇਤ ਕਿਸ਼ਨਪੁਰਾ, ਸ. ਸ਼ਮਸ਼ੇਰ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਅਤੇ ਸ. ਪਰਮਜੀਤ ਸਿੰਘ ਕਿਸ਼ਨਪੁਰਾ ਅਤੇ ਇਲਾਕਾ ਨਿਵਾਸੀ ਸਮੂਹ ਸੰਗਤਾਂ ਨੇ ਭਾਰੀ ਸਹਿਯੋਗ ਦਿੱਤਾ। ਭਾਈ ਸੁਖਵੀਰ ਸਿੰਘ ਫ਼ਲੌਂਡ ਪ੍ਰਚਾਰਕ ਵੱਲੋਂ

ਗੁਰਮਤਿ ਪ੍ਰਕਾਸ਼ ਦੇ ਚੰਦੇ ਵੀ ਜਮ੍ਹਾਂ ਕੀਤੇ ਜਾਂਦੇ ਰਹੇ।

## ਗੁ: ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਅੰਮ੍ਰਿਤ-ਸੰਚਾਰ

ਸ. ਗੱਜਣ ਸਿੰਘ ਮੈਨੇਜਰ ਗੁ: ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਮਿਤੀ ੬-੪-੦੮ ਨੂੰ ਇਸ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮੇਂ ੯੪ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

## ਭੁਬਾਤ (ਜ਼ੀਰਕਪੁਰ) ਵਿਖੇ ਗੁਰਮਤਿ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੦੦ ਸਾਲਾ ਗੁਰਤਾਗੱਦੀ ਨੂੰ ਸਮਰਿਪਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਗੁਰਪੁਰਬ ਨੂੰ ਸਮਰਪਿਤ ਅਤੇ ਗਿਆਨੀ ਮੇਵਾ ਸਿੰਘ ਜੀ ਭਿੰਡਰਾਂਵਾਲੇ ਤੇ ਪੰਥ-ਰਤਨ, ਭਾਈ ਜਸਬੀਰ ਸਿੰਘ ਖਾਲਸਾ ਖੰਨੇ ਵਾਲਿਆਂ ਦੀ ਮਿੱਠੀ ਯਾਦ ਅੰਦਰ ਗੁਰਮਤਿ ਪ੍ਰਚਾਰ ਸੇਵਾ ਸੁਸਾਇਟੀ ਭੁਬਾਤ (ਨੇੜੇ ਜ਼ੀਰਕਪੁਰ) ਵੱਲੋਂ ਹਰ ਸਾਲ ਦੀ ਤਰ੍ਹਾਂ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਅਤੇ ਚੰਡੀਗੜ੍ਹ ਦੇ ਐਸ.ਏ.ਐਸ. ਨਗਰ ਮੁਹਾਲੀ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਮਤਿ ਸਮਾਗਮ ਮਿਤੀ ੩੧ ਮਾਰਚ ੦੮ ਤੋਂ ੬ ਅਪ੍ਰੈਲ ੦੮ ਤਕ ਪਿੰਡ ਭੁਬਾਤ ਵਿਖੇ ਕੀਤਾ ਗਿਆ ਜਿਸ ਵਿਚ ਹਰ ਰੋਜ਼ ਭਾਈ ਤਰਸੇਮ ਸਿੰਘ ਦਾ ਢਾਡੀ ਜਥਾ, ਭਾਈ ਆਤਮਾ ਸਿੰਘ ਪ੍ਰਚਾਰਕ ਤੇ ਭਾਈ ਰਣਜੀਤ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਸਾਹਿਬ ਸੈਕਟਰ ੩੪ ਤੇ ਭਾਈ ਹਾਕਮ ਸਿੰਘ ਤੇ ਭਾਈ ਜਰਨੈਲ ਸਿੰਘ ਜੀ ਦੇ ਰਾਗੀ ਜਥੇ ਨੇ ਹਰ ਰੋਜ਼ ਸੇਵਾ ਨਿਭਾਈ। ਹਰ ਰੋਜ਼ ਅੰਮ੍ਰਿਤ ਵੇਲੇ ਆਏ ਮੁਖਵਾਕ ਦੀ ਕਥਾ ਤੇ ਬੱਚਿਆਂ ਨੂੰ ਨਿਤਨੇਮ ਦੀ ਸੰਥਿਆ ਭਾਈ ਆਤਮਾ ਸਿੰਘ ਜੀ ਨੇ ਕਰਵਾਈ। ਇਨ੍ਹਾਂ ਤੋਂ ਇਲਾਵਾ ਭਾਈ ਹਰਪਾਲ ਸਿੰਘ ਜੀ ਮੁੱਖ ਗ੍ਰੰਥੀ ਤੇ ਭਾਈ ਜਸਪਾਲ ਸਿੰਘ ਜੀ ਦਾ ਰਾਗੀ ਜਥਾ, ਗੁਰਦੁਆਰਾ ਫਤਿਹਗੜ੍ਹ ਸਾਹਿਬ, ਸਿੰਘ ਸਾਹਿਬ ਭਾਈ ਜਗਤਾਰ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਹਜ਼ੂਰੀ ਰਾਗੀ ਜਥਾ ਭਾਈ ਉਅੰਕਾਰ ਸਿੰਘ ਜੀ, ਮੁੱਖ ਗ੍ਰੰਥੀ ਭਾਈ ਸੁਖਵਿੰਦਰ ਸਿੰਘ ਜੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਜੀ, ਗੁਰਦੁਆਰਾ ਅੰਬ ਸਾਹਿਬ ਐਸ.ਏ.ਐਸ. ਨਗਰ ਮੋਹਾਲੀ ਦੇ ਮੁੱਖ ਗ੍ਰੰਥੀ ਤੇ ਕੀਰਤਨੀ ਜਥਾ ਭਾਈ ਦਵਿੰਦਰ ਸਿੰਘ ਜੀ ਖੰਨੇ ਵਾਲਿਆਂ ਦਾ ਕੀਰਤਨੀ ਜਥੇ ਨੇ ਗੁਰਮਤਿ ਸਮਾਗਮਾਂ ਵਿਚ ਹਾਜ਼ਰੀਆਂ ਲੁਆਈਆਂ।

੬ ਅਪ੍ਰੈਲ ਨੂੰ ੯ ਲੋੜਵੰਦ ਜੋੜੀਆਂ ਦੇ ਅਨੰਦ ਕਾਰਜ ਕੀਤੇ ਗਏ ਅਤੇ ਉਨ੍ਹਾਂ ਨੂੰ ਵਰਤਣ ਲਈ ਸਾਰਾ ਲੋੜੀਂਦਾ ਸਾਮਾਨ ਦਿੱਤਾ ਗਿਆ। ਲਾਵਾਂ ਦਾ ਪਾਠ ਭਾਈ ਆਤਮਾ ਸਿੰਘ ਤੇ ਕੀਰਤਨ ਦੀ ਸੇਵਾ ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਨੇ ਕੀਤੀ ਜਿਸ ਵਿਚ ਭੁਬਾਤ ਨਗਰ ਤੇ ਇਲਾਕੇ ਦੀਆਂ ਸੰਗਤਾਂ ਵੈਦ ਹਰਭਜਨ ਸਿੰਘ ਯੋਗੀ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਹਰਦੀਪ ਸਿੰਘ ਮੁਹਾਲੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਭਰਵਾਂ ਸਹਿਯੋਗ ਦਿੱਤਾ। ਭਾਈ ਜਰਨੈਲ ਸਿੰਘ ਲੋਹਗੜ੍ਹ ਸਮਾਗਮ ਦੀ ਸਫ਼ਲਤਾ ਵਾਸਤੇ ਵੱਡੀ ਸੇਵਾ ਕੀਤੀ। ■

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਹਰਬੇਅੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। *ਮਿਤੀ ੫-੬-੨੦੦੮*